PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

30th Jan - 6th Feb 2025 • Issue No. 3065
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

# ਸੁਖਬੀਰ ਸਿੰਘ ਬਾਦਲ ਫਿਰ ਬਾਗੀਆਂ ਉਪਰ ਪਏ ਭਾਰੂ

## ✪ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਤ ਮੈਂਬਰੀ ਕਮੇਟੀ ਨੂੰ ਅਕਾਲੀ ਭਰਤੀ ਵਿਚ ਨਿਗਰਾਨੀ ਕਰਨ ਲਈ ਕਿਹਾ





### ਪੰਥਕ ਹਲਚਲ

ਬੀਤੇ ਦਿਨੀਂ ਗਿਆਨੀ ਰਘਬੀਰ ਸਿੰਘ ਨੇ ਜਥੇਦਾਰ ਅਕਾਲ ਤਖਤ ਸਾਹਿਬ ਨੇ ਨਿੱਜੀ ਰੁਝੇਂਵਿਆਂ ਕਾਰਣ ਸਿੰਘ ਸਾਹਿਬਾਨ ਦੀ 28 ਜਨਵਰੀ ਨੂੰ ਹੋਣ ਜਾ ਰਹੀ ਮੀਟਿੰਗ ਮੁਲਤਵੀ ਕਰ ਦਿਤੀ ਸੀ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਪੰਥਕ ਮੁੱਦਿਆਂ ਤੇ ਗੁਰਮਤੇ ਦੀ ਪਾਲਣਾ ਕਰਾਉਣ ਬਾਰੇ ਵਿਚਾਰਾਂ ਕਰਨ ਲਈ ਇਹ ਮੀਟਿੰਗ ਸੱਦੀ ਗਈ ਸੀ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਅਤੇ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਆਹਮੋ ਸਾਹਮਣੇ ਖੜੇ ਹਨ। ਪਰ ਸੁਖਬੀਰ ਸਿੰਘ ਬਾਦਲ ਬਾਗੀਆਂ ਉਪਰ ਭਾਰੂ ਪੈ ਰਹੇ ਹਨ।

ਦੋ ਦਸੰਬਰ ਤੋਂ ਬਾਅਦ ਆਪੋ ਆਪਣਾ ਪੱਖ ਪੇਸ਼ ਕਰਨ ਲਈ ਸਾਰੀਆਂ ਧਿਰਾਂ ਪਤਾ ਨਹੀਂ ਕਿੰਨੇ ਵਾਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕਰ ਚੁੱਕੀਆਂ ਹਨ। ਵਿਰੋਧੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਉਨਾਂ ਦੇ ਸਹਿਯੋਗੀ ਆਖ ਰਹੇ ਹਨ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦੋ ਦਸੰਬਰ ਦੇ ਫੈਸਲਿਆਂ ਨੂੰ ਲਾਗੂ ਨਹੀਂ ਕਰ ਰਹੀ ਹੈ। ਇਸ ਅਨੁਸਾਰ ਅਕਾਲੀ ਦਲ ਦੀ ਭਰਤੀ ਮੁਹਿੰਮ ਸੱਤ ਮੈਂਬਰੀ ਕਮੇਟੀ ਨੇ ਕਰਨੀ ਸੀ ਪਰ ਉਸ ਦੀ ਤਾਂ ਪਹਿਲੀ ਮੀਟਿੰਗ ਵੀ ਨਹੀਂ ਹੋਈ ਹੈ ਜਦੋਂ ਕਿ ਅਕਾਲੀ ਦਲ ਨੇ ਪਾਰਟੀ ਦੀ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

ਅਕਾਲੀ ਦਲ ਦੇ ਆਗੂ ਲਗਾਤਾਰ ਆਖ ਰਹੇ ਹਨ ਕਿ ਜਥੇਦਾਰ ਦੇ ਫੈਸਲੇ ਨੂੰ ਲਾਗੂ ਕਰਵਾਉਣ ਨਾਲ ਅਕਾਲੀ ਦਲ ਦੀ ਮਾਨਤਾ ਖਤਰੇ ਵਿੱਚ ਪੈ ਸਕਦੀ ਹੈ। ਇਸ ਦੇ ਨਾਲ ਹੀ ਅਕਾਲੀ ਦਲ ਨੇ ਜਥੇਦਾਰ ਵਡਾਲਾ ਨੂੰ ਫਰੀਦਕੋਟ ਜਿਲੇ ਦੀ ਭਰਤੀ ਦਾ ਨਿਗਰਾਨ ਲਾ ਦਿੱਤਾ ਸੀ। ਜਥੇਦਾਰ ਵਡਾਲਾ ਨੇ ਸਪੱਸ਼ਟ ਤੌਰ ਤੇ ਨਾਂਹ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਇਹ ਕਾਰਵਾਈ ਸਿੱਧੇ ਤੌਰ ਤੇ ਦੋ ਦਸੰਬਰ ਦੇ ਸਿੰਘ ਸਾਹਿਬਾਨ ਦੇ ਫੈਸਲਿਆਂ ਦੀ ਉਲੰਘਣਾ ਹੈ। ਅਕਾਲੀ ਦਲ ਦੇ ਕਈ ਸੀਨੀਅਰ ਆਗੂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਫ਼ੈਸਲੇ ਲਾਗੂ ਨਾ ਹੋਣ ਕਾਰਨ ਨਾਰਾਜ਼ ਹਨ। ਇਨਾਂ ਆਗੂਆਂ ਵਿਚ ਇਕਬਾਲ ਸਿੰਘ ਝੂੰਡਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਅਤੇ ਕਈ ਹੋਰ ਸ਼ਾਮਲ ਹਨ।

ਸਿੰਘ ਸਾਹਿਬਾਨ ਦੇ ਦੋ ਦਸੰਬਰ ਦੇ ਫ਼ੈਸਲਿਆਂ ਬਾਅਦ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਹੋਰਾਂ ਨੂੰ ਦੋਸ਼ਾਂ ਦੇ ਮਾਮਲੇ ਵਿੱਚ ਜਥੇਦਾਰ ਦੀਆਂ ਸੇਵਾਵਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਬੇਸ਼ਕ ਆਰਜੀ ਤੌਰ ਤੇ ਪਾਸੇ ਕੀਤਾ ਹੈ ਪਰ ਉਨ੍ਹਾਂ ਦਾ ਮਾਮਲਾ ਵੀ ਕਿਸੇ ਸਿਰੇ ਨਹੀਂ ਲੱਗਾ ਹੈ।

ਬਾਕੀ ਹਿਸਾ ਸਫਾ 2 ਤੇ ਪੜ੍ਹੋ →

# ਸਿੰਘ ਸਾਹਿਬਾਨ ਦੀ ਮੀਟਿੰਗ ਮੁਲਤਵੀ ਹੋਣ ਕਾਰਣ ਜਥੇਦਾਰ ਹਰਪ੍ਰੀਤ ਸਿੰਘ ਪਰੇਸ਼ਾਨ

## ✪ ਪਹਿਲਾਂ ਮੇਰੀਆਂ ਸੇਵਾਵਾਂ ਖ਼ਤਮ ਕੀਤੀਆਂ ਜਾਣਗੀਆਂ ਫਿਰ ਹੋਵੇਗੀ ਮੀਟਿੰਗ



ਤਲਵੰਡੀ ਸਾਬੋ-28 ਜਨਵਰੀ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮੁਲਤਵੀ ਕਰ ਦਿੱਤੇ ਜਾਣ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਤੀਕਰਮ ਦਿੰਦਿਆਂ ਦਾਅਵਾ ਕੀਤਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬੁਲਾ ਕੇ ਮੇਰੀਆਂ ਸੇਵਾਵਾਂ ਖ਼ਤਮ ਕੀਤੀਆਂ ਜਾਣਗੀਆਂ ਫਿਰ ਬਾਅਦ ਵਿਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਹੋਵੇਗੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੇਰੇ ਖ਼ਿਲਾਫ਼ ਬਣਾਈ ਤਿੰਨ ਮੈਂਬਰੀ ਕਮੇਟੀ ਦੀ ਸਰਪ੍ਰਸਤੀ ਅਕਾਲ ਤਖ਼ਤ ਸਾਹਿਬ ਵਲੋਂ ਕੱਢੇ ਇੱਕ ਆਗੂ ਵਲੋਂ ਕੀਤੀ ਜਾ ਰਹੀ ਹੈ ਅਤੇ ਉਕਤ ਆਗੂ ਵਲੋਂ ਆਪਣੀ ਗੱਡੀ ਵਿਚ ਬਿਠਾ ਕੇ ਮੇਰੇ ਖ਼ਿਲਾਫ਼ ਗਵਾਹੀਆਂ ਦੁਆਈਆਂ ਜਾ ਰਹੀਆਂ ਹਨ। ਉਕਤ ਬਿਆਨ ਵਿਚ ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜ ਕੇ ਜਾਂਚ ਕਮੇਟੀ ਵਲੋਂ ਜਿੱਥੇ ਮੇਰੇ ਬਾਰੇ ਪੁੱਛ ਪੜਤਾਲ ਕੀਤੀ ਗਈ ਉਥੇ ਇਹ ਕੋਸ਼ਿਸ਼ ਵੀ ਕੀਤੀ ਗਈ ਕਿ ਮੇਰੇ ਖ਼ਿਲਾਫ਼ ਲਿਖ ਕੇ ਲਿਆ ਜਾਵੇ ਕਿ ਪੰਜ ਪਿਆਰੇ ਸਾਹਿਬਾਨ ਅੱਗੇ ਪੇਸ਼ ਹੋ ਕੇ ਮੈਂ ਗੁਰਮਰਿਆਦਾ ਦੀ ਉਲੰਘਣਾ ਕੀਤੀ ਹੈ ਪਰ ਕਿਸੇ ਨੇ ਵੀ ਇਹ ਲਿਖ ਕੇ ਨਹੀਂ ਦਿੱਤਾ। ਉਨ੍ਹਾਂ ਬਿਨ੍ਹਾਂ ਕਿਸੇ ਦਾ ਨਾਮ ਲਿਆ ਅੱਗੇ ਬੋਲਿਆ ਹੈ ਕਿ ਜਿਹੜੇ ਈਨ ਮੰਨ ਲੈਂਦੇ ਹਨ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਵੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਪਰ ਜਿਹੜਾ ਈਨ ਮੰਨਣ ਲਈ ਤਿਆਰ ਨਹੀਂ ਹੁੰਦਾ ਉਸ ਵਲੋਂ ਜਥੇਦਾਰੀ ਦੇ ਕਾਰਜਕਾਲ ਦੌਰਾਨ ਖਾਧੀ ਰੋਟੀ ਪਾਣੀ ਤੱਕ ਦਾ ਹਿਸਾਬ ਗਿਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਜਾਂਚ ਕਮੇਟੀ ਬੜੀ ਤੇਜ਼ੀ ਨਾਲ ਕੰਮ ਕਰਦਿਆਂ ਮੇਰੇ ਖ਼ਿਲਾਫ਼ ਮਾਹੌਲ ਸਿਰਜ ਰਹੀ ਹੈ ਅਤੇ ਜਲਦ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬੁਲਾ ਕੇ ਮੇਰੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ ਪਰ ਨਾਲ ਹੀ ਉਨ੍ਹਾਂ ਚੁਣੌਤੀ ਵੀ ਦਿੱਤੀ ਹੈ ਕਿ ਮੇਰੇ ਖ਼ਿਲਾਫ਼ ਜੋ ਦੋਸ਼ ਲਾਉਣੇ ਹਨ ਲਾਉ ਅਤੇ ਮੈਨੂੰ ਸੇਵਾਵਾਂ ਤੋਂ ਲਾਂਭੇ ਕਰੋ ਫਿਰ ਮੈਂ ਜਵਾਬ ਦੇਵਾਂਗਾ, ਆਪਣੀ ਕੌਮ ਦੇ ਸਹਿਯੋਗ ਨਾਲ ਆਪਣੇ ਖ਼ਿਲਾਫ਼ ਸਿਰਜੇ ਗਏ ਮਾਹੌਲ ਦੇ ਬਾਰੇ।

# ਕੀ ਨਵਾਂ ਅਦੇਸ਼ ਹੈ ਜਥੇਦਾਰ ਅਕਾਲ ਤਖਤ ਸਾਹਿਬ ਦਾ

*ਮੁੱਖ ਸਫ਼ੇ ਦਾ ਬਾਕੀ ਹਿਸਾ*

ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਨੇ 2 ਦਸਬੰਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਅਕਾਲੀ ਦਲ ਦੀ ਮਜਬੂਤੀ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਦਾ ਤਕਰੀਬਨ ਭੋਗ ਪਾ ਦਿੱਤਾ ਹੈ। ਹੁਣ ਤੱਕ ਬਾਦਲ ਦਲ ਦਾ ਸੁਖਬੀਰ ਬਾਦਲ ਧੜਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਅਧਾਰ ਬਣਾਕੇ ਇਸ ਕਮੇਟੀ ਨੂੰ ਮੰਨਣ ਤੋਂ ਇਨਕਾਰੀ ਸੀ ਕਿ ਇਸ ਨਾਲ ਅਕਾਲੀ ਦਲ ਦੀ ਮਾਨਤਾ ਰਦ ਹੋ ਸਕਦੀ ਹੈ।

ਗਿਆਨੀ ਰਘਬੀਰ ਸਿੰਘ ਹੁਣ ਇੰਗਲੈਂਡ ਯਾਤਰਾ ਉਪਰ ਦਸੇ ਜਾ ਰਹੇ ਹਨ। ਯਾਤਰਾ ਤੋਂ ਪਹਿਲਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਨੂੰ ਮੁੜ ਆਦੇਸ਼ ਜਾਰੀ ਕੀਤਾ ਸੀ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਆਦੇਸ਼ਾਂ ਅਨੁਸਾਰ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਲਈ 7 ਮੈਂਬਰੀ ਨਿਗਰਾਨ ਕਮੇਟੀ ਨੂੰ ਕਾਰਜਸ਼ੀਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਰਤੀ ਮੁਹਿੰਮ ਦੀ ਸਾਰੀ ਨਿਗਰਾਨੀ ਇਸ ਸੱਤ ਮੈਂਬਰੀ ਕਮੇਟੀ ਨੇ ਕਰਨੀ ਹੈ । ਸੰਖੇਪ ਗੱਲਬਾਤ ਦੌਰਾਨ 7 ਮੈਂਬਰੀ ਕਮੇਟੀ ਵਿਚ ਵਾਧਾ ਕੀਤੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਵਲੋਂ ਪੂਰੇ ਭਾਰਤ ਵਿਚ ਹੀ ਮੈਂਬਰਸ਼ਿਪ ਭਰਤੀ ਕੀਤੀ ਜਾਣੀ ਹੈ, ਜੇ ਵਰਕਿੰਗ ਕਮੇਟੀ ਜ਼ਰੂਰਤ ਮਹਿਸੂਸ ਕਰੇਗੀ ਤਾਂ ਉਹ ਇਸ ਵਿਚ ਵਾਧਾ ਕਰ ਸਕਦੀ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਤਿੰਨ ਮੈਂਬਰੀ ਕਮੇਟੀ ਵਲੋਂ ਕੀਤੀ ਜਾ ਰਹੀ ਜਾਂਚ ਬਾਰੇ ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਸਮੇਤ ਹਰ ਪਦਵੀ ਦਾ ਮਾਣ-ਸਨਮਾਨ ਜ਼ਰੂਰ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਗਿਆਨੀ ਹਰਪ੍ਰੀਤ ਸਿੰਘ ਵਲੋਂ ਤਿੰਨ ਮੈਂਬਰੀ ਕਮੇਟੀ ਮੈਂਬਰ ਨੂੰ 'ਮੈਸੰਜਰ ਆਫ਼ ਬਾਦਲ' ਆਖੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਸ ਬਾਰੇ ਗਿਆਨੀ ਹਰਪ੍ਰੀਤ ਸਿੰਘ ਹੀ ਦੱਸ ਸਕਦੇ ਹਨ ਕਿ ਉਹ ਕੌਣ ਹੈ ਤੇ ਉਨ੍ਹਾਂ ਕਿਸ ਸੰਦਰਭ ਵਿਚ ਆਖਿਆ ਹੈ। ਸਿੰਘ ਸਾਹਿਬਾਨ ਦੀ ਇਕੱਤਰਤਾ ਦੀਆਂ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ, ਕਿਉਂਕਿ ਹਰ ਅਹੁਦੇ ਦੀ ਇਕ ਮਰਿਆਦਾ ਹੁੰਦੀ ਹੈ। ਪਰ ਇਸ ਮਾਮਲੇ ਦੀ ਜਾਂਚ ਪੜਤਾਲ ਕਰਾਉਣ ਬਾਰੇ ਉਨ੍ਹਾਂ ਕਿਹਾ ਕਿ ਅਜੇ ਇਸ ਬਾਰੇ ਕੋਈ ਵਿਚਾਰ ਨਹੀਂ ਹੈ, ਅੱਗੇ ਜਾ ਕੇ ਦੇਖਾਂਗੇ।

ਪਤਾ ਲਗਾ ਹੈ ਕਿ ਗਿਆਨੀ ਰਘਬੀਰ ਨਹੀਂ ਚਾਹੁੰਦੇ ਕਿ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਰਦ ਕਰਕੇ ਅਕਾਲੀ ਦਲ ਦਾ ਭੋਗ ਪਾ ਦਿਤਾ ਜਾਵੇ। ਕਿਉਂਕਿ ਬਾਗੀ ਅਕਾਲੀ ਧੜਾ ਅਜੇ ਤਕ ਆਪਨਾ ਜਨਤਕ ਅਧਾਰ ਬਾਦਲ ਦਲ ਵਾਂਗ ਪੇਸ਼ ਨਹੀਂ ਕਰ ਸਕਿਆ। ਜਦ ਕਿ ਮਾਘੀ ਦੇ ਮੇਲੇ ਬਾਦਲ ਧੜਾ ਵੱਡੀ ਕਾਨਫਰੰਸ ਕਰਨ ਵਿਚ ਕਾਮਯਾਬ ਹੋਇਆ ਹੈ। ਇਹੀ ਕਾਰਣ ਹੈ ਜਥੇਦਾਰ ਹੁਣ ਸੁਖਬੀਰ ਸਿੰਘ ਨੂੰ ਹਦਾਇਤ ਦੇ ਰਹੇ ਹਨ ਕਿ ਅਕਾਲ ਤਖਤ ਤੋਂ ਬਣੀ ਸੱਤ ਮੈਂਬਰੀ ਕਮੇਟੀ ਦਾ ਸਹਿਯੋਗ ਲਿਆ ਜਾਵੇ ਤਾਂ ਜੋ ਬਾਗੀ ਧੜਾ ਵੀ ਬਾਦਲ ਦਲ ਵਿਚ ਸ਼ਾਮਿਲ ਹੋ ਜਾਵੇ।

ਵੱਡੀ ਗੱਲ ਇਹ ਵੀ ਕਿ ਸੁਖਬੀਰ ਬਾਦਲ ਦਾ ਧੜਾ ਆਰਥਿਕ ਤੌਰ ਉਪਰ ਮਜਬੂਤ ਹੈ ਤੇ ਸਿਆਸੀ ਸਰਗਰਮੀਆਂ ਵਿਚ ਜੁਟਿਆ ਹੋਇਆ ਹੈ। ਜਦਕਿ ਬਾਗੀ ਧੜੇ ਦੀਆਂ ਕੋਈ ਸਰਗਰਮੀਆਂ ਨਜ਼ਰ ਨਹੀਂ ਆ ਰਹੀਆਂ। ਨਾਹੀ ਉਹ ਆਰਥਿਕ ਤੌਰ ਉਪਰ ਮਜਬੂਤ ਹੈ। ਉਹ ਮੀਡੀਆ ਬਿਆਨਾਂ ਤਕ ਸੀਮਤ ਹੈ।

ਬਾਦਲ ਦਲ ਦੇ ਸੁਖਬੀਰ ਸਿੰਘ ਬਾਦਲ, ਦਲਜੀਤ ਸਿੰਘ ਚੀਮਾ ਧੜੇ ਨੂੰ ਹੁਣ ਸੁਨਿਹਰੀ ਮੌਕਾ ਹੈ, ਉਹ ਇਸ ਕਮੇਟੀ ਨੂੰ 15-20 ਮੈਂਬਰੀ ਕਮੇਟੀ ਬਣਾ ਦੇਣਗੇ ਤੇ ਨਾਲੇ ਕਹਿਣਗੇ ਕਿ ਅਸੀਂ ਤਾਂ ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮ ਦੀ ਪਾਲਣਾ ਕੀਤੀ ਹੈ। ਇਸ ਨਾਲ ਵਿਰੋਧੀ ਸੁਧਾਰ ਲਹਿਰ ਵਾਲੇ ਬੁਰੀ ਤਰ੍ਹਾਂ ਫੱਸ ਗਏ ਹਨ। ਜੇਕਰ ਉਹ ਨਵੀ ਬਣਨ ਵਾਲੀ ਕਮੇਟੀ ਨੂੰ ਨਹੀ ਮੰਨਣਗੇ ਤਾਂ ਸੁਖਬੀਰ ਧੜਾ ਉਨ੍ਹਾਂ ਉਪਰ ਇਲਜ਼ਾਮ ਲਾਵੇਗਾ ਕਿ ਬਾਗੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮ ਨੂੰ ਨਹੀਂ ਮੰਨਦੇ ਤੇ ਜੇਕਰ ਮੰਨਣਗੇ ਤਾਂ ਉਨਾ ਦਾ ਭਵਿੱਖ ਖਤਮ ਹੈ ਕਿਉਂਕਿ ਤਾਕਤ ਤਾਂ ਸਾਰੀ ਸੁਖਬੀਰ ਬਾਦਲ ਦੇ ਹੱਥ ਵਿੱਚ ਹੀ ਹੋਵੇਗੀ।

## ਹੁਕਮਨਾਮੇ ਦੀ ਉਲੰਘਣਾ ਕਰ ਕੇ ਸ੍ਰੀ ਅਕਾਲ ਤਖ਼ਤ ਦੇ ਸਿਧਾਂਤਾਂ ਨੂੰ ਕੀਤਾ ਜਾ ਰਿਹੈ ਖਤਮ: ਬੀਬੀ ਜਗੀਰ ਕੌਰ



ਐੱਸਜੀਪੀਸੀ ਦਾ ਸਾਬਕਾ ਪ੍ਰਧਾਨ ਤੇ ਸੀਨੀਅਰ ਅਕਾਲੀ ਆਗੂ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਦੇਖਣ ਵਿਚ ਆ ਰਿਹਾ ਹੈ ਕਿ ਹੁਕਮਨਾਮੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਸਿੰਘ ਸਾਹਿਬਾਨ 'ਤੇ ਆਪਣਾ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ 2 ਦਸੰਬਰ ਦੇ ਹੁਕਮਨਾਮਿਆਂ ਦੀ ਭਾਵਨਾ ਨੂੰ ਤੋੜ ਮਰੋੜ ਕੇ ਪੇਸ਼ ਕਰਵਾਉਣਾ ਚਾਹੁੰਦੇ ਹਨ। ਪੰਥ ਦੇ ਸਾਹਮਣੇ ਇਹ ਜੋ ਦੁਬਿਧਾ ਬਣੀ ਹੋਈ ਹੈ, ਉਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵੱਡਾ ਯੋਗਦਾਨ ਹੈ। ਬੀਬੀ ਜਗੀਰ ਕੌਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆ ਵੱਲੋਂ ਹਾਲੇ ਵੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਜਾਰੀ ਹੈ। ਐੱਸਜੀਪੀਸੀ ਵੱਲੋਂ ਉਨ੍ਹਾਂ ਖ਼ਿਲਾਫ਼ ਜਾਂਚ ਕਰਨ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਇਹ ਵੀ ਆਖਿਆ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਪੜਤਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਹੀਂ ਕਰ ਸਕਦੇ। ਇਸ ਦੇ ਬਾਵਜੂਦ ਇਹ ਪੜਤਾਲ ਜਾਰੀ ਹੈ ਤੇ ਸਿੰਘ ਸਾਹਿਬਾਨ ਦੇ ਹੁਕਮ ਦੀ ਸਿੱਧੇ ਤੌਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸਿੱਖ ਸੰਸਥਾ ਦਾ ਪ੍ਰਧਾਨ ਹੋਣ ਦੇ ਨਾਤੇ ਫਰਜ਼ ਬਣਦਾ ਹੈ ਕਿ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਅੱਗੇ ਆਉਣ ਪਰ ਉਹ ਆਪਣੀ ਕੁਰਸੀ ਬਚਾਉਣ 'ਚ ਲੱਗੇ ਹੋਏ ਹਨ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਸਮੁੱਚਾ ਪੰਥ ਤੇ ਸਿੱਖ ਕੌਮ ਇਕ ਵਾਰ ਫੇਰ ਤਖਤ ਸਾਹਿਬਾਨਾਂ ਤੋਂ ਬੜੀ ਆਸ ਲਗਾਈ ਬੈਠੇ ਹਨ ਕਿ ਜੋ ਗੈਰ-ਸਿਧਾਂਤਕ ਬਿਰਤਾਂਤ ਰਚਿਆ ਜਾ ਰਿਹਾ ਹੈ, ਉਸ ਵਿਰੁੱਧ ਸਪਸ਼ਟ ਤੌਰ 'ਤੇ ਸਿੱਖ ਜਗਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਆਪਣਾ ਆਦੇਸ਼ ਤੇ ਹੁਕਮ ਸੁਣਾਉਣ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਪੰਥਕ ਹਾਲਾਤ ਤੇ ਸਥਿਤੀ ਬਹੁਤ ਡਾਵਾਂ ਡੋਲ ਨਜ਼ਰ ਆਉਂਦੀ ਹੈ ਅਤੇ ਦੋ ਦਸੰਬਰ ਦੇ ਹੁਕਮਨਾਮਿਆਂ ਤੋਂ ਬਾਅਦ ਸੰਗਤਾਂ 'ਚ ਬਣਿਆ ਉਤਸ਼ਾਹ ਤੇ ਜਜ਼ਬਾ ਜਿਉਂ ਦਾ ਤਿਉਂ ਹੀ ਰਹਿ ਗਿਆ ਹੈ।

## ਭਾਈ ਰਿਪੁਦਮਨ ਸਿੰਘ ਮਲਿਕ ਦੇ ਕਾਤਲ ਨੂੰ ਹੋਈ ਉਮਰ ਕੈਦ ਦੀ ਸਜ਼ਾ



ਡਰਬੀ-(ਪੰਜਾਬ ਟਾਈਮਜ਼)-ਭਾਈ ਰਿਪੁਦਮਨ ਸਿੰਘ ਮਲਿਕ ਦਾ ਕਤਲ ਪਿਛਲੇ ਕੁਝ ਸਾਲ ਪਹਿਲਾਂ ਹੋਇਆ ਸੀ । ਭਾਈ ਰਿਪੁਦਮਨ ਸਿੰਘ ਜਦੋਂ ਉਹ ਆਪਣੇ ਦਫ਼ਤਰ ਨੂੰ ਜਾ ਰਹੇ ਸੀ ਤਾਂ ਉਸ ਵੇਲੇ ਦੋ ਵਿਅਕਤੀਆਂ ਨੇ ਕਾਰ ਵਿੱਚ ਬੈਠੇ ਭਾਈ ਮਲਿਕ ਦੇ ਗੋਲੀਆਂ ਮਾਰੀਆਂ ਸਨ। ਜਿਸ ਨਾਲ ਉਨ੍ਹਾਂ ਦੀ ਮੌਤ ਹੋਗਈ ਸੀ। ਬਾਅਦ ਵਿੱਚ ਦੋ ਵਿਅਕਤੀਆਂ ਨੂੰ ਕਤਲ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ । ਟੈਨਰ ਫੋਕਸ ਨਾਮ ਦੇ ਵਿਅਕਤੀ ਜੋ ਪਿਛੋਂ ਥਾਈਲੈਂਡ ਦਾ ਨਿਵਾਸੀ ਸੀ ਤੇ ਉਮਰ 24 ਸਾਲ ਹੈ । ਉਸ ਨੂੰ ਉਮਰ ਕੈਦ ਦੀ ਸਜਾ ਹੋਈ ਹੈ। ਉਸ ਨੂੰ ਬਿਨਾਂ ਪੈਰੋਲ ਦੇ 20 ਸਾਲ ਜੇਲ੍ਹ ਵਿੱਚ ਰਹਿਣਾ ਪਵੇਗਾ । ਦੂਜੇ ਦੋਸ਼ੀ ਦੀ ਪੇਸ਼ੀ 6 ਫਰਵਰੀ ਨੂੰ ਹੋਵੇਗੀ । ਪਰ ਸਰੀ ਦੀ ਪੁਲੀਸ ਇਹਨਾਂ ਕੋਲੋਂ ਇਹ ਪੁੱਛਣ ਵਿੱਚ ਅਜੇ ਕਾਮਯਾਬ ਨਹੀਂ ਹੋਈ ਕਿ ਕਤਲ ਕਿਉਂ ਕੀਤਾ ਗਿਆ। ਉਨ੍ਹਾਂ ਨੂੰ ਕਤਲ ਕਰਨ ਲਈ ਸੁਪਾਰੀ ਕਿਸ ਨੇ ਦਿੱਤੀ । ਕੀ ਕਤਲ ਵਿੱਚ ਇੰਡੀਆ ਜਾਂ ਕਿਸੇ ਹੋਰ ਗਰੁੱਪ ਦਾ ਹੱਥ ਹੈ। ਯਾਦ ਰਹੇ ਕਿ ਭਾਈ ਰਿਪੁਦਮਨ ਸਿੰਘ ਧਾਰਮਿਕ ਵਿਅਕਤੀ ਸਨ । ਉਨ੍ਹਾਂ ਵੱਲੋਂ ਸਰੀ ਵਿੱਚ ਦੋ ਸਕੂਲ ਚਲਾਏ ਜਾ ਰਹੇ ਹਨ । ਜਿਥੇ ਚਾਰ ਹਜ਼ਾਰ ਦੇ ਕਰੀਬ ਬੱਚੇ ਵਿਦਿਆ ਲੈ ਰਹੇ ਹਨ । ਉਨ੍ਹਾਂ ਕਨੇਡਾ ਵਿੱਚ ਖਾਲਸਾ ਯੂਨੀਅਨ ਬੈਂਕ ਵੀ ਸਥਾਪਤ ਕੀਤਾ ਜਿਸ ਦੀਆਂ 18 ਬਰਾਂਚਾਂ ਦੱਸੀਆਂ ਜਾਂਦੀਆਂ ਹਨ । ਉਨ੍ਹਾਂ ਦੇ ਲੜਕੇ ਭਾਈ ਜਸਪ੍ਰੀਤ ਸਿੰਘ ਮਲਿਕ ਨੇ ਆਰ ਸੀ ਐਮ ਪੀ ਨੂੰ ਕਿਹਾ ਕਿ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਭਾਰਤ ਜਾਂ ਹੋਰ ਕਿਹੜੇ ਬੰਦੇ ਨੇ ਉਨ੍ਹਾਂ ਕਾਤਲਾਂ ਨੂੰ ਕਤਲ ਕਰਨ ਲਈ ਸੁਪਾਰੀ ਦਿੱਤੀ ਸੀ ।

## ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਪੰਜਾਬ ਟਾਈਮਜ਼ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰੇਗਾ

ਪੰਜਾਬ ਟਾਈਮਜ਼ ਪਿਛਲੇ 60 ਸਾਲਾਂ ਤੋਂ ਆਪਣੇ ਪੰਜਾਬੀ ਭਾਈਚਾਰੇ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਆ ਰਿਹਾ ਹੈ। ਇਸ ਪਰਚੇ ਵਿੱਚ ਬਿਨਾ ਵਿਤਕਰੇ ਤੋਂ ਸਭ ਨੂੰ ਥਾਂ ਦਿੱਤੀ ਜਾਂਦੀ ਹੈ। ਲਿਖਾਰੀਆਂ, ਸੰਸਥਾਵਾਂ ਦੇ ਵਿਚਾਰ ਨਿਰਪੱਖਤਾ ਨਾਲ ਛਾਪੇ ਜਾਂਦੇ ਹਨ । ਦੁਨੀਆ ਉਤੇ ਬਹੁਤ ਸਾਰੀਆਂ ਬੋਲੀਆਂ ਹਨ । ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਮਨੁੱਖ ਨੂੰ ਗਿਆਨ ਪ੍ਰਾਪਤੀ ਲਈ ਉਸ ਦੀ ਮਾਂ ਬੋਲੀ ਹੀ ਉਤਮ ਭਾਸ਼ਾ ਹੈ । ਇਸ ਲਈ ਹਰ ਖਿੱਤੇ ਅਤੇ ਕੌਮ ਦੀ ਵਿੱਦਿਆ ਪ੍ਰਾਪਤੀ ਲਈ ਉਸ ਦੀ ਮਾਂ ਬੋਲੀ ਵਿੱਚ ਹੀ ਉਸ ਨੂੰ ਗਿਆਨ ਮਿਲਣਾ ਚਾਹੀਦਾ ਹੈ । ਪਰ ਦੁਨੀਆ ਉਤੇ ਇਸ ਸਮੇਂ ਬਹੁਤ ਸਾਰੀਆਂ ਬੋਲੀਆਂ/ਭਾਸ਼ਾਵਾਂ ਖਤਮ ਹੋ ਰਹੀਆਂ ਹਨ । ਇਸ ਲਈ ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਨੂੰ ਆਪਣੀ ਬੋਲੀ ਦੇ ਬਚਾਅ ਲਈ ਹਰ ਵੇਲੇ ਯਤਨਸ਼ੀਲ ਰਹਿਣਾ ਚਾਹੀਦਾ ਹੈ । ਇਸ ਸਾਲ ਕੌਮਾਂਤਰੀ ਮਾਂ ਬੋਲੀ ਦਿਵਸ 21 ਫਰਵਰੀ ਨੂੰ ਆ ਰਿਹਾ ਹੈ । ਸਾਡੇ ਕੁੱਝ ਸੁਹਿਰਦ ਸੱਜਣਾਂ ਵੱਲੋਂ ਸੁਝਾਅ ਆਇਆ ਹੈ ਕਿ ਇਸ ਮੌਕੇ 'ਤੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾਵੇ । ਸੋ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ 20 ਫਰਵਰੀ ਨੂੰ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ । ਆਪਣੇ ਸੁਹਿਰਦ ਸਹਿਯੋਗੀਆਂ, ਪੱਤਰਕਾਰਾਂ ਤੇ ਲਿਖਾਰੀਆਂ ਨੂੰ ਸਾਡੀ ਬੇਨਤੀ ਹੈ ਕਿ ਇਸ ਅੰਕ ਵਿੱਚ ਪ੍ਰਕਾਸ਼ਿਤ ਕਰਨ ਲਈ ਮਾਂ ਬੋਲੀ ਨਾਲ ਸਬੰਧਿਤ ਸਮਗਰੀ, ਲੇਖ, ਕਵਿਤਾਵਾਂ ਤੇ ਕਹਾਣੀਆਂ ਅਤੇ ਇਸ਼ਤਿਹਾਰ ਜਲਦੀ ਭੇਜੇ ਜਾਣ, ਤਾਂ ਜੋ ਇਸ ਵਿਸ਼ੇਸ਼ ਅੰਕ ਦਾ ਸ਼ਿੰਗਾਰ ਬਣ ਸਕਣ ।

ਧੰਨਵਾਦ ਸਹਿਤ, ਸੰਪਾਦਕ, **ਅਦਾਰਾ ਪੰਜਾਬ ਟਾਈਮਜ਼**

**ਸੰਪਰਕ**: 07966 388 388 Email:panjabtimes@aol.com

## -ਮਾਮਲਾ ਅੰਮ੍ਰਿਤਸਰ ਵਿਖੇ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦਾ-

# ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀ ਸਾਜ਼ਿਸ਼ ਪਿਛੇ ਕਿਸ ਦੀ ਸਿਆਸਤ ?

### ✪ ਦੋਸ਼ੀ ਦਲਿਤ ਜਮਾਤ ਵਿਚੋਂ, ਪਰ ਬੇਅਦਬੀ ਕਰਨ ਵੇਲੇ ਉਹ ਕੇਸਾਧਾਰੀ ਸਿੱਖ ਕਿਉਂ ਬਣਿਆ ? ✪ ਬੇਅਦਬੀ ਲਈ ਅੰਮ੍ਰਿਤਸਰ ਸਥਾਨ ਦੀ ਚੋਣ ਕਿਉਂ ਹੋਈ ?

ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ ਵਿਚ ਸਥਾਪਤ ਸੰਵਿਧਾਨ ਵਿਚ ਸਦੀਆਂ ਤੋਂ ਸ਼ੋਸ਼ਿਤ ਪੀੜਤ ਸ਼੍ਰੇਣੀ ਨੂੰ 'ਸਮਤਾ' ਦਾ ਅਧਿਕਾਰ ਦਿਵਾਉਣ ਵਾਲੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਹੋਈ ਬੇਹੁਰਮਤੀ, ਉੱਥੇ ਬਣੀ ਸੰਵਿਧਾਨ ਦੀ ਕਿਤਾਬ 'ਤੇ ਵੀ ਅੱਗ ਲਗਾਉਣੀ ਤੇ ਭੰਨਤੋੜ ਦੀ ਮੰਦਭਾਗੀ ਘਟਨਾ ਨਾਲ ਦਲਿਤਾਂ ਵਿਚ ਭਾਰੀ ਰੋਸ ਲਹਿਰ ਦੇਖਣ ਨੂੰ ਮਿਲ ਰਹੀ ਹੈ। ਦੂਜੇ ਪਾਸੇ ਭਾਜਪਾ ਨੇ ਆਪਣੇ ਇਗੂ ਵਿਜੈ ਸਾਂਪਲਾ ਰਾਹੀਂ ਸਿੱਖਾਂ ਤੇ ਦਰਬਾਰ ਸਾਹਿਬ ਵਿਰੁਧ ਫਿਰਕੂ ਪਥਤਾ ਖੇਡਣਾ ਸ਼ੁਰੂ ਕਰ ਦਿਤਾ ਹੈ ਕਿ ਇਹ ਬੇਅਦਬੀ ਦਰਬਾਰ ਸਾਹਿਬ ਦੀ ਹੱਦ ਵਿਚ ਹੋਈ। ਇਸ ਦਾ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ।

ਦਲਿਤ ਜਥੇਬੰਦੀਆਂ ਦੋਸ਼ ਲਗਾਇਆ ਕਿ ਉਨ੍ਹਾਂ ਨੇ ਪੁਲਿਸ ਤੋਂ ਮੰਗ ਕੀਤੀ ਸੀ ਕਿ ਪ੍ਰਤਿਮਾ ਦੇ ਨੇੜੇ ਸੁਰੱਖਿਆ ਇੰਤਜ਼ਾਮ ਕੀਤੇ ਜਾਣ ਪਰ ਉਨ੍ਹਾਂ ਦੀ ਮੰਗ ਨੂੰ ਅਣਗੌਲਿਆ ਕਰ ਦਿੱਤਾ ਗਿਆ। ਖਾਸ ਗਲ ਇਹ ਹੈ ਕਿ ਉਪਰੋਕਤ ਕੋਝੀ ਘਟਨਾ ਛੱਬੀ ਜਨਵਰੀ ਵਾਲੇ ਦਿਨ ਵਾਪਰੀ ਜਦੋਂ ਦੇਸ਼ ਵਾਸੀ ਗਣਤੰਤਰ ਦਿਵਸ ਮਨਾ ਰਹੇ ਸਨ। ਅੰਮ੍ਰਿਤਸਰ ਦੀ ਘਟਨਾ ਦਾ ਮੁਲਜ਼ਮ ਆਕਾਸ਼ ਸਿੰਘ ਨੂੰ ਮੌਕੇ ਉਪਰ ਪੁਲਿਸ ਵਲੋਂ ਇਕ ਨਿਹੰਗ ਦੀ ਮਦਦ ਨਾਲ ਕਾਬੂ ਕਰ ਲਿਆ ਗਿਆ ਜੋ ਕਿ ਜ਼ਿਲ੍ਹਾ ਮੋਗਾ ਦੇ ਕਸਬਾ ਧਰਮਕੋਟ ਦੇ ਪਿੰਡ ਢੁੰਗਾ ਬਸਤੀ ਦਾ ਰਹਿਣ ਵਾਲਾ ਹੈ ਅਤੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਹੈ। ਦਲਿਤ ਜਥੇਬੰਦੀਆਂ ਤੇ ਪੰਥਕ ਜਥੇਬੰਦੀਆਂ ਦੀ ਮੰਗ ਇਹ ਹੈ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ, ਅੰਮ੍ਰਿਤਸਰ ਜੀਪੀਐਸ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਦਾ ਨਾਮ ਆਕਾਸ਼ ਸਿੰਘ ਹੈ। ਜੋ ਕਿ ਢੁੰਗਾ ਬਸਤੀ, ਧਰਮਕੋਟ, ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹੈ ਅਤੇ ਐਸਸੀ ਭਾਈਚਾਰੇ ਤੋਂ ਹੈ। ਉਨ੍ਹਾਂ ਦੱਸਿਆ ਕਿ "ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਉਸ ਕੋਲ ਅੰਮ੍ਰਿਤਸਰ ਆਉਣ ਦੇ ਵੀ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ ਤੇ ਪੁਲਿਸ ਉਸ ਤੋਂ ਸਖ਼ਤੀ ਨਾਲ ਪੁੱਛਗਿੱਛ ਕਰੇਗੀ।"

### ਕੀ ਕਹਿਣਾ ਹੈ ਦੋਸ਼ੀ ਦੀ ਮਾਤਾ ਦਾ

ਦੋਸ਼ੀ ਦੀ ਮਾਤਾ ਆਸ਼ਾ ਰਾਣੀ ਨੇ ਇਹ ਦੱਸਿਆ ਕਿ ਉਹ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦੇ ਤਿੰਨ ਬੇਟੇ ਅਤੇ ਇਕ ਬੇਟੀ ਹੈ। ਤਿੰਨ ਸਾਲ ਪਹਿਲਾਂ 12ਵੀਂ ਜਮਾਤ ਪਾਸ ਕਰਕੇ ਉਹ ਦੁਬਈ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਉਸ ਨੇ ਉਨ੍ਹਾਂ ਨਾਲ ਸੰਪਰਕ ਤੋੜ ਦਿੱਤਾ ਸੀ। ਤਿੰਨ ਮਹੀਨੇ ਪਹਿਲਾਂ ਉਹ ਦੁਬਈ ਤੋਂ ਵਾਪਸ ਆਇਆ ਸੀ। ਅੰਮ੍ਰਿਤਸਰ ਰਹਿ ਰਿਹਾ ਸੀ। ਉਸ ਦੇ ਬੇਟੇ ਨੇ ਪਹਿਲਾਂ ਕੇਸ ਨਹੀਂ ਸਨ ਰੱਖੇ ਹੋਏ ਸਨ। ਹੁਣੇ ਜਿਹੇ ਰਖੇ ਹਨ। ਸੁਆਲ ਇਹ ਹੈ ਕਿ ਦੋਸ਼ੀ ਨੂੰ ਇਸ ਵਾਰਦਾਤ ਲਈ ਸਿਖ ਰੂਪ ਕਿਉਂ ਧਾਰਨਾ ਪਿਆ? ਘਟਨਾ ਤੋਂ ਪਹਿਲਾਂ



**ਦਲਿਤ ਸਮਾਜ ਬਾਬਾ ਸਾਹਿਬ ਅੰਬੇਡਕਰ ਦੀ ਬੇਅਦਬੀ ਬਾਰੇ ਚਾਲਾਂ ਨੂੰ ਸਮਝੇ**

- ਦਰਬਾਰ ਸਾਹਿਬ ਨੇੜੇ ਸਥਾਨ ਕਿਉਂ ਚੁਣਿਆ
- 26 ਜਨਵਰੀ ਦਾ ਦਿਹਾੜਾ ਕਿਉਂ ਚੁਣਿਆ
- ਬੇਅਦਬੀ ਲਈ ਪੌੜੀ ਕਿਸ ਦਿੱਤੀ
- ਦੋਸ਼ੀ ਨੇ ਦਲਿਤ ਹੋਕੇ ਬੇਅਦਬੀ ਕਿਉਂ ਕੀਤੀ
- ਸਿੱਖ ਦਾ ਰੂਪ ਕਦੋਂ ਤੇ ਕਿਉਂ ਧਾਰਿਆ
- ਕੀ ਇਸ ਪਿਛੇ ਸਿੱਖਾਂ ਤੇ ਦਲਿਤਾਂ ਦਾ ਟਕਰਾਅ ਦੀ ਮਨਸ਼ਾ ਨਹੀਂ ਸੀ
- ਜੇ ਤੁਸੀਂ ਇਸ ਪਿਛੇ ਅਸਲੀ ਸ਼ੈਤਾਨੀ ਤਾਕਤ ਨਹੀਂ ਪਛਾਣਦੇ ਤਾਂ ਬੰਦ ਕਰਾ ਲਉ ਜਾਂ ਸੰਘਰਸ਼ ਕਰ ਲਉ, ਉਹੀ ਕੁਛ ਮਿਲੇਗਾ ਜਿੰਨਾ ਸਿਖਾਂ ਨੂੰ ਬੇਅਦਬੀਆਂ ਦਾ ਇਨਸਾਫ ਮਿਲਿਆ ਹੈ। ਪ੍ਰਸ਼ਾਸਨ ਨੂੰ ਚਾਹੀਦਾ ਕਿ ਬਹੁਜਨਾਂ ਨੂੰ ਬੇਅਦਬੀ ਦਾ ਇਨਸਾਫ ਦੇਵੇ।

ਉਸ ਵਲੋਂ ਹਥੌੜਾ ਲੈ ਕੇ ਘੁੰਮਦੇ ਰਹਿਣ ਦੀ ਖ਼ਬਰ ਅਤੇ ਤੇਲ ਆਪਣੇ ਕੋਲ ਰੱਖਣਾ ਵੱਡੇ ਸ਼ੱਕ ਦੇ ਘੇਰੇ ਵਿਚ ਆਉਂਦਾ ਹੈ।

### ਘਟਨਾ ਪਿਛੇ ਕੌਣ

ਇਸ ਮੰਦਭਾਗੀ ਵਾਰਦਾਤ ਨੇ ਇਕ ਦਲਿਤ ਭਾਈਚਾਰੇ ਦੇ ਹਿਰਦੇ ਛਲਣੀ ਕੀਤੇ ਹਨ ਜਿਨ੍ਹਾਂ ਨੇ ਬੰਦ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਵੱਖ-ਵੱਖ ਸਿੱਖ ਤੇ ਹੋਰ ਸਮਾਜਿਕ/ਸਿਆਸੀ ਜਮਾਤਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਹੋਰ ਵੱਖ-ਵੱਖ ਸਿਆਸੀ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ,ਬਾਗੀ ਧੜਾ, ਬਸਪਾ, ਕਾਂਗਰਸ, ਆਪ ਇਸ ਘਟਨਾ ਦੀ ਨਿੰਦਾ ਕਰ ਰਹੇ ਹਨ। ਭਗਵੰਤ ਮਾਨ ਮੁਖ ਮੰਤਰੀ ਪੰਜਾਬ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਿਆ, "ਸ੍ਰੀ ਅੰਮ੍ਰਿਤਸਰ ਸਾਹਿਬ ਦੀ ਹੈਰੀਟੇਜ ਸਟ੍ਰੀਟ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਤੋੜਨ ਦੀ ਘਟਨਾ ਬੇਹੱਦ ਨਿੰਦਣਯੋਗ ਹੈ ਤੇ ਕਿਸੇ ਨੂੰ ਵੀ ਇਸ ਘਟਨਾ ਲਈ ਬਖ਼ਸ਼ਿਆ ਨਹੀਂ ਜਾਵੇਗਾ। ਪ੍ਰਸ਼ਾਸਨ ਨੂੰ ਇਸ ਦੀ ਜਾਂਚ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ।"

ਕੁਛ ਸਿੱਖ ਬੁਧੀਜੀਵੀਆਂ ਨੇ ਇਸ ਨੂੰ ਸਰਕਾਰੀ ਤੇ ਭਗਵੀਂ ਫਿਰਕੂ ਸਾਜਿਸ਼ ਦਸਿਆ ਹੈ ਜੋ ਸਿੱਖਾਂ ਤੇ ਦਲਿਤਾਂ ਦਰਮਿਆਨ ਨਫਰਤ ਪੈਦਾ ਕਰਕੇ ਟਕਰਾਅ ਕਰਾਉਣਾ ਚਾਹੁੰਦੇ ਹਨ। ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ। ਖਾਸ ਕਰਕੇ ਭਾਜਪਾ ਆਗੂ ਵਿਜੈ ਸਾਂਪਲਾ ਨੇ ਇਹ ਮਾਮਲਾ ਭੜਕਾਇਆ ਸੀ, ਜਿਸਦਾ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਗੰਭੀਰ ਨੋਟਿਸ ਲਿਆ ਸੀ। ਯਾਦ ਰਹੇ ਅਜਿਹੀ ਮੰਦਭਾਗੀ ਘਟਨਾ ਪਿਛਲੇ ਸਾਲ ਲਖਨਊ ਦੇ ਕਾਕੋਰੀ ਥਾਣਾ ਖੇਤਰ ਵਿਚ ਵੀ ਵਾਪਰੀ ਸੀ ਜਿੱਥੇ ਕੁਝ ਸ਼ਰਾਰਤੀ ਅਨਸਰਾਂ ਨੇ ਬਾਬਾ ਸਾਹਿਬ ਦੇ ਬੁੱਤ ਨੂੰ ਤੋੜ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ। ਸਾਲ 1984 'ਚ ਬਣਾਏ ਗਏ ਕਾਨੂੰਨ ਤਹਿਤ ਬੁੱਤ ਤੋੜਨ 'ਤੇ ਸਜ਼ਾ ਤੇ ਜੁਰਮਾਨਾ ਵੀ ਹੋ ਸਕਦਾ ਹੈ। ਇਹੋ ਜਿਹੀਆਂ ਹਰਕਤਾਂ ਲਈ ਘੱਟੋ-ਘੱਟ ਛੇ ਮਹੀਨੇ ਤੇ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਜਨਤਕ ਜਾਇਦਾਦ ਭੰਨ-ਤੋੜ ਰੋਕੂ ਐਕਟ ਤੋਂ ਇਲਾਵਾ ਭਾਰਤੀ ਨਿਆਂ ਸੰਹਿਤਾ ਮੁਤਾਬਕ ਵੀ ਸਜ਼ਾ ਦਿੱਤੀ ਜਾ ਸਕਦੀ ਹੈ। ਪੰਜਾਬ ਵਿਚ ਇਹ ਜੁਰਮ 1997 ਦੇ ਐਕਟ ਅਧੀਨ ਆਉਂਦਾ ਹੈ। ਇਸ ਮੁਤਾਬਕ ਘੱਟੋ-ਘੱਟ 6 ਮਹੀਨੇ ਦੀ ਸਜ਼ਾ ਅਤੇ ਇਕ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।

ਇਹ ਸੰਤੁਸ਼ਟੀ ਵਾਲੀ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਅਜਿਹੀਆਂ ਹਰ ਤਰ੍ਹਾਂ ਦੀਆਂ ਭੜਕਾਊ ਹਰਕਤਾਂ ਦੇ ਬਾਵਜੂਦ ਸਮੇਂ-ਸਮੇਂ ਆਪਸ ਵਿਚ ਸਦਭਾਵਨਾ ਬਣਾ ਕੇ ਰੱਖੀ ਹੈ। ਅੱਗੋਂ ਲਈ ਵੀ ਪ੍ਰਸ਼ਾਸਨ ਨੂੰ ਸੁਚੇਤ ਰੂਪ ਵਿਚ ਅਜਿਹੇ ਠੋਸ ਪ੍ਰਬੰਧ ਕਰਨੇ ਹੋਣਗੇ ਕਿ ਅਨੇਕਾਂ ਥਾਵਾਂ 'ਤੇ ਇਤਿਹਾਸਕ ਵਿਅਕਤੀਆਂ ਦੇ ਲੱਗੇ ਬੁੱਤਾਂ ਨਾਲ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

### ਵਿਜੈ ਸਾਂਪਲਾ ਦਾ ਫਿਰਕੂ ਬਿਆਨ

ਭਾਜਪਾ ਆਗੂ ਅਤੇ ਸਾਬਕਾ ਸੰਸਦ ਮੈਂਬਰ ਵਿਜੈ ਸਾਂਪਲਾ ਦਾ ਅਤਿ ਬਿਆਨ ਨਿੰਦਣਯੋਗ ਹੈ ਕਿ ਅੰਬੇਡਕਰ ਦੇ ਬੁੱਤ ਦਾ ਨੁਕਸਾਨ ਦਰਬਾਰ ਸਾਹਿਬ ਦੀ ਹਦ ਵਿਚ ਹੋਇਆ ਜਦਕਿ ਇਹ ਬੁਤ ਦਰਬਾਰ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਹੈ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੈ। ਸਾਬਕਾ ਭਾਜਪਾ ਸੰਸਦ ਮੈਂਬਰ ਵਿਜੇ ਸਾਂਪਲਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਸੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਅੰਮ੍ਰਿਤਸਰ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਗੰਭੀਰ ਅਤੇ ਦੁਖਦਾਈ ਕਰਾਰ ਦਿੰਦਿਆਂ ਇਸ ਸੰਬੰਧ ਵਿਚ ਭਾਜਪਾ ਆਗੂ ਅਤੇ ਸਾਬਕਾ ਸੰਸਦ ਮੈਂਬਰ ਵਿਜੈ ਸਾਂਪਲਾ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਂਪਲਾ ਨੂੰ ਇਸ ਮਸਲੇ ਵਿਚ ਦਰਬਾਰ ਸਾਹਿਬ ਸਾਹਿਬ ਦੇ ਪ੍ਰਬੰਧਕਾਂ ਨੂੰ ਦੋਸ਼ੀ ਠਹਿਰਾਉਣਾ ਫਿਰਕੂ ਹਰਕਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਘਟਨਾ ਬਾਬਤ ਕਿਹਾ ਕਿ ਇਹ ਹਰਕਤ ਦਰਬਾਰ ਸਾਹਿਬ ਤੋਂ ਕਾਫੀ ਦੂਰ ਹੋਈ ਹੈ। ਸਾਂਪਲਾ ਦਾ ਬਿਆਨ ਭੜਕਾਊ ਤੇ ਨਿੰਦਣਯੋਗ ਹੈ।

ਅਸਲ ਵਿਚ ਸਾਂਪਲਾ ਦੇ ਬਿਆਨ ਤੋਂ ਸਿਧ ਹੋ ਰਿਹਾ ਕਿ ਸਾਂਪਲਾ ਭਾਜਪਾ ਫਿਰਕੂ ਨੀਤੀ ਤਹਿਤ ਸਿੱਖਾਂ ਤੇ ਦਲਿਤਾਂ ਵਿਚਾਲੇ ਟਕਰਾਅ ਚਾਹੁੰਦੇ ਹਨ। ਸਾਂਪਲਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਬੁੱਤ ਪਾਰਟੀਸ਼ੀਸ਼ਨ ਮਿਊਜ਼ਿਅਮ ਅਤੇ ਕੋਤਵਾਲੀ ਦੇ ਨਜ਼ਦੀਕ ਪੈਂਦਾ ਹੈ ਜਿੱਥੇ ਹਰ ਤਰ੍ਹਾਂ ਦੀ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੈ ਨਾ ਕਿ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਜਥੇਦਾਰ ਦੀ। ਹਰਿਮੰਦਰ ਸਾਹਿਬ ਦੇ ਬਾਹਰਵਾਰ ਗਲਿਆਰਾ ਇਲਾਕਾ ਵੀ ਸਰਕਾਰੀ ਪ੍ਰਬੰਧਾਂ ਹੇਠ ਹੈ ਪਰੰਤੂ ਬੁੱਤ ਤਾਂ ਦਰਬਾਰ ਸਾਹਿਬ ਤੋਂ ਕਰੀਬ ਇੱਕ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਭਾਜਪਾ ਦੀ ਨੀਤੀ ਇਹੀ ਹੈ ਕਿ ਅਜਿਹੇ ਸਿੱਖ ਵਿਰੋਧੀ ਫਿਰਕੂ ਬਿਰਤਾਂਤ ਸਿਰਜਕੇ ਸਿੱਖਾਂ ਨੂੰ ਪੰਜਾਬ ਵਿਚੋਂ ਸਿਆਸੀ ਤੌਰ ਉਪਰ ਕਮਜ਼ੋਰ ਕੀਤਾ ਜਾਵੇ।



ਯੂ ਪੀ ਵਿਖੇ ਪਰਿਆਗਰਾਜ ਦੇ ਮਹਾਂਕੁੰਭ ਮੇਲੇ ਵਿੱਚ ਆਪਸੀ ਭੱਜ ਦੌੜ ਨਾਲ 30 ਵਿਅਕਤੀਆਂ ਦੀ ਮੌਤ ਹੋ ਗਈ ਹੈ।

# '84 ਸਿੱਖ ਨਸਲਕੁਸ਼ੀ ਬਾਰੇ ਜਾਂਚ ਏਜੰਸੀਆਂ ਦੀ ਢਿਲੀ ਕਾਰਗੁਜ਼ਾਰੀ ਕਾਰਨ ਸੁਪਰੀਮ ਕੋਰਟ ਔਖੀ

## ✪ ਕਈ ਮਾਮਲਿਆਂ ਵਿਚ ਜਾਂਚ ਏਜੰਸੀਆਂ ਅਪੀਲ ਦਾਇਰ ਨਾ ਕਰ ਸਕੀਆਂ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਨਾਲ ਸੰਬੰਧਿਤ ਕਈ ਮਾਮਲਿਆਂ ਵਿਚ ਜਾਂਚ ਏਜੰਸੀਆਂ ਵਲੋਂ ਅਪੀਲ ਦਾਇਰ ਕਰਨ ਵਿਚ ਅਸਫਲ ਰਹਿਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ, ਜਦਕਿ ਕਮੇਟੀ ਵਲੋਂ ਸਪੱਸ਼ਟ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਅਦਾਲਤ ਨੇ ਵਧੀਕ ਸਾਲੀਸਿਟਰ ਜਨਰਲ ਨੂੰ ਇਹ ਨਿਰਦੇਸ਼ ਮੰਗਣ ਲਈ ਕਿਹਾ ਕਿ ਦੇਰੀ ਕਾਰਨ ਦਿੱਲੀ ਹਾਈ ਕੋਰਟ ਵਲੋਂ ਖ਼ਾਰਜ ਕੀਤੇ ਗਏ ਮਾਮਲਿਆਂ ਨੂੰ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਰਾਹੀਂ ਕਿਉਂ ਚੁਣੌਤੀ ਨਹੀਂ ਦਿੱਤੀ ਗਈ? ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ 2 ਹਫ਼ਤਿਆਂ ਅੰਦਰ ਮਾਮਲਿਆਂ ਦੀ ਸਥਿਤੀ ਰਿਪੋਰਟ ਦੇਣ ਦੇ ਨਿਰਦੇਸ਼ ਦਿੱਤੇ ਸਨ।




ਇਸ ਮਾਮਲੇ 'ਚ ਪਟੀਸ਼ਨਰ ਗੁਰਲਾਡ ਸਿੰਘ ਕਾਹਲੋਂ (ਸਾਬਕਾ ਮੈਂਬਰ ਦਿੱਲੀ ਕਮੇਟੀ) ਨੇ ਦੱਸਿਆ ਕਿ ਪਿਛੋਕੜ 'ਚ ਵਿਸ਼ੇਸ਼ ਜਾਂਚ ਕਮੇਟੀ ਵਲੋਂ ਜਿਹੜੀ ਰਿਪੋਰਟ ਦਾਖ਼ਲ ਕੀਤੀ ਗਈ ਸੀ, ਅਸੀਂ ਉਸ ਰਿਪੋਰਟ ਬਾਰੇ ਕਈ ਇਤਰਾਜ਼ ਜਤਾਏ ਸਨ ਅਤੇ ਸੁਪਰੀਮ ਕੋਰਟ ਵਲੋਂ ਸਾਨੂੰ ਵਿਸਥਾਰਪੂਰਵਕ ਇਤਰਾਜ਼ ਦਰਜ ਕਰਨ ਦੀ ਇਜਾਜ਼ਤ ਮਿਲ ਗਈ ਸੀ।

ਕਾਹਲੋਂ ਨੇ ਦੱਸਿਆ ਕਿ ਅਸੀਂ ਅਦਾਲਤ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਹੈ ਕਿ ਰਿਪੋਰਟ 'ਚ ਇਕ ਐਫ਼.ਆਈ.ਆਰ. 'ਚ ਹੀ 498 ਐਫ਼. ਆਈ. ਆਰ. ਨੂੰ ਜੋੜਿਆ ਗਿਆ ਹੈ ਅਤੇ ਜਾਂਚ ਸਿਰਫ਼ 6 ਮਾਮਲਿਆਂ ਦੀ ਕੀਤੀ ਗਈ ਹੈ, ਜਿਸ ਤੋਂ ਸਪਸ਼ਟ ਹੈ ਸਿੱਖ ਕਤਲੇਆਮ ਸੰਬੰਧੀ ਇਨ੍ਹਾਂ ਮਾਮਲਿਆਂ ਬਾਰੇ ਤਸੱਲੀਬਖ਼ਸ਼ ਜਾਂਚ ਨਹੀਂ ਕੀਤੀ ਗਈ। ਸੁਣਵਾਈ ਦੌਰਾਨ ਕੇਂਦਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਬੈਂਚ ਨੂੰ ਭਰੋਸਾ ਦਿਵਾਇਆ ਕਿ ਸੁਪਰੀਮ ਕੋਰਟ ਵਲੋਂ ਖ਼ੁਦ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕੀਤੀ ਗਈ ਹੈ। ਅਦਾਲਤ 'ਚ ਪਟੀਸ਼ਨਕਰਤਾ ਵਲੋਂ ਐਡਵੋਕੇਟ ਅਮਰਜੀਤ ਸਿੰਘ ਬੇਦੀ (ਏ. ਓ. ਆਰ.) ਤੇ ਗਗਨਮੀਤ ਸਿੰਘ ਸਚਦੇਵਾ ਪੇਸ਼ ਹੋਏ। ਇਥੇ ਜ਼ਿਕਰਯੋਗ ਹੈ ਕਿ ਜਾਂਚ ਏਜੰਸੀਆਂ ਦੀ ਢਿਲੀ ਕਾਰਗੁਜ਼ਾਰੀ ਕਾਰਣ ਬਿਨਾਂ ਕਿਸੇ ਅਦਾਲਤੀ ਸੁਣਵਾਈ ਦੇ ਸਿਖ ਕਤਲੇਆਮ ਦੇ ਮੁਖ ਦੋਸ਼ੀ ਐਚਕੇਐਲ ਭਗਤ ਇਸ ਦੁਨੀਆਂ ਤੋਂ ਚਲੇ ਗਏ। ਕਈ ਚਸ਼ਮਦੀਦ ਤੇ ਪੀੜਤ ਪਰਿਵਾਰਾਂ ਦੇ ਮੈਂਬਰ ਵੀ ਇਸ ਦੁਨੀਆਂ ਵਿਚ ਨਹੀਂ ਰਹੇ। ਇੰਨੀ ਵੱਡੀ ਗਿਣਤੀ ਵਿਚ ਬਣੇ ਕਮਿਸ਼ਨ ਵੀ ਇੰਨਾ ਨਹੀਂ ਕਰ ਸਕੇ ਕਿ ਕਿਸੇ ਮੁਲਜ਼ਮ ਨੂੰ ਕੁਝ ਦਿਨ ਸਲਾਖ਼ਾਂ ਪਿੱਛੇ ਰੱਖ ਸਕੇ।

ਦਿੱਲੀ ਹਾਈ ਕੋਰਟ ਦੇ ਮਾਮਲੇ ਵਿਚ 650 ਤੋਂ ਜ਼ਿਆਦਾ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 268 ਮਾਮਲਿਆਂ ਵਿੱਚ ਫਾਈਲਾਂ ਗੁੰਮ ਹੋ ਗਈਆਂ ਸਨ। ਪਰ ਕਿਸੇ ਜਾਂਚ ਏਜੰਸੀ ਨੇ ਨੋਟਿਸ ਨਹੀਂ ਲਿਆ।

# ਸਭ ਤੋਂ ਅਮੀਰ ਪਾਰਟੀ ਬਣ ਕੇ ਉੱਭਰੀ ਭਾਜਪਾ

## ✪ ਚੋਣ ਕਮਿਸ਼ਨ ਨੂੰ ਦਿੱਤੇ ਅੰਕੜਿਆਂ ਮੁਤਾਬਕ ਭਾਜਪਾ ਕੋਲ 7,113.80 ਕਰੋੜ ਨਕਦ ਤੇ ਬੈਂਕ ਬੈਲੈਂਸ

ਨਵੀਂ ਦਿੱਲੀ-ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਹੁਣ ਦੇਸ਼ ਦੀ ਸਭ ਤੋਂ ਧਨਾਢ ਪਾਰਟੀ ਬਣ ਕੇ ਉੱਭਰੀ ਹੈ। ਚੋਣ ਕਮਿਸ਼ਨ ਨੂੰ ਮੁਹੱਈਆ ਕਰਵਾਏ ਗਏ ਅੰਕੜਿਆਂ ਅਨੁਸਾਰ, ਪਾਰਟੀ ਕੋਲ 31 ਮਾਰਚ, 2024 ਤੱਕ 7,113.80 ਕਰੋੜ ਰੁਪਏ ਦੀ ਨਕਦੀ ਤੇ ਬੈਂਕ ਬੈਲੈਂਸ ਹੈ, ਜਦਕਿ ਮੁੱਖ ਵਿਰੋਧੀ ਪਾਰਟੀ ਕਾਂਗਰਸੀ ਕੋਲ 857.15 ਕਰੋੜ ਰੁਪਏ ਹਨ। ਸਾਲ 2023-24 ਵਿਚ ਜਦੋਂ ਲੋਕ ਸਭਾ ਚੋਣਾਂ ਦਾ ਐਲਾਨ ਹੋਇਆ ਤਾਂ ਭਾਜਪਾ ਨੇ 1,754.06 ਕਰੋੜ ਰੁਪਏ ਖ਼ਰਚੇ ਸਨ। ਇਹ ਰਾਸ਼ੀ 2022-23 'ਚ ਖਰਚੀ ਗਈ ਰਾਸ਼ੀ 'ਚ 60 ਫ਼ੀਸਦੀ ਦਾ ਵਾਧਾ ਹੈ। 2022-23 'ਚ ਪਾਰਟੀ ਨੇ 1,092 ਖਰਚੇ ਕੀਤੇ ਸਨ। ਇਸ ਦੀ ਤੁਲਨਾ 'ਚ ਕਾਂਗਰਸ ਨੇ 2023-24 ਵਿਚ 619.67 ਕਰੋੜ ਰੁਪਏ ਖ਼ਰਚੇ ਸਨ, ਜਦਕਿ 2022-23 'ਚ ਇਸ ਨੇ 192.56 ਕਰੋੜ ਰੁਪਏ ਖ਼ਰਚੇ ਸਨ। ਲੋਕ ਸਭਾ ਚੋਣਾਂ ਦਾ ਐਲਾਨ 16 ਮਾਰਚ, 2024 ਨੂੰ ਕੀਤਾ ਗਿਆ ਸੀ।



ਚੋਣ ਕਮਿਸ਼ਨ ਨੂੰ ਮੁਹੱਈਆ ਕਰਵਾਈ ਗਈ ਸਾਲਾਨਾ ਆਡਿਟ ਰਿਪੋਰਟ 'ਚ ਦਿੱਤੇ ਗਏ ਅੰਕੜਿਆਂ ਅਨੁਸਾਰ, ਭਾਜਪਾ ਨੂੰ 2023-24 ਦੌਰਾਨ ਚੋਣ ਬਾਂਡ (ਹੁਣ ਪਾਬੰਦੀ ਲੱਗੀ) ਰਾਹੀਂ 1,685.69 ਕਰੋੜ ਰੁਪਏ ਦਾ ਸਵੈਇੱਛਕ ਯੋਗਦਾਨ ਮਿਲਿਆ, ਜੋ 2022-23 'ਚ ਇਹ 1294.15 ਕਰੋੜ ਰੁਪਏ ਸੀ। ਸੱਤਾਧਾਰੀ ਪਾਰਟੀ ਨੇ 2023-24 ਦੌਰਾਨ 2,042.75 ਕਰੋੜ ਰੁਪਏ ਹੋਰ ਯੋਗਦਾਨ ਵੀ ਪ੍ਰਾਪਤ ਕੀਤੇ ਗਏ, ਜਦਕਿ 2022-23 'ਚ ਇਹ 648.42 ਕਰੋੜ ਰੁਪਏ ਸਨ।

ਚੋਣ ਕਮਿਸ਼ਨ ਨੂੰ ਦਿੱਤੀ ਗਈ ਆਪਣੀ ਆਡਿਟ ਰਿਪੋਰਟ ਵਿਚ ਕਾਂਗਰਸ ਨੇ 2023-24 ਦੌਰਾਨ ਕੁਲ 1,225.11 ਕਰੋੜ ਰੁਪਏ ਦਾ ਯੋਗਦਾਨ ਪ੍ਰਾਪਤ ਕੀਤਾ ਹੈ। ਇਸ 'ਚ ਗ੍ਰਾਂਟ, ਦਾਨ ਤੇ ਯੋਗਦਾਨ ਰਾਹੀਂ 1129.67 ਕਰੋੜ ਰੁਪਏ ਸ਼ਾਮਲ ਹਨ। ਇਸ 'ਚ 31 ਮਾਰਚ, 2024 ਨੂੰ ਸਮਾਪਤੀ ਵਰ੍ਹੇ ਦੌਰਾਨ ਇਲੈਕਟ੍ਰਾਨਿਕ ਬਾਂਡ ਰਾਹੀਂ ਪ੍ਰਾਪਤ 828.36 ਕਰੋੜ ਰੁਪਏ ਵੀ ਸ਼ਾਮਲ ਹਨ। ਇਲੈਕਟ੍ਰਾਨਿਕ ਬਾਂਡ 'ਤੇ ਹੁਣ ਸੁਪਰੀਮ ਕੋਰਟ ਨੇ ਪਾਬੰਦੀ ਲਾ ਦਿੱਤੀ ਹੈ। ਇਸ ਦੌਰਾਨ ਭਾਜਪਾ ਨੇ ਇਸ਼ਤਿਹਾਰਾਂ 'ਤੇ 591 ਕਰੋੜ ਰੁਪਏ ਖ਼ਰਚੇ, ਜਿਸ 'ਚ ਇਲੈਟ੍ਰਾਨਿਕ ਮੀਡੀਆ 'ਚ 434.84 ਕਰੋੜ ਰੁਪਏ ਤੇ ਛਪਾਈ ਸਮੱਗਰੀ 'ਤੇ 115.62 ਕਰੋੜ ਰੁਪਏ ਸ਼ਾਮਲ ਹਨ।

ਸੱਤਾਧਾਰੀ ਪਾਰਟੀ ਨੇ 2023-24 ਦੌਰਾਨ ਜਹਾਜ਼/ਹੈਲੀਕਾਪਟਰ 'ਤੇ 174 ਕਰੋੜ ਰੁਪਏ ਖ਼ਰਚੇ, ਜਦਕਿ 2022-23 'ਚ ਇਹ 78.23 ਕਰੋੜ ਰੁਪਏ ਸਨ। ਪਾਰਟੀ ਨੇ 2022-23 'ਚ 75.05 ਕਰੋੜ ਰੁਪਏ ਦੇ ਮੁਕਾਬਲੇ 2023-24 'ਚ ਆਪਣੇ ਉਮੀਦਵਾਰਾਂ ਨੂੰ 191.06 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਭਾਜਪਾ ਨੇ 2024 ਦੌਰਾਨ ਸਭਾ/ਬੈਠਕ ਸਬੰਧੀ ਖਰ 'ਚ 84.32 ਕਰੋੜ ਰੁਪਏ ਤੇ 2023-24 ਦੌਰਾਨ ਮੋਰਚਿਆਂ, ਰੈਲੀਆਂ, ਅੰਦੋਲਨਾਂ ਤੇ ਕਾਲ ਸੈਂਟਰ ਸਬੰਧੀ ਖ਼ਰਚੇ 'ਚ 75.14 ਕਰੋੜ ਰੁਪਏ ਖ਼ਰਚੇ।

ਦੂਜੇ ਪਾਸੇ, ਕਾਂਗਰਸ ਨੇ 2023-24 ਦੌਰਾਨ ਇਲੈਕਟ੍ਰਾਨਿਕ ਮੀਡੀਆ 'ਤੇ 207.94 ਕਰੋੜ ਰੁਪਏ ਤੇ ਛਪਾਈ ਸਮੱਗਰੀ 'ਤੇ 43.73 ਕਰੋੜ ਰੁਪਏ ਖ਼ਰਚੇ ਗਏ। ਵਿਰੋਧੀ ਪਾਰਟੀ ਨੇ 2023-24 ਦੌਰਾਨ ਜਹਾਜ਼/ਹੈਲੀਕਾਪਟਰ 'ਤੇ 62.65 ਕਰੋੜ ਰੁਪਏ ਖ਼ਰਚ ਕੀਤੇ ਤੇ ਆਪਣੇ ਉਮੀਦਵਾਰਾਂ ਨੂੰ 238.55 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਨੇ 31 ਮਾਰਚ, 2024 ਨੂੰ ਸਮਾਪਤੀ ਵਰ੍ਹੇ ਦੌਰਾਨ ਪ੍ਰਚਾਰ ਖ਼ਰਚੇ 'ਤੇ 28.03 ਕਰੋੜ ਰੁਪਏ ਤੇ ਇੰਟਰਨੈੱਟ ਮੀਡੀਏ 'ਤੇ 79.78 ਕਰੋੜ ਖ਼ਰਚ ਕੀਤੇ। ਕਾਂਗਰਸ ਨੇ ਆਪਣੀ ਆਡਿਟ ਰਿਪੋਰਟ 'ਚ ਇਹ ਵੀ ਕਿਹਾ ਕਿ ਉਸ ਨੇ 2023-24 ਦੌਰਾਨ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਿਚ ਭਾਰਤ ਜੋੜੋ ਯਾਤਰਾ 'ਤੇ 49.63 ਕਰੋੜ ਰੁਪਏ ਖ਼ਰਚ ਕੀਤੇ, ਜਦਕਿ 2022-23 ਦੌਰਾਨ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਉਨ੍ਹਾਂ ਵੱਲੋਂ ਕੱਢੀ ਗਈ ਭਾਰਤ ਜੋੜੋ ਯਾਤਰਾ 'ਤੇ 71.84 ਕਰੋੜ ਰੁਪਏ ਖ਼ਰਚ ਕੀਤੇ।

# ਕਿੰਨਾ ਗਰੀਬ ਹੋ ਗਿਆ ਪੰਜਾਬ, ਨੰਬਰ ਆਇਆ ਫਾਡੀ

ਪੰਜਾਬ ਹਲਚਲ

## ✪ 18 ਸੂਬਿਆਂ ਵਿਚੋਂ ਸਭ ਤੋਂ ਮਾੜੀ ਹਾਲਤ ਪੰਜਾਬ ਦੀ, ਆਪ ਸਰਕਾਰ ਜ਼ਿੰਮੇਵਾਰ ✪ ਤਰਕਸੰਗਤ ਪਹੁੰਚ ਬਿਨਾਂ ਵੰਡੀਆਂ ਸਬਸਿਡੀਆਂ ਤੇ ਚੁਣਾਵੀ ਸੌਗਾਤਾਂ ਨੇ ਰਾਜ ਦੇ ਖਜ਼ਾਨੇ ਨੂੰ ਉਜਾੜਿਆ

ਨੀਤੀ ਆਯੋਗ ਨੇ ਫਿਸਕਲ ਹੈਲਥ ਇੰਡੈਕਸ 2025 ਜਾਰੀ ਕੀਤਾ ਹੈ, ਜਿਸ ਵਿਚ ਸਾਹਮਣੇ ਆਇਆ ਕਿ ਪੰਜਾਬ ਦੀ ਆਰਥਿਕ ਹਾਲਾਤ 18 ਸੂਬਿਆਂ ਵਿਚੋਂ ਸਭ ਤੋਂ ਮਾੜੀ ਹੈ। ਇਹ ਰਿਪੋਰਟ ਵਿੱਤੀ ਸਾਲ 2022 ਤੇ 2023 ਦੇ ਆਧਾਰ ’ਤੇ ਤਿਆਰ ਕੀਤੀ ਗਈ ਹੈ, ਜਿਸ ਵਿਚ ਪਾਇਆ ਗਿਆ ਕਿ 18 ਸੂਬਿਆਂ ਦੀ ਸੂਚੀ ‘ਚ ਪੰਜਾਬ ਅਖੀਰਲੀ ਥਾਂ ਤੇ ਹੈ, ਇਹ ਰਿਪੋਰਟ ਨੀਤੀ ਆਯੋਗ ਵੱਲੋਂ ਖਰਚੇ ਦੀ ਗੁਣਵੱਤਾ, ਮਾਲੀਆ ਸੰਗ੍ਰਹਿ, ਕਰਜ਼ਾ, ਵਿੱਤੀ ਪਾਰਦਰਸ਼ਤਾ ਅਤੇ ਕਰਜ਼ਾ ਸਥਿਰਤਾ ਦੇ ਆਧਾਰ ਤੇ ਤਿਆਰ ਕੀਤੀ ਜਾਂਦੀ ਹੈ। ਹਾਲਾਂਕਿ, ਹਰਿਆਣਾ, ਕੇਰਲ, ਪੱਛਮੀ ਬੰਗਾਲ ਦੀ ਸਥਿਤੀ ਵੀ ਸਹੀ ਨਹੀਂ ਹੈ, ਹਰਿਆਣਾ 14ਵੇਂ, ਕੇਰਲ 15ਵੇਂ, ਪੱਛਮੀ ਬੰਗਾਲ 16ਵੇਂ ਅਤੇ ਆਂਧਰਾ ਪ੍ਰਦੇਸ਼ 17ਵੇਂ ਸਥਾਨ ’ਤੇ ਹੈ। ਵਿਕਾਸ ਦੇ ਮਾਮਲੇ ਵਿੱਚ ਓਡੀਸ਼ਾ ਪਹਿਲੇ ਸਥਾਨ ’ਤੇ ਬਣਿਆ, ਛੱਤੀਸਗੜ੍ਹ ਦੂਜੇ ਸਥਾਨ ’ਤੇ, ਗੋਆ ਤੀਜੇ ਸਥਾਨ ’ਤੇ ਅਤੇ ਝਾਰਖੰਡ ਚੌਥੇ ਸਥਾਨ ‘ਤੇ ਆਇਆ, ਹੈ ਤੇ ਪੰਜਾਬ ਪਹਿਲਾ ਤੋਂ ਹੀ ਮਾੜੇ ਵਿੱਤੀ ਹਾਲਾਤਾ ਵਿਚੋਂ ਲੰਘ ਰਿਹਾ ਹੈ ਤੇ ਅਜਿਹੀ ਹੋਰ ਰਿਪੋਰਟਾਂ ਪੰਜਾਬੀਆ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਵਿੱਤੀ ਦਲਦਲ ਵਿਚ ਡੂੰਘਾ ਧਸ ਰਿਹਾ ਹੈ। ਚੀਜ਼ਾਂ ਨੂੰ ਇਸ ਪੱਧਰ ਤੱਕ ਨਿੱਘਰਨ ਦੇਣ ਲਈ ਪਿਛਲੇ ਦੋ ਦਹਾਕੇ ਤੋਂ ਸੂਬੇ ’ਤੇ ਰਾਜ ਕਰਨ ਵਾਲੀ ਹਰ ਸਿਆਸੀ ਪਾਰਟੀ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਜ਼ਰੂਰ ਕਬੂਲਣੀ ਚਾਹੀਦੀ ਹੈ। ਪਿਛਲੇ ਸਾਲ ਸਤੰਬਰ ਵਿੱਚ ਜਦ ਮਹਾ ਲੇਖਾਕਾਰ (ਕੈਗ) ਨੇ ਕਰਜ਼ੇ ਦੇ ਬੋਝ ਹੇਠ ਦੱਬੀ ਰਾਜ ਦੀ ਵਿੱਤੀ ਹਾਲਤ ਤੀ ਤਸਵੀਰ ਲੇਖਾ ਰਿਪੋਰਟ ਦੇ ਰੂਪ ’ਚ ਵਿਧਾਨ ਸਭਾ ’ਚ ਪੇਸ਼ ਕੀਤੀ ਸੀ, ਉਦੋਂ ਹੀ ਸਭ ਕੁਝ ਸਪਸ਼ਟ ਹੋ ਗਿਆ ਸੀ। ਰਿਪੋਰਟ ਨੇ ਚਿੰਤਾਜਨਕ ਰੁਝਾਨ ’ਤੇ ਸਵਾਲ ਚੁੱਕੇ ਸਨ ਕਿ ਖ਼ਰਚ ਇਕੱਠੇ ਹੋ ਰਹੇ ਮਾਲੀਏ ਨਾਲੋਂ ਕਿਤੇ ਵੱਧ ਰਫ਼ਤਾਰ ’ਤੇ ਹੋ ਰਿਹਾ ਹੈ। ਹੁਣ ਵਿੱਤੀ ਮੋਰਚੇ ’ਤੇ ਇੱਕ ਹੋਰ ਨਮੋਸ਼ੀ ਪੰਜਾਬ ਨੂੰ ਝੱਲਣੀ ਪੈ ਰਹੀ ਹੈ।




**ਪੰਜਾਬ ਟਾਈਮਜ ਅਨੁਸਾਰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਦੋ ਕੁ ਸਾਲ ਬਚੇ ਹਨ। ਵੋਟਰਾਂ ਨੂੰ ਰਿਝਾ ਕੇ ਮੁੜ ਸੱਤਾ ਹਾਸਿਲ ਕਰਨ ਦੀ ਕੋਸ਼ਿਸ਼ ਤਹਿਤ ਅਕਸਰ ਸੱਤਾਧਾਰੀ ਪਾਰਟੀ ਵਿੱਤੀ ਅਨੁਸ਼ਾਸਨ ਨੂੰ ਛਿੱਕੇ ਟੰਗਣ ਦੇ ਰਾਹ ਪੈ ਜਾਂਦੀ ਹੈ। ਪੰਜਾਬ ਦੀ ਆਰਥਿਕ ਤਰੱਕੀ ਇਸੇ ਕੁਚੱਕਰ ਵਿੱਚ ਫਸੀ ਹੋਈ ਹੈ। ਇਸ ਮਾਮਲੇ ਵਿੱਚ ਸਰਕਾਰ ਉੜੀਸਾ, ਛੱਤੀਸਗੜ੍ਹ ਅਤੇ ਗੋਆ ਜਿਹੇ ਰਾਜਾਂ ਤੋਂ ਸਬਕ ਲੈ ਸਕਦੀ ਹੈ ਜਿਨ੍ਹਾਂ ਨੇ ਇਸ ਮਾਮਲੇ ਨੂੰ ਸਹੀ ਢੰਗ ਨਾਲ ਨਜਿੱਠਿਆ ਹੈ। ਆਸ ਹੈ ਕਿ ਵਿੱਤੀ ਸਿਹਤ ਦੇ ਸੂਚਕ ਅੰਕ ਦੀ ਇਹ ਚਿਤਾਵਨੀ ਸਰਕਾਰ ਨੂੰ ਝੰਜੋੜੇਗੀ ਕਿ ਆਪਣੀ ਹੀ ਪਿੱਠ ਥਾਪੜਨ ਨਾਲ ਮਸਲੇ ਹੱਲ ਨਹੀਂ ਹੋਣੇ।**

ਇਸ ਸਭ ਦੇ ਰਾਜ ਦੇ ਭਵਿੱਖੀ ਆਰਥਿਕ ਵਿਕਾਸ ’ਤੇ ਗੰਭੀਰ ਅਸਰ ਪੈਣਗੇ ਅਤੇ ਪਸੰਦੀਦਾ ਨਿਵੇਸ਼ ਸਥਾਨ ਬਣਨ ਦੇ ਮਾਮਲੇ ਵਿੱਚ ਵੀ ਇਹ ਪੱਛੜਿਆ ਰਹੇਗਾ। ਤਰਕਸੰਗਤ ਪਹੁੰਚ ਬਿਨਾਂ ਵੰਡੀਆਂ ਸਬਸਿਡੀਆਂ ਤੇ ਚੁਣਾਵੀ ਸੌਗਾਤਾਂ ਨੇ ਰਾਜ ਦੇ ਖਜ਼ਾਨੇ ਨੂੰ ਗੋਡਿਆਂ ਭਾਰ ਕਰ ਦਿੱਤਾ ਹੈ। ‘ਕੈਗ’ ਦੀ ਰਿਪੋਰਟ ਮੁਤਾਬਿਕ, ਸਾਲ 2018-23 ਤੱਕ ਖ਼ਰਚੇ ਗਏ ਮਾਲੀਏ ’ਚ ਸਬਸਿਡੀਆਂ ਦਾ ਹਿੱਸਾ 11-18 ਪ੍ਰਤੀਸ਼ਤ ਤੱਕ ਬਣਦਾ ਹੈ। ਵੱਖ-ਵੱਖ ਸਮਿਆਂ ’ਤੇ ਰਹੀਆਂ ਸਰਕਾਰਾਂ ਸੁਭਾਵਿਕ ਕਾਰਨ ਲਈ ਸਬਸਿਡੀਆਂ ਬੰਦ ਕਰਨ ਜਾਂ ਇਨ੍ਹਾਂ ਨੂੰ ਤਰਕਸੰਗਤ ਕਰਨ ਤੋਂ ਬਚਦੀਆਂ ਰਹੀਆਂ ਹਨ- ਕਿਸਾਨ ਭਾਈਚਾਰੇ ਵੱਲੋਂ ਵਿਰੋਧ ਹੋਣ ਦਾ ਡਰ ਜੋ ਰਾਜ ’ਚ ਵੱਡੀ ਵੋਟ ਬੈਂਕ ਹੈ। ਬਿਜਲੀ ਖ਼ਪਤਕਾਰਾਂ ਲਈ ‘ਆਪ’ ਸਰਕਾਰ ਦੀ ‘ਜ਼ੀਰੋ ਬਿਲ’ ਦੀ ਗਾਰੰਟੀ ਮਾਲੀਆ ਜੁਟਾਉਣ ਦੀਆਂ ਚਾਰਾਜੋਈਆਂ ਨਾਲ ਮੇਲ ਨਹੀਂ ਖਾਂਦੀ।

# ਕੇਂਦਰ ਸਰਕਾਰ ਵਲੋਂ ਪੰਜਾਬ ਵਿੱਤੀ ਹੱਕਾਂ ਉਪਰ ਡਾਕਾ

## ✪ ਬੀਬੀਐੱਮਬੀ ਤੇ ਪੰਜਾਬ ਸਰਕਾਰ ਵਿਚਾਲੇ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਪੇਚ ਫਸਿਆ

ਚੰਡੀਗੜ੍ਹ-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਪੰਜਾਬ ਸਰਕਾਰ ਦਰਮਿਆਨ ਬੀਬੀਐੱਮਬੀ ’ਚ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਪੇਚ ਫਸ ਗਿਆ ਹੈ। ਪੰਜਾਬ ਸਰਕਾਰ ਨੇ ਹਾਲੇ ਦੋ ਦਿਨ ਪਹਿਲਾਂ ਹੀ ਹਰਿਆਣਾ ਵੱਲੋਂ ਬੀਬੀਐੱਮਬੀ ’ਚ ਚੁੱਪ ਚੁਪੀਤੇ ਲਗਾਏ ਮੈਂਬਰ (ਸਿੰਜਾਈ) ਦੀ ਨਿਯੁਕਤੀ ਨੂੰ ਅਸਫਲ ਬਣਾਇਆ ਹੈ। ਹੁਣ ਬੀਬੀਐੱਮਬੀ ਨੇ ਪੰਜਾਬ ਸਰਕਾਰ ਵੱਲੋਂ ਬੀਬੀਐੱਮਬੀ ’ਚ ਲਗਾਏ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਨਿਯਮਾਂ ਦੇ ਹਵਾਲੇ ਨਾਲ ਖ਼ਾਰਜ ਕਰ ਦਿੱਤਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਇਸ ਸਕੱਤਰ ਨੂੰ ਲਗਾਏ ਜਾਣ ਲਈ ਬਜ਼ਿੱਦ ਹੈ। ਅੱਜ ਨਵੇਂ ਸਕੱਤਰ ਬੀਬੀਐੱਮਬੀ ਦਫ਼ਤਰ ਵਿਚ ਹਾਜ਼ਰ ਵੀ ਹੋਏ ਪਰ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ।

ਚੇਤੇ ਰਹੇ ਕਿ ਜਦੋਂ ਹਰਿਆਣਾ ਸਰਕਾਰ ਨੇ ਬੀਬੀਐੱਮਬੀ ’ਚ ਮੁੱਖ ਇੰਜਨੀਅਰ ਰਾਕੇਸ਼ ਚੌਹਾਨ ਨੂੰ 23 ਜਨਵਰੀ ਨੂੰ ਬਤੌਰ ਮੈਂਬਰ (ਸਿੰਜਾਈ) ਲਾ ਦਿੱਤਾ ਸੀ ਤਾਂ ਉਦੋਂ ਹੀ ਪੰਜਾਬ ਦੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਹਰਿਆਣਾ ਦੀ ਕੋਸ਼ਿਸ਼ ਨਾਕਾਮ ਕਰਨ ਲਈ ਮੁੱਖ ਇੰਜਨੀਅਰ ਹਰਿੰਦਰ ਪਾਲ ਸਿੰਘ ਬੇਦੀ ਨੂੰ ਬੀਬੀਐੱਮਬੀ ’ਚ ਬਤੌਰ ਸਕੱਤਰ ਲਗਾਏ ਜਾਣ ਦੇ ਲਿਖਤੀ ਹੁਕਮ ਜਾਰੀ ਕਰ ਦਿੱਤੇ ਸਨ। ਇਸ ਦੇ ਨਤੀਜੇ ਵਜੋਂ ਹਰਿਆਣਾ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ ਸੀ। ਬੀਬੀਐੱਮਬੀ ਨੇ ਪਹਿਲਾਂ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਮੈਂਬਰ (ਸਿੰਜਾਈ) ਦੀ ਨਿਯੁਕਤੀ ’ਤੇ ਇਤਰਾਜ਼ ਖੜ੍ਹੇ ਕੀਤੇ ਸਨ। ਬੀਬੀਐੱਮਬੀ ਨੇ 24 ਜਨਵਰੀ ਨੂੰ ਪੰਜਾਬ ਦੇ ਜਲ ਸਰੋਤ ਵਿਭਾਗ ਨੂੰ ਪੱਤਰ ਲਿਖ ਕੇ ਨਿਯੁਕਤ ਕੀਤੇ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 97 ਤਹਿਤ ਖ਼ਾਰਜ ਕੀਤਾ ਹੈ। ਪੱਤਰ ’ਚ ਸਕੱਤਰ ਦੇ ਕੰਮਾਂ ਆਦਿ ਤੋਂ ਵੀ ਜਾਣੂ ਕਰਾਇਆ ਗਿਆ ਹੈ। ਬੀਬੀਐੱਮਬੀ ’ਚ ਇਸ ਵੇਲੇ ਹਰਿਆਣਾ ਦਾ ਸਤੀਸ਼ ਸਿੰਗਲਾ ਬਤੌਰ ਸਕੱਤਰ ਤਾਇਨਾਤ ਹਨ ਜਿਨ੍ਹਾਂ ਦਾ ਕਾਰਜਕਾਲ 28 ਫਰਵਰੀ 2025 ’ਚ ਖ਼ਤਮ ਹੋਣਾ ਹੈ। ਸਤੀਸ਼ ਸਿੰਗਲਾ ਦੀ ਸੇਵਾਮੁਕਤੀ 27 ਫਰਵਰੀ 2024 ਨੂੰ ਹੋ ਗਈ ਸੀ ਪਰ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ 28 ਫਰਵਰੀ 2025 ਤੱਕ ਦੀ ਐਕਸਟੈਨਸ਼ਨ ਦੇ ਦਿੱਤੀ ਸੀ। ਹੁਣ ਪੰਜਾਬ ਸਰਕਾਰ ਨੇ ਪਹਿਲੀ ਮਾਰਚ ਤੋਂ ਆਪਣੇ ਸਕੱਤਰ ਦੀ ਨਿਯੁਕਤੀ ਕੀਤੀ ਹੈ ਜਿਸ ’ਤੇ ਬੀਬੀਐੱਮਬੀ ਨੇ ਇਤਰਾਜ਼ ਖੜ੍ਹੇ ਕੀਤੇ ਹਨ।

### ਪੰਜਾਬ ਸਰਕਾਰ ਵੱਲੋਂ ਸਕੱਤਰ ਦੀ ਨਿਯੁਕਤੀ ਜਾਇਜ਼ ਕਰਾਰ

ਬੀਬੀਐੱਮਬੀ ਦੇ ਪੱਤਰ ਦੇ ਜਵਾਬ ਵਿਚ ਪੰਜਾਬ ਸਰਕਾਰ ਨੇ ਸਕੱਤਰ ਦੀ ਨਿਯੁਕਤੀ ਜਾਇਜ਼ ਠਹਿਰਾਈ ਹੈ। ਜਲ ਸਰੋਤ ਵਿਭਾਗ ਨੇ ਬੀਬੀਐੱਮਬੀ ਨੂੰ ਕਿਹਾ ਹੈ ਕਿ ਜਿਨ੍ਹਾਂ ਧਾਰਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਮੁਤਾਬਿਕ ਤਾਂ ਸਕੱਤਰ ਦੀ ਨਿਯੁਕਤੀ ਕਿਸੇ ਤਰ੍ਹਾਂ ਵਿਵਾਦਤ ਨਹੀਂ ਬਣਦੀ। ਪੰਜਾਬ ਨੇ ਨਿਯੁਕਤੀ ਨੂੰ ਨਿਯਮਾਂ ਅਨੁਸਾਰ ਦੱਸਦਿਆਂ ਇਹ ਵੀ ਸਲਾਹ ਦਿੱਤੀ ਹੈ ਕਿ ਜਿੰਨਾਂ ਸਮਾਂ 28 ਫਰਵਰੀ ਤੱਕ ਸਕੱਤਰ ਦੀ ਪੋਸਟ ਖ਼ਾਲੀ ਨਹੀਂ ਹੁੰਦੀ, ਉਨ੍ਹਾਂ ਸਮਾਂ ਨਵੇਂ ਨਿਯੁਕਤ ਕੀਤੇ ਸਕੱਤਰ ਹਰਿੰਦਰ ਪਾਲ ਸਿੰਘ ਬੇਦੀ ਤੋਂ ਬੀਬੀਐੱਮਬੀ ਵਿਚ ਬਤੌਰ ਓਐੱਸਡੀ ਸੇਵਾਵਾਂ ਲੈ ਲਈਆਂ ਜਾਣ।

### ਹਰਿਆਣਾ ਦੇ ਹੱਥ 12 ਸਾਲ ਤੋਂ ਕਮਾਨ

ਬੀਬੀਐੱਮਬੀ ’ਚ ਬਤੌਰ ਸਕੱਤਰ ਲੰਘੇ 12 ਸਾਲ ਤੋਂ ਲਗਾਤਾਰ ਹਰਿਆਣਾ ਨੂੰ ਨੁਮਾਇੰਦਗੀ ਮਿਲੀ ਹੋਈ ਹੈ। ਬੀਬੀਐੱਮਬੀ ਵਿਚ ਮਾਰਚ 2013 ਤੋਂ ਹਰਿਆਣਾ ਰਾਜ ਦੇ ਹੀ ਸਕੱਤਰ ਦੀ ਨਿਯੁਕਤੀ ਹੋਈ ਹੈ। ਬੀਬੀਐੱਮਬੀ ਦੇ ਬਣਨ ਤੋਂ ਲੈ ਕੇ ਹੁਣ ਤੱਕ 27 ਦਫ਼ਾ ਸਕੱਤਰ ਲੱਗੇ ਹਨ ਜਿਨ੍ਹਾਂ ’ਚੋਂ 13 ਵਾਰ ਪੰਜਾਬ ਦੇ, ਸੱਤ ਵਾਰ ਰਾਜਸਥਾਨ ਦੇ, ਛੇ ਵਾਰ ਹਰਿਆਣਾ ਦੇ ਅਤੇ ਦੋ ਵਾਰ ਹਿਮਾਚਲ ਪ੍ਰਦੇਸ਼ ਦੇ ਸਕੱਤਰ ਰਹੇ ਹਨ।

# ਕਿਸਾਨ ਨੇਤਾ ਜਗਜੀਤ ਡੱਲੇਵਾਲ ਨੇ ਕੀਤੀ ਅਪੀਲ, 30 ਨੂੰ ਖਨੌਰੀ ਬਾਰਡਰ ਤੇ ਪਹੁੰਚਣ ਲੋਕ



ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ 13 ਮੰਗਾਂ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ ਸ਼ੰਭੂ ਅਤੇ ਖਨੌਰੀ ਸਰਹੱਦ ਤੇ ਕਿਸਾਨਾਂ ਦਾ ਧਰਨਾ ਲਗਾਤਾਰ ਜਾਰੀ ਹੈ। ਇਨ੍ਹਾਂ ਮੰਗਾਂ ਨੂੰ ਲੈ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਚੱਲ ਰਿਹਾ ਮਰਨ ਵਰਤ 64ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਜਗਜੀਤ ਸਿੰਘ ਡੱਲੇਵਾਲ ਨੇ ਖਨੌਰੀ ਬਾਰਡਰ ਤੋਂ ਲੋਕਾਂ ਨੂੰ ਸਬੰਧੋਨ ਕਰਦੇ ਹੋਏ 12 ਫਰਵਰੀ ਨੂੰ ਖਨੌਰੀ ਬਾਰਡਰ ਵਿਖੇ ਹੋਣ ਵਾਲੀ ਮਹਾ ਪੰਚਾਇਤ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।ਜਗਜੀਤ ਸਿੰਘ ਡੱਲੇਵਾਲ ਨੇ ਲੋਕਾਂ ਨੂੰ ਆਪਣਾ ਸੰਦੇਸ਼ ਦਿੰਦੇ ਹੋਏ ਕਿਹਾ ਕਿ **MSP** ਕਾਨੂੰਨੀ ਗਰੰਟੀ ਪੂਰੇ ਦੇਸ਼ ਦੇ ਕਿਸਾਨਾਂ ਦੀ ਮੰਗ ਸੀ, ਪਰ ਦਿੱਲੀ ਅੰਦੋਲਨ ਵਿੱਚ ਕਿਸਾਨ ਸਾਥੀਆਂ ਦੀ ਸ਼ਿਕਾਇਤ ਸੀ ਕਿ ਪੰਜਾਬ ਵਾਲੇ ਅੰਦੋਲਨ ਛੱਡ ਕੇ ਜਾ ਰਹੇ ਹਨ।

ਪੰਜਾਬ ਦੇ ਸਿਰ ਇਹ ਉਲਾਂਭਾ ਉਤਾਰਨ ਲਈ ਸ਼ਫ ਦੀ ਮੰਗ ਲੈਕੇ ਮੈਂ ਪਰਮਾਤਮਾ ਦੀ ਕਿਰਪਾ ਸਦਕਾ ਲੜ ਰਿਹਾ ਹਾਂ। ਪੂਰੇ ਦੇਸ਼ ਨੂੰ ਐੱਮਐੱਸਪੀ ਦੀ ਗਾਰੰਟੀ ਚਾਹੀਦੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਅਜਿਹਾ ਨਹੀਂ ਕੀਤਾ, ਸਗੋਂ ਪਰਮੇਸ਼ੁਰ ਨੇ ਸਾਨੂੰ ਅਜਿਹਾ ਕਰਨ ਲਈ ਬਣਾਇਆ ਹੈ। ਜੋ ਕਰਦਾ ਹੈ ਉਹ ਵਾਹਿਗੁਰੂ ਹੀ ਕਰਦਾ ਹੈ। ਮੈਂ ਇਸ ਲਈ ਪੂਰੇ ਦੇਸ਼ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।ਡੱਲੇਵਾਲ ਨੇ ਕਿਹਾ ਕਿ 18 ਜਨਵਰੀ ਦੀ ਰਾਤ ਨੂੰ ਕੇਂਦਰ ਦਾ ਪੱਤਰ ਮਿਲਿਆ ਸਾਰੀਆਂ ਦੀ ਬਹੁਤ ਮੰਗ ਤੋਂ ਬਾਅਦ ਮੈਂ ਸਿਰਫ ਮੈਡੀਕਲ ਸਹਾਇਤਾ ਲਈ ਸੀ, ਪਰ ਮਰਨ ਵਰਤ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿਸਾਨੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

14 ਫਰਵਰੀ ਦੀ ਮੀਟਿੰਗ ਵਿੱਚ ਸਿਹਤ ਨਾਂ ਠੀਕ ਹੋਣ ਕਰਕੇ ਨਹੀਂ ਜਾ ਸਕਦਾ। ਅੱਜ ਖਨੌਰੀ ਬਾਰਡਰ ਉੱਤੇ ਮਹਾਰਾਜ ਪ੍ਰਕਾਸ਼ ਹੋਵੇਗਾ ਅਤੇ 30 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਰੱਬ ਦਾ ਸ਼ੁਕਰਾਨਾ ਕਰਾਂਗੇ ਕਿ ਸਰਕਾਰ ਨੂੰ ਮਹਾਰ-ਾਜ ਸਮੱਤ ਬਖ਼ਸ਼ੇ।ਓਹਨਾਂ ਕਿਹਾ 12 ਫਰਵਰੀ ਨੂੰ ਕਿਸਾਨ ਅਤੇ ਮਜਦੂਰਾਂ ਦੀ ਇੱਕ ਵੱਡੀ ਕਿਸਾਨ ਮਹਾ ਪੰਚਾਇਤ ਹੋਵੇਗੀ, ਜਿੱਥੇ ਪਹੁੰਚੇ ਲੋਕ ਆਪਣੀ ਸਲਾਹ ਦੇਣਗੇ ਕਿ ਮੈਂ 14 ਫਰਵਰੀ ਦੀ ਮੀਟਿੰਗ ਵਿੱਚ ਸ਼ਾਮਲ ਹੋਵਾ ਜਾਂ ਨਾਂ ਹੋਵਾ। 12 ਫਰਵਰੀ ਨੂੰ ਖਨੌਰੀ ਬਾਰਡਰ ਵਿਖੇ ਹੋਣ ਵਾਲੀ ਮਹਾ ਪੰਚਾਇਤ ਵਿੱਚ ਸਾਰਾ ਪੰਜਾਬ ਸ਼ਾਮਲ ਹੋਵੇ, ਤੁਹਾਡੀ ਹਾਜ਼ਰੀ ਨਾਲ ਮੈਨੂੰ ਮਜਬੂਤੀ ਮਿਲੇਗੀ।

## ਗਣਤੰਤਰ ਦਿਵਸ ਦੇ ਵਿਰੋਧ ਵਿਚ ਖਾਲਿਸਤਾਨੀ ਰੋਸ ਮਾਰਚ ਕੀਤੇ

### ○ ਦਲ ਖ਼ਾਲਸਾ ਤੇ ਅਕਾਲੀ ਦਲ (ਅ) ਦੇ ਕਈ ਆਗੂ ਘਰਾਂ ਵਿਚ ਨਜ਼ਰਬੰਦ ਕੀਤੇ



**ਅੰਮ੍ਰਿਤਸਰ/ਭੈਣੀ ਮੀਆਂ ਖਾਂ-ਪੰਜਾਬ ਸਮੇਤ ਦੇਸ਼ ਵਿਚ 26 ਜਨਵਰੀ ਨੂੰ ਮਨਾਏ ਜਾ ਰਹੇ ਗਣਤੰਤਰ ਦਿਵਸ ਦੇ ਵਿਰੋਧ ਵਿਚ ਸਿੱਖ ਜਥੇਬੰਦੀਆਂ ਦਲ ਖ਼ਾਲਸਾ ਅਤੇ ਅਕਾਲੀ ਦਲ (ਅ) ਵਲੋਂ ਗੁਰਦਾਸਪੁਰ, ਜਲੰਧਰ ਅਤੇ ਮਾਨਸਾ 'ਚ ਰੋਸ ਮਾਰਚਾਂ ਦੇ ਉਲੀਕੇ ਪ੍ਰੋਗਰਾਮਾਂ ਨੂੰ ਲੈ ਕੇ ਪੁਲਿਸ ਨੇ ਅੰਮ੍ਰਿਤਸਰ ਵਿਖੇ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਬਿੱਟੂ ਅਤੇ ਫੈਡਰੇਸ਼ਨ ਆਗੂ ਭਾਈ ਰਣਜੀਤ ਸਿੰਘ ਨੂੰ ਉਦੋਂ ਨੂੰ ਰੋਕ ਲਿਆ ਤੇ ਉਨ੍ਹਾਂ ਦੀ ਗੱਡੀ ਦੇ ਅੱਗੇ ਪੁਲਿਸ ਦੀਆਂ ਗੱਡੀਆਂ ਲਗਾ ਕੇ ਉਨ੍ਹਾਂ ਨੂੰ ਭਾਈ ਬਿੱਟੂ ਦੇ ਘਰ ਰਾਣੀ ਕਾ ਬਾਗ ਵਿਖੇ ਹੀ ਨਜ਼ਰਬੰਦ ਕਰ ਦਿੱਤਾ, ਜਦੋਂ ਉਹ ਗੁਰਦਾਸਪੁਰ ਜਾ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਗੁਰਦਾਸਪੁਰ ਵਿਚ ਵੀ ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਟਾਂਡਾ, ਅਕਾਲੀ ਆਗੂ ਈਮਾਨ ਸਿੰਘ ਮਾਨ, ਹਰਪਾਲ ਸਿੰਘ ਬਲੇਰ ਤੇ ਕੁਲਵਿੰਦਰ ਕੌਰ ਖਾਲਸਾ ਤੇ ਹੋਰਾਂ ਨੂੰ ਮਾਰਚ ਕਰਦੇ ਸਮੇਂ ਪੁਲਿਸ ਨੇ ਹਿਰਾਸਤ ਵਿਚ ਲਿਆ। ਦਿਲਬਾਗ ਸਿੰਘ ਗੁਰਦਾਸਪੁਰ ਅਤੇ ਜਸਵਿੰਦਰ ਸਿੰਘ ਕਾਹਨੂੰਵਾਨ ਨੂੰ ਪੁਲਿਸ ਨੇ ਪਹਿਲਾਂ ਹੀ ਘਰ 'ਚ ਨਜ਼ਰਬੰਦ ਕਰ ਦਿੱਤਾ ਸੀ। ਭਾਈ ਬਿੱਟੂ ਨੇ ਦੱਸਿਆ ਕਿ ਮਾਨਸਾ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ: ਮਹਿੰਦਰਪਾਲ ਸਿੰਘ ਨੂੰ ਸਾਥੀਆਂ ਤੇ ਸੰਗਤਾਂ ਸਮੇਤ ਹਿਰਾਸਤ ਵਿਚ ਲਿਆ ਗਿਆ ਅਤੇ ਬਾਬਾ ਹਰਦੀਪ ਸਿੰਘ ਮਹਿਰਾਜ, ਗੁਰਵਿੰਦਰ ਸਿੰਘ ਬਠਿੰਡਾ ਤੇ ਹੋਰ ਅਨੇਕਾਂ ਆਗੂਆਂ ਨੂੰ ਵੀ ਘਰਾਂਵਿਚ ਨਜ਼ਰਬੰਦ ਕੀਤਾ ਗਿਆ। ਦਲ ਖ਼ਾਲਸਾ ਦੇ ਆਗੂ ਦਿਲਬਾਗ ਸਿੰਘ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਅੱਜ ਪੁਲਿਸ ਵਲੋਂ ਘਰ ਅੰਦਰ ਨਜ਼ਰਬੰਦ ਰੱਖਿਆ ਗਿਆ ਹੈ, ਜਿਸ ਕਾਰਨ ਉਹ ਘਰਾਂ ਤੋਂ ਬਾਹਰ ਨਹੀਂ ਨਿਕਲੇ। ਇਸ ਦੇ ਬਾਵਜੂਦ ਕਈ ਥਾਵਾਂ ਉਪਰ ਦਲ ਖਾਲਸਾ ਵਲੋਂ ਰੋਸ ਮਾਰਚ ਕਢੇ ਗਏ।**

## ਅਮਰੀਕੀ ਨਿਆਂ ਮੰਤਰਾਲੇ ਨੇ ਟਰੰਪ ਦੇ ਵਿਰੁਧ ਅਪਰਾਧਕ ਜਾਂਚ ਚ ਸ਼ਾਮਲ 12 ਕਰਮਚਾਰੀਆਂ ਨੂੰ ਕਰ ਦਿਤਾ ਬਰਖ਼ਾਸਤ



ਅਮਰੀਕੀ ਨਿਆਂ ਮੰਤਰਾਲੇ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਰੁਧ ਅਪਰਾਧਕ ਜਾਂਚ ਚ ਸ਼ਾਮਲ ਘੱਟੋ-ਘੱਟ 12 ਕਰਮਚਾਰੀਆਂ ਨੂੰ ਬਰਖ਼ਾਸਤ ਕਰ ਦਿਤਾ ਹੈ। ਮੰਤਰਾਲੇ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿਤੀ। ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਚ ਕੰਮ ਕਰਨ ਵਾਲੇ ਵਕੀਲਾਂ ਨੂੰ ਨਿਸ਼ਾਨਾ ਬਣਾ ਕੇ ਅਚਾਨਕ ਕੀਤੀ ਗਈ ਇਹ ਕਾਰਵਾਈ ਨਿਆਂ ਮੰਤਰਾਲੇ ਦੇ ਅੰਦਰ ਗੜਬੜੀ ਦਾ ਤਾਜ਼ਾ ਸੰਕੇਤ ਹੈ ਅਤੇ ਇਹ ਉਨ੍ਹਾਂ ਕਰਮਚਾਰੀਆਂ ਨੂੰ ਹਟਾਉਣ ਦੀ ਟਰੰਪ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦਰਸ਼ਾਉਂਦਾ ਹੈ ਜਿਨ੍ਹਾਂ ਨੂੰ ਉਹ ਰਾਸ਼ਟਰਪਤੀ ਪ੍ਰਤੀ ਵਫ਼ਾਦਾਰ ਨਹੀਂ ਸਮਝਦਾ। ਸਮਿਥ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਅਸਤੀਫ਼ਾ ਦੇ ਦਿਤਾ ਸੀ। ਵਕੀਲਾਂ ਨੂੰ ਰਾਸ਼ਟਰਪਤੀ ਬਦਲਣ ਦੇ ਬਾਵਜੂਦ ਬਰਕਰਾਰ ਰੱਖੇ ਜਾਣ ਦੀ ਰਵਾਇਤ ਰਹੀ ਹੈ ਅਤੇ ਸੰਵੇਦਨਸ਼ੀਲ ਜਾਂਚਾਂ ਵਿਚ ਸ਼ਾਮਲ ਹੋਣ ਕਾਰਨ ਸਜ਼ਾ ਨਹੀਂ ਦਿਤੀ ਜਾਂਦੀ ਹੈ। ਇਸ ਦੇ ਬਾਵਜੂਦ ਇਹ ਕਦਮ ਚੁੱਕਿਆ ਗਿਆ। ਨਿਆਂ ਵਿਭਾਗ ਦੇ ਇਕ ਅਧਿਕਾਰੀ ਨੇ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਬੋਲਦਿਆਂ ਪੁਸ਼ਟੀ ਕੀਤੀ ਕਿ ਕਾਰਜਕਾਰੀ ਅਟਾਰਨੀ ਜਨਰਲ ਜੇਮਸ ਮੈਕਹੈਨਰੀ ਨੇ ਸਟਾਫ਼ ਨੂੰ ਬਰਖ਼ਾਸਤ ਕਰ ਦਿਤਾ ਹੈ। ਇਹ ਤੁਰਤ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਹੁਕਮ ਨਾਲ ਪ੍ਰਭਾਵਤ ਵਕੀਲ ਕੌਣ ਹਨ।

## ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮ ਮੌਕੇ ਇਕੱਤਰ ਹੋਈ ਮਾਇਆ ਦਾ ਚੈੱਕ ਕੌਲ ਕਾਸਟ ਦੇ ਕਾਮਿਆਂ ਵੱਲੋਂ ਡਰਬੀ ਹਸਪਤਾਲ ਨੂੰ ਦਿੱਤਾ ਗਿਆ



ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਡਰਬੀ ਦੇ ਕੌਲ ਕਾਸਟ ਫੈਕਟਰੀ ਦੇ ਪੁਰਾਣੇ ਕਾਮਿਆਂ ਵੱਲੋਂ ਸ਼ਹੀਦੀ ਸਮਾਗਮ ਕਰਵਾਏ ਗਏ। ਇਸ ਮੌਕੇ ਗੁਰੂ ਘਰ ਵਿਖੇ ਅਖੰਡ ਪਾਠ ਕਰਵਾਉਣ ਉਪਰੰਤ ਦੀਵਾਨ ਸਜਾਏ ਜਿਸ ਵਿੱਚ ਗੁਰੂ ਘਰ ਦੇ ਕੀਰਤਨੀ ਜਥਿਆਂ ਨੇ ਹਾਜ਼ਰੀ ਭਰੀ ਅਤੇ ਸੇਵਾਦਾਰਾਂ ਨੇ ਗੁਰ ਇਤਿਹਾਸ ਪ੍ਰਤੀ ਚਾਨਣਾ ਪਾਇਆ। ਉਪਰੰਤ ਇਸ ਮੌਕੇ ਸੇਵਾਦਾਰਾਂ ਵੱਲੋਂ ਜੋ ਮਾਇਆ ਇਕੱਤਰ ਹੋਈ, ਡਰਬੀ ਹਸਪਤਾਲ ਨੂੰ 1601 ਪੌਂਡ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਗੁਰ-ਦੁਆਰਾ ਸਾਹਿਬ ਦੇ ਸਾਹਮਣੇ ਹਸਪਤਾਲ ਲਈ ਚੈੱਕ ਦਿੰਦੇ ਹੋਏ ਸਮੂਹ ਸੇਵਾਦਾਰ ਤਸਵੀਰ ਵਿੱਚ ਨਜ਼ਰ ਆ ਰਹੇ ਹਨ।

# ਭਾਰਤ ਨੇ ਕੈਨੇਡਾ ਦੀਆਂ ਚੋਣਾਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ : ਰਿਪੋਰਟ

**ਖਾਸ ਖਬਰ**

## ✪ ਕੈਨੇਡਾ ਅਤੇ ਭਾਰਤ ਵਿਚਕਾਰ ਵਧ ਰਹੇ ਤਣਾਅ ਵਿੱਚ ਸਿੱਖ ਪੰਥ ਇੱਕ ਮਹੱਤਵਪੂਰਨ ਕੇਂਦਰ ਬਿੰਦੂ ਬਣਿਆ ✪ ਭਾਰਤ ਤੇ ਚੀਨ ਨੇ ਕਿਹਾ ਕਿ ਅਸੀਂ ਕੋਈ ਦਖਲਅੰਦਾਜ਼ੀ ਨਹੀਂ ਕਰ ਰਹੇ, ਦੋਸ਼ ਝੂਠੇ



ਇੱਕ ਕੈਨੇਡੀਅਨ ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਚੀਨ ਨੇ ਦੇਸ਼ ਦੀਆਂ ਚੋਣਾਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਅਸਫਲ ਰਹੇ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਜਾਂਚ ਵਿਚ 2019 ਅਤੇ 2021 ਦੀਆਂ ਸੰਘੀ ਚੋਣਾਂ ਵਿੱਚ ਦਖਲ ਦੇਣ ਦੀਆਂ ਕੋਸ਼ਿਸ਼ਾਂ ਦੀ ਪੁਸ਼ਟੀ ਕੀਤੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ ਇਹ ਦੋਵੇਂ ਚੋਣਾਂ ਜਿੱਤੀਆਂ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨੇ ਨਵੀਆਂ ਅਤੇ ਬਹੁਤ ਹੀ ਯੋਜਨਾਬੱਧ ਰਣਨੀਤੀਆਂ ਦੀ ਵਰਤੋਂ ਕਰਕੇ ਦਖਲ ਦੇਣ ਦੀ ਕੋਸ਼ਿਸ਼ ਕੀਤੀ। ਇਸ ਦਖਲਅੰਦਾਜ਼ੀ ਨੇ ਚੋਣ ਨਤੀਜਿਆਂ ਨੂੰ ਨਹੀਂ ਬਦਲਿਆ, ਪਰ ਇਸਨੇ ਲੋਕਤੰਤਰ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ।

ਜਾਂਚ ਦੀ ਅਗਵਾਈ ਕਰ ਰਹੀ ਕਮਿਸ਼ਨਰ ਮੈਰੀ-ਹੋਜ਼ ਹੋਗ ਨੇ ਕਿਹਾ, "ਕੈਨੇਡਾ ਦੇ ਲੋਕਤੰਤਰੀ ਸੰਸਥਾਵਾਂ ਮਜ਼ਬੂਤ ਹਨ ਅਤੇ ਵਿਦੇਸ਼ੀ ਦਖਲਅੰਦਾਜ਼ੀ ਦਾ ਸਾਹਮਣਾ ਕਰ ਸਕਦੇ ਹਨ। ਪਰ ਜਾਅਲੀ ਜਾਣਕਾਰੀ ਇੱਕ ਵੱਡੀ ਸਮੱਸਿਆ ਹੈ। ਇਸਦੀ ਪਛਾਣ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ ਅਤੇ ਇਸਦੇ ਨਤੀਜੇ ਬਹੁਤ ਨੁਕਸਾਨਦੇਹ ਹੋ ਸਕਦੇ ਹਨ।"

ਰਿਪੋਰਟ ਵਿੱਚ ਚੀਨ ਨੂੰ "ਵਿਦੇਸ਼ੀ ਦਖਲਅੰਦਾਜ਼ੀ ਦਾ ਸਭ ਤੋਂ ਵੱਧ ਸਰਗਰਮ ਦੋਸ਼ੀ" ਦੱਸਿਆ ਗਿਆ ਹੈ। ਭਾਰਤ ਨੂੰ ਦੂਜਾ ਸਭ ਤੋਂ ਵੱਡਾ ਦਖਲਅੰਦਾਜ਼ੀ ਕਰਨ ਵਾਲਾ ਦੇਸ਼ ਦੱਸਿਆ ਗਿਆ।

ਚੀਨ ਨੇ ਰਿਪੋਰਟ ਦੇ ਨਤੀਜਿਆਂ ਨੂੰ ਰੱਦ ਕਰਦੇ ਹੋਏ, ਉਨ੍ਹਾਂ ਨੂੰ "ਬੇਬੁਨਿਆਦ ਦੋਸ਼ ਕਿਹਾ ਹੈ।" ਓਟਾਵਾ ਵਿੱਚ ਚੀਨੀ ਦੂਤਾਵਾਸ ਨੇ ਕਿਹਾ, "ਚੀਨ ਹਮੇਸ਼ਾ ਦਖਲਅੰਦਾਜ਼ੀ ਨਾ ਕਰਨ ਦੀ ਨੀਤੀ ਦੀ ਪਾਲਣਾ ਕਰਦਾ ਹੈ ਅਤੇ ਕਦੇ ਵੀ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦਿੱਤਾ ਹੈ, ਅਤੇ ਨਾ ਹੀ ਅਜਿਹਾ ਕਰਨ ਵਿੱਚ ਦਿਲਚਸਪੀ ਰੱਖਦਾ ਹੈ।" ਚੀਨ ਨੇ ਕੈਨੇਡਾ 'ਤੇ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਵੀ ਦੋਸ਼ ਲਗਾਇਆ।

ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ ਅਤੇ ਇਸ ਦੀ ਬਜਾਏ ਕੈਨੇਡਾ 'ਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ "ਲਗਾਤਾਰ ਦਖਲਅੰਦਾਜ਼ੀ" ਦਾ ਦੋਸ਼ ਲਗਾਇਆ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਕਥਿਤ ਦਖਲਅੰਦਾਜ਼ੀ ਗਤੀਵਿਧੀਆਂ ਬਾਰੇ ਇੱਕ ਰਿਪੋਰਟ ਦੇਖੀ ਹੈ। ਦਰਅਸਲ, ਇਹ ਕੈਨੇਡਾ ਹੈ ਜੋ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲਗਾਤਾਰ ਦਖਲਅੰਦਾਜ਼ੀ ਕਰ ਰਿਹਾ ਹੈ। ਇਸ ਨਾਲ ਗੈਰ-ਕਾਨੂੰਨੀ ਪ੍ਰਵਾਸ ਅਤੇ ਸੰਗਠਿਤ ਅੱਤਵਾਦ ਵਧ ਰਿਹਾ ਹੈ।" ਅਪਰਾਧਿਕ ਗਤੀਵਿਧੀਆਂ ਲਈ ਇੱਕ ਮਾਹੌਲ ਬਣਾਇਆ ਗਿਆ ਹੈ। ਅਸੀਂ ਇਸ ਰਿਪੋਰਟ ਵਿੱਚ ਭਾਰਤ 'ਤੇ ਲਗਾਏ ਗਏ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਸਹਾਇਤਾ ਵਿਧੀਆਂ ਨੂੰ ਹੋਰ ਉਤਸ਼ਾਹਿਤ ਨਾ ਕੀਤਾ ਜਾਵੇ।

ਕੈਨੇਡਾ ਅਤੇ ਭਾਰਤ ਵਿਚਕਾਰ ਵਧ ਰਹੇ ਤਣਾਅ ਵਿੱਚ ਸਿੱਖ ਪੰਥ ਇੱਕ ਮਹੱਤਵਪੂਰਨ ਕੇਂਦਰ ਬਿੰਦੂ ਬਣ ਗਿਆ ਹੈ, ਕਿਉਂਕਿ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਇਹ ਤਣਾਅ ਖਾਸ ਤੌਰ 'ਤੇ ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਜੁੜਿਆ ਹੋਇਆ ਹੈ। ਭਾਈ ਨਿੱਝਰ ਇੱਕ ਪ੍ਰਮੁੱਖ ਸਿੱਖ ਖਾਲਿਸਤਾਨੀ ਕਾਰਕੁਨ ਅਤੇ ਕੈਨੇਡੀਅਨ ਨਾਗਰਿਕ ਸੀ, ਜਿਸਦੀ ਹੱਤਿਆ ਲਈ ਕੈਨੇਡੀਅਨ ਸਰਕਾਰ ਅਤੇ ਆਰਸੀਐਮਪੀ ਨੇ ਭਾਰਤੀ ਸਰਕਾਰੀ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਘਟਨਾ ਨੇ ਕੈਨੇਡਾ ਵਿੱਚ ਵਸੇ ਸਿੱਖ ਪ੍ਰਵਾਸੀ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਸਨ।

ਕੈਨੇਡਾ ਵਿੱਚ ਸਿੱਖ ਭਾਈਚਾਰਾ ਰਾਜਨੀਤਿਕ ਤੌਰ 'ਤੇ ਸਰਗਰਮ ਅਤੇ ਪ੍ਰਭਾਵਸ਼ਾਲੀ ਹੈ, ਅਤੇ ਉਨ੍ਹਾਂ ਦਾ ਯੋਗਦਾਨ ਦੇਸ਼ ਦੀ ਰਾਜਨੀਤੀ ਅਤੇ ਵਿਦੇਸ਼ ਨੀਤੀ ਦੋਵਾਂ ਵਿੱਚ ਮਹੱਤਵਪੂਰਨ ਰਿਹਾ ਹੈ। ਹਾਲਾਂਕਿ, ਖਾਲਿਸਤਾਨ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੀ ਵਕਾਲਤ ਭਾਰਤ-ਕੈਨੇਡਾ ਸਬੰਧਾਂ ਵਿੱਚ ਵਿਵਾਦ ਦੀ ਇੱਕ ਵੱਡੀ ਹੱਡੀ ਬਣ ਗਈ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਦਖਲਅੰਦਾਜ਼ੀ ਦੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਕਾਰਣ ਆਪਸੀ ਸਬੰਧ ਹੋਰ ਵੀ ਗੁੰਝਲਦਾਰ ਬਣ ਗਏ ਹਨ।

### ਸਰਕਾਰ 'ਤੇ ਸਵਾਲ

ਜਾਂਚ ਨੇ ਕੈਨੇਡਾ ਦੀ ਲਿਬਰਲ ਸਰਕਾਰ ਦੇ ਜਵਾਬ ਬਾਰੇ ਵੀ ਸਵਾਲ ਖੜ੍ਹੇ ਕੀਤੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਕਿ ਸਰਕਾਰ ਨੇ ਵਿਦੇਸ਼ੀ ਦਖਲਅੰਦਾਜ਼ੀ ਦਾ ਪਤਾ ਲਗਾਉਣ ਅਤੇ ਰੋਕਣ ਲਈ ਉਪਾਅ ਤਾਂ ਕੀਤੇ, ਪਰ ਉਨ੍ਹਾਂ ਦੀ ਗਤੀ ਹੌਲੀ ਸੀ ਅਤੇ ਇਸ ਵਿਚ ਸੰਤੁਲਨ ਦੀ ਘਾਟ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ, "ਸਰਕਾਰ ਵਿਦੇਸ਼ੀ ਦਖਲਅੰਦਾਜ਼ੀ ਨਾਲ ਨਜਿੱਠਣ ਵਿੱਚ ਪਾਰਦਰਸ਼ਤਾ ਲਿਆਉਣ ਵਿੱਚ ਅਸਫਲ ਰਹੀ। ਇਸਨੂੰ ਜਨਤਾ ਨਾਲ ਦਖਲਅੰਦਾਜ਼ੀ ਦੇ ਪੱਧਰ ਅਤੇ ਇਸ ਦੇ ਖਿਲਾਫ ਚੁੱਕੇ ਗਏ ਕਦਮਾਂ ਬਾਰੇ ਵਧੇਰੇ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਸੀ।"

ਸੱਤ ਭਾਗਾਂ ਵਿਚ ਵੰਡੀ ਇਸ ਰਿਪੋਰਟ ਵਿੱਚ 51 ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਲਗਭਗ ਅੱਧੀਆਂ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਇਨ੍ਹਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਖ਼ਤਰੇ ਨੂੰ ਰੋਕਣ ਲਈ ਇੱਕ ਵਿਆਪਕ ਰਣਨੀਤੀ ਬਣਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਔਨਲਾਈਨ ਜਾਅਲੀ ਜਾਣਕਾਰੀ ਅਤੇ ਪ੍ਰਚਾਰ ਦੀ ਨਿਗਰਾਨੀ ਲਈ ਇੱਕ ਨਵੀਂ ਏਜੰਸੀ ਦਾ ਗਠਨ, ਰਾਜਨੀਤਿਕ ਪਾਰਟੀਆਂ ਲਈ ਉਮੀਦਵਾਰਾਂ ਅਤੇ ਨੇਤਾਵਾਂ ਦੀ ਚੋਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਮਜ਼ਬੂਤ ਬਣਾਉਣਾ, ਖੁਫੀਆ ਏਜੰਸੀਆਂ ਦੁਆਰਾ ਸਰਕਾਰ ਨਾਲ ਜਾਣਕਾਰੀ ਸਾਂਝੀ ਕਰਨ ਦੇ ਤਰੀਕੇ ਵਿੱਚ ਸੁਧਾਰ ਕਰਨਾ, ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੂੰ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ। ਅਤਿ-ਗੁਪਤ ਸੁਰੱਖਿਆ ਪ੍ਰਵਾਨਗੀਆਂ, ਆਦਿ ਸ਼ਾਮਲ ਹਨ।

ਜਾਂਚ ਨੇ ਪ੍ਰਵਾਸੀ ਭਾਈਚਾਰਿਆਂ ਦੀ ਸੁਰੱਖਿਆ ਉਪਰ ਜੋਰ ਦਿਤਾ ਹੈ, ਜਿਨ੍ਹਾਂ ਨੂੰ ਅਕਸਰ ਵਿਦੇਸ਼ੀ ਤਾਕਤਾਂ ਆਪਣੇ ਪ੍ਰਭਾਵ ਵਿਚ ਲੈਣ ਦੀ ਕੋਸ਼ਿਸ਼ ਕਰਦੀਆਂ ਹਨ ।

ਇਹ ਰਿਪੋਰਟ ਅਜਿਹੇ ਸਮੇਂ ਆਈ ਹੈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 6 ਜਨਵਰੀ ਨੂੰ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ। ਲਿਬਰਲ ਪਾਰਟੀ 9 ਮਾਰਚ ਨੂੰ ਇੱਕ ਨਵਾਂ ਨੇਤਾ ਚੁਣੇਗੀ। ਹਾਲਾਂਕਿ, ਵਿਰੋਧੀ ਪਾਰਟੀਆਂ ਨੇ ਸਰਕਾਰ ਵਿਰੁੱਧ ਅਵਿਸ਼ਵਾਸ ਮਤਾ ਲਿਆਉਣ ਦੀ ਧਮਕੀ ਦਿੱਤੀ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਦੇਸ਼ ਵਿੱਚ ਜਲਦੀ ਹੀ ਨਵੀਆਂ ਚੋਣਾਂ ਹੋ ਸਕਦੀਆਂ ਹਨ।

ਪਿਛਲੇ ਸਾਲ, ਕੈਨੇਡਾ ਦੀ ਖੁਫੀਆ ਏਜੰਸੀ ਨੇ ਸਿੱਟਾ ਕੱਢਿਆ ਸੀ ਕਿ ਚੀਨ ਨੇ 2019 ਅਤੇ 2021 ਦੀਆਂ ਚੋਣਾਂ ਵਿੱਚ ਦਖਲ ਦਿੱਤਾ ਸੀ। ਬੀਜਿੰਗ ਨੇ ਵਾਰ-ਵਾਰ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਇਹ ਰਿਪੋਰਟ ਇਸ ਤੱਥ 'ਤੇ ਵੀ ਰੌਸ਼ਨੀ ਪਾਉਂਦੀ ਹੈ ਕਿ ਰਾਜਨੀਤਿਕ ਪਾਰਟੀਆਂ ਵੱਲੋਂ ਉਮੀਦਵਾਰਾਂ ਦੀ ਚੋਣ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਮਾਹਿਰ ਰੋਨਾਲਡ ਓ'ਯੰਗ ਨੇ ਕਿਹਾ ਕਿ "ਕੈਨੇਡਾ ਵਿੱਚ ਸਖ਼ਤ ਚੋਣ ਨਿਯਮ ਹਨ, ਪਰ ਰਿਪੋਰਟ ਵਿੱਚ ਇਸ ਗੱਲ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ ਕਿ ਵਿਦੇਸ਼ੀ ਸਰਕਾਰਾਂ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਦੀ ਚੋਣ ਵਿੱਚ ਕਿਵੇਂ ਦਖਲ ਦੇ ਸਕਦੀਆਂ ਹਨ,"

ਰਿਪੋਰਟ ਅਨੁਸਾਰ, ਕੈਨੇਡੀਅਨ ਸਰਕਾਰ ਨੂੰ ਆਪਣੇ ਚੋਣ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਰੋਕਣ ਲਈ ਇੱਕ ਪਾਰਦਰਸ਼ੀ ਰਣਨੀਤੀ ਅਪਣਾਉਣਾ ਪਵੇਗੀ। ਇੱਕ ਸਰਕਾਰੀ ਬੁਲਾਰੇ ਨੇ ਕਿਹਾ: 'ਅਸੀਂ ਆਪਣੇ ਲੋਕਤੰਤਰ ਦੀ ਰਾਖੀ ਲਈ ਵਚਨਬੱਧ ਹਾਂ।"

## ਪਤੀ ਦੇ ਪ੍ਰੇਮ ਸਬੰਧਾਂ ਤੋਂ ਤੰਗ ਪਤਨੀ ਵੱਲੋਂ ਧੀ ਸਣੇ ਕੀਤੀ ਆਤਮ-ਹੱਤਿਆ



ਫਤਹਿਗੜ੍ਹ ਸਾਹਿਬ-ਇੱਥੇ ਪਤੀ ਤੇ ਸੱਸ ਤੋਂ ਕਥਿਤ ਤੌਰ 'ਤੇ ਤੰਗ ਆ ਕੇ ਔਰਤ ਨੇ ਆਪਣੀ ਚਾਰ ਸਾਲ ਦੀ ਬੇਟੀ ਸਮੇਤ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਥਾਣਾ ਸਰਹਿੰਦ ਦੇ ਐੱਸਐੱਚਓ ਸੰਦੀਪ ਸਿੰਘ ਨੇ ਦੱਸਿਆ ਕਿ ਨੂਰ ਮੁਹੰਮਦ ਵਾਸੀ ਪਿੰਡ ਸਾਨੀਪੁਰ ਨੇ ਪੁਲੀਸ ਨੂੰ ਇਤਲਾਹ ਦਿੱਤੀ ਕਿ ਉਸ ਦੀ ਵੱਡੀ ਭੈਣ ਰੇਸ਼ਮਾ ਰਾਣੀ, ਅਮੀਰ ਖਾਨ ਵਾਸੀ ਪਿੰਡ ਮਾਜਰੀ ਕਿਸ਼ਨੇ ਵਾਲੀ ਥਾਣਾ ਅਮਲੋਹ ਨਾਲ ਵਿਆਹੀ ਹੋਈ ਸੀ। ਉਸ ਦੀ ਭੈਣ ਨੇ ਉਸ ਨੂੰ ਦੱਸਿਆ ਸੀ ਕਿ ਅਮੀਰ ਖਾਨ ਦੇ ਕਿਸੇ ਲੜਕੀ ਨਾਲ ਸਬੰਧ ਹਨ ਜਿਸ ਕਰਕੇ ਉਹ ਜ਼ਿਆਦਾ ਸਮਾਂ ਉਸ ਕੋਲ ਹੀ ਰਹਿੰਦਾ ਹੈ। ਇਸ ਬਾਰੇ ਉਸ ਦੀ ਮਾਤਾ ਨੂੰ ਵੀ ਪਤਾ ਹੈ। ਇਸ ਕਰਕੇ ਦੋਵਾਂ ਜਣੇ ਉਸ (ਰੇਸ਼ਮਾ ਰਾਣੀ) ਅਤੇ ਉਸ ਦੀ ਬੇਟੀ ਨੂੰ ਪ੍ਰੇਸ਼ਾਨ ਕਰਦੇ ਹਨ ਅਤੇ ਤਲਾਕ ਦੇਣ ਲਈ ਦਬਾਅ ਪਾਉਂਦੇ ਹਨ। ਇਸੇ ਤਹਿਤ ਬੀਤੇ ਦਿਨ ਅਮੀਰ ਖਾਨ ਅਤੇ ਉਸ ਦੀ ਮਾਤਾ ਨੇ ਰੇਸ਼ਮਾ ਰਾਣੀ ਨੂੰ ਉਸ ਦੀ ਧੀ ਰਿਹਾਨਾ ਸਮੇਤ ਘਰੋਂ ਕੱਢ ਦਿੱਤਾ। ਇਸ ਕਰ ਕੇ ਰੇਸ਼ਮਾ ਨੇ ਆਪਣੀ ਲੜਕੀ ਸਮੇਤ ਸਾਨੀਪੁਰ ਨਜ਼ਦੀਕ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ, ਜਿਨ੍ਹਾਂ ਦੀਆਂ ਲਾਸ਼ਾਂ ਨਹਿਰ ਵਿਚੋਂ ਮਿਲ ਗਈਆਂ ਹਨ। ਪੁਲੀਸ ਨੇ ਦੱਸਿਆ ਕਿ ਪੁਲੀਸ ਨੇ ਅਮੀਰ ਖਾਂ ਅਤੇ ਉਸ ਦੀ ਮਾਤਾ ਨਿਆਮਤਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

**ਵਿਚਾਰ :–** ਉਹ ਇਨਸਾਨ ਕਦੇ ਇਕੱਲਾ ਨਹੀਂ ਹੁੰਦਾ ਜਿਸ ਦੇ ਵਿਚਾਰ ਪਵਿੱਤਰ ਹੁੰਦੇ ਹਨ ।



ਰਜਿੰਦਰ ਸਿੰਘ ਪੁਰੇਵਾਲ

# ਸ਼੍ਰੋਮਣੀ ਕਮੇਟੀ ਦੀਆਂ ਨਕਲੀ ਵੋਟਾਂ ਦਾ ਮਸਲਾ ਤੇ ਬਾਦਲ ਦਲ ਦੀ ਕਾਰਵਾਈ

ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਵੋਟ ਸੂਚੀਆਂ ਲਈ 10 ਮਾਰਚ ਤੱਕ ਆਪਣੇ ਇਤਰਾਜ਼ ਦਰਜ ਕਰਵਾਏ ਜਾ ਸਕਣਗੇ। ਜਦੋਂ ਕਿ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 16 ਅਪ੍ਰੈਲ ਨੂੰ ਕੀਤੀ ਜਾਵੇਗੀ। ਵੋਟਰ ਸੂਚੀਆਂ ਡਿਪਟੀ ਕਮਿਸ਼ਨਰ, ਰਿਵਾਈਜ਼ਿੰਗ ਅਥਾਰਟੀ, ਰਿਟਰਨਿੰਗ ਅ.ਫਸਰਾਂ, ਤਹਿਸੀਲ ਦ.ਫਤਰਾਂ, ਪਟਵਾਰ ਸਰਕਲਾਂ ਅਤੇ ਸੂਚਿਤ ਗੁਰਦੁਆਰਿਆਂ ਵਿੱਚ ਉਪਲਬਧ ਹੋਣਗੀਆਂ। ਇਸ ਤੋਂ ਪਹਿਲਾਂ, ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਇਤਰਾਜ਼ ਦਾਇਰ ਕਰਨ ਲਈ ਸਮਾਂ ਵਧਾਉਣ ਦੀ ਅਪੀਲ ਕੀਤੀ ਸੀ। ਸੱਚ ਇਹੀ ਹੈ ਕਿ ਸਰਕਾਰ ਨਕਲੀ ਵੋਟਾਂ ਬਣਾਕੇ ਸ੍ਰੋਮਣੀ ਕਮੇਟੀ ਉਪਰ ਇਪਣੇ ਪਿਛਲਗ ਸਿਖਾਂ ਰਾਹੀਂ ਕਾਬਜ਼ ਹੋਣਾ ਚਾਹੁੰਦੀ ਹੈ।

ਸ਼੍ਰੋਮਣੀ ਅਕਾਲੀ ਦਲ ਤੇ ਅਕਾਲੀ ਸੁਧਾਰ ਲਹਿਰ ਵਾਲਿਆਂ ਨੇ ਨਕਲੀ ਵੋਟਾਂ ਨੂੰ ਚੈਲਿੰਜ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ।ਅਕਾਲੀ ਦਲ ਨੇ ਗੁਰਦੁਆਰਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਸਬੰਧੀ ਚਾਰ ਮੁੱਦੇ ਉਠਾਏ ਸਨ। ਇਸ ਵਿੱਚ ਉਨ੍ਹਾਂ ਦਾ ਇਤਰਾਜ਼ ਇਹ ਸੀ ਕਿ ਪੰਜਾਬ ਵਿੱਚ ਕੋਈ ਵੀ ਵੋਟਰ ਅਜਿਹਾ ਨਹੀਂ ਹੈ ਜਿਸਦਾ ਆਪਣਾ ਘਰ ਨਾ ਹੋਵੇ। ਪਰ ਬਹੁਤ ਸਾਰੀਆਂ ਵੋਟਾਂ 'ਤੇ ਘਰ ਦੇ ਨੰਬਰ ਵੀ ਨਹੀਂ ਹੁੰਦੇ। ਇੱਕ ਤੋਂ ਸੌ ਤੱਕ ਦੇ ਅੰਕ ਗਾਇਬ ਹਨ, ਜੋ ਕਿ ਪੂਰੀ ਤਰ੍ਹਾਂ ਗਲਤ ਹੈ। ਵੋਟਾਂ ਸਿਰ.ਫ ਜ਼ੀਰੋ ਨੰਬਰ 'ਤੇ ਹੀ ਪਈਆਂ ਹਨ।

## ਅਲੀਗੜ੍ਹ ਵਿਚ ਅੰਬੇਡਕਰ ਦੀ ਮੂਰਤੀ ਨੂੰ ਹਟਾਉਣ ਨੂੰ ਲੈ ਕੇ ਹੰਗਾਮਾ ਕਿਉਂ ਹੋਇਆ

ਦੋ ਦਿਨ ਪਹਿਲਾਂ ਸਰਕਾਰੀ ਜ਼ਮੀਨ 'ਤੇ ਬਿਨਾਂ ਮਨਜ਼ੂਰੀ ਤੋਂ ਲਗਾਏ ਗਏ ਡਾ: ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਹਟਾਉਣ ਨੂੰ ਲੈ ਕੇ ਬੀਤੇ ਦਿਨੀਂ ਭਾਰੀ ਹੰਗਾਮਾ ਹੋਇਆ । ਬੁੱਤ ਚੁੱਕਦੇ ਹੀ ਲੋਕ ਭੜਕ ਗਏ। ਪਥਰਾਅ ਅਤੇ ਗੋਲੀਬਾਰੀ ਕਰਕੇ ਪੁਲਿਸ ਨੂੰ ਭਜਾ ਦਿੱਤਾ ਗਿਆ। ਪੁਲਿਸ ਅਤੇ ਆਮ ਲੋਕਾਂ ਦੇ ਕਈ ਵਾਹਨਾਂ ਦੀ ਭੰਨਤੋੜ ਕੀਤੀ ਗਈ। ਛੇ ਗੱਡੀਆਂ ਸਾੜ ਦਿੱਤੀਆਂ। ਪੁਲਿਸ ਨੇ ਹੰਝੂ ਗੈਸ ਦੇ ਗੋਲੇ ਛੱਡੇ ਅਤੇ ਹਲਕੀ ਤਾਕਤ ਦੀ ਵਰਤੋਂ ਕਰਦਿਆਂ ਭੀੜ ਨੂੰ ਖਿੰਡਾਇਆ। ਪਥਰਾਅ ਵਿਚ ਛੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ ਹਨ। ਮੁਖੀ ਅਤੇ ਸਾਬਕਾ ਮੁਖੀ ਸਮੇਤ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

ਦੋ ਦਿਨ ਪਹਿਲਾਂ ਪਿੰਡ ਇਬਰਾਹੀਮਪੁਰ (ਭੀਮਪੁਰ) ਵਿੱਚ ਬਘੇਲ ਬਰਾਦਰੀ ਦੇ ਲੋਕ ਪਿੰਡ ਦੀ ਸੁਸਾਇਟੀ ਦੀ ਜ਼ਮੀਨ 'ਤੇ ਮੰਦਰ ਬਣਵਾ ਰਹੇ ਸਨ। ਅਨੁਸੂਚਿਤ ਜਾਤੀ ਦੇ ਲੋਕਾਂ ਦੀ ਸ਼ਿਕਾਇਤ 'ਤੇ ਅਧਿਕਾਰੀਆਂ ਨੇ ਉਸਾਰੀ ਬੰਦ ਕਰਵਾ ਦਿੱਤੀ। ਐਤਵਾਰ ਰਾਤ ਨੂੰ ਅਨੁਸੂਚਿਤ ਜਾਤੀ ਦੇ ਲੋਕਾਂ ਨੇ ਇਕ ਹੋਰ ਖਾਲੀ ਥਾਂ 'ਤੇ ਡਾ: ਅੰਬੇਡਕਰ ਦਾ ਬੁੱਤ ਸਥਾਪਿਤ ਕਰ ਦਿੱਤਾ। ਬਘੇਲ ਭਾਈਚਾਰੇ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਦੋਵਾਂ ਧਿਰਾਂ ਵਿੱਚ ਟਕਰਾਅ ਦੇ ਡਰ ਕਾਰਨ ਪੁਲੀਸ ਮੌਕੇ 'ਤੇ ਪੁੱਜ ਗਈ। ਸੋਮਵਾਰ ਨੂੰ ਵੀ ਦਿਨ ਭਰ ਦੀ ਗੱਲਬਾਤ ਤੋਂ ਬਾਅਦ ਅਨੁਸੂਚਿਤ ਜਾਤੀ ਦੇ ਲੋਕ ਮੂਰਤੀ ਦੇ ਕੋਲ ਹੀ ਬੈਠੇ ਰਹੇ। ਅਕਾਊਂਟੈਂਟ ਦੀਪਿਕਾ ਵਰਸ਼ਨੇ ਨੇ ਬਿਨਾਂ ਇਜਾਜ਼ਤ ਮੂਰਤੀ ਲਗਾਉਣ ਦਾ ਮਾਮਲਾ ਦਰਜ ਕਰਵਾਇਆ ਹੈ। ਸਾਬਕਾ ਮੁਖੀ ਛਤਰਪਾਲ, ਮੌਜੂਦਾ ਮੁਖੀ ਆਸ਼ਾ ਲੋਧੀ ਅਤੇ ਉਸ ਦੇ ਪਤੀ ਨਿਰਦੇਸ਼ ਲੋਧੀ ਨੂੰ ਹਿਰਾਸਤ 'ਚ ਲੈ ਲਿਆ ਗਿਆ। ਅਧਿਕਾਰੀਆਂ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਿੱਟਾ ਨਹੀਂ ਨਿਕਲਿਆ। ਪੁਲਸ ਨੇ ਮੂਰਤੀ ਨੂੰ ਚੁੱਕ ਲਿਆ। ਇਸ ਤੋਂ ਨਾਰਾਜ਼ ਲੋਕ ਹਿੰਸਕ ਹੋ ਗਏ।

ਅਸਲ ਵਿਚ ਕਿਸੇ ਸਖਸ਼ੀਅਤ ਦੀਆਂ ਮੂਰਤੀਆਂ ਜਨਤਕ ਥਾਵਾਂ, ਚੌਕਾਂ ਵਿਚ ਨਹੀਂ ਲਗਣੀਆਂ ਚਾਹੀਦੀਆਂ। ਸੱਚ ਇਹ ਹੈ ਕਿ ਇਸ ਪਿਛੇ ਸਿਆਸਤ ਕੰਮ ਕਰ ਰਹੀ ਹੁੰਦੀ ਹੈ। ਅੰਮ੍ਰਿਤਸਰ ਵਿਚ ਅੰਬੇਡਕਰ ਦੇ ਬੁਤ ਲਗਵਾਉਣ ਦੀ ਕੋਈ ਤੁਕ ਨਹੀਂ ਬਣਦੀ ਸੀ, ਕਿਉਂਕਿ ਅੰਮ੍ਰਿਤਸਰ ਸ਼ਬਦ ਗੁਰੂ ਦੀ ਪਰੰਪਰਾ ਦਾ ਸਥਾਨ ਹੈ। ਪਰ ਹੁਣ ਅੰਬੇਡਕਰ ਦੇ ਬੁਤ ਦੀ ਬੇਅਦਬੀ ਫਿਰਕੂ ਸਿਆਸਤ ਤਹਿਤ ਹੋਈ ਤਾਂ ਜੋ ਸਿਖਾਂ ਤੇ ਦਲਿਤਾਂ ਦਾ ਟਕਰਾਅ ਕਰਾਇਆ ਜਾ ਸਕੇ। ਭਾਜਪਾ ਆਗੂ ਵਿਜੈ ਸਾਂਪਲਾ ਨੇ ਜਥੇਦਾਰ ਅਕਾਲ ਤਖਤ ਤੇ ਸ੍ਰੋਮਣੀ ਕਮੇਟੀ ਨੂੰ ਜਿੰਮੇਵਾਰ ਠਹਿਰਾ ਦਿਤਾ ਕਿ ਅੰਬੇਡਕਰ ਦਾ ਬੁਤ ਦਰਬਾਰ ਸਾਹਿਬ ਦੀ ਜਮੀਨ ਉਪਰ ਹੈ। ਜਦ ਕਿ ਇਹ ਬੁਤ ਦਰਬਾਰ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਸੀ। ਸੋ ਇਹ ਭਗਵੇਂ ਆਗੂ ਪੰਜਾਬ ਵਿਚ ਭੜਕਾਊ ਬਿਆਨਾਂ ਤੋਂ ਬਾਜ ਨਹੀਂ ਆਉਂਦੇ।ਤਲਣ ਗੁਰਦੁਆਰੇ ਮਾਮਲੇ ਵਿਚ ਇਸ ਦੰਗੇਬਾਜ ਵਾਲੀ ਭੂਮਿਕਾ ਰਹੀ ਹੈ। ਇਹ ਨਕਾਰਿਆ ਆਗੂ ਆਪਣੀ ਸਿਆਸੀ ਜਮੀਨ ਫਿਰਕੂ ਬਿਆਨ ਦੇਕੇ ਤਲਾਸ਼ ਰਿਹਾ ਹੈ। ਪੰਜਾਬੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

-ਰਜਿੰਦਰ ਸਿੰਘ ਪੁਰੇਵਾਲ

## ਆਪ ਵੱਲੋਂ ਔਰਤਾਂ ਨੂੰ ਹਰ ਮਹੀਨੇ 2,100 ਰੁਪਏ ਦੇਣ ਦੀ ਗਾਰੰਟੀ

ਨਵੀਂ ਦਿੱਲੀ– ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 15 ਗਾਰੰਟੀਆਂ ਵਾਲਾ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਔਰਤਾਂ ਲਈ ਪ੍ਰਤੀ ਮਹੀਨਾ 2,100 ਰੁਪਏ, 24 ਘੰਟੇ ਸਾਫ਼ ਪੀਣ ਵਾਲਾ ਪਾਣੀ, ਬਜ਼ੁਰਗਾਂ ਲਈ ਮੁਫ਼ਤ ਸਿਹਤ ਸੰਭਾਲ ਅਤੇ ਵਿਦਿਆਰਥੀਆਂ ਲਈ ਮੈਟਰੋ ਦੇ ਕਿਰਾਏ ਵਿੱਚ 50 ਫੀਸਦ ਤੱਕ ਛੋਟ ਵਰਗੇ ਕਈ ਵਾਅਦੇ ਕੀਤੇ ਗਏ ਹਨ। ਕੇਜਰੀਵਾਲ ਨੇ ਕਿਹਾ ਕਿ ਜੇ ਆਪ ਸਰਕਾਰ 5 ਫਰਵਰੀ ਦੀਆਂ ਚੋਣਾਂ ਵਿੱਚ ਸੱਤਾ ਵਿੱਚ ਵਾਪਸ ਆਉਂਦੀ ਹੈ ਤਾਂ ਮੁਫ਼ਤ ਸਿੱਖਿਆ, ਸਿਹਤ ਸੰਭਾਲ, ਮਹਿਲਾਵਾਂ ਲਈ ਮੁਫਤ ਬੱਸ ਯਾਤਰਾ, ਪਾਣੀ ਅਤੇ ਮੁਫਤ ਬਿਜਲੀ ਵਰਗੀਆਂ ਸਹੂਲਤਾਂ ਜਾਰੀ ਰਹਿਣਗੀਆਂ।

**NEWS & VIEWS**

# SIKH AMERICANS AND PRESIDENT TRUMP



Gurmukh Singh
O B E

Creation of a just human society is the Sikhi political aim. As loyal citizens of the countries they live in, Sikhs should fully participate in the political process to achieve that goal. It is most satisfactory that some organisations are doing just that while seeking Panthic accountability from Sikhs engaged in local and national politics. For that reason Sikhs should remain linked with global *Panthic thought* through transnational networks.

How diaspora Sikhs approach local issues and challenges depends on the national politics of the countries they live in. The most recent good example is the Sikh Americans who have adopted a positive welcoming approach to President Donal Trump following his election victory for a second term.

This week we look at how the surprise return of Donald Trump as the 47 President of the USA affects the future of more recent immigrant communities in the country. Sikh Americans need to understand President Trump as a person and the reality behind his election rhetoric. He has *a complex and controversial personality profile.* It is generally accepted that while he is *bold, competitive, and self-assured, he is also prone to impulsivity, risk-taking, and difficulty in accepting criticism or opposing viewpoints.*

He believes that America has been *too soft on democratic allies, too hard on authoritarian* regimes and that immigrants are the enemy within. Some believe that *this unique combination of traits has led to a polarizing effect on public opinion and a significant impact on American politics.*

However, most believe that the more radical and divisive policies which he threatens, for example against illegal immigrants and in areas like environment, tariffs and defence, are not necessarily what he will do in practice. Also, the democratic checks and balances are there. Despite being a convicted felon, this time he is a much more mature politician. These are issues and concerns which will continue to be discussed in the media as the world watches on with some apprehension.

Sikh Americans need to approach Trump with a clear understanding of his personality. He is likely to appreciate the qualities the Sikhs are known for as a law-abiding, self-sufficient, net-contributing global community. They have proven themselves to be loyal citizens wherever they live. However, it is also understood that their loyalty to any temporal authority is circumscribed by their loyalty to the Sikhi cause of promoting an egalitarian just society.

Over the centuries, Sikhs living in countries like Malaya and East Africa have been well-liked and trusted people due to their upright and generous character moulded by simple Sikh teachings. They have got on well with diverse communities and senior politicians. In fact, Anglo-Sikh relations were based on English respect for the Sikhs.

Sikh approach towards politicians like Donald Trump should be dignified and not *khushamdi* (trying to please), a trait otherwise attributed to people from the Indian subcontinent. Sikh role in World Wars is well known and appreciated even by right wing politicians. Yet, President Donald Trump is likely to remain unpredictable and Sikh Americans should remain vigilant about the impact of some of his more controversial policies which can be divisive and lead to unrest.

We do understand the phobias about immigrant communities in Western countries. Liberal immigration policies of Western countries based on international human rights laws have been exploited by those running from poverty and corruption in own countries.

The swing to the right and even extreme right, while understandable, requires continual watch.

Gurmukh Singh OBE, Ret'd Principal Civil Servant (UK) sewauk2005@yahoo.co.uk

# ਬ੍ਰਿਜ ਭੂਸ਼ਣ ਦਾ ਦਬਦਬਾ ਕੁਸ਼ਤੀ ਫੈਡਰੇਸ਼ਨ ਉਪਰ ਬਰਕਰਾਰ

**✪ ਦਫਤਰ ਦਾ ਕਾਰਜ ਬ੍ਰਿਜ ਭੂਸ਼ਣ ਦੀ ਕੋਠੀ ਤੋਂ ਚਲ ਰਿਹਾ, ਖੇਡ ਮੰਤਰਾਲਾ ਚੁੱਪ ✪ ਪਰ 'ਬੇਟੀ ਬਚਾਓ-ਬੇਟੀ ਪੜ੍ਹਾਓ' ਵਾਲੀ ਭਾਜਪਾ ਲਈ ਬ੍ਰਿਜ ਭੂਸ਼ਣ ਅਹਿਮ**

### ਕਵਰ ਸਟੋਰੀ

ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਨੂੰ ਲੈ ਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਵੇਲੇ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਚੱਲੇ ਅੰਦੋਲਨ ਦੌਰਾਨ ਕੇਂਦਰੀ ਖੇਡ ਮੰਤਰਾਲੇ ਨੇ ਜਦੋਂ 2023 ਵਿੱਚ ਫੈਡਰੇਸ਼ਨ ਨੂੰ ਮੁਅੱਤਲ ਕਰ ਦਿੱਤਾ ਸੀ ਤਾਂ ਕੁਝ ਹਫਤਿਆਂ ਬਾਅਦ ਫੈਡਰੇਸ਼ਨ ਦਾ ਦਫਤਰ ਬ੍ਰਿਜ ਭੂਸ਼ਣ ਦੀ 21, ਅਸ਼ੋਕ ਰੋਡ ਵਾਲੀ ਕੋਠੀ ਤੋਂ ਬਦਲ ਕੇ ਹਰੀ ਨਗਰ ਦੇ ਇੱਕ ਕਮਰੇ ਵਿੱਚ ਪੁੱਜ ਗਿਆ ਸੀ।

ਅੱਜ ਵੀ ਫੈਡਰੇਸ਼ਨ ਦੀ ਅਧਿਕਾਰਤ ਵੈੱਬਸਾਈਟ ਦੇ ਹੋਮਪੇਜ 'ਤੇ ਪਤਾ 101, ਹਰੀ ਨਗਰ, ਆਸ਼ਰਮ ਚੌਕ, ਨਵੀਂ ਦਿੱਲੀ-110014 ਦਰਜ ਹੈ, ਪਰ ਹਕੀਕਤ ਵਿੱਚ ਇਹ ਚਲਦਾ ਬ੍ਰਿਜ ਭੂਸ਼ਣ ਦੀ ਕੋਠੀ ਤੋਂ ਹੈ। ਹਰੀ ਨਗਰ ਵਾਲੇ ਦਫਤਰ ਵਿੱਚ ਨਵਾਂ ਕਿਰਾਏਦਾਰ ਆ ਚੁੱਕਾ ਹੈ।

ਹਾਲਾਂਕਿ ਫੈਡਰੇਸ਼ਨ ਦਾ ਨਵਾਂ ਪ੍ਰਧਾਨ ਸੰਜੇ ਸਿੰਘ ਇਸ ਬਾਰੇ ਗੱਲ ਨਹੀਂ ਕਰਦਾ, ਖਜ਼ਾਨਚੀ ਐੱਸ ਪੀ ਦੇਸਵਾਲ ਨੇ ਮੰਨਿਆ ਹੈ ਕਿ ਦਫਤਰ ਅਜੇ ਵੀ ਹਰੀ ਨਗਰ ਵਿੱਚ ਹੈ, ਪਰ ਫੈਡਰੇਸ਼ਨ ਦਾ ਕੰਮ ਤਾਂ ਉੱਥੋਂ ਹੀ ਹੋ ਸਕਦਾ ਹੈ, ਜਿੱਥੇ ਸਟਾਫ ਬੈਠੇ।

ਕਹਿਣ ਦਾ ਮਤਲਬ ਕੰਮ ਬ੍ਰਿਜ ਭੂਸ਼ਣ ਦੀ ਕੋਠੀ ਤੋਂ ਹੀ ਹੁੰਦਾ ਹੈ। ਹਾਲਾਂਕਿ 21, ਅਸ਼ੋਕ ਰੋਡ ਵਾਲੀ ਕੋਠੀ ਦੇ ਬਾਹਰ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਬੋਰਡ ਤਾਂ ਨਜ਼ਰ ਨਹੀਂ ਆਇਆ, ਪਰ ਸਟਾਫ ਉੱਥੇ ਹੀ ਫਰਵਰੀ ਦੇ ਪਹਿਲੇ ਹਫਤੇ ਹੋਣ ਵਾਲੇ ਕੁਸ਼ਤੀ ਰੈਂਕਿੰਗ ਪ੍ਰੋਗਰਾਮ ਦੇ ਦਸਤਾਵੇਜ਼ ਸਕੈਨ ਕਰ ਰਿਹਾ ਸੀ, ਕੰਪਿਊਟਰ 'ਤੇ ਡੈਟਾ ਅਪਡੇਟ ਕਰ ਰਿਹਾ ਸੀ, ਸਰਟੀਫਿਕੇਟਾਂ ਦੀ ਜਾਂਚ ਕਰ ਰਿਹਾ ਸੀ ਤੇ ਕੁਸ਼ਤੀ ਨਾਲ ਸੰਬੰਧਤ ਦਸਤਾਵੇਜ਼ਾਂ ਦੇ ਪ੍ਰਿੰਟਆਊਟ ਕੱਢ ਰਿਹਾ ਸੀ। ਸਟਾਫ ਨੇ ਮੰਨਿਆ ਕਿ ਕੁਝ ਸਮਾਂ ਹਰੀ ਨਗਰ ਵਿਚ ਕੰਮ ਕੀਤਾ, ਪਰ ਫਿਰ ਇੱਥੇ ਆ ਗਏ।



ਬ੍ਰਿਜ ਭੂਸ਼ਣ, ਜਿਸ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਯੂ ਪੀ ਦੇ ਕੈਸਰਗੰਜ ਤੋਂ ਟਿਕਟ ਨਾ ਦੇ ਕੇ ਉਸ ਦੇ ਬੇਟੇ ਕਰਨ ਭੂਸ਼ਣ ਸਿੰਘ ਨੂੰ ਜਿਤਵਾਇਆ, ਵੀ ਅੰਦਰ ਹੀ ਬੈਠਾ ਸੀ। ਇਹ ਪੁੱਛਣ 'ਤੇ ਕਿ ਉਹ ਫੈਡਰੇਸ਼ਨ ਦਾ ਦਫਤਰ ਆਪਣੀ ਕੋਠੀ ਵਿਚ ਕਿਉ ਲੈ ਆਏ, ਉਸ ਨੇ ਕਿਹਾ ਕਿ ਉਹ ਕੁਸ਼ਤੀ 'ਤੇ ਚਰਚਾ ਨਹੀਂ ਕਰੇਗਾ।

ਫੈਡਰੇਸ਼ਨ ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਬ੍ਰਿਜ ਭੂਸ਼ਣ ਨੂੰ ਲਾਂਭੇ ਰੱਖਣਾ ਪਿਆ, ਪਰ ਉਸ ਦੇ ਹੀ 'ਪੱਠੇ' ਅਹੁਦੇਦਾਰ ਚੁਣੇ ਗਏ ਸਨ।

ਪ੍ਰਧਾਨ ਚੁਣੇ ਜਾਣ ਦੇ ਕੁਝ ਚਿਰ ਬਾਅਦ ਸੰਜੇ ਸਿੰਘ ਨੇ ਬ੍ਰਿਜ ਭੂਸ਼ਣ ਦੀ ਕੋਠੀ ਪੁੱਜ ਕੇ ਉਸ ਨੂੰ ਹਾਰ ਪਾਇਆ ਤੇ ਫੋਟੋ ਖਿਚਵਾਈ। ਹਵਾ ਵਿੱਚ ਨਾਅਰੇ ਗੂੰਜ ਰਹੇ ਸਨ,ਦਬਦਬਾ ਥਾ, ਦਬਦਬਾ ਰਹੇਗਾ। ਬ੍ਰਿਜ ਭੂਸ਼ਣ ਖਿਲਾਫ ਦੋ ਮਹਿਲਾ ਭਲਵਾਨਾਂ ਨਾਲ ਛੇੜਛਾੜ ਦੇ ਮਾਮਲੇ ਵਿੱਚ ਦਿੱਲੀ ਪੁਲਸ ਚਾਰਜਸ਼ੀਟ ਦਾਖਲ ਕਰ ਚੁੱਕੀ ਹੈ, ਪਰ 'ਬੇਟੀ ਬਚਾਓ-ਬੇਟੀ ਪੜ੍ਹਾਓ' ਵਾਲੀ ਭਾਜਪਾ ਲਈ ਅੱਜ ਵੀ ਬ੍ਰਿਜ ਭੂਸ਼ਣ ਅਹਿਮ ਹੈ। ਇਹੀ ਕਾਰਨ ਹੈ ਕਿ ਉਹ ਕੁਸ਼ਤੀ ਫੈਡਰੇਸ਼ਨ ਨੂੰ ਆਪਣੇ ਘਰੋਂ ਚਲਾ ਰਿਹਾ ਹੈ ਤੇ ਕੇਂਦਰੀ ਖੇਡ ਮੰਤਰਾਲਾ ਕੋਈ ਕਾਰਵਾਈ ਨਹੀਂ ਕਰ ਰਿਹਾ।

### ਕੌਣ ਹਨ ਬ੍ਰਿਜ ਭੂਸ਼ਣ ਸ਼ਰਣ ਸਿੰਘ ?

ਬ੍ਰਿਜ ਭੂਸ਼ਣ ਸਿੰਘ ਦੀ ਗਿਣਤੀ ਦਬਦਬੇ ਵਾਲੇ ਆਗੂਆਂ ਵਿੱਚ ਕੀਤੀ ਜਾਂਦੀ ਹੈ। ਉਹ ਗੋਂਡਾ, ਉੱਤਰ ਪ੍ਰਦੇਸ਼ ਦਾ ਰਹਿਣ ਵਾਲੇ ਹਨ ਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਹਨ। ਬ੍ਰਿਜ ਭੂਸ਼ਣ ਸ਼ਰਨ ਸਿੰਘ ਆਪਣੇ ਕਾਲਜ ਦੇ ਦਿਨਾਂ ਤੋਂ ਹੀ ਸਿਆਸੀ ਤੌਰ 'ਤੇ ਬਹੁਤ ਸਰਗਰਮ ਸਨ। ਉਹ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।

ਉਨ੍ਹਾਂ ਨੇ ਆਪਣੀ ਜਵਾਨੀ ਅਯੁੱਧਿਆ ਦੇ ਅਖਾੜਿਆਂ ਵਿਚ ਬਿਤਾਈ। ਪਹਿਲਵਾਨ ਵਜੋਂ ਉਹ ਆਪਣੇ ਆਪ ਨੂੰ 'ਤਾਕਤਵਰ' ਕਹਿੰਦੇ ਹਨ।

ਬ੍ਰਿਜ ਭੂਸ਼ਣ ਸਿੰਘ, ਜੋ ਪਹਿਲੀ ਵਾਰ 1991 ਵਿੱਚ ਲੋਕ ਸਭਾ ਲਈ ਚੁਣੇ ਗਏ ਸਨ। ਉਹ ਹੁਣ ਤੱਕ ਛੇ ਵਾਰ 1999, 2004, 2009, 2014 ਅਤੇ 2019 ਵਿੱਚ ਵੀ ਲੋਕ ਸਭਾ ਚੋਣਾਂ ਜਿੱਤੇ ਸਨ।

ਹਿੰਦੂਵਾਦੀ ਆਗੂ 'ਤੇ ਪਹਿਲਾਂ ਵੀ ਕਤਲ ਸਮੇਤ ਕਈ ਇਲਜ਼ਾਮਾਂ ਲੱਗੇ

ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਇੱਕ ਹਿੰਦੂਵਾਦੀ ਆਗੂ ਦੇ ਰੂਪ 'ਚ ਉੱਭਰਕੇ ਸਾਹਮਣੇ ਆਏ। ਉਨ੍ਹਾਂ ਖ਼ਿਲਾਫ਼ ਅਯੁੱਧਿਆ 'ਚ ਬਾਬਰੀ ਮਸਜਿਦ ਢਾਹੁਣ ਦੇ ਇਲਜ਼ਾਮ ਵੀ ਹਨ।

1992 ਵਿੱਚ ਅਯੁੱਧਿਆ ਵਿੱਚ ਬਾਬਰੀ ਮਸਜਿਦ ਦੇ ਢਾਂਚਾ ਨੂੰ ਢਾਹੁਣ ਲਈ ਜ਼ਿੰਮੇਵਾਰ ਠਹਿਰਾਏ ਗਏ 40 ਦੋਸ਼ੀਆਂ ਵਿੱਚ ਭਾਜਪਾ ਦੇ ਦਿੱਗਜ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੇ ਨਾਲ ਨਾਲ ਹਿੰਦੂਤਵ ਦੀ ਹਾਮੀ ਭਰਨ ਵਾਲੇ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਨਾਮ ਵੀ ਸ਼ਾਮਲ ਸੀ।

ਹਾਲਾਂਕਿ, ਸਤੰਬਰ 2020 ਵਿੱਚ, ਅਦਾਲਤ ਨੇ ਉਨ੍ਹਾਂ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ।

# ਬਲਾਤਕਾਰੀ ਸੌਦਾ ਸਾਧ ਨੂੰ ਮੁੜ ਤੋਂ ਪੈਰੋਲ ਮਿਲੀ

**✪ ਡੇਰਾ ਸਿਰਸਾ ਜਾਣ ਦੀ ਮਿਲੀ ਇਜਾਜਤ**

ਰੋਹਤਕ-ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਪੈਰੋਲ ਮਿਲ ਗਈ ਹੈ। ਜਾਣਕਾਰੀ ਅਨੁਸਾਰ ਸਖ਼ਤ ਸੁਰੱਖਿਆ ਦੇ ਵਿਚਕਾਰ ਉਹ ਬੀਤੇ ਦਿਨੀਂ ਸੁਨਾਰੀਆ ਜੇਲ੍ਹ ਤੋਂ ਬਾਹਰ ਨਿਕਲਿਆ। ਇਸ ਵਾਰ ਰਾਮ ਰਹੀਮ ਬਾਗਪਤ ਆਸ਼ਰਮ ਨਾ ਜਾ ਕੇ ਸਿਰਸਾ ਸਥਿਤ ਡੇਰੇ ਵਿਖੇ ਜਾ ਰਿਹਾ ਹੈ। ਇਹ ਪਹਿਲੀ ਵਾਰ ਹੈ ਕਿ 2017 ਵਿੱਚ ਸਜਾ ਸੁਣਾਉਣ ਦੇ ਬਾਅਦ ਉਸ ਨੂੰ ਸਿਰਸਾ ਡੇਰੇ ਵਿੱਚ ਜਾਣ ਦੀ ਇਜਾਜ਼ਤ ਮਿਲੀ ਹੈ। ਜ਼ਿਕਰਯੋਗ ਹੈ ਕਿ ਗੁਰਮੀਤ ਰਾਮ ਰਹੀਮ ਨੂੰ 2017 ਵਿੱਚ ਜੇਲ੍ਹ ਭੇਜਿਆ ਗਿਆ ਸੀ। ਉਸ ਤੋਂ ਬਾਅਦ ਉਹ ਕਈ ਵਾਰ ਪੈਰੋਲ ਅਤੇ ਫਰਲੋ 'ਤੇ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਪੈਰੋਲ ਦੇ ਦੌਰਾਨ ਉਸਨੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਦਾ ਆਯੋਜਨ ਕੀਤਾ, ਜਿਨ੍ਹਾਂ ਵਿੱਚ ਉਸ ਦੇ ਸ਼ਰਧਾਲੂਆਂ ਦੀ ਵੱਡੀ ਸੰਖਿਆ ਨੇ ਹਿੱਸਾ ਲਿਆ। ਇਸ ਵਾਰ ਦੀ ਪੈਰੋਲ ਨੂੰ ਲੈ ਕੇ ਸੁਰੱਖਿਆ ਦੇ ਖਾਸ ਇੰਤਜ਼ਾਮ ਕੀਤੇ ਗਏ ਹਨ। ਰਾਮ ਰਹੀਮ ਦੇ ਸਿਰਸਾ ਡੇਰਾ ਪਹੁੰਚਣ 'ਤੇ ਵੱਡੇ ਇਕੱਠ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।



### ਰਾਮ ਰਹੀਮ ਨੂੰ ਕਦੋਂ-ਕਦੋਂ ਪੈਰੋਲ ਅਤੇ ਫਰਲੋ ਮਿਲੀ

ਅਕਤੂਬਰ 2020: ਮਾਂ ਦੀ ਸਿਹਤ ਖਰਾਬ ਹੋਣ 'ਤੇ 21 ਦਿਨ ਦੀ ਪੈਰੋਲ।

ਮਈ 2021: ਮਾਂ ਨਾਲ ਮਿਲਣ ਲਈ ਦੂਜੀ ਵਾਰ ਪੈਰੋਲ।

ਫਰਵਰੀ 2022: ਪਰਿਵਾਰ ਨਾਲ ਮਿਲਣ ਲਈ 21 ਦਿਨ ਦੀ ਫਰਲੋ।

ਜੂਨ 2022: 30 ਦਿਨ ਦੀ ਪੈਰੋਲ 'ਤੇ ਧਾਰਮਿਕ ਅਤੇ ਸਮਾਜਿਕ ਕਾਰਜਕ੍ਰਮ ਆਯੋਜਿਤ ਕੀਤੇ।

ਅਕਤੂਬਰ 2022: ਦਿਵਾਲੀ 'ਤੇ 40 ਦਿਨ ਦੀ ਪੈਰੋਲ।

ਜਨਵਰੀ 2023: 40 ਦਿਨ ਦੀ ਪੈਰੋਲ 'ਤੇ ਆਨਲਾਈਨ ਸਤਸੰਗ।

ਜੁਲਾਈ 2023: 30 ਦਿਨ ਦੀ ਪੈਰੋਲ।

ਨਵੰਬਰ 2023: 21 ਦਿਨ ਦੀ ਫਰਲੋ, ਬਾਗਪਤ ਆਸ਼ਰਮ ਵਿੱਚ ਪ੍ਰਵਾਸ।

ਜਨਵਰੀ 2024: 50 ਦਿਨ ਦੀ ਫਰਲੋ।

ਅਗਸਤ 2024: 21 ਦਿਨ ਦੀ ਫਰਲੋ, ਕਈ ਕਾਰਜਕ੍ਰਮਾਂ ਵਿੱਚ ਭਾਗ ਲਿਆ।

ਅਕਤੂਬਰ 2024: ਹਰਿਆਣਾ ਵਿਧਾਨ ਸਭਾ ਚੁਣਾਵਾਂ ਤੋਂ ਪਹਿਲਾਂ ਪੈਰੋਲ।

**ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਹਰਿਆਣਾ ਸਰਕਾਰ ਸੌਦਾ ਸਾਧ ਪ੍ਰਤੀ ਲਗਾਤਾਰ ਨਰਮੀ ਦਿਖਾ ਰਹੀ ਹੈ ਜੋ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ ਅਤੇ ਜਿਨਸੀ ਸ਼ੋਸ਼ਣ ਅਤੇ ਕਤਲ ਦੇ ਮਾਮਲੇ ਵਿੱਚ ਸਜ਼ਾ ਕੱਟ ਰਿਹਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਬਲਾਤਕਾਰੀ ਸੌਦਾ ਸਾਧ ਨੂੰ ਇੱਕ ਵਾਰ ਫਿਰ ਭਾਜਪਾ ਸਰਕਾਰ ਨੇ ਪੈਰੋਲ ਦੇ ਦਿੱਤੀ ਹੈ ਜੋਕਿ ਪੀੜਤਾਂ ਨਾਲ ਅਨਿਆਂ ਹੈ ਤੇ ਡੇਰਾਵਾਦ ਰਾਹੀਂ ਅੰਧ ਵਿਸ਼ਵਾਸਾਂ ਤੇ ਬਲਾਤਕਾਰਾਂ, ਕਰਾਈਮ ਨੂੰ ਪ੍ਰਮੋਟ ਕਰਨ ਦੀ ਕਾਰਵਾਈ ਹੈ।**

# ਆਨਲਾਈਨ ਠੱਗਾਂ ਨੇ ਔਰਤ ਨਾਲ ਕੀਤੀ 6 ਲੱਖ ਰੁਪਏ ਦੀ ਮਾਰੀ ਠੱਗੀ

## ✪ ਦੋਸ਼ੀ ਨੇ ਆਪਣੇ ਆਪ ਨੂੰ ਦਿੱਲੀ ਪੁਲਿਸ ਵਜੋਂ ਪੇਸ਼ ਕੀਤਾ



ਨਵੀਂ ਦਿੱਲੀ-ਸਾਈਬਰ ਅਪਰਾਧੀਆਂ ਨੇ ਰਾਜਨਗਰ ਐਕਸਟੈਂਸ਼ਨ ਦੀ ਰਹਿਣ ਵਾਲੀ ਇੱਕ ਔਰਤ ਨੂੰ ਮਨੀ ਲਾਂਡਰਿੰਗ ਦੇ ਦੋਸ਼ ਲਗਾਉਣ ਦੇ ਬਹਾਨੇ ਉਸ ਤੋਂ 6 ਲੱਖ ਰੁਪਏ ਦੀ ਠੱਗੀ ਮਾਰੀ ਹੈ। ਦੋਸ਼ੀ ਨੇ ਆਪਣੇ ਆਪ ਨੂੰ ਦਿੱਲੀ ਪੁਲਿਸ ਵਜੋਂ ਪੇਸ਼ ਕੀਤਾ ਅਤੇ ਔਰਤ ਨੂੰ ਦੱਸਿਆ ਕਿ ਉਸਦੇ ਖਾਤੇ ਦੀ ਵਰਤੋਂ ਮਨੀ ਲਾਂਡਰਿੰਗ ਲਈ ਕੀਤੀ ਗਈ ਸੀ। ਉਸਨੂੰ ਦੋ ਦਿਨਾਂ ਲਈ ਡਿਜੀਟਲ ਤੌਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੈਸੇ ਟ੍ਰਾਂਸਫਰ ਕਰ ਦਿੱਤੇ ਗਏ।

ਰਾਜਨਗਰ ਐਕਸਟੈਂਸ਼ਨ ਦੀ ਰਹਿਣ ਵਾਲੀ ਨਿਧੀ ਸ਼ਰਮਾ ਨੇ ਦੱਸਿਆ ਕਿ 12 ਜਨਵਰੀ ਨੂੰ ਉਸਨੂੰ ਪਹਿਲੀ ਵਾਰ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ ਦੇ ਨਾਮ 'ਤੇ ਇੱਕ ਕਾਲ ਆਈ। ਉਸਨੂੰ ਦੱਸਿਆ ਗਿਆ ਕਿ ਉਸਦਾ ਮੋਬਾਈਲ ਸਿਮ ਬੰਦ ਕੀਤਾ ਜਾ ਰਿਹਾ ਹੈ ਕਿਉਂਕਿ ਇਹ ਨੰਬਰ ਸੰਦੀਪ ਕੁਮਾਰ ਦੇ ਨਾਮ 'ਤੇ ਮਨੀ ਲਾਂਡਰਿੰਗ ਕੇਸ ਵਿੱਚ ਵਰਤਿਆ ਗਿਆ ਸੀ। ਜੇਕਰ ਉਹ ਕਾਰਵਾਈ ਤੋਂ ਬਚਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪੁਲਿਸ ਕੋਲ ਸ਼ਿਕਾਇਤ ਕਰਨੀ ਪਵੇਗੀ। ਦੋਸ਼ੀ ਨੇ ਖੁਦ ਆਪਣੀ ਕਾਲ ਕਥਿਤ ਦਿੱਲੀ ਪੁਲਿਸ ਅਧਿਕਾਰੀ ਨਾਲ ਜੋੜੀ।

ਛੇ ਵਾਰ ਪੈਸੇ ਟ੍ਰਾਂਸਫਰ ਕੀਤੇ-ਕਥਿਤ ਦਿੱਲੀ ਪੁਲਿਸ ਅਧਿਕਾਰੀ ਨੇ ਉਸਨੂੰ ਦੱਸਿਆ ਕਿ ਉਸਨੂੰ ਇੱਕ ਵੀਡੀਓ ਕਾਲ ਆਵੇਗੀ। ਉਨ੍ਹਾਂ ਨੂੰ ਜੋ ਵੀ ਸਪੱਸ਼ਟੀਕਰਨ ਦੇਣਾ ਹੈ, ਉਹ ਵੀਡੀਓ ਕਾਲ 'ਤੇ ਦੇਣਾ ਚਾਹੀਦਾ ਹੈ। ਵੀਡੀਓ ਕਾਲ 'ਤੇ ਵੀ, ਇੱਕ ਨਕਲੀ ਪੁਲਿਸ ਵਾਲੇ ਨੇ ਉਸ ਨਾਲ ਗੱਲ ਕੀਤੀ ਅਤੇ ਕਿਹਾ ਕਿ ਉਸਦੇ ਆਧਾਰ ਕਾਰਡ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਕੁਝ ਸਮੇਂ ਬਾਅਦ ਉਸਨੂੰ ਫਿਰ ਫ਼ੋਨ ਆਇਆ। ਕਾਲ ਕਰਨ ਵਾਲੇ ਨੇ ਦੱਸਿਆ ਕਿ ਉਸਦੇ ਆਧਾਰ ਕਾਰਡ ਦੀ ਤਸਦੀਕ ਹੋ ਗਈ ਹੈ ਅਤੇ ਇਹ ਪਾਇਆ ਗਿਆ ਹੈ ਕਿ ਉਸਦੇ ਆਧਾਰ ਕਾਰਡ ਦੀ ਵਰਤੋਂ ਐਚਡੀਐਫਸੀ ਬੈਂਕ ਵਿੱਚ ਖਾਤਾ ਖੋਲ੍ਹਣ ਲਈ ਕੀਤੀ ਗਈ ਹੈ। ਇਸੇ ਖਾਤੇ ਦੀ ਵਰਤੋਂ ਮਨੀ ਲਾਂਡਰਿੰਗ ਲਈ ਕੀਤੀ ਗਈ ਹੈ। ਕਾਰਵਾਈ ਤੋਂ ਬਚਣ ਲਈ, ਉਸਨੇ ਛੇ ਕਿਸ਼ਤਾਂ ਵਿੱਚ 6 ਲੱਖ 5 ਹਜ਼ਾਰ ਰੁਪਏ ਵੱਖ-ਵੱਖ ਖਾਤਿਆਂ ਵਿੱਚ ਟਰਾਂਸਫਰ ਕਰਵਾਏ।

### ਸਾਈਬਰ ਧੋਖਾਧੜੀ ਤੋਂ ਬਚਣ ਲਈ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ

* ਕਿਸੇ ਵੀ ਅਣਜਾਣ ਫੋਨ ਕਾਲ 'ਤੇ ਆਪਣੀ ਨਿੱਜੀ ਜਾਣਕਾਰੀ ਜਿਵੇਂ ਕਿ ਘਰ ਦਾ ਪਤਾ, ਬੈਂਕ ਖਾਤੇ ਦੇ ਵੇਰਵੇ, ਆਧਾਰ ਕਾਰਡ, ਪੈਨ ਕਾਰਡ ਨਾ ਦਿਓ।
* ਨਿੱਜੀ ਡੇਟਾ ਅਤੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਖਾਤਿਆਂ 'ਤੇ ਮਜ਼ਬੂਤ ਪਾਸਵਰਡ ਰੱਖੋ।
* ਕਿਸੇ ਅਣਜਾਣ ਨੰਬਰ ਤੋਂ ਕਾਲ ਆਉਣ 'ਤੇ ਆਪਣੀ ਜਾਣਕਾਰੀ ਦੇਣ ਦੀ ਬਜਾਏ, ਪਹਿਲਾਂ ਦੂਜੇ ਪਾਸੇ ਵਾਲੇ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰੋ।
* ਜੇਕਰ ਤੁਹਾਨੂੰ ਕੋਈ ਸ਼ੱਕ ਹੈ, ਤਾਂ ਤੁਰੰਤ ਕਾਲ ਡਿਸਕਨੈਕਟ ਕਰੋ ਅਤੇ ਨੰਬਰ ਨੂੰ ਬਲਾਕ ਕਰੋ।
* ਸਾਈਬਰ ਅਪਰਾਧ ਦੇ ਮਾਮਲੇ ਵਿੱਚ ਇਸਦੀ ਸ਼ਿਕਾਇਤ ਨਜ਼ਦੀਕੀ ਸਾਈਬਰ ਪੁਲਿਸ ਸਟੇਸ਼ਨ ਜਾਂ ਸਾਈਬਰ ਅਪਰਾਧ ਹੈਲਪਲਾਈਨ ਨੰਬਰ 1930 'ਤੇ ਕਰੋ

## ਪਟਿਆਲਾ ਵਿਚ ਗੁੰਡਾਗਰਦੀ ਦਾ ਨੰਗਾ ਨਾਚ

### ✪ ਕਿਰਪਾਨਾਂ ਨਾਲ ਵੱਢ' ਦਿਤਾ ਦੁਕਾਨ 'ਤੇ ਗਿਆ ਗਭਰੂ



ਪਟਿਆਲਾ-ਪਟਿਆਲਾ ਸ਼ਹਿਰ ਵਿਚ ਦਿਨ-ਦਿਹਾੜੇ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ ਤੇ ਇਸ ਮਾਮਲੇ ਦੀ ਸੀ.ਸੀ.ਟੀ.ਵੀ. ਵੀਡੀਓ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਹੀ ਹੈ। ਇਹ ਮਾਮਲਾ ਪਟਿਆਲਾ ਦੇ ਪੌਸ਼ ਇਲਾਕੇ ਅਜੀਤ ਨਗਰ ਦਾ ਹੈ, ਜਿੱਥੇ 2 ਭਰਾ ਇਕ ਦੁਕਾਨ 'ਤੇ ਦਹੀਂ ਲੈਣ ਗਏ ਸੀ। ਇਸ ਦੌਰਾਨ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਕੁਝ ਨੌਜਵਾਨਾਂ ਨੇ ਹਮਲਾ ਕਰ ਦਿੱਤਾ। ਉਕਤ ਵਾਰਦਾਤ ਦੁਕਾਨ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ, ਜਿਸ ਆਧਾਰ 'ਤੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਜ਼ਖ਼ਮੀ ਹੋਏ ਨੌਜਵਾਨ ਦੀ ਪਛਾਣ ਸੂਬੀ (20) ਵਜੋਂ ਹੋਈ ਹੈ, ਜੋ ਕਿ ਪਟਿਆਲਾ ਦੇ ਖਾਲਸਾ ਕਾਲਜ 'ਚ ਬੀ.ਏ. ਪਹਿਲੇ ਸਾਲ ਦਾ ਵਿਦਿਆਰਥੀ ਹੈ। ਉਸ ਨੂੰ ਜ਼ਖ਼ਮੀ ਹਾਲਤ ਵਿਚ ਨਜ਼ਦੀਕੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਉਸ ਦੇ ਪਰਿਵਾਰ ਵਿਚ ਉਹ ਤੇ ਉਸ ਦੇ ਪਿਤਾ ਹੀ ਹਨ, ਜਦਕਿ ਉਸ ਦੀ ਮਾਤਾ ਦੀ ਕਾਫ਼ੀ ਸਮਾਂ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਜਾਣਕਾਰੀ ਅਨੁਸਾਰ ਉਹ ਆਪਣੇ ਤਾਏ ਦੇ ਮੁੰਡੇ ਨਾਲ ਦੁਕਾਨ 'ਤੇ ਦਹੀਂ ਲੈਣ ਲਈ ਗਿਆ ਸੀ ਤੇ ਇਸੇ ਦੌਰਾਨ ਉਸ 'ਤੇ ਹਮਲਾ ਹੋ ਗਿਆ ਤੇ ਉਹ ਜ਼ਖ਼ਮੀ ਹੋ ਗਿਆ। ਇਹ ਮਾਮਲਾ ਪੁਰਾਣੀ ਰੰਜਿਸ਼ ਕਾਰਨ ਹੋਇਆ ਜਾਪਦਾ ਹੈ, ਜਦਕਿ ਇਸ ਵਾਰਦਾਤ ਦਾ ਅਸਲ ਕਾਰਨ ਤਾਂ ਪੁਲਸ ਦੀ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ।

### -ਮਾਮਲਾ ਕਬੱਡੀ ਖਿਡਾਰੀ ਸੰਦੀਪ ਨੰਗਰ ਅੰਬੀਆ ਦੇ ਕਤਲ ਦਾ-

## ਗੈਂਗਸਟਰ ਪੁਨੀਤ, ਨਰਿੰਦਰ ਲੱਲੀ ਤੇ ਉਸ ਦੇ 4 ਸਾਥੀ ਗ੍ਰਿਫਤਾਰ



ਜਲੰਧਰ-ਕੌਮਾਂਤਰੀ ਸਰਕਲ ਸਟਾਈਲ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬਿਆ ਦੇ ਕਤਲ ਮਾਮਲੇ ਵਿੱਚ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ। ਪੰਜਾਬ ਪੁਲਿਸ ਨੇ ਗੈਂਗਸਟਰ ਪੁਨੀਤ ਜਲੰਧਰ, ਨਰਿੰਦਰ ਲੱਲੀ ਅਤੇ ਉਸ ਦੇ 4 ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹਨਾਂ 'ਤੇ ਦਿੱਲੀ, ਪੰਜਾਬ ਅਤੇ ਰਾਜਸਥਾਨ ਸਮੇਤ ਕਈ ਸੂਬਿਆਂ ਵਿੱਚ 12 ਤੋਂ ਵੱਧ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਇਲਜ਼ਾਮ ਹਨ।

ਪੁਲਿਸ ਨੇ ਅਮਨ ਨਗਰ ਦੇ ਰਹਿਣ ਵਾਲੇ ਪੁਨੀਤ ਸ਼ਰਮਾ ਉਰਫ਼ ਪੁਨੀਤ ਜਲੰਧਰ, ਜਲੰਧਰ ਦੇ ਪ੍ਰੀਤ ਨਗਰ ਦੇ ਰਹਿਣ ਵਾਲੇ ਨਰਿੰਦਰ ਸ਼ਰਮਾ ਉਰਫ ਨਰਿੰਦਰ ਲੱਲੀ, ਪੰਜਾਬ ਦੇ ਰਹਿਣ ਵਾਲੇ ਗੋਰੀ ਚੀਟੀਵਿੰਡ, ਸ਼ਨੂੰ ਮਿਤਾ, ਮਨਜਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਜੰਡਿਆਲਾ ਤੋਂ ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ ਐਕਸ ਜਾਣਕਾਰੀ ਸਾਂਝੀ ਕਰਦੇ ਹੋਏ ਲਿਖਿਆ ਹੈ ਮੁਲਜ਼ਮਾਂ ਤੋਂ ਪੁਲਿਸ ਨੇ ਗੈਰ ਕਾਨੂੰਨੀ ਹਥਿਆਰ ਵੀ ਬਰਾਮਦ ਕੀਤੇ ਹਨ। ਸਾਰੇ ਮੁਲਜ਼ਮ ਮਿਲ ਕੇ ਜਲੰਧਰ ਵਿੱਚ ਆਪਣੀ ਐਂਟੀ ਗੈਂਗ ਦੇ ਗੈਂਗਸਟਰ ਨੂੰ ਮਾਰਨ ਦੀ ਤਿਆਰੀ ਕਰ ਰਹੇ ਸੀ। ਇਸ ਤੋਂ ਪਹਿਲਾਂ ਪੁਲਿਸ ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

ਮੁਲਜ਼ਮ ਹਰਿਆਣਾ ਦੇ ਖਤਰਨਾਕ ਗੈਂਗਸਟਰ ਕੌਸ਼ਲ ਚੌਧਰੀ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਐਂਟੀ ਚੱਲਣ ਵਾਲੇ ਗੈਂਗ ਦਵਿੰਦਰ ਬੰਬੀਹਾ ਦੇ ਲਈ ਕੰਮ ਕਰਦੇ ਸੀ। ਚੌਧਰੀ ਤੇ ਬੰਬੀਹਾ ਗੈਂਗ ਦਾ ਆਪਸ ਵਿੱਚ ਸਮਝੌਤਾ ਹੈ। ਇਹ ਦੋਵੇ ਮਿਲ ਕੇ ਹੀ ਪੰਜਾਬ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।

## 2 ਸਾਲ ਬਾਅਦ ਮੂਸੇਵਾਲਾ ਦੇ ਕਤਲਕਾਂਡ ਦਾ ਵੱਡਾ ਦੋਸ਼ੀ ਗੈਂਗਸਟਰ ਵਿਸ਼ਾਲ ਖ਼ਾਨ ਗ੍ਰਿਫਤਾਰ

### ✪ ਗੈਂਗਸਟਰ ਬਿਸ਼ਨੋਈ ਤੇ ਗੋਲਡੀ ਬਰਾੜ ਲਈ ਕਰਦਾ ਸੀ ਕੰਮ



ਪਟਿਆਲਾ-ਸਿੱਧੂ ਮੂਸੇਵਾਲਾ ਕਤਲ ਦੇ 2 ਸਾਲ ਬਾਅਦ ਪੁਲਿਸ ਨੇ ਮੂਸੇਵਾਲਾ ਦੇ ਕਾਤਲਾਂ ਨੂੰ ਹਥਿਆਰ ਮੁਹੱਈਆ ਗੈਂਗਸਟਰ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਸ ਦੇ ਖਿਲਾਫ਼ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਾਮਲੇ ਦਰਜ ਕੀਤੇ ਗਏ ਸਨ। ਵਿਸ਼ਾਲ ਨੇ ਪਿਛਲੇ ਸਾਲ ਸਤੰਬਰ ਵਿਚ ਡੇਰਾਬਸੀ ਵਿੱਚ ਇਕ ਆਈਲੈਟਸ ਸੈਂਟਰ ਵਿਚ ਗੋਲ਼ਾਬਾਰੀ ਕੀਤੀ ਸੀ। ਵਿਸ਼ਾਲ ਖ਼ਾਨ ਤੇ ਮਨਜੀਤ ਵਾਰਦਾਤ ਦੇ ਮਾਸਟਰ ਮਾਈਡ ਸਨ। ਵਿਸ਼ਾਲ ਖਾਨ ਫ਼ਰਾਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਚਲ ਰਿਹਾ ਸੀ ਜਦਕਿ ਜਗਦੀਪ ਜੱਗਾ, ਮੋਹਿਤ ਕੁਮਾਰ ਬੰਟੀ, ਅਨਮੋਲ, ਗੁਰਕੀਰਤ ਸਿੰਘ ਬੇਦੀ, ਨਿਸ਼ਾਂਤ ਕੁਮਾਰ ਉਰਫ਼ ਨਿੱਕੂ ਰਾਣਾ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਪੰਜਾਬ- ਹਰਿਆਣਾ ਸਰਹੱਦ ਬਰਵਾਲਾ ਨੇੜਿਓਂ ਪਿਸਤੌਲ ਸਮੇਤ ਕਾਬੂ ਕੀਤਾ ਹੈ। ਉਸ ਦੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਹ 2023 ਤੋਂ ਵਿਦੇਸ਼ੀ ਗੈਂਗਸਟਰ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਗ੍ਰਿਫ਼ਤਾਰ ਗੈਂਗਸਟਰ ਦੀ ਪਛਾਣ ਮਹਿਫ਼ੂਜ਼ ਉਰਫ਼ ਵਿਸ਼ਾਲ ਖ਼ਾਨ ਵਜੋਂ ਹੋਈ ਹੈ, ਜੋ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਅਤੇ ਗੋਲਡੀ ਬਰਾੜ ਲਈ ਕੰਮ ਕਰਦਾ ਸੀ। ਪੁੱਛਗਿੱਛ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਵਿਸ਼ਾਲ ਖਾਨ ਨੇ 26 ਜਨਵਰੀ ਵਾਲੇ ਦਿਨ ਵੱਡੀ ਵਾਰਦਾ ਨੂੰ ਟਰਾਈ ਸਿੱਟੀ ਵਿੱਚ ਅੰਜਾਮ ਦੇਣਾ ਸੀ।

# 7 ਲੱਖ ਗੈਰ-ਕਾਨੂੰਨੀ ਭਾਰਤੀ ਅਮਰੀਕਾ ਵਿਚੋਂ ਡਿਪੋਰਟ ਹੋਣਗੇ, ਗ੍ਰਿਫਤਾਰੀਆਂ ਸ਼ੁਰੂ

## ✪ ਡੋਨਾਲਡ ਟਰੰਪ ਦੇ ਐਲਾਨ ਨਾਲ ਭਾਰਤੀਆਂ ਨੂੰ ਵੱਡਾ ਖ਼ਤਰਾ ✪ ਅਮਰੀਕਾ ਵਿੱਚ ਸਭ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ ਤੋਂ

### ਵਿਸ਼ੇਸ਼ ਰਿਪੋਟ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੋਨਾਲਡ ਟਰੰਪ ਦੀ ਰਾਜਨੀਤੀ ਵਿੱਚ ਅਣਅਧਿਕਾਰਤ ਪ੍ਰਵਾਸੀਆਂ ਦਾ ਮੁੱਦਾ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। 2025 ਵਿੱਚ, ਇਹ ਮੁੱਦਾ ਫਿਰ ਤੋਂ ਉੱਠਿਆ ਹੈ। ਟਰੰਪ ਦੇਸ਼ ਤੋਂ ਅਣਅਧਿਕਾਰਤ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਚਾਹੁੰਦੇ ਹਨ। ਇਹਨਾਂ ਪ੍ਰਵਾਸੀਆਂ ਨੂੰ ਅਕਸਰ 'ਗੈਰ-ਕਾਨੂੰਨੀ ਪ੍ਰਵਾਸੀ' ਕਿਹਾ ਜਾਂਦਾ ਹੈ। 2024 ਤੱਕ, ਇਹ ਗਿਣਤੀ 14 ਮਿਲੀਅਨ ਹੋ ਗਈ ਸੀ।2022 ਵਿੱਚ ਇਹ ਗਿਣਤੀ 11 ਮਿਲੀਅਨ ਸੀ, ਪਰ ਹਾਲ ਹੀ ਦੇ ਸਾਲਾਂ ਵਿੱਚ ਸਰਹੱਦ ਪਾਰ ਕਰਨ ਵਾਲਿਆਂ ਅਤੇ ਸ਼ਰਣ ਮੰਗਣ ਵਾਲਿਆਂ ਦੀ ਵੱਧਦੀ ਗਿਣਤੀ ਨੇ ਇਸ ਅੰਕੜੇ ਨੂੰ ਵਧਾ ਦਿੱਤਾ ਸੀ।

ਅਣਅਧਿਕਾਰਤ ਪ੍ਰਵਾਸੀ ਉਹ ਲੋਕ ਹਨ ਜੋ ਸੰਯੁਕਤ ਰਾਜ ਅਮਰੀਕਾ ਵਿੱਚ ਬਿਨਾਂ ਕਿਸੇ ਜਾਇਜ਼ ਦਸਤਾਵੇਜ਼ ਦੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਲੋਕ ਸਰਹੱਦ ਪਾਰ ਕਰਕੇ ਆਉਂਦੇ ਹਨ, ਜਦੋਂ ਕਿ ਕੁਝ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿੰਦੇ ਹਨ। ਇਹ ਲੋਕ ਗੈਰ-ਕਾਨੂੰਨੀ ਤਰੀਕਿਆਂ ਦੀ ਵਰਤੋਂ ਕਰਕੇ ਕਿਸੇ ਵੀ ਤਰੀਕੇ ਨਾਲ ਦਾਖਲ ਹੋ ਸਕਦੇ ਹਨ, ਜਿਸਨੂੰ ਡੰਕੀ ਵੀ ਕਿਹਾ ਜਾਂਦਾ ਹੈ।

ਡੋਨਾਲਡ ਟਰੰਪ ਨੇ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਬਾਹਰ ਕੱਢਣ ਦੀ ਗੱਲ ਕਹੀ ਹੈ ਅਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਦੀ ਕਾਰਵਾਈ ਨਾਲ ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਭਾਰਤ ਤੋਂ ਇਲਾਵਾ, ਮੈਕਸੀਕੋ, ਅਲ ਸਲਵਾਡੋਰ, ਬ੍ਰਾਜ਼ੀਲ, ਕੈਨੇਡਾ, ਕੋਲੰਬੀਆ, ਇਕਵਾਡੋਰ ਅਤੇ ਹੋਰ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਵਿੱਚ ਰਹਿੰਦੇ ਹਨ।



ਅਮਰੀਕਾ ਵਿੱਚ ਸਭ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ ਤੋਂ ਹਨ, ਜਿਨ੍ਹਾਂ ਦੀ ਗਿਣਤੀ 40 ਲੱਖ ਦੇ ਕਰੀਬ ਹੈ। ਇਸ ਤੋਂ ਬਾਅਦ, ਅਲ ਸਲਵਾਡੋਰ ਤੋਂ 7.5 ਲੱਖ ਅਤੇ ਭਾਰਤ ਤੋਂ 7.25 ਲੱਖ ਲੋਕ ਅਮਰੀਕਾ ਵਿੱਚ ਹਨ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਸਾਲ 2023 ਵਿੱਚ ਹੀ, 90 ਹਜ਼ਾਰ ਭਾਰਤੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ।

ਭਾਰਤੀਆਂ ਨੂੰ ਪਹਿਲਾਂ ਵੀ ਅਮਰੀਕਾ ਤੋਂ ਵਾਪਸ ਭੇਜਿਆ ਜਾ ਚੁੱਕਾ ਹੈ। ਪਿਛਲੇ ਸਾਲ ਹੀ, ਇੱਕ ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਸੀ। ਇਸ ਵੇਲੇ ਵੀ, ਭਾਰਤ ਸਰਕਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਟਰੰਪ ਪ੍ਰਸ਼ਾਸਨ ਨਾਲ ਕੰਮ ਕਰ ਰਹੀ ਹੈ। ਹੁਣ ਤੱਕ, ਅਮਰੀਕਾ ਵਿੱਚ ਲਗਭਗ 18,000 ਭਾਰਤੀ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕੀਤੀ ਗਈ ਹੈ।

ਪਿਊ ਰਿਸਰਚ ਸੈਂਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 2019-22 ਦੌਰਾਨ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੀ ਗਿਣਤੀ ਦੇ ਮਾਮਲੇ ਵਿੱਚ ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਭਾਰਤੀ ਤੀਜੇ ਸਥਾਨ 'ਤੇ ਹਨ। ਜਿਵੇਂ-ਜਿਵੇਂ ਅਮਰੀਕਾ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ, ਭਾਰਤੀਆਂ ਦੀ ਚਿੰਤਾ ਵੱਧ ਗਈ ਹੈ। ਪਿਊ ਰਿਪੋਰਟ ਦੇ ਅਨੁਸਾਰ, ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੋਂ ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ।

### ਭਾਰਤ ਨੇ ਕੀ ਦਿਤਾ ਜੁਆਬ

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਪਛਾਣ ਹੋਣ 'ਤੇ ਭਾਰਤ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲਵੇਗਾ। ਮੰਤਰਾਲੇ ਦੇ ਬੁਲਾਰੇ ਰਣਜੀਤ ਜੈਸਵਾਲ ਨੇ ਕਿਹਾ ਕਿ ਜੇਕਰ ਭਾਰਤੀ ਨਾਗਰਿਕਾਂ ਕੋਲ ਅਮਰੀਕਾ ਜਾਂ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਢੁਕਵੇਂ ਦਸਤਾਵੇਜ਼ ਨਹੀਂ ਹਨ, ਤਾਂ ਅਸੀਂ ਉਨ੍ਹਾਂ ਨੂੰ ਵਾਪਸ ਲੈ ਲਵਾਂਗੇ, ਬਸ਼ਰਤੇ ਦਸਤਾਵੇਜ਼ ਸਾਡੇ ਨਾਲ ਸਾਂਝੇ ਕੀਤੇ ਜਾਣ ਤਾਂ ਜੋ ਅਸੀਂ ਉਨ੍ਹਾਂ ਦੀ ਕੌਮੀਅਤ ਦੀ ਪੁਸ਼ਟੀ ਕਰ ਸਕੀਏ ਅਤੇ ਇਹ ਕਿ ਉਹ ਅਸਲ ਵਿੱਚ ਭਾਰਤੀ ਹਨ। ਹਾਲਾਂਕਿ ਇਸ ਵੇਲੇ ਮੁੱਦਾ ਬਹੁਤ ਸਿੱਧਾ ਨਹੀਂ ਜਾਪਦਾ।

### ਡੋਨਾਲਡ ਟਰੰਪ ਵੱਲੋਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਮੁੱਖ ਕਾਰਨ

ਟਰੰਪ ਦਾ ਕਹਿਣਾ ਹੈ ਕਿ ਅਣਅਧਿਕਾਰਤ ਪ੍ਰਵਾਸੀਆਂ ਕਾਰਨ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਦਾ ਨੁਕਸਾਨ ਹੁੰਦਾ ਹੈ। ਉਸਨੇ ਇਹ ਵੀ ਦਲੀਲ ਦਿੱਤੀ ਕਿ ਅਣਅਧਿਕਾਰਤ ਪ੍ਰਵਾਸੀ ਸਰਹੱਦ ਪਾਰ ਅਪਰਾਧ ਅਤੇ ਨਸ਼ੀਲੇ ਪਦਾਰਥ ਲਿਆਉਂਦੇ ਹਨ, ਜਿਸ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੁੰਦਾ ਹੈ। ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦਾ ਅਨੁਮਾਨ ਹੈ ਕਿ 2024 ਤੱਕ, ਲਗਭਗ 6.55 ਲੱਖ ਪ੍ਰਵਾਸੀਆਂ ਦੇ ਅਪਰਾਧਿਕ ਰਿਕਾਰਡ ਹੋਣਗੇ, ਜਿਸ ਵਿੱਚ ਛੋਟੇ ਅਪਰਾਧ (ਜਿਵੇਂ ਕਿ ਟ੍ਰੈਫਿਕ ਉਲੰਘਣਾ) ਸ਼ਾਮਲ ਹਨ। 2023 ਦੇ ਅੰਤ ਤੱਕ 10 ਲੱਖ ਤੋਂ ਵੱਧ ਸ਼ਰਨ ਅਰਜ਼ੀਆਂ ਪੈਂਡਿੰਗ ਸਨ। ਟਰੰਪ ਦਾ ਮੰਨਣਾ ਹੈ ਕਿ ਇਸ ਨਾਲ ਸਿਸਟਮ 'ਤੇ ਦਬਾਅ ਪੈਂਦਾ ਹੈ।

### ਅਣਅਧਿਕਾਰਤ ਪ੍ਰਵਾਸੀਆਂ ਦੇ ਯੋਗਦਾਨ

ਹਾਲਾਂਕਿ, ਅਣਅਧਿਕਾਰਤ ਪ੍ਰਵਾਸੀ ਅਮਰੀਕੀ ਸਮਾਜ ਅਤੇ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਜਿਵੇਂ...2022 ਵਿੱਚ, 8.3 ਮਿਲੀਅਨ ਅਣਅਧਿਕਾਰਤ ਪ੍ਰਵਾਸੀ ਕਾਮੇ ਸਨ, ਜੋ ਕਿ ਸਾਰੇ ਅਮਰੀਕੀ ਕਾਮਿਆਂ ਦਾ 4.8% ਸਨ। 22 ਮਿਲੀਅਨ ਲੋਕ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਘੱਟੋ-ਘੱਟ ਇੱਕ ਅਣਅਧਿਕਾਰਤ ਪ੍ਰਵਾਸੀ ਸ਼ਾਮਲ ਹੈ। ਲਗਭਗ 4.4 ਮਿਲੀਅਨ ਅਮਰੀਕੀ ਬੱਚੇ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿੱਥੇ ਮਾਪਿਆਂ ਵਿੱਚੋਂ ਇੱਕ ਅਣਅਧਿਕਾਰਤ ਪ੍ਰਵਾਸੀ ਹੈ।

### ਅਣਅਧਿਕਾਰਤ ਪ੍ਰਵਾਸੀਆਂ ਦੀ ਗਿਣਤੀ ਕਿਉਂ ਵੱਧ ਰਹੀ ਹੈ?

2022 ਅਤੇ 2023 ਵਿੱਚ ਅਮਰੀਕੀ ਸਰਹੱਦਾਂ 'ਤੇ ਰਿਕਾਰਡ ਗਿਣਤੀ ਵਿੱਚ ਪ੍ਰਵਾਸੀਆਂ ਨੂੰ ਰੋਕਿਆ ਗਿਆ। 2023 ਦੇ ਅੰਤ ਤੱਕ 10 ਲੱਖ ਸ਼ਰਣ ਲੈਣ ਬਾਰੇ ਅਰਜ਼ੀਆਂ ਪੈਂਡਿੰਗ ਸਨ।

ਕੁਝ ਸਰਕਾਰੀ ਪ੍ਰੋਗਰਾਮ ਪ੍ਰਵਾਸੀਆਂ ਨੂੰ ਸੰਯੁਕਤ ਰਾਜ ਅਮਰੀਕਾ ਆਉਣ ਦੀ ਆਗਿਆ ਦਿੰਦੇ ਹਨ।

2023 ਤੱਕ ਕਿਊਬਾ, ਹੈਤੀ, ਨਿਕਾਰਾਗੁਆ, ਵੈਨੇਜ਼ੁਏਲਾ ਦੇਸ਼ਾਂ ਤੋਂ 500,000 ਪ੍ਰਵਾਸੀ ਅਮਰੀਕਾ ਆਏ। ਯੁੱਧ ਕਾਰਨ ਯੂਕਰੇਨੀ ਨਾਗਰਿਕਾਂ ਨੂੰ ਅਸਥਾਈ ਤੌਰ 'ਤੇ ਪਨਾਹ ਦਿੱਤੀ ਗਈ

### ਨਵੇਂ ਖੇਤਰਾਂ ਤੋਂ ਪ੍ਰਵਾਸ

ਮੈਕਸੀਕੋ: 2022 ਵਿੱਚ, ਇੱਥੋਂ ਦੇ 40 ਲੱਖ ਲੋਕ ਅਮਰੀਕਾ ਵਿੱਚ ਅਣਅਧਿਕਾਰਤ ਤੌਰ 'ਤੇ ਰਹਿ ਰਹੇ ਸਨ।

ਭਾਰਤ, ਕੈਰੇਬੀਅਨ ਅਤੇ ਦੱਖਣੀ ਅਮਰੀਕਾ: 2019-2022 ਦੇ ਵਿਚਕਾਰ ਭਾਰਤ ਤੋਂ 7.25 ਲੱਖ ਪ੍ਰਵਾਸੀ ਅਮਰੀਕਾ ਆਏ।

### 2019-2022 ਦੇ ਵਿਚਕਾਰ, ਕੁਝ ਰਾਜਾਂ ਵਿੱਚ ਪ੍ਰਵਾਸੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ

| | |
|---|---|
| ਫਲੋਰੀਡਾ | : +400,000 |
| ਟੈਕਸਾਸ | : +85,000 |
| ਨਿਊਯਾਰਕ | : +70,000 |
| ਨਿਊ ਜਰਸੀ | : +55,000 |
| ਮੈਸੇਚਿਉਸੇਟਸ | : +50,000 |

### ਗਿਰਾਵਟ ਦਰਜ ਕਰਨ ਵਾਲਾ ਇੱਕੋ ਇੱਕ ਰਾਜ

ਕੈਲੀਫੋਰਨੀਆ: ਇੱਥੇ ਅਣਅਧਿਕਾਰਤ ਪ੍ਰਵਾਸੀਆਂ ਦੀ ਗਿਣਤੀ 1.2 ਲੱਖ ਘੱਟ ਗਈ।

### ਕੀ ਟਰੰਪ ਦੀ ਯੋਜਨਾ ਸੰਭਵ ਹੈ?

ਪ੍ਰਸ਼ਾਸਨ ਅਤੇ ਨਿਆਂਪਾਲਿਕਾ ਨੂੰ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਬਹੁਤ ਸਮਾਂ ਅਤੇ ਸਰੋਤਾਂ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਪ੍ਰਵਾਸੀ ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ। ਇਨ੍ਹਾਂ ਨੂੰ ਹਟਾਉਣਾ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਚੁਣੌਤੀਪੂਰਨ ਹੈ। ਦੇਸ਼ ਨਿਕਾਲੇ ਦਾ ਸਥਾਨਕ ਭਾਈਚਾਰਿਆਂ ਅਤੇ ਕਾਰੋਬਾਰਾਂ 'ਤੇ ਗੰਭੀਰ ਪ੍ਰਭਾਵ ਪਵੇਗਾ।

## ਮੈਕਸੀਕੋ ਵਲੋਂ ਅਮਰੀਕਾ ਤੋਂ ਗੈਰ ਕਨੂੰਨੀ ਪ੍ਰਵਾਸੀ ਲੈਣ ਤੋਂ ਕੀਤਾ ਇਨਕਾਰ

ਵਾਸ਼ਿੰਗਟਨ-ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਨੂੰ ਲੈ ਕੇ ਅਮਰੀਕਾ ਵਿਚ ਚੱਲ ਰਹੀਆਂ ਕਾਰਵਾਈਆਂ ਦਰਮਿਆਨ ਮੈਕਸੀਕੋ ਨੇ ਵੱਡਾ ਕਦਮ ਚੁੱਕਿਆ ਹੈ। ਮੈਕਸੀਕੋ ਨੇ ਸੰਯੁਕਤ ਰਾਜ ਤੋਂ ਦੇਸ਼ ਨਿਕਾਲੇ ਦੀ ਉਡਾਣ ਨੂੰ ਲੈਂਡਿੰਗ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਮੈਕਸੀਕੋ ਦੀ ਇਸ ਪ੍ਰਕਿਰਿਆ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗੈਰ-ਕਾਨੂੰਨੀ ਪਰਵਾਸ 'ਤੇ ਕਾਰਵਾਈ ਨੂੰ ਵੱਡਾ ਝਟਕਾ ਦਿੱਤਾ ਹੈ। ਸਹੁੰ ਚੁੱਕਣ ਤੋਂ ਬਾਅਦ, ਯੂਐਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕਨ ਬਾਰਡਰ ਨੂੰ ਇਮੀਗ੍ਰੇਸ਼ਨ ਲਈ ਬੰਦ ਕਰਨ ਅਤੇ ਅਮਰੀਕਾ ਵਿੱਚ ਸਥਾਈ ਕਾਨੂੰਨੀ ਸਥਿਤੀ ਤੋਂ ਬਿਨਾਂ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਉਦੇਸ਼ ਨਾਲ ਕਈ ਕਾਰਜਕਾਰੀ ਆਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਨੇ ਸ਼ਰਨਾਰਥੀ ਪੁਨਰਵਾਸ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਦੇ ਪ੍ਰਸ਼ਾਸਨ ਨੇ ਉਹਨਾਂ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਉਣ ਦੇ ਆਪਣੇ ਇਰਾਦੇ ਦਾ ਵੀ ਐਲਾਨ ਕੀਤਾ ਜੋ ਉਨ੍ਹਾਂ ਦੀ ਨਵੀਂ ਇਮੀਗ੍ਰੇਸ਼ਨ ਨੀਤੀਆਂ ਨੂੰ ਲਾਗੂ ਨਹੀਂ ਕਰਦੇ ਹਨ। ਉਦੋਂ ਤੋਂ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦਾ ਸਿਲਸਿਲਾ ਜਾਰੀ ਹੈ।

ਪਹਿਲਾਂ, 160 ਡਿਪੋਰਟੀਆਂ ਨੂੰ ਯੂਐਸ ਏਅਰ ਫੋਰਸ ਦੀਆਂ ਦੋ ਉਡਾਣਾਂ ਰਾਹੀਂ ਗੁਆਟੇਮਾਲਾ ਲਈ ਸਫਲਤਾਪੂਰਵਕ ਏਅਰਲਿਫਟ ਕੀਤਾ ਗਿਆ ਸੀ। ਇਸ ਤੋਂ ਬਾਅਦ ਡਿਪੋਰਟੀਆਂ ਨਾਲ ਇਕ ਹੋਰ ਫਲਾਈਟ ਪਹੁੰਚੀ, ਜਿਸ ਨੂੰ ਮੈਕਸੀਕੋ ਨੇ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਪ੍ਰਸ਼ਾਸਨਿਕ ਗਲਤੀ ਕਾਰਨ ਹੋਇਆ ਹੈ। ਇਸ ਨੂੰ ਜਲਦੀ ਠੀਕ ਕੀਤਾ ਗਿਆ। ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਗਲਤੀ ਰੱਖਿਆ ਵਿਭਾਗ ਦੀ ਕਾਗਜ਼ੀ ਕਾਰਵਾਈ ਕਾਰਨ ਹੋਈ ਹੈ। ਜੇ ਅਜਿਹਾ ਨਹੀਂ ਹੁੰਦਾ, ਤਾਂ ਮੈਕਸੀਕੋ ਦੇਸ਼ ਨਿਕਾਲੇ ਨੂੰ ਸਵੀਕਾਰ ਕਰਨ ਲਈ ਤਿਆਰ ਸੀ। ਰਿਪੋਰਟ ਅਨੁਸਾਰ ਇਕੱਲੇ ਵੀਰਵਾਰ ਨੂੰ, ਲਗਭਗ 2,000 ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਮੈਕਸੀਕੋ ਦੀਆਂ ਸਰਹੱਦਾਂ ਦੇ ਅੰਦਰ 5,000 ਵਾਧੂ ਹਿਰਾਸਤ ਵਿੱਚ ਲਏ ਗਏ। ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਨੇ 593 ਗ੍ਰਿਫਤਾਰੀਆਂ ਦੀ ਰਿਪੋਰਟ ਕੀਤੀ ਸੀ ਅਤੇ 449 ਨਜ਼ਰਬੰਦੀਆਂ ਜਾਰੀ ਕੀਤੀਆਂ ਸਨ। ਟਰੰਪ ਨੇ ਕਿਹਾ ਕਿ ਅਮਰੀਕੀ ਸਰਹੱਦ ਵਿਚ ਪ੍ਰਵਾਸੀਆਂ ਦੇ ਗੈਰ-ਕਾਨੂੰਨੀ ਪ੍ਰਵੇਸ਼ ਨੂੰ ਤੁਰੰਤ ਰੋਕਣ ਲਈ ਮੈਕਸੀਕੋ ਸਹਿਮਤ ਹੋ ਗਿਆ ਹੈ।

# ਦਲਿਤ ਲਾੜਾ ਬਰਾਤ ਲੈਕੇ ਘੋੜੀ 'ਤੇ ਸਵਾਰ ਹੋ ਕੇ ਪੁਲਿਸ ਦੀ ਸੁਰੱਖਿਆ ਨਾਲ ਨਿਕਲਿਆ

**ਵਿਸ਼ੇਸ਼ ਰਿਪੋਟ**

## ✪ ਮਨੂਵਾਦੀਆਂ ਦੇ ਹਮਲੇ ਦੀ ਸੰਭਾਵਨਾ ਕਾਰਨ ਮਿਲੀ ਸੁਰੱਖਿਆ ✪ ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਰਗੇ ਰਾਜਾਂ ਵਿੱਚ ਹੋ ਰਹੇ ਨੇ ਹਮਲੇ

ਦਲਿਤ ਲਾੜਿਆਂ ਬਰਾਤ 'ਤੇ ਹਮਲੇ ਦੀਆਂ ਘਟਨਾਵਾਂ ਸਿਰਫ਼ ਰਾਜਸਥਾਨ ਤੱਕ ਸੀਮਤ ਨਹੀਂ ਹਨ। ਅਜਿਹੀਆਂ ਘਟਨਾਵਾਂ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਰਗੇ ਰਾਜਾਂ ਵਿੱਚ ਵੀ ਹੁੰਦੀਆਂ ਹਨ। ਪਿਛਲੇ ਸਾਲ ਦਸੰਬਰ ਦੇ ਮਹੀਨੇ ਵਿੱਚ, ਬੁਲੰਦਸ਼ਹਿਰ ਵਿੱਚ ਇੱਕ ਦਲਿਤ ਪੁਲਿਸ ਕਾਂਸਟੇਬਲ ਦੀ ਬਰਾਤ 'ਤੇ ਹਮਲਾ ਹੋਇਆ ਸੀ। ਉਚ ਜਾਤੀ ਹਮਲਾਵਰਾਂ ਨੇ ਲਾੜੇ ਰੌਬਿਨ ਸਿੰਘ ਨੂੰ ਜ਼ਬਰਦਸਤੀ ਘੋੜੀ ਤੋਂ ਉਤਾਰ ਦਿੱਤਾ। ਨਾ ਸਿਰਫ਼ ਬਰਾਤ 'ਤੇ ਪੱਥਰਾਓ ਕੀਤਾ, ਸਗੋਂ ਡੀਜੇ ਨੂੰ ਵੀ ਰੁਕਵਾ ਦਿੱਤਾ ਗਿਆ। ਹਮਲਾਵਰ ਇਸ ਗੱਲ ਤੋਂ ਨਾਰਾਜ਼ ਸਨ ਕਿ ਇੱਕ ਦਲਿਤ ਦੀ ਬਰਾਤ ਉਨ੍ਹਾਂ ਦੇ ਇਲਾਕੇ ਵਿੱਚੋਂ ਕਿਵੇਂ ਲੰਘ ਸਕਦੀ ਹੈ? ਦਸੰਬਰ 2024 ਵਿੱਚ ਹੀ, ਮੱਧ ਪ੍ਰਦੇਸ਼ ਦੇ ਦਮੋਹ ਵਿੱਚ, ਇੱਕ ਦਲਿਤ ਲਾੜੇ ਬਰਾਤ 'ਤੇ ਹਮਲਾ ਕੀਤਾ ਗਿਆ ਸੀ ,ਕਿਉਂਕਿ ਉਸਦੀ ਬਰਾਤ ਘੋੜੇ ਵਾਲੇ ਰੱਥ 'ਤੇ ਸੀ। ਹਮਲਾਵਰ, ਜੋ ਕਿ ਉੱਚ ਜਾਤੀ ਨਾਲ ਸਬੰਧਤ ਸਨ, ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਬਰਾਤ ਰੱਥ 'ਤੇ ਨਹੀਂ ਕੱਢਣੀ ਚਾਹੀਦੀ। ਇਹ ਅਧਿਕਾਰ ਸਿਰਫ ਉਚ-ਜਾਤੀਆਂ ਕੋਲ ਹੈ।

ਰਾਜਸਥਾਨ ਵਿੱਚ, ਦਲਿਤ ਲਾੜਿਆਂ ਦੀਆਂ ਬਰਾਤਾਂ 'ਤੇ ਮਨੁਵਾਦੀਆਂ ਦੁਆਰਾ ਹਮਲੇ ਕੀਤੇ ਜਾਣ ਦੀਆਂ ਅਕਸਰ ਰਿਪੋਰਟਾਂ ਆਉਂਦੀਆਂ ਹਨ। ਅਜਿਹੇ ਬਹੁਤ ਸਾਰੇ ਮਾਮਲੇ ਸਾਹਮਣੇ ਆਉਂਦੇ ਹਨ ਜਿੱਥੇ ਬਰਾਤ 'ਤੇ ਪੱਥਰ ਸੁੱਟੇ ਜਾਂਦੇ ਹਨ। ਪਰ ਅੱਜ ਬਹੁਤ ਸਾਰੇ ਦਲਿਤ ਨੌਜਵਾਨ ਇਸ ਮਨੂੰਵਾਦੀ ਪ੍ਰਥਾ ਨੂੰ ਚੁਣੌਤੀ ਦੇ ਰਹੇ ਹਨ। ਹਮਲੇ ਦੇ ਡਰ ਦੇ ਬਾਵਜੂਦ, ਉਹ ਘੋੜੀ ਦੀ ਸਵਾਰੀ ਕਰ ਰਹੇ ਹਨ।

ਅਜਮੇਰ ਦੇ ਨਸੀਰਾਬਾਦ ਦੇ ਲਵੇਰਾ ਪਿੰਡ ਦੇ ਇੱਕ ਦਲਿਤ ਵਿਅਕਤੀ ਨਾਰਾਇਣ ਖੋਰਵਾਲ ਨੇ ਆਪਣੀ ਧੀ ਦੇ ਵਿਆਹ ਸਮਾਗਮ ਤੋਂ ਪਹਿਲਾਂ ਸੁਰੱਖਿਆ ਦੀ ਮੰਗ ਕੀਤੀ। ਨਾਰਾਇਣ ਨੇ ਸਬ-ਡਿਵੀਜ਼ਨ ਅਫ਼ਸਰ ਦੇਵੀਲਾਲ ਯਾਦਵ ਨੂੰ ਇੱਕ ਅਰਜ਼ੀ ਸੌਂਪੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਧੀ ਅਰੁਣਾ ਦਾ ਵਿਆਹ 21 ਜਨਵਰੀ ਨੂੰ ਸ਼੍ਰੀਨਗਰ ਦੇ ਰਹਿਣ ਵਾਲੇ ਵਿਜੇ ਨਾਲ ਹੋ ਰਿਹਾ ਹੈ। ਉਸਨੇ ਖਦਸ਼ਾ ਪ੍ਰਗਟ ਕੀਤਾ ਕਿ ਜੇਕਰ ਬਰਾਤ ਘੋੜੀ 'ਤੇ ਪਿੰਡ ਆਉਂਦੀ ਹੈ ਤਾਂ ਵਿਵਾਦ ਪੈਦਾ ਹੋ ਸਕਦਾ ਹੈ। ਇਸ ਲਈ, ਉਸਨੇ ਪ੍ਰਸ਼ਾਸਨ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਪ੍ਰਸ਼ਾਸਨ ਨੇ 200 ਦੇ ਕਰੀਬ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਸਨ। ਅੱਜ ਵੀ, ਰਾਜਸਥਾਨ ਦੇ ਕਈ ਇਲਾਕਿਆਂ ਵਿੱਚ, ਦਲਿਤ ਭਾਈਚਾਰੇ ਦੇ ਲੋਕਾਂ ਨੂੰ ਪੁਲਿਸ ਸੁਰੱਖਿਆ ਹੇਠ ਘੋੜੀ ਦੀ ਸਵਾਰੀ ਕਰਨੀ ਪੈਂਦੀ ਹੈ। ਇਸ ਦਾ ਕਾਰਨ ਉੱਚ ਜਾਤੀ ਦੇ ਲੋਕਾਂ ਵੱਲੋਂ ਉਨ੍ਹਾਂ ਦੀ ਬਰਾਤ 'ਤੇ ਹਮਲੇ ਦੀ ਸੰਭਾਵਨਾ ਹੈ।





ਦਰਅਸਲ, ਰਾਜਸਥਾਨ ਦੇ ਕਈ ਇਲਾਕਿਆਂ ਵਿੱਚ, ਅੱਜ ਵੀ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਪੁਲਿਸ ਸੁਰੱਖਿਆ ਹੇਠ ਘੋੜੀ ਦੀ ਸਵਾਰੀ ਕਰਨੀ ਪੈਂਦੀ ਹੈ। ਵਿਜੇ ਬਰਾਤ ਪਹਿਲੀ ਵਾਰ ਨਹੀਂ ਹੈ ਜੋ ਇੰਨੀ ਸਖ਼ਤ ਸੁਰੱਖਿਆ ਵਿਚਕਾਰ ਕੱਢੀ ਗਈ ਸੀ। ਪਰਿਵਾਰ ਨੇ ਨਾ ਸਿਰਫ਼ ਪੁਲਿਸ ਤੋਂ ਸਗੋਂ ਸਥਾਨਕ ਮਨੁੱਖੀ ਅਧਿਕਾਰ ਕਾਰਕੁਨਾਂ ਤੋਂ ਵੀ ਮਦਦ ਮੰਗੀ ਸੀ। ਅਜਮੇਰ ਦੇ ਮਨੁੱਖੀ ਵਿਕਾਸ ਅਤੇ ਅਧਿਕਾਰ ਕੇਂਦਰ ਸੰਸਥਾ ਦੇ ਸਕੱਤਰ ਰਮੇਸ਼ ਚੰਦ ਬਾਂਸਲ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇੱਕ ਪੱਤਰ ਲਿਖਿਆ ਅਤੇ ਮਦਦ ਮੰਗਣ ਲਈ ਸਥਾਨਕ ਪੁਲਿਸ ਸਟੇਸ਼ਨ ਗਏ।

ਲਾੜੀ ਅਰੁਣਾ ਦੇ ਪਿਤਾ ਅਨੁਸਾਰ ਕਿ ਜੇਕਰ ਉਹ ਇਸੇ ਤਰ੍ਹਾਂ ਡਰ ਵਿੱਚ ਜੀਉਂਦੇ ਰਹਿਣਗੇ ਤਾਂ ਕੰਮ ਕਿਵੇਂ ਚਲੇਗਾ। ਫਿਰ ਸਾਡੀ ਅਜ਼ਾਦੀ ਕਿਥੇ ਹੈ? ਪੜ੍ਹੇ-ਲਿਖੇ ਪਰਿਵਾਰਾਂ ਤੋਂ ਹੋਣ ਦੇ ਬਾਵਜੂਦ, ਦਲਿਤ ਲਾੜਿਆਂ ਦੀਆਂ ਬਰਾਤਾਂ 'ਤੇ ਹਮਲਿਆਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਲਈ, ਉਸਦੇ ਪਰਿਵਾਰ ਨੇ ਵਿਆਹ ਤੋਂ ਪਹਿਲਾਂ ਪੁਲਿਸ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਸੰਪਰਕ ਕਰਨਾ ਬਿਹਤਰ ਸਮਝਿਆ।

ਹਾਲਾਂਕਿ, ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਵੀ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੋਇਆ। ਸੰਗਠਨ ਦੇ ਡਾਇਰੈਕਟਰ ਸਤੀਸ਼ ਕੁਮਾਰ ਅਨੁਸਾਰ ਦਲਿਤ ਲਾੜਿਆਂ ਦੀਆਂ ਬਰਾਤਾਂ ਨੂੰ ਰੋਕਣ ਅਤੇ ਹਮਲਾ ਕਰਨ ਦੀ ਪ੍ਰਥਾ ਰਾਜਸਥਾਨ ਤੋਂ ਸ਼ੁਰੂ ਹੋਈ ਸੀ ਅਤੇ ਮੱਧ ਪ੍ਰਦੇਸ਼, ਹਰਿਆਣਾ, ਗੁਜਰਾਤ, ਉੱਤਰ ਪ੍ਰਦੇਸ਼ ਅਤੇ ਇੱਥੋਂ ਤੱਕ ਕਿ ਪੰਜਾਬ ਵਰਗੇ ਗੁਆਂਢੀ ਰਾਜਾਂ ਵਿੱਚ ਵੀ ਫੈਲ ਗਈ ਹੈ। ਉਸਦੀ ਪਟੀਸ਼ਨ ਤੋਂ ਬਾਅਦ, ਪ੍ਰਸ਼ਾਸਨ ਨੇ ਸੁਰੱਖਿਆ ਦੇ ਹੁਕਮ ਜਾਰੀ ਕੀਤੇ ਹਨ ਤੇ ਦਲਿਤ ਲਾੜਿਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਸਤੀਸ਼ ਦਾ ਕਹਿਣਾ ਹੈ ਕਿ ਪਹਿਲੇ ਸਮਿਆਂ ਵਿੱਚ, ਦਲਿਤ ਲਾੜੇ ਘੋੜਿਆਂ ਦੀ ਸਵਾਰੀ ਨਹੀਂ ਕਰਦੇ ਸਨ। ਉਹ ਜਾਣਦੇ ਸਨ ਕਿ ਜੇ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਸਥਿਤੀ ਕੀ ਹੋਵੇਗੀ। ਜਿਹੜੇ ਨੌਜਵਾਨ ਹਨ, ਉਹ ਆਪਣੇ ਸੰਵਿਧਾਨਕ ਅਧਿਕਾਰਾਂ ਅਤੇ ਪਛਾਣ ਪ੍ਰਤੀ ਦ੍ਰਿੜ ਹੋ ਗਏ ਹਨ। ਉਨ੍ਹਾਂ ਦੇ ਲਈ, ਘੋੜੀ ਦੀ ਸਵਾਰੀ ਕਰਨਾ ਵੀ ਉਨ੍ਹਾਂ ਦੇ ਮਾਣ ਸਨਮਾਨ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਹਮਲਿਆਂ ਦੇ ਪਿੱਛੇ ਉਨ੍ਹਾਂ ਦਾ ਆਪਣੇ ਅਧਿਕਾਰਾਂ ਅਤੇ ਪਛਾਣ ਪ੍ਰਤੀ ਦ੍ਰਿੜਤਾ ਮੁਖ ਕਾਰਨ ਹੈ।

2015 ਵਿੱਚ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਵਿੱਚ ਕੀਤੇ ਗਏ ਸਨ। ਇਸ ਅਨੁਸਾਰ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਦੇ ਲੋਕਾਂ ਨੂੰ ਮੋਟਰਸਾਈਕਲ ਚਲਾਉਣ, ਜਨਤਕ ਥਾਵਾਂ 'ਤੇ ਚੱਪਲਾਂ ਅਤੇ ਨਵੇਂ ਕੱਪੜੇ ਪਹਿਨਣ ਅਤੇ ਸਾਈਕਲ ਚਲਾਉਣ, ਵਿਆਹ ਦੇ ਜਲੂਸ ਵਿੱਚ ਘੋੜਾ ਜਾਂ ਗੱਡੀ ਦੀ ਵਰਤੋਂ ਤੋਂ ਰੋਕਣਾ ਸਜ਼ਾਯੋਗ ਅਪਰਾਧ ਹੈ। ਪਰ ਇਸ ਦੇ ਬਾਵਜੂਦ ਜ਼ਮੀਨੀ ਹਕੀਕਤ ਅੱਜ ਵੀ ਨਹੀਂ ਬਦਲੀ।

### ਦਲਿਤ ਸਮਸਿਆ ਦਾ ਕੀ ਹੱਲ ਹੈ?

ਗ਼ਰੀਬਾਂ ਵਿਚ ਵੱਡਾ ਤਬਕਾ ਦਲਿਤ ਭਾਈਚਾਰੇ ਨਾਲ ਸਬੰਧਿਤ ਹੈ। ਜਾਤੀਵਾਦੀ ਮਾਨਸਿਕਤਾ ਅਤੇ ਆਰਥਿਕ ਅਸਮਾਨਤਾ ਕਾਰਨ ਦਲਿਤਾਂ ਨੂੰ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ।

ਨੀਤੀਗਤ ਪੱਧਰ 'ਤੇ ਤਬਦੀਲੀਆਂ ਕਰਨ ਤੋਂ ਬਿਨਾਂ ਸਮਾਜਿਕ ਬਰਾਬਰੀ ਵੱਲ ਵਧਣਾ ਸੰਭਵ ਨਹੀਂ ਹੈ। ਅਸਲ ਵਿੱਚ ਦਲਿਤ ਮੁਕਤੀ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਹੀ ਪਛਾਣ ਦੀ ਸਿਆਸਤ ਹੈ। ਜਦੋਂ ਤੱਕ ਜਾਤ ਅਧਾਰਿਤ ਸਿਆਸਤ ਦੀ ਟੱਕਰ ਵਿਚ ਇੱਕ ਸਹੀ ਜਮਾਤੀ ਪੈਤੜੇ 'ਤੇ ਲਹਿਰ ਨਹੀਂ ਉੱਸਰਦੀ, ਓਨਾ ਚਿਰ ਜਾਤ ਪਾਤ ਦਾ ਖਾਤਮਾ ਸੰਭਵ ਨਹੀਂ।

ਦਲਿਤ ਵਿਰੋਧੀ ਕਰੂਰ ਘਟਨਾਵਾਂ ਨੂੰ ਨੱਥ ਪਾਉਣ ਲਈ ਜਿੱਥੇ ਇੱਕ ਪਾਸੇ ਦਲਿਤ ਪਛਾਣ ਦੀ ਨੀਤੀ ਨੂੰ ਨੰਗਾ ਕਰਨ ਦੀ ਲੋੜ ਹੈ, ਉੱਥੇ ਦੂਜੇ ਪਾਸੇ ਦਲਿਤ ਭਾਈਚਾਰੇ ਦਾ ਘੱਟ ਗਿਣਤੀ ਕੌਮਾਂ ਨੂੰ ਸਾਥ ਦੇਣ ਦੀ ਲੋੜ ਹੈ। ਅਬਾਦੀ ਅੰਦਰ ਪਹਿਲਾਂ ਇੱਕ ਕਿਰਤੀ ਹੋਣ ਦੀ ਭਾਵਨਾ ਜਗਾਉਣਾ ਤੇ ਕਿਰਤੀ ਜਮਾਤ ਦੇ ਪੈਂਤੜੇ ਤੋਂ ਉਹਨਾਂ ਦੀਆਂ ਹੱਕੀ ਮੰਗਾਂ ਤਹਿਤ ਲਾਮਬੰਦ ਕਰਨਾ ਤੇ ਨਾਲ਼ ਨਾਲ਼ ਇਸ ਤਰਾਂ ਦੀਆਂ ਹੋਣ ਵਾਲ਼ੀਆਂ ਦਲਿਤ ਵਿਰੋਧੀ ਘਟਨਾਵਾਂ ਵਿਰੁੱਧ ਘੋਲ਼ ਕਰਨ ਦੀ ਲੋੜ ਹੈ।


### ਦਲਿਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਰਾਜਸਥਾਨ ਦੂਜੇ ਸਥਾਨ 'ਤੇ

ਦਲਿਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਰਾਜਸਥਾਨ ਦੂਜੇ ਸਥਾਨ 'ਤੇ ਹੈ। ਕੇਂਦਰ ਸਰਕਾਰ ਦੀ 2023 ਵਿੱਚ ਐਸਟੀ ਐਸਸੀ ਐਕਟ ਤਹਿਤ ਰਿਪੋਰਟ ਦਰਸਾਉਂਦੀ ਹੈ ਕਿ 2022 ਵਿੱਚ ਰਾਜਸਥਾਨ ਵਿੱਚ ਦਲਿਤਾਂ ਵਿਰੁੱਧ 8,651 ਮਾਮਲੇ ਦਰਜ ਕੀਤੇ ਗਏ ਸਨ। ਰਾਜਸਥਾਨ ਦੇ ਕਈ ਪੇਂਡੂ ਇਲਾਕਿਆਂ ਵਿੱਚ, ਲੋਕਾਂ ਨੂੰ ਆਪਣੇ ਘਰ ਦੇ ਬਾਹਰ ਮੰਜੇ 'ਤੇ ਬੈਠਣ ਦੀ ਵੀ ਇਜਾਜ਼ਤ ਨਹੀਂ ਸੀ। ਜੇਕਰ ਕੋਈ ਉੱਚ ਜਾਤੀ ਦਾ ਵਿਅਕਤੀ ਉਸਦੇ ਅੱਗੋਂ ਲੰਘਦਾ ਸੀ ਤਾਂ ਉਸਨੂੰ ਉੱਠਣਾ ਪੈਂਦਾ ਸੀ। ਦਲਿਤ ਅਧਿਕਾਰ ਸੰਗਠਨਾਂ ਦੇ ਪ੍ਰਚਾਰ ਤੋਂ ਬਾਅਦ ਹੀ, ਇਹ ਜਾਤੀਵਾਦੀ ਪ੍ਰਥਾ ਹੁਣ ਹੌਲੀ-ਹੌਲੀ ਖਤਮ ਹੋ ਗਈ ਹੈ। ਲੋਕ ਆਪਣੇ ਘਰਾਂ ਦੇ ਬਾਹਰ ਮੰਜਿਆਂ 'ਤੇ ਬੈਠਦੇ ਹਨ। ਜਦੋਂ ਉੱਚ ਜਾਤੀ ਦੇ ਲੋਕ ਲੰਘਦੇ ਹਨ ਤਾਂ ਉਹ ਤੁਰੰਤ ਖੜ੍ਹੇ ਨਹੀਂ ਹੁੰਦੇ। ਨੌਜਵਾਨ ਦਲਿਤਾਂ ਵੱਲੋਂ ਬਰਾਤਾਂ ਵਿੱਚ ਘੋੜਿਆਂ ਦੀ ਸਵਾਰੀ ਕਰਨਾ ਵੀ ਇਸ ਦਿਸ਼ਾ ਵਿੱਚ ਵਧ ਰਹੀ ਇੱਕ ਲਹਿਰ ਹੈ।

# ਅਬਦੁਲ ਰਸ਼ੀਦ ਤੇ ਅੰਮ੍ਰਿਤਪਾਲ ਸਿੰਘ ਦੀ ਸੰਸਦ ਵਿਚ ਗ਼ੈਰ ਹਾਜ਼ਰੀ ਬਾਰੇ ਸਰਕਾਰ ਦਾ ਗੈਰ ਜਮਹੂਰੀ ਫੈਸਲਾ

### ✪ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਕਰਨੀ ਪੈ ਰਹੀ ਹੈ ਕਾਨੂੰਨੀ ਚਾਰਾਜੋਈ ✪ ਘੱਟ ਗਿਣਤੀ ਕੌਮਾਂ ਨਾਲ ਸਰਕਾਰ ਕਰ ਰਹੀ ਹੈ ਵਿਤਕਰਾ





ਇਕੱਤੀ ਜਨਵਰੀ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਬਜਟ ਸੈਸ਼ਨ ਲਈ ਵੱਖ-ਵੱਖ ਪਾਰਟੀਆਂ ਤੇ ਸੰਸਦ ਮੈਂਬਰ ਆਪੋ-ਆਪਣੇ ਪਰ ਤੋਲਣ ਲੱਗੇ ਹੋਏ ਹਨ ਪਰ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਕਸ਼ਮੀਰ ਵਿੱਚ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਅਬਦੁਲ ਰਸ਼ੀਦ ਸ਼ੇਖ ਉਰਫ਼ ਇੰਜਨੀਅਰ ਰਸ਼ੀਦ ਨੂੰ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਕਾਨੂੰਨੀ ਚਾਰਾਜੋਈ ਕਰਨੀ ਪੈ ਰਹੀ ਹੈ। ਦੋਵੇਂ ਮੈਂਬਰਾਂ ਨੂੰ ਪਿਛਲੇ ਸਾਲ ਅਦਾਲਤੀ ਪੈਰੋਲ ਤਹਿਤ ਸੰਸਦ ਵਿੱਚ ਲਿਆ ਕੇ ਸਹੁੰ ਚੁਕਾਈ ਗਈ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਤਿੰਨ ਸੈਸ਼ਨਾਂ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਦਿੱਤਾ ਗਿਆ। ਇਹ ਦੋਵੇਂ ਆਜ਼ਾਦ ਮੈਂਬਰ ਹਨ ਅਤੇ ਉਨ੍ਹਾਂ ਜੇਲ੍ਹ ਵਿੱਚ ਹੁੰਦਿਆਂ ਹੀ ਲੋਕ ਸਭਾ ਦੀ ਚੋਣ ਜਿੱਤੀ ਸੀ।

32 ਸਾਲਾ ਅੰਮ੍ਰਿਤਪਾਲ ਸਿੰਘ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਲੋਕ ਸਭਾ ਸੀਟ ਪੰਜਾਬ ਵਿੱਚ ਸਭ ਤੋਂ ਵੱਧ 1.97 ਲੱਖ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ ਤੇ ਇੰਜਨੀਅਰ ਰਸ਼ੀਦ ਨੇ ਬਾਰਾਮੂਲਾ ਸੀਟ ’ਤੇ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਉਮਰ ਅਬਦੁੱਲਾ ਜੋ ਇਸ ਸਮੇਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਹਨ, ਨੂੰ ਹਰਾ ਕੇ ਜਿੱਤ ਦਰਜ ਕੀਤੀ ਸੀ।

ਇੰਜਨੀਅਰ ਰਸ਼ੀਦ 2019 ਵਿੱਚ ਕੌਮੀ ਸੁਰੱਖਿਆ ਐਕਟ ਅਧੀਨ ਉਦੋਂ ਗ੍ਰਿਫ਼ਤਾਰ ਕਰ ਕੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਅਤੇ 35ਏ ਰੱਦ ਕਰਨ ਅਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖ਼ਤਮ ਕਰ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ; ਅੰਮ੍ਰਿਤਪਾਲ ਸਿੰਘ ਨੂੰ ਇਸੇ ਐਕਟ ਅਧੀਨ ਅਪਰੈਲ 2023 ਵਿੱਚ ਗ੍ਰਿਫ਼ਤਾਰ ਕਰ ਕੇ ਉਸ ਦੇ ਅੱਠ ਸਾਥੀਆਂ ਸਣੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ।

ਅੰਮ੍ਰਿਤਪਾਲ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦਾਖ਼ਲ ਕਰਵਾਈ ਆਪਣੀ ਪਟੀਸ਼ਨ ਵਿੱਚ ਦਰਜ ਕੀਤਾ ਹੈ ਕਿ ਉਨ੍ਹਾਂ ਨਵੰਬਰ 2024 ਵਿੱਚ ਲੋਕ ਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਣ ਬਾਬਤ ਸਪੀਕਰ ਨੂੰ ਪੱਤਰ ਲਿਖਿਆ ਸੀ ਜਿਸ ਦੇ ਜਵਾਬ ਵਿਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਪਿਛਲੇ 46 ਦਿਨਾਂ ਦੀ ਕਾਰਵਾਈ ਵਿਚੋਂ ਗ਼ੈਰ-ਹਾਜ਼ਰ ਰਹੇ ਹਨ।

ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਸੰਵਿਧਾਨ ਦੀ ਧਾਰਾ 14, 19 ਤੇ 21 ਤਹਿਤ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਸੰਸਦੀ ਸੈਸ਼ਨ ਵਿਚ ਹਾਜ਼ਰ ਹੋਣ ਦੀ ਮੰਗ ਕੀਤੀ ਹੈ। ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਉਹ 19 ਲੱਖ ਲੋਕਾਂ ਦੇ ਨੁਮਾਇੰਦੇ ਹਨ ਤੇ ਸੰਸਦੀ ਸੈਸ਼ਨ ਵਿਚ ਉਨ੍ਹਾਂ ਦੀ ਹਾਜ਼ਰੀ ਯਕੀਨੀ ਬਣਾਉਣਾ ਉਨ੍ਹਾਂ ਦੇ ਅਧਿਕਾਰਾਂ ਤੇ ਫਰਜ਼ਾਂ ਦਾ ਹਿੱਸਾ ਹੈ । ਭਾਈ ਅੰਮਿਬਪਾਲ ਸਿੰਘ ਦੀ ਇਹ ਪਟੀਸ਼ਨ ਅਜੇ ਹਾਈ ਕੋਰਟ ਦੀ ਰਜਿਸਟਰੀ ਵਿਚ ਦਾਇਰ ਕੀਤੀ ਗਈ ਹੈ। ਜਿਸ ਵਿਚ ਲੱਗੇ ਕੁੱਝ ਤਕਨੀਕੀ ਇਤਰਾਜ਼ਾਂ ਨੂੰ ਦੂਰ ਕਰਨ ਤੋਂ ਬਾਅਦ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ। ਇਸ ਦੇ ਨਾਲ ਹੀ ਭਾਈ ਅੰਮਿਬਪਾਲ ਸਿੰਘ ਨੇ 26 ਜਨਵਰੀ ਨੂੰ ਹੋਣ ਵਾਲੇ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਵੀ ਮੰਗੀ ਸੀ, ਪਰ ਰਜਿਸਟਰੀ ਵਲੋਂ ਇਸ ’ਤੇ ਇਤਰਾਜ਼ ਜਤਾਉਣ ਤੋਂ ਬਾਅਦ ਇਸ ਮੰਗ ਨੂੰ ਹਟਾ ਦਿੱਤਾ ਗਿਆ ਸੀ। ਪਟੀਸ਼ਨਕਰਤਾ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਸਨੂੰ ਸੰਸਦ ਦੇ ਸੈਸ਼ਨ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ । ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਨਜ਼ਰਬੰਦੀ ਹੁਕਮਾਂ ’ਚ ਵਾਰ-ਵਾਰ ਗਲਤੀਆਂ ਤੇ ਸੋਧਾਂ ਦਰਸਾਉਂਦੀਆਂ ਹਨ ਕਿ ਪ੍ਰਸ਼ਾਸਨ ਨੇ ਇਸ ਵਿਚ ਪੂਰੀ ਤਰ੍ਹਾਂ ਲਾਪਰਵਾਹੀ ਵਰਤੀ ਹੈ

ਪੰਜਾਬ ਟਾਈਮਜ ਅਨੁਸਾਰ ਜੇ ਕੋਈ ਮੈਂਬਰ ਲਗਾਤਾਰ 60 ਦਿਨ ਸਦਨ ਦੀ ਕਾਰਵਾਈ ਵਿਚੋਂ ਗ਼ੈਰ-ਹਾਜ਼ਰ ਰਹਿੰਦਾ ਹੈ ਤਾਂ ਉਹ ਮੈਂਬਰੀ ਦਾ ਹੱਕ ਗੁਆ ਲੈਂਦਾ ਹੈ। ਇੰਜਨੀਅਰ ਰਸ਼ੀਦ ਨੂੰ ਜੰਮੂ ਕਸ਼ਮੀਰ ਵਿੱਚ ਪਿਛਲੇ ਸਾਲ ਸਤੰਬਰ-ਅਕਤੂਬਰ ਵਿੱਚ ਹੋਈਆਂ ਅਸੈਂਬਲੀ ਚੋਣਾਂ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਜ਼ਮਾਨਤ ’ਤੇ ਰਿਹਾਈ ਮਿਲ ਗਈ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ। ਬਿਨਾਂ ਸ਼ੱਕ, ਇਨ੍ਹਾਂ ਦੋਵਾਂ ਦੀ ਆਪੋ-ਆਪਣੀ ਰਾਜਨੀਤੀ ਦਾ ਝੁਕਾਅ ਵੱਖਵਾਦੀ ਸੁਰ ਵਾਲਾ ਰਿਹਾ ਹੈ ਪਰ ਇਨ੍ਹਾਂ ਨੇ ਚੋਣਾਂ ਲੜਨ ਅਤੇ ਫਿਰ ਚੁਣੇ ਜਾਣ ’ਤੇ ਦੇਸ਼ ਦੀ ਏਕਤਾ ਅਖੰਡਤਾ ਬਰਕਰਾਰ ਰੱਖਣ ਅਤੇ ਸੰਵਿਧਾਨ ਅਤੇ ਲੋਕਰਾਜੀ ਦਾਇਰੇ ਵਿੱਚ ਕੰਮ ਕਰਨ ਦਾ ਹਲਫ਼ ਲਿਆ ਹੈ ਜਿਸ ਕਰ ਕੇ ਲੋਕਰਾਜੀ ਤਕਾਜ਼ਿਆਂ ਮੁਤਾਬਿਕ ਇਨ੍ਹਾਂ ਨੂੰ ਸੰਸਦ ਦੀ ਕਾਰਵਾਈ ਵਿਚ ਹਿੱਸਾ ਲੈਣ ਦਾ ਹੱਕ ਦਿੱਤਾ ਜਾਣਾ ਬਣਦਾ ਹੈ। ਇਸ ਦੇ ਨਾਲ ਹੀ ਦੋਵੇਂ ਦੋ ਪ੍ਰਮੁੱਖ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧ ਰੱਖਦੇ ਹਨ ਅਤੇ ਜੇ ਇਨ੍ਹਾਂ ਨੂੰ ਜਮਹੂਰੀ ਹੱਕਾਂ ਤੋਂ ਇੰਝ ਵਾਂਝੇ ਰੱਖਿਆ ਜਾਂਦਾ ਹੈ ਤਾਂ ਇਸ ਨਾਲ ਕੌਮਾਂਤਰੀ ਪੱਧਰ ’ਤੇ ਭਾਰਤ ਬਾਰੇ ਚੰਗਾ ਸੰਦੇਸ਼ ਨਹੀਂ ਜਾਵੇਗਾ।

### -ਮਾਮਲਾ ਪੰਜਾਬੀਆਂ ਬਾਰੇ ਅਪਮਾਨਜਨਕ ਟਿੱਪਣੀਆਂ ਦਾ-

## ਜਥੇਦਾਰ ਪਰਮਜੀਤ ਸਿੰਘ ਸਰਨਾ ਫਿਰਕੂ ਭਾਜਪਾ ਆਗੂ ਪਰਵੇਸ਼ ਵਰਮਾ ਉਪਰ ਭੜਕੇ

### ✪ ਯਾਦ ਕਰਵਾਈਆਂ ਸਿੱਖਾਂ ਦੀਆਂ ਕੁਰਬਾਨੀਆਂ

ਦਿੱਲੀ-ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਭਾਜਪਾ ਆਗੂ ਪਰਵੇਸ਼ ਵਰਮਾ ਵੱਲੋਂ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਅਪਮਾਨਜਨਕ ਅਤੇ ਫੁੱਟ ਪਾਊ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ ਹੈ। ਸਰਨਾ ਨੇ ਕਿਹਾ ਕਿ ਭਾਜਪਾ ਆਗੂ ਪ੍ਰਵੇਸ਼ ਵਰਮਾ ਨੇ ਜੋ ਸਮੂਹ ਪੰਜਾਬੀਆਂ ਪ੍ਰਤੀ ਅਤਿ ਦਰਜੇ ਦਾ ਨਫ਼ਰਤੀ ਬਿਆਨ ਦਿੱਤਾ ਹੈ। ਉਹ ਕਿਸੇ ਵੀ ਹਾਲਤ ਵਿੱਚ ਸਵੀਕਾਰ ਕਰਨ ਯੋਗ ਨਹੀਂ। ਇਸ ਬਿਆਨ ਲਈ ਪ੍ਰਵੇਸ਼ ਵਰਮਾ ਨੂੰ ਤੁਰੰਤ ਮਾਫ਼ੀ ਮੰਗਣੀ ਚਾਹੀਦੀ ਹੈ ਤੇ ਭਾਜਪਾ ਨੂੰ ਵੀ ਇਸ ਬਿਆਨ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।




ਉਨ੍ਹਾਂ ਨੇ ਕਿਹਾ ਕਿ ਪ੍ਰਵੇਸ਼ ਵਰਮਾ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ 1947 ਤੋਂ ਲੈ ਕੇ ਹੁਣ ਤੱਕ ਜੇਕਰ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ ਤਾਂ ਇਸ ਪਿੱਛੇ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। 1965 ਦੀ ਜੰਗ ਵੇਲੇ ਜੇਕਰ ਇੱਕ ਦਸਤਾਰਧਾਰੀ ਸਿੱਖ ਤੇ ਪੰਜਾਬ ਜਨਰਲ ਹਰਬਖਸ਼ ਸਿੰਘ ਨਾ ਹੁੰਦਾ ਤੇ ਸ਼ਾਇਦ ਪਾਕਿਸਤਾਨ ਦੀ ਹੱਦ ਦਿੱਲੀ ਤੋਂ ਵੀ ਅੱਗੇ ਹੁੰਦੀ।

ਸਰਨਾ ਨੇ ਸਿੱਖਾਂ ਦੀਆਂ ਕੁਰਬਾਨੀਆਂ ਬਾਰੇ ਦੱਸਦਿਆਂ ਕਿਹਾ ਕਿ ਇਹ ਪੰਜਾਬ ਦੇ ਸਿੱਖ ਫੌਜੀ ਹੀ ਸਨ ਜਿੰਨਾਂ ਨੇ 1948 ਦੇ ਕਬਾਇਲੀ ਹਮਲੇ ਵੇਲੇ ਸਮੁੱਚੇ ਕਸ਼ਮੀਰ ਨੂੰ ਪਾਕਿਸਤਾਨ ਦਾ ਹਿੱਸਾ ਬਣਨ ਤੋਂ ਰੋਕਿਆ। ਪ੍ਰਵੇਸ਼ ਵਰਮਾ ਦਾ ਇਹ ਬਿਆਨ ਦੇਸ਼ ਲਈ ਜਾਨਾਂ ਵਾਰਨ ਵਾਲੇ ਸਮੂਹ ਪੰਜਾਬੀਆਂ ਦਾ ਅਪਮਾਨ ਹੈ। ਇਸਦੇ ਲਈ ਪ੍ਰਵੇਸ਼ ਵਰਮਾ ਦਾ ਨੂੰ ਤੁਰੰਤ ਮਾਫੀ ਮੰਗਣੀ ਚਾਹੀਦੀ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਬਿਆਨ ਭਾਜਪਾ ਆਗੂਆਂ ਦੀ ਮਨਸ਼ਾ ਜਾਹਰ ਕਰਦਾ ਹੈ ਜੋ ਉਪਰੋਂ ਦਿਖਾਵੇ ਲਈ ਸਿੱਖ ਤੇ ਪੰਜਾਬ ਹਿਤੈਸ਼ੀ ਹੋਣ ਦਾ ਦਿਖਾਵਾ ਕਰਕੇ ਹਨ ਪਰ ਉਹ ਦਿਲੋਂ ਉਹਨਾਂ ਪ੍ਰਤੀ ਨਫ਼ਰਤ ਨਾਲ ਭਰੇ ਹੋਏ ਹਨ। ਭਾਜਪਾ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਪ੍ਰਵੇਸ਼ ਵਰਮਾ ਦੇ ਬਿਆਨ ਨਾਲ ਸਹਿਮਤ ਹਨ ਜਾਂ ਨਹੀਂ ਤੇ ਜਾਂ ਭਾਜਪਾ ਪੰਜਾਬ ਨੂੰ ਦੇਸ਼ ਦਾ ਹਿੱਸਾ ਨਹੀ ਮੰਨਦੀ। ਮੈਂ ਕਹਿਣਾ ਚਾਹਾਂਗਾ ਕਿ ਦਿੱਲੀ ਉੱਪਰ ਪੰਜਾਬੀਆਂ ਦਾ ਓਨਾ ਹੀ ਹੱਕ ਹੈ ਜਿੰਨਾ ਹਰ ਦੇਸ਼ ਵਾਸੀ ਹੈ।

## ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ 538 ਗੈਰ-ਕਾਨੂੰਨੀ ਪ੍ਰਵਾਸੀ ਫੜੇ



ਵਸ਼ਿੰਗਟਨ-ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਦੇ ਨਾਲ ਹੀ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ’ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਟਰੰਪ ਦੇ ਸਹੁੰ ਚੁੱਕਣ ਤੋਂ ਬਾਅਦ ਪਹਿਲੇ ਦਿਨ 538 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ ਹੁਣ ਤੱਕ 538 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂ ਕਿ 373 ਨੂੰ ਹਿਰਾਸਤ ਵਿੱਚ ਲੈ ਕੇ ਕੈਂਪ ਭੇਜ ਦਿੱਤਾ ਗਿਆ ਹੈ। ਲੇਵਿਟ ਨੇ ਕਿਹਾ ਕਿ ਉਹ ਸਾਰੇ ਅਪਰਾਧੀ ਹਨ। ਉਸ ’ਤੇ ਬਲਾਤਕਾਰ, ਕਤਲ ਅਤੇ ਅਗਵਾ ਕਰਨ ਦਾ ਦੋਸ਼ ਹੈ। ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇੱਕ ਫੌਜੀ ਜਹਾਜ਼ ਰਾਹੀਂ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਹਾਲਾਂਕਿ, ਉਨ੍ਹਾਂ ਨੂੰ ਕਿੱਥੇ ਭੇਜਿਆ ਗਿਆ ਹੈ, ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ।

ਮਾਮਲਾ ਗੁੱਡੀਆ ਰੇਪ ਕੇਸ ਵਿਚ ਨੇਪਾਲੀ ਦੇ ਹਿਰਾਸਤੀ ਕਤਲ ਦਾ

# ਕਦੋਂ ਤਕ ਪੁਲਿਸ ਕਰਦੀ ਰਹੇਗੀ ਹਿਰਾਸਤੀ ਕਤਲ

## ✪ ਸੀਬੀਆਈ ਅਦਾਲਤ ਵਲੋਂ ਹਿਮਾਚਲ ਦੇ ਆਈਜੀ ਸਮੇਤ ਅੱਠ ਦੋਸ਼ੀਆਂ ਨੂੰ ਉਮਰ ਕੈਦ

ਸ਼ਿਮਲਾ-ਚੰਡੀਗੜ੍ਹ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਹਿਮਾਚਲ ਪ੍ਰਦੇਸ਼ ਦੇ ਆਈਜੀ ਜ਼ਹੂਰ ਐੱਚ ਜ਼ੈਦੀ ਸਮੇਤ ਅੱਠ ਪੁਲਿਸ ਮੁਲਾਜ਼ਮਾਂ ਨੂੰ ਹਿਰਾਸਤੀ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਚੰਡੀਗੜ੍ਹ ਦੀ ਸੀਬੀਆਈ ਅਦਾਲਤ ਵਿੱਚ ਸੁਣਵਾਈ ਚੱਲ ਰਹੀ ਸੀ। 4 ਜੁਲਾਈ ਸੰਨ 2017 ਵਿੱਚ ਹਿਮਾਚਲ ਪ੍ਰਦੇਸ਼ ਵਰਗੇ ਸ਼ਾਂਤ ਸੂਬੇ ਦੇ ਕੋਟਖਾਈ ਵਿਚ ਸਕੂਲੀ ਬੱਚੀ ਨਾਲ ਹੋਏ ਸਮੂਹਿਕ ਜਬਰ-ਜਨਾਹ ਅਤੇ ਮਗਰੋਂ ਹੱਤਿਆ ਦੇ ਮਾਮਲੇ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਭਿਆਨਕ ਅਪਰਾਧ 'ਤੇ ਲੋਕਾਂ ਨੇ ਕਾਫ਼ੀ ਗੁੱਸਾ ਕੱਢਿਆ ਸੀ ਜਿਸ ਤੋਂ ਬਾਅਦ ਰਾਜ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਜ਼ੈਦੀ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ (ਸਿਟ) ਗਠਿਤ ਕੀਤੀ ਸੀ। ਸ਼ੱਕ ਦੇ ਆਧਾਰ 'ਤੇ 'ਸਿਟ' ਨੇ ਸਥਾਨਕ ਨੌਜਵਾਨ ਸਮੇਤ ਪੰਜ ਮਜ਼ਦੂਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਪਰ ਜਦੋਂ ਇਨ੍ਹਾਂ ਵਿੱਚੋਂ ਇੱਕ ਦੀ ਪੁਲੀਸ ਹਿਰਾਸਤ ਵਿੱਚ ਮੌਤ ਹੋ ਗਈ ਤਾਂ ਸਾਰੀ ਜਾਂਚ ਪ੍ਰਕਿਰਿਆ ਹੀ ਸ਼ੱਕ ਦੇ ਘੇਰੇ ਵਿੱਚ ਆ ਗਈ। ਹੁਣ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਇਹਨਾਂ ਦੋਸ਼ੀ ਪੁਲਸੀਆਂ ਆਈਜੀ ਜ਼ਹੂਰ ਐੱਚ ਜ਼ੈਦੀ ਡੀਐੱਸਪੀ ਮਨੋਜ ਜੋਸ਼ੀ, ਸਾਬਕਾ



ਕੋਟਖਾਈ ਐਸਐਚਓ ਰਾਜਿੰਦਰ ਸਿੰਘ, ਏਐੱਸਆਈ ਦੀਪ ਚੰਦ, ਹੈੱਡ ਕਾਂਸਟੇਬਲ ਸੂਰਤ ਸਿੰਘ, ਮੋਹਨ ਲਾਲ, ਰਫੀਕ ਅਲੀ ਅਤੇ ਕਾਂਸਟੇਬਲ ਰਣਜੀਤ ਸਿੰਘ ਨੂੰ ਉਮਰ ਕੈਦ ਦਾ ਫ਼ੈਸਲਾ ਸੁਣਾਇਆ ਹੈ ਕਿ ਜਾਂਚ ਟੀਮ ਦੇ ਮੈਂਬਰ ਹੱਤਿਆ, ਅਪਰਾਧ ਕਬੂਲ ਕਰਾਉਣ ਲਈ ਤਸ਼ੱਦਦ ਢਾਹੁਣ ਦੇ ਦੋਸ਼ੀ ਹਨ।

### ਕੌਣ ਹੈ ਜ਼ਹੂਰ ਹੈਦਰ ਜ਼ੈਦੀ ?

ਆਈਜੀ ਜ਼ਹੂਰ ਹੈਦਰ ਜ਼ੈਦੀ 1994 ਬੈਚ ਦੇ ਆਈਪੀਐਸ ਅਧਿਕਾਰੀ ਹਨ। ਜ਼ੈਦੀ ਨੂੰ 2017 ਵਿੱਚ ਗੁਡੀਆ ਜਬਰ ਜਨਾਹ-ਕਤਲ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਜ਼ਹੂਰ ਜ਼ੈਦੀ ਡੇਢ ਸਾਲ ਤੋਂ ਵੱਧ ਸਮੇਂ ਤੋਂ ਸ਼ਿਮਲਾ ਦੀ ਕਾਂਡਾ ਜੇਲ੍ਹ ਵਿੱਚ ਬੰਦ ਸੀ। ਉਨ੍ਹਾਂ ਨੂੰ ਸਾਲ 2019 ਵਿੱਚ ਸੁਪਰੀਮ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ, ਹਾਲਾਂਕਿ ਜ਼ਮਾਨਤ ਦੇ ਬਾਅਦ ਵੀ ਇਸ ਕੇਸ ਦੀ ਸੁਣਵਾਈ ਜਾਰੀ ਰਹੀ। ਸਾਲ 2020 'ਚ ਸਰਕਾਰ ਨੇ ਜ਼ੈਦੀ ਨੂੰ ਮੁਅੱਤਲ ਕਰ ਦਿੱਤਾ ਸੀ ਪਰ 3 ਸਾਲ ਬਾਅਦ ਉਨ੍ਹਾਂ ਨੂੰ ਪੁਲਿਸ ਵਿਭਾਗ 'ਚ ਬਹਾਲ ਕਰ ਦਿੱਤਾ ਗਿਆ।

### ਪੁਲਿਸ ਨੂੰ ਜੱਜ ਬਣਨ ਦਾ ਕੋਈ ਅਧਿਕਾਰ ਨਹੀਂ

'ਇਹ ਸੱਚ ਹੈ ਕਿ ਘਿਨਾਉਣੇ ਜਬਰ-ਜਨਾਹ ਤੇ ਹੱਤਿਆ ਦੇ ਮਾਮਲੇ 'ਤੇ ਲੋਕਾਂ ਦਾ ਗੁੱਸਾ ਸਿਖ਼ਰਾਂ ਉੱਤੇ ਪਹੁੰਚ ਗਿਆ ਸੀ ਪਰ ਇਸ ਦਾ ਇਹ ਮਤਲਬ ਨਹੀਂ ਸੀ ਕਿ ਪੁਲੀਸ ਕਰਮੀ 'ਤੁਰੰਤ ਨਿਆਂ' ਦੇਣ ਲਈ ਇਸ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ। ਇਹ ਦੇਸ਼ ਭਰ ਦੇ ਉਨ੍ਹਾਂ ਸਾਰੇ ਪੁਲੀਸ ਕਰਮੀਆਂ ਲਈ ਚਿਤਾਵਨੀ ਹੈ ਜਿਹੜੇ ਜਾਂਚ-ਪੜਤਾਲ ਦੌਰਾਨ ਨਤੀਜੇ ਪ੍ਰਾਪਤ ਕਰਨ ਲਈ ਕੋਈ ਵੀ ਰਾਹ ਫੜ ਲੈਂਦੇ ਹਨ। ਥਾਣਿਆਂ 'ਚ ਹਿੰਸਾ ਨੂੰ ਮਿਲਦੀ ਮਾਨਤਾ ਤੋਂ ਇਨ੍ਹਾਂ ਨੂੰ ਸ਼ਹਿ ਮਿਲਦੀ ਹੈ। ਪੰਜਾਬ ਸੰਤਾਪ ਦੌਰਾਨ ਇਹੀ ਕੁਝ ਵਾਪਰਦਾ ਰਿਹਾ ਹੈ। ਸ਼ੱਕ ਦੇ ਆਧਾਰ 'ਤੇ ਫੜਿਆ, ਸਲਾਖ਼ਾਂ ਪਿੱਛੇ ਬੰਦ ਕੋਈ ਬੰਦਾ ਅਕਸਰ ਆਪਣੇ ਆਪ ਨੂੰ ਪੁਲੀਸ ਦੀ ਜ਼ਾਲਮਾਨਾ ਪਹੁੰਚ ਦੇ ਨਿਸ਼ਾਨੇ ਉੱਤੇ ਦੇਖਦਾ ਹੈ। ਸਾਲ 2021 ਵਿੱਚ ਭਾਰਤ ਦੇ ਤਤਕਾਲੀ ਚੀਫ ਜਸਟਿਸ ਐੱਨਵੀ ਰਮੰਨਾ ਨੇ ਦਰੁਸਤ ਫਰਮਾਇਆ ਸੀ ਕਿ ਥਾਣੇ ਮਾਨਵੀ ਅਧਿਕਾਰਾਂ ਲਈ ਸਭ ਤੋਂ ਵੱਡਾ ਖ਼ਤਰਾ ਹਨ ਕਿਉਂਕਿ ਸੰਵਿਧਾਨਕ ਗਰੰਟੀਆਂ ਦੇ ਬਾਵਜੂਦ ਹਿਰਾਸਤੀ ਤਸ਼ੱਦਦ ਤੇ ਪੁਲੀਸ ਦਾ ਅੱਤਿਆਚਾਰ ਵਿਆਪਕ ਪੱਧਰ 'ਤੇ ਨਜ਼ਰੀਂ ਪੈਂਦਾ ਹੈ। ਕਈ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਥਾਣਿਆਂ ਵਿੱਚ ਸੀਸੀਟੀਵੀ ਕੈਮਰੇ ਲਾਉਣ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਪੈਰ ਪਿੱਛੇ ਖਿੱਚਦੇ ਰਹੇ ਹਨ। ਪੁਲੀਸ ਦੇ ਸਬੰਧਿਤ ਉੱਚ ਅਧਿਕਾਰੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮੁੱਦੇ 'ਤੇ ਕੋਈ ਨਰਮੀ ਨਾ ਵਰਤੀ ਜਾਵੇ। ਆਪਣੇ ਅਧਿਕਾਰ ਖੇਤਰ ਦੀ ਬੇਸ਼ਰਮੀ ਨਾਲ ਉਲੰਘਣਾ ਕਰਨ ਵਾਲੇ ਪੁਲੀਸ ਕਰਮੀਆਂ ਖ਼ਿਲਾਫ਼ ਬਿਲਕੁਲ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਕਿਉਂਕਿ ਇਸ ਮਾਮਲੇ 'ਚ ਹਮੇਸ਼ਾ ਕਾਨੂੰਨ ਦੇ ਰਖਵਾਲਿਆਂ ਦੀ ਭਰੋਸੇਯੋਗਤਾ ਹੀ ਦਾਅ ਉੱਤੇ ਲੱਗੀ ਹੁੰਦੀ ਹੈ।

# ਕਿਸਾਨਾਂ ਦੇ ਟਰੈਕਟਰ ਮਾਰਚ ਨੂੰ ਪੰਜਾਬ ਭਰ ਵਿੱਚ ਮਿਲਿਆ ਭਰਵਾਂ ਹੁੰਗਾਰਾ

## ✪ ਕਿਸਾਨ ਆਗੂਆਂ ਨੇ ਕਿਹਾ ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਵਿਧਾਨ ਸਭਾ ਵਿੱਚ ਮਤਾ ਪਾ ਕੇ ਰੱਦ ਕਰੋ ✪ ਫ਼ਸਲਾਂ ਦੀ ਐੱਮਐੱਸਪੀ 'ਤੇ ਖਰੀਦ ਸਬੰਧੀ ਗਾਰੰਟੀ ਕਾਨੂੰਨ ਬਣਾਉਣ ਤੇ ਦਿੱਲੀ ਮੋਰਚੇ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ 'ਤੇ ਜ਼ੋਰ

ਚੰਡੀਗੜ੍ਹ-ਗਣਤੰਤਰ ਦਿਵਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਸੂਬੇ ਭਰ ਵਿੱਚ ਤਹਿਸੀਲ ਪੱਧਰ 'ਤੇ ਟਰੈਕਟਰ ਮਾਰਚ ਕੀਤੇ ਗਏ। ਇਨ੍ਹਾਂ ਟਰੈਕਟਰ ਮਾਰਚਾਂ ਵਿੱਚ ਪੰਜਾਬ ਭਰ ਵਿਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਵੱਡੀ ਗਿਣਤੀ ਆਗੂਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕੇਂਦਰ ਸਰਕਾਰ ਦੇ ਕਿਸਾਨ-ਮਜ਼ਦੂਰ ਵਿਰੋਧੀ ਰਵੱਈਏ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਵਿੱਚ 8 ਜਾਂ 9 ਫਰਵਰੀ ਨੂੰ ਸੰਸਦ ਮੈਂਬਰਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕਰਨ ਅਤੇ 5 ਮਾਰਚ ਤੋਂ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਪੱਕੇ ਮੋਰਚੇ ਲਈ ਹੁਣ ਤੋਂ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਕੌਮੀ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਰੱਦ ਕਰਨ ਅਤੇ ਇਸ ਵਿਰੁੱਧ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਮਤੇ ਪਾਸ ਕਰਨ, ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਦਿੰਦਾ ਕਾਨੂੰਨ ਬਣਾਉਣ, ਕਿਸਾਨਾਂ



ਮਜ਼ਦੂਰਾਂ ਦੀ ਕਰਜ਼ਾ ਮੁਕਤੀ ਅਤੇ ਦਿੱਲੀ ਮੋਰਚੇ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਨਿਰਭੈ ਸਿੰਘ ਢੁੱਡੀਕੇ, ਬੂਟਾ ਸਿੰਘ ਬੁਰਜਗਿੱਲ, ਡਾ. ਸਤਨਾਮ ਸਿੰਘ ਅਜਨਾਲਾ, ਹਰਮੀਤ ਸਿੰਘ ਕਾਦੀਆਂ, ਬਿੰਦਰ ਸਿੰਘ ਗੋਲੇਵਾਲਾ, ਰੁਲਦੂ ਸਿੰਘ ਮਾਨਸਾ, ਡਾ. ਦਰਸ਼ਨਪਾਲ ਅਤੇ ਸੁਖਦੇਵ ਸਿੰਘ ਕੋਕਰੀਕਲਾਂ ਨੇ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਪਹੁੰਚ ਕੇ ਸੰਬੋਧਨ ਕੀਤਾ।

### ਕਿਸਾਨਾਂ ਨੇ ਸ਼ਾਪਿੰਗ ਮਾਲ, ਸਾਈਲੋਜ਼ ਤੇ ਭਾਜਪਾ ਆਗੂਆਂ ਦੇ ਦਫ਼ਤਰਾਂ ਅਗੇ ਕੀਤੇ ਪ੍ਰਦਰਸ਼ਨ

ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਦੇਸ਼ ਭਰ ਵਿੱਚ ਕਾਰਪੋਰੇਟਾਂ ਦੇ ਸ਼ਾਪਿੰਗ ਮਾਲਾਂ, ਸਾਈਲੋਜ਼ ਅਤੇ ਭਾਜਪਾ ਆਗੂਆਂ ਦੇ ਘਰਾਂ ਤੇ ਦਫ਼ਤਰਾਂ ਮੂਹਰੇ ਟਰੈਕਟਰ ਖੜ੍ਹੇ ਕਰ ਕੇ ਪ੍ਰਦਰਸ਼ਨ ਕੀਤੇ। ਇਸ ਦੌਰਾਨ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਪ੍ਰਾਈਵੇਟ ਸਾਈਲੋਜ਼ ਨੂੰ ਪ੍ਰਾਈਵੇਟ ਮੰਡੀ ਯਾਰਡ ਐਲਾਨਣ ਪਿੱਛੇ ਸਰਕਾਰ ਦਾ ਮਕਸਦ ਕੁਝ ਕੁ ਫ਼ਸਲਾਂ ਦੀ ਹੋ ਰਹੀ ਸਰਕਾਰੀ ਖਰੀਦ ਤੋਂ ਪੱਲਾ ਝਾੜਨਾ ਹੈ। ਇਹ ਸਾਈਲੋਜ਼ ਕੁਝ ਸਮੇਂ ਲਈ ਕਿਸਾਨਾਂ ਦੀ ਫ਼ਸਲ ਚੰਗੇ ਭਾਅ 'ਤੇ ਖਰੀਦਣਗੇ ਅਤੇ ਸਰਕਾਰੀ ਮੰਡੀ ਨੂੰ ਤੋੜਨ ਦਾ ਕੰਮ ਕਰਨਗੇ। ਉਸ ਮਗਰੋਂ ਫ਼ਸਲਾਂ ਦਾ ਭੰਡਾਰਨ ਕਰ ਕੇ ਕਾਲਾ ਬਾਜ਼ਾਰੀ ਕਰਨਗੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਾਰਪੋਰੇਟ ਘਰਾਣੇ ਅੱਜ ਖੇਤੀ ਸੈਕਟਰ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਸੇ ਤਰ੍ਹਾਂ ਦੁਕਾਨਦਾਰਾਂ ਦੇ ਕਾਰੋਬਾਰਾਂ ਲਈ ਕਾਰਪੋਰੇਟ ਘਰਾਣਿਆਂ ਵੱਲੋਂ ਬਣਾਏ ਗਏ ਸ਼ਾਪਿੰਗ ਮਾਲ ਨੁਕਸਾਨਦੇਹ ਸਾਬਿਤ ਹੋ ਰਹੇ ਹਨ। ਇਨ੍ਹਾਂ ਸ਼ਾਪਿੰਗ ਮਾਲਾਂ ਕਰ ਕੇ ਪਰਚੂਨ ਦੁਕਾਨਦਾਰਾਂ ਦੇ ਕਾਰੋਬਾਰ ਨੂੰ ਸੱਟ ਵੱਜ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰੇ ਸਮਾਜ ਨੂੰ ਇਕਜੁੱਟ ਹੋ ਕੇ ਆਪਣੇ ਹੱਕਾਂ ਦੀ ਰਾਖੀ ਲਈ ਅੰਦੋਲਨ ਦਾ ਹਿੱਸਾ ਬਣਨਾ ਚਾਹੀਦਾ ਹੈ।

# ਭਾਰਤੀ ਗਣਤੰਤਰ ਦਿਵਸ ਨੂੰ ਰੱਦ ਕਰਦਿਆਂ ਸਿੱਖ ਜਥੇਬੰਦੀਆਂ ਨੇ ਲੰਡਨ ਵਿੱਚ ਕੀਤਾ ਭਾਰੀ ਰੋਸ ਮੁਜਾਹਰਾ




ਲੰਡਨ - ਭਾਰਤ ਦੇ ਗਣਤੰਤਰ ਦਿਵਸ ਦਾ ਯੂ,ਕੇ ਦੇ ਸਿੱਖਾਂ ਵਲੋਂ ਵਿਰੋਧ ਕਰਦਿਆਂ ਇਸ ਕਾਲੇ ਦਿਨ ਵਜੋਂ ਮਨਾਇਆ ਗਿਆ । ਐਤਵਾਰ ਵਾਲੇ ਦਿਨ ਕੜਾਕੇ ਦੀ ਠੰਡ ਅਤੇ ਭਾਰੀ ਮੀਂਹ ਦੇ ਬਾਵਜੂਦ ਲੰਡਨ ਵਿੱਚ ਭਾਰਤ ਦੀ ਅੰਬੈਸੀ ਸਾਹਮਣੇ ਸਿੱਖ ਜਥੇਬੰਦੀਆਂ ਅਤੇ ਗੁਰਦ-ਵਾਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਭਾਰੀ ਰੋਸ ਅਤੇ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ ।

ਖਾਲਿਸਤਾਨ ਦੇ ਨਾਹਰਿਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਭਾਰਤ ਸਰਕਾਰ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਗਿਆ ਕਿ ਸਿੱਖ ਕੌਮ ਦਾ ਨਿਸ਼ਾਨਾ ਕੇਵਲ ਖਾਲਿਸਤਾਨ ਹੈ ਅਤੇ ਇਸ ਦੀ ਪੂਰਤੀ ਵਾਸਤੇ ਸੰਘਰਸ ਜਾਰੀ ਰਹੇਗਾ । ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ, ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਦੱਸਿਆ ਗਿਆ ਕਿ ਇਸ ਮੁਜਾਹਰੇ ਵਿੱਚ ਹੋਰਨਾ ਤੋਂ ਇਲਾਵਾ ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਹਰਦੀਸ਼ ਸਿੰਘ, ਭਾਈ ਦਵਿੰਦਰਜੀਤਸਿੰਘ, ਬ੍ਰਿਟਿਸ਼ ਸਿੱਖ ਕੌਂਸਲ ਦੇ ਭਾਈ ਤਰਸੇਮ ਸਿੰਘ ਦਿਓਲ, ਯੂਨਾਈਟਿਡ ਖਾਲਸਾ ਦਲ ਯੂ, ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ,ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ,ਕੇ ਦੇ ਭਾਈ ਰਜਿੰਦਰ ਸਿੰਘ ਚਿੱਟੀ, ਕੌਂਸਲ ਆਫ ਖਾਲਿਸਤਾਨ ਦੇ ਮੁਖੀ ਭਾਈ ਅਮਰੀਕ ਸਿੰਘ ਸਹੋਤਾ, ਬੱਬਰ ਅਕਾਲੀ ਆਰਗੇਨਾਈਜਸ਼ਨ ਯੂ,ਕੇ ਦੇ ਭਾਈ ਹਰਵਿੰਦਰ ਸਿੰਘ, ਸਿੱਖਸ ਫਾਰ ਜਸਟਿਸ ਦੇ ਆਗੂ ਭਾਈ ਦੁਪਿੰਦਰਜੀਤ ਸਿੰਘ, ਭਾਈ ਪਰਮਜੀਤ ਸਿੰਘ ਪੰਮਾ, ਭਾਈ ਗੁਰਪ੍ਰੀਤ ਸਿੰਘ, ਵਲਰਡ ਸਿੱਖ ਪਾਰਲੀਮੈਂਟ ਦੇ ਆਗੂ ਭਾਈ ਮਨਪ੍ਰੀਤ ਸਿੰਘ, ਗੁਰੂ ਤੇਗ ਬਹਾਦਰ ਗੁਰਦ-ਵਾਰਾ ਲੈਸਟਰ ਦੇ ਨੁਮਾਇੰਦੇ ਭਾਈ ਮੁਖਤਿਆਰ, ਦਲ ਖਾਲਸਾ ਦੇ ਭਾਈ ਗੁਰ-ਚਰਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ । ਭਾਰਤ ਦਾ ਸੰਵਿਧਾਨ ਸਿੱਖਾਂ ਨੂੰ ਸਿੱਖ ਹੀ ਨਹੀਂ, ਜਦਕਿ ਸਿੱਖ ਇੱਕ ਵੱਖਰੀ ਕੌਮ ਅਤੇ ਵੱਖਰਾ ਧਰਮ ਹੈ ।ਪਰ ਭਾਰਤੀ ਸੰਵਿਧਾਨ ਸਿੱਖਾਂ ਦੇ ਮੁੱਢਲੇ ਹੱਕਾਂ ਤੇ ਹੀ ਡਾਕਾ ਮਾਰ ਰਿਹਾ ਹੈ ਅਤੇ ਇਸ ਸੰਵਿਧਾਨ ਅਧੀਨ ਭਾਰਤੀ ਫੌਜ ਵਲੋਂ ਜੂਨ 1984 ਦੌਰਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜਾਂ ਵਲੋਂ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕੀਤਾ ਗਿਆ, ਪੰਜਾਬ ਦੀ ਧਰਤੀ ਤੇ ਅਣਗਿਣਤ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ, ਪੰਜਾਬ ਦੇ ਚੌਰਾਹਿਆ, ਨਹਿਰਾਂ, ਰੇਨਾਂ ਦੇ ਪੁਲਾਂ ਨੂੰ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਲੱਥਪੱਥ ਕੀਤਾ ਗਿਆ। ਕੌਮੀ ਆਜਾਦੀ ਵਾਸਤੇ ਸੰਘਰਸਸ਼ੀਲ ਸਿੱਖ ਨੌਜਵਾਨ ਤੀਹ ਤੀਹ ਸਾਲਾਂ ਤੋਂ ਜੇਲਾਂ ਵਿੱਚ ਬੰਦ ਹਨ । ਇਹ ਸੰਵਿਧਾਨ ਉਹਨਾਂ ਨੂੰ ਰਿਹਾਅ ਨਹੀਂ ਕਰ ਰਿਹਾ ।

ਜਦਕਿ ਸਿੱਖਾਂ ਤੇ ਜ਼ੁਲਮ ਕਰਨ ਵਾਲੇ ਕਾਤਲ ਪੁਲਸੀਆਂ ਅਤੇ ਸਿੱਖ ਵਿਰੋਧੀ ਲੋਕਾਂ ਨੂੰ ਇਹ ਸੰਵਿਧਾਨ ਹਮੇਸ਼ਾਂ ਹੀ ਰਾਹਤ ਪ੍ਰਦਾਨ ਕਰਦਾ ਆ ਰਿਹਾ ਹੈ। ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਨਾਲ ਲੰਬਾ ਸਮਾਂ ਸੰਘਰਸ਼ ਕਰਨ ਮਗਰੋਂ ਭਾਰਤ ਅੰਗਰੇਜਾਂ ਦੀ ਗ੍ਰਿਫਤ ਚੋਂ ਭਾਂਵੇ ਆਜ਼ਾਦ ਹੋ ਗਿਆ ਸੀ ਪਰ ਨੱਬੇ ਫੀਸਦੀ ਦੇ ਕਰੀਬ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਬਣਦੇ ਹੱਕ ਅਤੇ ਆਜ਼ਾਦੀ ਨਸੀਬ ਨਾ ਹੋ ਸਕੀ ਪਰ ਉਹਨਾਂ ਨੂੰ ਫਿਰਕਾਪ੍ਰਸਤ ਭਾਰਤੀ ਹਾਕਮਾਂ ਵਲੋਂ ਜਰਾਇਮ ਪੇਸ਼ਾ ਹੋਣ ਦਾ ਖਿਤਾਬ ਜਰੂਰ ਦੇ ਦਿੱਤਾ ਗਿਆ। । ਸਿੱਖ ਕੌਮ ਨਾਲ ਭਾਰਤੀ ਹਾਕਮਾਂ ਵਲੋਂ ਲਗਾਤਾਰ ਵਿਤਕਰਾ, ਧੱਕੇਸ਼ਾਹੀਆਂ ਦਾ ਸਿਲਸਲਾ ਜਾਰੀ ਹੈ।

## ਆਰਥਕ ਤੌਰ ਤੇ ਕਮਜ਼ੋਰ ਲੋਕਾਂ ਨੂੰ 10 ਰੁਪਏ ਚ ਦਿੱਤੀ ਜਾਵੇਗੀ ਐੱਮ ਆਰ ਆਈ ਤੇ ਸੀਟੀ ਸਕੈਨ ਦੀ ਸਹੂਲਤ- ਐਡਵੋਕਟ ਧਾਮੀ



ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਮੁੰਬਈ ਵਿਖੇ ਚੱਲ ਰਹੇ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੁੰਗਾ ਵਿੱਚ ਅੱਜ ਚਾਰ ਸਾਹਿਬਜ਼ਾਦੇ ਐੱਮਆਰਆਈ ਤੇ ਸੀਟੀ ਸਕੈਨ ਸੈਂਟਰ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਿੰਦਰ ਸਿੰਘ ਬਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ, ਸ਼੍ਰੋਮਣੀ ਕਮੇਟੀ ਦੇ ਓਐੱਸਡੀ ਸ. ਸਤਬੀਰ ਸਿੰਘ ਧਾਮੀ, ਸ. ਜਸਬੀਰ ਸਿੰਘ ਧਾਮ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਸਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਲੋਕ ਭਲਾਈ ਦੇ ਕਾਰਜਾਂ ਵਿੱਚ ਵੱਡੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਹੀ ਅੱਜ ਮੁੰਬਈ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਐੱਮਆਰਆਈ ਤੇ ਸੀਟੀ ਸਕੈਨ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆਂ ਕਿ ਇਸ ਸੈਂਟਰ ਵਿਖੇ ਆਰਥਕ ਤੌਰ ਫ਼ਰਸਤੁੱਤੇ ਕਮਜ਼ੋਰ ਲੋਕਾਂ ਨੂੰ ਕੇਵਲ 10 ਰੁਪਏ ਵਿੱਚ ਐੱਮਆਰਆਈ, ਸੀਟੀ ਸਕੈਨ, ਐਕਸਰੇ ਆਦਿ ਟੈਸਟਾਂ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ 1313 ਨਾਮ ਉੱਤੇ ਚਲਾਈ ਜਾਣ ਵਾਲੀ ਫਾਰਮੇਸੀ ਤੋਂ ਮਾਰਕੀਟ ਰੇਟ ਨਾਲੋਂ 25% ਘੱਟ ਰੇਟ ਉੱਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਮੈਡੀਕਲ ਖ਼ੂਨ ਦੀ ਜਾਂਚ ਦੇ ਟੈਸਟ ਵੀ 50% ਸਸਤੀਆਂ ਦਰਾਂ ਉੱਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਆਮ ਲੋਕਾਂ ਲਈ ਵੀ ਬਹੁਤ ਸਸਤੀਆਂ ਦਰਾਂ ਉੱਤੇ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਮੁੰਬਈ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਅਤੇ ਹੋਰ ਮੁਲਾਜ਼ਮਾਂ ਨੂੰ ਵੀ ਇਹ ਸਹੂਲਤਾਂ ਕੇਵਲ 10 ਰੁਪਏ ਵਿੱਚ ਹੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਵਿੱਚ ਮਹਾਂਰਾਸ਼ਟਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਵੱਲੋਂ ਵਿਸ਼ੇਸ਼ ਤੇ ਸ਼ਲਾਘਾਯੋਗ ਯਤਨ ਕੀਤੇ ਗਏ ਹਨ, ਜਿਸ ਨਾਲ ਸਿੱਖ ਸੰਸਥਾ ਦਾ ਮਾਨ ਹੋਰ ਵਧੇਗਾ। ਇਸ ਮੌਕੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਡਾਇਰੈਕਟਰ ਐਡਮਿਨ ਡਾ. ਜਸਬੀਰ ਕੌਰ ਮੱਕੜ, ਸ. ਹਰਮੀਤ ਸਿੰਘ ਸਲੂਜਾ ਆਦਿ ਮੌਜੂਦ ਸਨ।

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਭਾਰਤੀ ਹਾਈ ਕਮਿਸ਼ਨ ਲੰਡਨ ਨੇ ਗਣਤੰਤਰ ਦਿਵਸ ਮਨਾਇਆ




ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਤਿਰੰਗਾ ਲਹਿਰਾਉਂਦੇ ਹੋਏ, ਭਾਰਤੀ ਨ੍ਰਿਤ ਦਾ ਦ੍ਰਿਸ਼ ਅਤੇ ਇਕੱਤਰ ਭਾਰਤੀ ਭਾਈਚਾਰਾ



**ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ**

**ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵਲੋਂ 76ਵਾਂ ਗਣਤੰਤਰ ਦਿਵਸ ਮਨਾਇਆ। ਜਿਸ ਵਿੱਚ ਯੂ ਕੇ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਇਸ ਤੋਂ ਬਾਅਦ ਰਾਸ਼ਟਰੀ ਗੀਤ ਗਾਇਆ ਗਿਆ।**

ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਇੰਡੀਆ ਹਾਊਸ ਦੇ ਵਿਹੜੇ ਵਿੱਚ ਵਿਸ਼ਾਲ ਪ੍ਰਵਾਸੀ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਰਾਸ਼ਟਰ ਨੂੰ ਦਿੱਤੇ ਗਏ ਮੁੱਖ ਸੰਦੇਸ਼ ਨੂੰ ਸਾਂਝਾ ਕੀਤਾ।

ਦੋਰਾਇਸਵਾਮੀ ਨੇ ਕਿਹਾ ਕਿ ਆਓ ਅੱਜ ਅਸੀਂ ਗਾਂਧੀ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣ ਦੀ ਆਪਣੀ ਵਚਨਬੱਧਤਾ ਪ੍ਰਗਟ ਕਰੀਏ, ਉਨ੍ਹਾਂ ਵੱਲੋਂ ਦਿੱਤੇ ਸੱਚ ਅਤੇ ਅਹਿੰਸਾ ਦਾ ਸੰਦੇਸ਼ ਅੱਜ ਪੂਰੀ ਦੁਨੀਆ ਲਈ ਬਹੁਤ ਮਹੱਤਵਪੂਰਨ ਹੈ।

ਉਨ੍ਹਾਂ ਨੇ ਸਾਨੂੰ ਇਹ ਵੀ ਸਿਖਾਇਆ ਕਿ ਅਧਿਕਾਰ ਅਤੇ ਕਰਤੱਵ ਸਿੱਕੇ ਦੇ ਦੋ ਪਹਿਲੂ ਹਨ, ਦਰਅਸਲ ਅਧਿਕਾਰਾਂ ਦਾ ਅਸਲ ਸਰੋਤ ਫਰਜ਼ ਹੈ। ਮਨੁੱਖ ਦੇ ਨਾਲ ਬਨਸਪਤੀ ਅਤੇ ਜੀਵ-ਜੰਤੂ, ਨਦੀਆਂ ਅਤੇ ਪਹਾੜਾਂ ਲਈ ਵੀ ਸਾਨੂੰ ਦਇਆ ਵਿਖਾਉਣ ਦੀ ਲੋੜ ਹੈ।

ਇਸ ਤੋਂ ਇਲਾਵਾ ਇਸ ਮੌਕੇ ਦੇਸ਼ ਭਗਤੀ ਸੰਗੀਤਕ ਪ੍ਰਦਰਸ਼ਨਾਂ ਦੀ ਇੱਕ ਲੜੀ ਵਿੱਚ 2024 ਦੀ 'ਸਾਰੇਗਾਮਾਪਾ' ਜੇਤੂ ਸ਼ਰਧਾ ਮਿਸ਼ਰਾ ਦੁਆਰਾ ਫਿਲਮ 'ਰਾਜ਼ੀ' ਤੋਂ 'ਐ ਵਤਨ' ਅਤੇ ਸਾਥੀ ਪ੍ਰਤੀਯੋਗੀ ਪਾਰਵਤੀ ਨਾਇਰ ਦੁਆਰਾ ਫਿਲਮ 'ਕਰਮਾ' ਤੋਂ 'ਦਿਲ ਦੀਆ ਹੈ ਜਾਨ ਭੀ ਦੇਂਗੇ' ਦੀ ਪੇਸ਼ਕਾਰੀ ਕੀਤੀ। ਪ੍ਰਸਿੱਧ ਡਾਂਸਰ ਰਿਚਾ ਸ੍ਰੀਵਾਸਤਵ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਦੁਆਰਾ 'ਐ ਵਤਨ' ਦੀਆਂ ਧੁਨਾਂ 'ਤੇ ਕਥਕ ਲੋਕ ਨਾਚ ਪੇਸ਼ ਕੀਤਾ।

ਇਸ ਮੌਕੇ 'ਤੇ ਹਾਲ ਹੀ ਵਿੱਚ ਸਮਾਪਤ ਹੋਏ 'ਭਾਰਤ ਕੋ ਜਾਨੀਏ ਕੁਇਜ਼' ਦੇ 30 ਜੇਤੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

## ਐਮ ਪੀ ਬੌਬ ਬਲੈਕਮੈਨ ਨੇ ਐਮਰਜੈਂਸੀ ਫਿਲਮ ਦਾ ਮੁੱਦਾ ਸੰਸਦ ਵਿੱਚ ਉਠਾਉਂਦਿਆਂ ਵਰਤੇ ਗਏ "ਖਾਲਿਸਤਾਨੀ ਅੱਤਵਾਦੀ" ਸ਼ਬਦ ਦਾ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਵਿਰੋਧ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ਼ ਕਾਮਨਜ਼ ਵਿੱਚ ਬੋਲਦੇ ਹੋਏ, ਹੈਰੋ ਈਸਟ ਦੇ ਕੰਜ਼ਰਵੇਟਿਵ ਐਮ ਪੀ ਬੌਬ ਬਲੈਕਮੈਨ ਨੇ ਇੱਕ ਵਾਰ ਫਿਰ ਜਾਣਬੁੱਝ ਕੇ "ਅੱਤਵਾਦੀ" ਸ਼ਬਦ ਦੀ ਦੁਰਵਰਤੋਂ ਕੀਤੀ ਤਾਂ ਜੋ ਇੰਦਰਾ ਗਾਂਧੀ ਦੇ ਸ਼ਾਸਨ ਬਾਰੇ ਫਿਲਮ ਐਮਰਜੈਂਸੀ ਦਾ ਵਿਰੋਧ ਕਰਨ ਵਾਲੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਦਾ ਵਰਣਨ ਕੀਤਾ ਜਾ ਸਕੇ। ਇਹ ਵਿਚਾਰ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਪ੍ਰਗਟ ਕੀਤੇ ਗਏ। ਭਾਈ ਜਸਪਾਲ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਐਮ ਪੀ ਬੌਬ ਬਲੈਕਮੈਨ ਸੱਜੇ-ਪੱਖੀ ਭਾਰਤੀ ਸਰਕਾਰ ਦੇ ਬੁਲਾਰੇ ਵਜੋਂ ਹੀ ਵਿਚਰ ਰਹੇ ਹਨ। ਦੋ ਸਾਲ ਪਹਿਲਾਂ ਸੰਸਦ ਵਿੱਚ ਉਹ ਸਾਰੇ ਪਾਸਿਆਂ ਤੋਂ ਇਕਲੌਤੇ ਸੰਸਦ ਮੈਂਬਰ ਸਨ ਜਿਨ੍ਹਾਂ ਨੇ ਜਗਤਾਰ ਸਿੰਘ ਜੌਹਲ 'ਤੇ ਅੱਤਵਾਦੀ ਹੋਣ ਦਾ ਦੋਸ਼ ਲਗਾਇਆ ਸੀ, ਹਾਲਾਂਕਿ ਬੋਰਿਸ ਜੌਹਨਸਨ ਜਦੋਂ ਪ੍ਰਧਾਨ ਮੰਤਰੀ ਸਨ ਅਤੇ ਉਨ੍ਹਾਂ ਦੇ ਨੇਤਾ ਸਨ ਤਾਂ ਉਨ੍ਹਾਂ ਨੇ ਪਹਿਲਾਂ ਹੀ ਸਵੀਕਾਰ ਕਰ ਲਿਆ ਸੀ ਕਿ ਜਗਤਾਰ ਨੂੰ ਤਸੀਹੇ ਦਿੱਤੇ ਗਏ ਸਨ ਅਤੇ 4 ਨਵੰਬਰ 2017 ਤੋਂ ਮਨਮਾਨੀ ਹਿਰਾਸਤ ਵਿੱਚ ਰੱਖਿਆ ਹੋਇਆ ਹੈ।**

ਸਿੱਖ ਫੈਡਰੇਸ਼ਨ ਦੇ ਰਾਜਨੀਤਿਕ ਸ਼ਮੂਲੀਅਤ ਲਈ ਲੀਡ ਐਗਜ਼ੀਕਿਊਟਿਵ ਦਬਿੰਦਰਜੀਤ ਸਿੰਘ ਓ ਬੀ ਈ ਨੇ ਕਿਹਾ ਕਿ "ਬੌਬ ਬਲੈਕਮੈਨ ਨੇ ਅੱਜ ਇੱਕ ਵਾਰ ਫਿਰ ਆਪਣੇ ਸੰਸਦੀ ਵਿਸ਼ੇਸ਼ ਅਧਿਕਾਰ ਦੀ ਵਰਤੋਂ ਸਿੱਖ ਰਾਜ ਦੀ ਮੁੜ ਸਥਾਪਨਾ ਦੀ ਮੰਗ ਕਰਨ ਵਾਲੇ ਸਿੱਖਾਂ ਨੂੰ ਬਦਨਾਮ ਕਰਨ ਲਈ ਜਾਣਬੁੱਝ ਕੇ "ਖਾਲਿਸਤਾਨੀ ਅੱਤਵਾਦੀ" ਸ਼ਬਦ ਦੀ ਵਰਤੋਂ ਕੀਤੀ ਹੈ। "ਅਸੀਂ ਉਸਦੇ ਗੁੱਸੇ ਦੇ ਆਦੀ ਹਾਂ, ਪਰ



ਅੱਜ ਉਸਨੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਨੂੰ ਅੱਤਵਾਦੀ ਕਹਿਣ ਲਈ ਬੈਕਬੈਂਚ ਕਮੇਟੀ ਦੇ ਚੇਅਰਮੈਨ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਹੈ।" "ਸੰਸਦ ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਨੂੰ ਅੱਤਵਾਦੀ ਕਹਿਣ ਲਈ ਸੰਸਦ ਮੈਂਬਰ ਨੂੰ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ਇਹ ਘੋਰ ਗਲਤ ਪੇਸ਼ਕਾਰੀ ਜਨਤਕ ਹਿੱਤ ਵਿੱਚ ਨਹੀਂ ਹੋ ਸਕਦੀ ਅਤੇ ਇਹ ਹਾਊਸ ਆਫ਼ ਕਾਮਨਜ਼ ਦੀ ਸਾਖ ਨੂੰ ਨੁਕਸਾਨ ਪਹੁੰਚਾਉਂਦੀ ਹੈ।" ਉਹਨਾਂ ਇਹ ਵੀ ਕਿਹਾ ਕਿ "ਅਸੀਂ ਬੌਬ ਬਲੈਕਮੈਨ ਦੇ ਇਸ ਅਸਵੀਕਾਰਨਯੋਗ ਵਿਵਹਾਰ ਬਾਰੇ ਸੰਸਦੀ ਕਮਿਸ਼ਨਰ ਫਾਰ ਸਟੈਂਡਰਡਜ਼ ਨੂੰ ਇੱਕ ਰਸਮੀ ਸ਼ਿਕਾਇਤ ਵੀ ਕਰ ਰਹੇ ਹਾਂ।"

ਜ਼ਿਕਰਯੋਗ ਹੈ ਕਿ ਹੈਰੋ ਸਿਨੇਮਾ ਘਰ ਵਿੱਚ ਕੰਗਣਾ ਰਣੌਤ ਦੀ ਫਿਲਮ ਦਾ ਸਿੱਖਾਂ ਵੱਲੋਂ
ਵਿਰੋਧ ਕੀਤਾ ਗਿਆ ਸੀ, ਉਸ ਸਮੇਂ ਐਮ ਪੀ ਬੌਬ ਬਲੈਕਮੈਨ ਵੀ ਉੱਥੇ ਮੌਜੂਦ ਸੀ। ਉਹਨਾਂ ਸੰਸਦ ਨੂੰ ਸਾਰੀ ਜਾਣਕਾਰੀ ਬਿਆਨ ਕਰਦਿਆਂ ਹੀ ਖਾਲਿਸਤਾਨੀ ਅੱਤਵਾਦੀ ਸ਼ਬਦ ਦੀ ਵਰਤੋਂ ਕੀਤੀ ਸੀ।

GSD
GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

# ਗ਼ੈਰਕਾਨੂੰਨੀ ਪਰਵਾਸੀਆਂ ਤੇ ਸ਼ਿਕੰਜਾ: ਸਿੱਖ ਭਾਈਚਾਰੇ ਵੱਲੋਂ ਗੁਰਦੁਆਰਿਆਂ ਵਿਚ ਇਮੀਗ੍ਰੇਸ਼ਨ ਵਿਭਾਗ ਦੇ ਛਾਪਿਆਂ ਤੋਂ ਇਨਕਾਰ

ਨਿਊ ਯਾਰਕ- ਸਿੱਖ ਭਾਈਚਾਰੇ ਦੇ ਆਗੂਆਂ ਨੇ ਅਮਰੀਕਾ ਵਿਚ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਇਮੀਗ੍ਰੇਸ਼ਨ ਵਿਭਾਗ ਵੱਲੋਂ ਕੁਝ ਗੁਰਦੁਆਰਿਆਂ ਵਿਚ ਛਾਪੇ ਮਾਰੇ ਜਾਣ ਸਬੰਧੀ ਭਾਰਤੀ ਮੀਡੀਆ ਵਿਚ ਛਪੀਆਂ ਖ਼ਬਰਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਈਚਾਰੇ ਨੇ ਕਿਹਾ ਕਿ ਅਜਿਹੀ ਕਿਸੇ ਮੁਹਿੰਮ ਤਹਿਤ ਗੁਰਦੁਆਰਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਦੇ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਐਤਵਾਰ ਨੂੰ ਆਮ ਵਾਂਗ ਗੁਰਦੁਆਰੇ ਚ ਪਾਠ ਤੇ ਕੀਰਤਨ ਕੀਤਾ ਗਿਆ ਤੇ ਇਸ ਦੌਰਾਨ ਕਿਸੇ ਨੇ ਕੋਈ ਦਖ਼ਲ ਨਹੀਂ ਦਿੱਤਾ।

ਸਿੱਖ ਕਲਚਰਲ ਸੁਸਾਇਟੀ ਨਾਲ ਜੁੜੇ ਤੇ ਸਾਹਿਲੀ ਉੱਤਰਪੂਰਬ ਦੀ ਨੁਮਾਇੰਦਗੀ ਕਰਦੇ ਨਿੱਝਰ ਨੇ ਕਿਹਾ ਕਿ ਪੁਲੀਸ ਜਾਂ ਕਿਸੇ ਹੋਰ ਏਜੰਸੀ ਨੇ ਨਿਊ ਯਾਰਕ ਤੇ ਨਿਊ ਜਰਸੀ ਦੇ ਕਿਸੇ ਗੁਰਦੁਆਰੇ ਵਿਚ ਛਾਪੇ ਨਹੀਂ ਮਾਰੇ। ਨਿੱਝਰ, ਜੋ ਗੁਰਦੁਆਰੇ ਦੀ ਪਬਲਿਕ ਤੇ ਮੀਡੀਆ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਭਾਰਤੀ ਮੀਡੀਆ ਵਿਚ ਛਪੀਆਂ ਖ਼ਬਰਾਂ ਗ਼ਲਤ ਰਿਪੋਰਟਿੰਗ ਜਾਂ ਫਿਰ ਕਿਸੇ ਗ਼ਲਤਫ਼ਹਿਮੀ ਦਾ ਨਤੀਜਾ ਹਨ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਇਮੀਗ੍ਰੇਸ਼ਨ ਜਾਂ ਹੋਰ ਏਜੰਸੀਆਂ ਵੱਲੋਂ ਗੁਰਦੁਆਰਿਆਂ ਫ਼ਰਸਤੁੱਤੇ ਛਾਪੇਮਾਰੀ ਜਾਂ ਗੇੜੀਆਂ ਦੀਆਂ ਰਿਪੋਰਟਾਂ ਨੂੰ ਰੱਦ ਕੀਤਾ। ਸਿੰਘ ਨੇ ਕਿਹਾ ਕਿ ਨਿਊ ਯਾਰਕ ਤੇ ਨਿਊ ਜਰਸੀ ਵਿਚ ਸਿੱਖ ਭਾਈਚਾਰੇ ਦੇ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਸਣੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਨਿੱਘੇ ਸਬੰਧ ਹਨ। ਨਿੱਝਰ ਨੇ ਕਿਹਾ ਕਿ ਗੁਰਦੁਆਰਿਆਂ ਦੇ ਸਰਕਾਰੀ ਏਜੰਸੀਆਂ ਨਾਲ ਚੰਗੇ ਰਿਸ਼ਤੇ ਹਨ ਅਤੇ ਭਾਈਚਾਰੇ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਲਈ ਉਹ ਗੁਰਦੁਆਰੇ ਦੇ ਸੱਦੇ ਉੱਤੇ ਨਿਯਮਤ ਬੈਠਕਾਂ ਵੀ ਕਰਦੇ ਹਨ। ਕਾਬਿਲੇਗੌਰ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਉਹ ਪਾਲਿਸੀ ਰੱਦ ਕਰ ਦਿੱਤੀ ਸੀ, ਜਿਸ ਤਹਿਤ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਗਿਰਜਾਘਰਾਂ ਜਾਂ ਸਕੂਲਾਂ ਵਿਚ ਦਾਖ਼ਲ ਹੋ ਕੇ ਗ੍ਰਿਫ਼ਤਾਰੀ ਕਰਨ ਦੀ ਮਨਾਹੀ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ, ਅਪਰਾਧੀ ਹੁਣ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕੀ ਸਕੂਲਾਂ ਤੇ ਗਿਰਜਾਘਰਾਂ ਵਿਚ ਨਹੀਂ ਲੁਕ ਸਕਣਗੇ।

ਹੁਕਮਾਂ ਵਿਚ ਭਾਵੇਂ ਸਿਰਫ਼ ਗਿਰਜਾਘਰਾਂ ਦਾ ਜ਼ਿਕਰ ਸੀ, ਪਰ ਹੋਰਨਾਂ ਧਰਮਾਂ ਦੇ ਪ੍ਰਤੀਨਿਧਾਂ ਨੇ ਉਪਰੋਕਤ ਹੁਕਮਾਂ ਦੇ ਵਿਆਪਕ ਅਸਰ ਬਾਰੇ ਫ਼ਿਕਰ ਜਤਾਇਆ ਹੈ।

## ਅਮਰੀਕਾ ਨੇ ਕੋਲੰਬੀਆ ਤੇ 25 ਫ਼ੀ ਸਦੀ ਟੈਰਿਫ਼ ਲਗਾਇਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਕੋਲੰਬੀਆ ਤੋਂ ਆਯਾਤ ਕੀਤੇ ਗਏ ਸਾਰੇ ਸਮਾਨ ਤੇ 25 ਫ਼ੀ ਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਜਦੋਂ ਲਾਤੀਨੀ ਅਮਰੀਕੀ ਦੇਸ਼ ਨੇ ਦੇਸ਼ ਨਿਕਾਲਾ ਦਿਤੇ ਪ੍ਰਵਾਸੀਆਂ ਨੂੰ ਲੈ ਕੇ ਜਾਣ ਵਾਲੀਆਂ ਦੋ ਉਡਾਣਾਂ ਨੂੰ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ ਟਰੁਥ ਸੋਸ਼ਲ ਤੇ ਪੋਸਟ ਕੀਤਾ,

ਮੈਨੂੰ ਹੁਣੇ ਹੀ ਸੂਚਿਤ ਕੀਤਾ ਗਿਆ ਹੈ ਕਿ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਗ਼ੈਰ-ਕਾਨੂੰਨੀ ਅਪਰਾਧੀਆਂ ਨੂੰ ਲੈ ਕੇ ਜਾਣ ਵਾਲੀਆਂ ਦੋ ਵਾਪਸੀ ਉਡਾਣਾਂ ਨੂੰ ਕੋਲੰਬੀਆ ਵਿਚ ਉਤਰਨ ਦੀ ਇਜਾਜ਼ਤ ਨਹੀਂ ਦਿਤੀ ਗਈ।ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਵਲੋਂ ਇਨ੍ਹਾਂ ਉਡਾਣਾਂ ਦੀ ਆਗਿਆ ਦੇਣ ਤੋਂ ਇਨਕਾਰ ਕਰਨ ਨਾਲ ਸੰਯੁਕਤ ਰਾਜ ਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਖ਼ਤਰੇ ਵਿਚ ਪੈ ਗਈ, ਉਨ੍ਹਾਂ ਲਿਖਿਆ, ਇਹ ਨੋਟ ਕਰਦੇ ਹੋਏ ਕਿ ਉਨ੍ਹਾਂ ਨੇ ਆਪਣੇ ਪ੍ਰਸ਼ਾਸਨ ਨੂੰ ਤੁਰੰਤ ਅਤੇ ਫ਼ੈਸਲਾਕੁੰਨ ਬਦਲਾ ਲੈਣ ਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿਤੇ ਹਨ।ਟਰੰਪ ਨੇ ਕੋਲੰਬੀਆ ਤੋਂ ਆਉਣ ਵਾਲੇ ਸਾਰੇ ਸਮਾਨ ਤੇ ਐਮਰਜੈਂਸੀ 25 ਫ਼ੀ ਸਦੀ ਟੈਰਿਫ ਲਗਾਇਆ ਹੈ, ਜਿਸ ਨੂੰ ਇਕ ਹਫ਼ਤੇ ਵਿਚ ਵਧਾ ਕੇ 50 ਫ਼ੀ ਸਦੀ ਕਰ ਦਿਤਾ ਜਾਵੇਗਾ। ਉਨ੍ਹਾਂ ਨੇ ਕੋਲੰਬੀਆ ਦੇ ਸਰਕਾਰੀ ਅਧਿਕਾਰੀਆਂ ਅਤੇ ਸਾਰੇ ਸਹਿਯੋਗੀਆਂ ਅਤੇ ਸਮਰਥਕਾਂ ਤੇ ਯਾਤਰਾ ਪਾਬੰਦੀ ਅਤੇ ਤੁਰੰਤ ਵੀਜ਼ਾ ਰੱਦ ਕਰਨ, ਕੋਲੰਬੀਆ ਸਰਕਾਰ ਦੇ ਸਾਰੇ ਪਾਰਟੀ ਮੈਂਬਰਾਂ,ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਤੇ ਵੀਜ਼ਾ ਪਾਬੰਦੀ ਲਗਾਉਣ ਅਤੇ ਕਸਟਮ ਦੁਆਰਾ ਸਾਰੇ ਕੋਲੰਬੀਆ ਦੇ ਨਾਗਰਿਕਾਂ ਅਤੇ ਮਾਲ ਨੂੰ ਤੁਰੰਤ ਹਟਾਉਣ ਦੀ ਮੰਗ ਵੀ ਕੀਤੀ ਅਤੇ ਰਾਸ਼ਟਰੀ ਸੁਰੱਖਿਆ ਦੇ ਆਧਾਰ ਤੇ ਸਰਹੱਦੀ ਸੁਰੱਖਿਆ, ਵਧੀ ਹੋਈ ਨਿਗਰਾਨੀ, ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਪਾਬੰਦੀਆਂ ਨੂੰ ਨਿਰਦੇਸ਼ਤ ਕਰਦਾ ਹੈ।

## ਨਿਊ ਜਰਸੀ ਵਿਚ ਬਿਨਾਂ ਦਸਤਾਵੇਜ਼ ਲੋਕਾਂ ਦੀ ਗ੍ਰਿਫਤਾਰੀ ਉਪਰੰਤ ਦਹਿਸ਼ਤ ਦਾ ਮਾਹੌਲ-ਮੇਅਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਜਰਸੀ ਦੇ ਮੇਅਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬੀਤੇ ਦਿਨ ਸੰਘੀ ਏਜੰਟਾਂ ਦੁਆਰਾ ਬਹੁਤ ਸਾਰੇ ਲੋਕਾਂ ਨੂੰ ਹਿਰਾਸਤ ਵਿਚ ਲੈਣ ਉਪਰੰਤ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਹੈ ਜਦ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਅਯੋਜਿਤ ਕਾਰਵਾਈ ਸੀ। ਨਿਊਆਰਕ ਦੇ ਮੇਅਰ ਰਸ ਬਰਾਕਾ ਨੇ ਕਿਹਾ ਹੈ ਕਿ ਸੰਘੀ ਏਜੰਟਾਂ ਨੇ ਇਕ ਸਥਾਨਕ ਕਾਰੋਬਾਰੀ ਅਦਾਰੇ ਉਪਰ ਛਾਪਾ ਮਾਰਿਆ ਤੇ ਬਿਨਾਂ ਦਸਤਾਵੇਜ ਲੋਕਾਂ ਦੇ ਨਾਲ ਨਾਲ ਅਮਰੀਕੀ ਸ਼ਹਿਰੀਆਂ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ ਹੈ।

ਉਨਾਂ ਕਿਹਾ ਕਿ ਸੰਘੀ ਏਜੰਟਾਂ ਨੇ ਬਿਨਾਂ ਵਾਰੰਟ ਵਿਖਾਇਆਂ ਇਹ ਕਾਰਵਾਈ ਕੀਤੀ ਹੈ ਤੇ ਅਜਿਹਾ ਕਰਕੇ ਉਨਾਂ ਨੇ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੈ। ਮੇਅਰ ਅਨੁਸਾਰ ਹਿਰਾਸਤ ਵਿਚ ਲਏ ਲੋਕਾਂ ਵਿਚ ਇਕ ਅਮਰੀਕੀ ਫੌਜ ਦਾ ਸਾਬਕਾ ਜਵਾਨ ਵੀ ਸ਼ਾਮਿਲ ਹੈ ਜਿਸ ਦੇ ਫੌਜ ਦੇ ਦਸਤਾਵੇਜ਼ਾਂ ਦੀ ਯੋਗਤਾ ਅੱਗੇ ਸਵਾਲੀਆ ਚਿਨ ਲਾ ਕੇ ਉਸ ਦਾ ਅਪਮਾਨ ਕੀਤਾ ਗਿਆ ਹੈ।ਇਮੀਗ੍ਰੇਸ਼ਨ ਪ੍ਰਬੰਧਕ ਜੂਲੀਆ ਓਰਟਿਜ਼ ਤੇ ਨਿਊਆਰਕ ਦੇ ਇਕ ਸਥਾਨਕ ਪ੍ਰਵਾਸ ਹੱਕਾਂ ਬਾਰੇ ਸਮੂੰਹ ਨੇ ਕਿਹਾ ਹੈ ਕਿ ਛਾਪੇ ਦੌਰਾਨ ਏਜੰਟਾਂ ਦੁਆਰਾ ਕੁਲ 8 ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ ਤੇ 3 ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਇਕ ਬੁਲਾਰੇ ਨੇ ਇਕ ਅਮਰੀਕੀ ਸ਼ਹਿਰੀ ਨੂੰ ਹਿਰਾਸਤ ਵਿਚ ਲੈਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਸਬੰਧੀ ਅਗਲੀ ਜਾਂਚ ਪੜਤਾਲ ਬਾਰੇ ਕੁਝ ਨਹੀਂ ਕਿਹਾ ਹੈ। ਬੁਲਾਰੇ ਨੇ ਕਿਹਾ ਹੈ ਕਿ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕਾਰਵਾਈ ਦੌਰਾਨ ਉਨਾਂ ਦਾ ਸਾਹਮਣਾ ਅਮਰੀਕੀ ਸ਼ਹਿਰੀਆਂ ਨਾਲ ਵੀ ਹੋ ਸਕਦਾ ਹੈ ਤੇ ਉਹ ਉਨਾਂ ਨੂੰ ਆਪਣੀ ਪਛਾਣ ਦੱਸਣ ਲਈ ਕਹਿ ਸਕਦੇ ਹਨ ਜਿਵੇਂ ਕਿ ਨਿਊਆਰਕ, ਨਿਊਜਰਸੀ ਵਿਚ ਇਕ ਕੰਮ ਵਾਲੇ ਸਥਾਨ 'ਤੇ ਛਾਪੇ ਦੌਰਾਨ ਹੋਇਆ ਹੈ।



*ਸੀ ਸੀ ਟੀ ਵੀ ਤੋਂ ਲਈ ਇਕ ਤਸਵੀਰ ਵਿਚ ਸੰਘੀ ਅਧਿਕਾਰੀ ਨਿਊਆਰਕ, ਨਿਊਜਰਸੀ ਵਿਚ ਮਾਰੇ ਛਾਪੇ ਦੌਰਾਨ ਨਜਰ ਆ ਰਹੇ ਹਨ*

## ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬਿਨਾਂ ਨੋਟਿਸ ਦਿੱਤੇ ਸੰਘੀ ਏਜੰਸੀਆਂ ਦੇ ਦਰਜਨ ਤੋਂ ਵਧ ਇੰਸਪੈਕਟਰ ਜਨਰਲ ਦੀ ਛੁੱਟੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਖ ਵੱਖ ਸੰਘੀ ਏਜੰਸੀਆਂ ਦੇ ਦਰਜਨ ਤੋਂ ਵਧ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਲ 17 ਇੰਸਪੈਕਟਰ ਜਨਰਲ ਦੀ ਬਿਨਾਂ ਕੋਈ ਨੋਟਿਸ ਦਿੱਤੇ ਛੁੱਟੀ ਕੀਤੀ ਗਈ ਹੈ ਜਦ ਕਿ ਸੰਘੀ ਕਾਨੂੰਨ ਅਨੁਸਾਰ ਕਿਸੇ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਹਟਾਉਣ ਲਈ ਅਮਰੀਕੀ ਕਾਂਗਰਸ ਨੂੰ 30 ਦਿਨਾ ਦਾ ਨੋਟਿਸ ਦੇਣਾ ਜਰੂਰੀ ਹੁੰਦਾ ਹੈ।

ਏਜੰਸੀ ਵਿਚ ਇੰਸਪੈਕਟਰ ਜਨਰਲ ਆਜਾਦ ਪਹਿਰੇਦਾਰ ਹੁੰਦਾ ਹੈ ਜੋ ਗਲਤ ਕੰਮਾਂ ਉਪਰ ਨਜਰ ਰੱਖਦਾ ਹੈ ਤੇ ਬਰਬਾਦੀ, ਘਪਲਾ ਤੇ ਦੁਰਵਰਤੋਂ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ। ਪੈਂਟਾਗਨ , ਵਿਦੇਸ਼ ਵਿਭਾਗ, ਸਾਬਕਾ ਸੈਨਿਕ ਮਾਮਲੇ ਤੇ ਗ੍ਰਹਿ ਵਿਭਾਗ ਵਿਚੋਂ ਵੀ ਇੰਸਪੈਕਟਰ ਜਨਰਲ ਦੀ ਛਾਂਟੀ ਕੀਤੀ ਗਈ ਹੈ ਜੋ ਸਮੁੰਦਰੀ ਸੈਨਾ ਸਬੰਧੀ ਤੇਲ ਤੇ ਗੈਸ ਪਟਿਆਂ ਦੇ ਨਾਲ ਨਾਲ ਭਾਰਤੀ ਮਾਮਲਿਆਂ ਨੂੰ ਵੀ ਵੇਖਦੇ ਹਨ। ਇਹ ਜਾਣਕਾਰੀ ਛਾਂਟੀ ਕੀਤੇ ਇਕ ਇੰਸਪੈਕਟਰ ਜਨਰਲ ਨੇ ਹਾਲਾਤ ਦੀ ਸੰਵੇਦਣਸ਼ੀਲਤਾ ਕਾਰਨ ਆਪਣਾ ਨਾਂ ਗੁਪਤ ਰਖਣ ਦੀ ਸ਼ਰਤ 'ਤੇ ਦਿੱਤੀ ਹੈ। ਇਸ ਅਧਿਕਾਰੀ ਨੇ ਕਿਹਾ ਕਿ ਅਜਿਹਾ ਵਾਪਰਨ ਦੀ ਆਸ ਕੀਤੀ ਜਾਂਦੀ ਸੀ ਪਰੰਤੂ ਇਹ ਕਦਮ ਬਹੁਤ ਖਤਰਨਾਕ ਹੈ।



ਵਾਸ਼ਿੰਗਟਨ ਪੋਸਟ ਜਿਸ ਨੇ ਸਭ ਤੋਂ ਪਹਿਲਾਂ ਅਧਿਕਾਰੀਆਂ ਨੂੰ ਬਰਖਾਸਤ ਕੀਤੇ ਜਾਣ ਦੀ ਰਿਪੋਰਟ ਛਾਪੀ ਹੈ, ਨੇ ਕਿਹਾ ਹੈ ਕਿ ਕੱਢੇ ਗਏ ਅਧਿਕਾਰੀਆਂ ਵਿਚੋਂ ਜਿਆਦਾਤਰ ਟਰੰਪ ਦੁਆਰਾ ਆਪਣੇ ਪਹਿਲੇ ਕਾਰਜਕਾਲ 2017 ਤੋਂ 2021 ਦਰਮਿਆਨ ਨਿਯੁਕਤ ਕੀਤੇ ਗਏ ਸਨ। ਸੈਨਟ ਜੁਡੀਸ਼ੀਅਰੀ ਚੇਅਰਮੈਨ ਚੁਕ ਗਰਾਸਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇੰਸਪੈਕਟਰ ਜਨਰਲ ਨੂੰ ਕੱਢਣ ਦਾ ਕੋਈ ਚੰਗਾ ਮਕਸਦ ਹੋ ਸਕਦਾ ਹੈ ਪਰੰਤੂ ਉਹ ਚਹੰਦੇ ਹਨ ਕਿ ਰਾਸ਼ਟਰਪਤੀ ਟਰੰਪ ਇਸ ਸਬੰਧੀ ਹੋਰ ਸਪੱਸ਼ਟੀਕਰਨ ਦੇਣ। ਉਨਾਂ ਕਿਹਾ ਕਿ ਕਾਨੂੰਨ ਅਨੁਸਾਰ ਅਧਿਕਾਰੀਆਂ ਨੂੰ ਕੱਢਣ ਲਈ ਕਾਂਗਰਸ ਨੂੰ ਵਿਸਥਾਰਿਤ ਨੋਟਿਸ ਭੇਜਣਾ ਹੁੰਦਾ ਹੈ ਜੋ ਨਹੀਂ ਭੇਜਿਆ ਗਿਆ।

# ਯੂ ਕੇ ਵਿੱਚ ਰਹਿੰਦੇ 10 ਲੱਖ ਗੈਰਕਾਨੂੰਨੀ ਪ੍ਰਵਾਸੀਆਂ 'ਚੋਂ ਬਹੁ ਗਿਣਤੀ ਲੰਡਨ ਵਿਚ ਰਹਿੰਦੀ ਹੈ – ਅਧਿਐਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਪਾਣੀ ਮੁਹੱਈਆਂ ਕਰਵਾਉਣ ਵਾਲੀ ਕੰਪਨੀ ਥੇਮਜ਼ ਵਾਟਰ ਦੁਆਰਾ ਕੀਤੀ ਗਈ ਖੋਜ ਅਨੁਸਾਰ ਯੂਨਾਈਟਿਡ ਕਿੰਗਡਮ ਵਿੱਚ 10 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਇਕੱਲੇ ਲੰਡਨ ਵਿੱਚ ਵੱਸਦੇ ਹਨ। ਕੰਪਨੀ ਨੇ ਕਿਹਾ ਕਿ ਇੱਕ ਪਾਣੀ ਕੰਪਨੀ ਲਈ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿੱਚ ਦਿਲਚਸਪੀ ਰੱਖਣਾ ਅਜੀਬ ਲੱਗ ਹੋ ਸਕਦੀ ਹੈ, ਪਰ "ਪਾਣੀ ਸੰਤੁਲਨ" ਕਰਨ ਦੀ ਨਿਯਮਤ ਜ਼ਿੰਮੇਵਾਰੀ' ਹੋਣ ਕਰਕੇ ਇਹ ਸਮਝਣਾ ਜਰੂਰੀ ਹੈ ਕਿ ਸਾਡੇ ਗਾਹਕ ਪ੍ਰਤੀ ਵਿਅਕਤੀ ਦੇ ਆਧਾਰ 'ਤੇ ਕਿੰਨਾ ਪਾਣੀ ਵਰਤਦੇ ਹਨ, ਅਤੇ ਇਸਨੂੰ ਸਾਡੇ ਸਪਲਾਈ ਖੇਤਰ ਵਿੱਚ ਕਿਵੇਂ ਵੰਡਿਆ ਜਾਂਦਾ ਹੈ। ਇਹ ਪਤਾ ਲਗਾਉਣ ਲਈ ਕਿ ਕਿੰਨੇ ਗੈਰ-ਰਿਕਾਰਡ ਕੀਤੇ ਲੋਕਾਂ ਨੂੰ ਪਾਣੀ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ, ਥੇਮਜ਼ ਵਾਟਰ ਨੇ ਲੀਡਜ਼ ਯੂਨੀਵਰਸਿਟੀ ਦੇ ਜਨਸੰਖਿਆ ਅਤੇ ਡੇਟਾ ਮਾਹਰਾਂ ਦੇ ਇੱਕ ਸਮੂਹ, ਐਜ ਐਨਾਲਿਟਿਕਸ ਨੂੰ ਨਿਯੁਕਤ ਕੀਤਾ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹਨਾਂ ਨੂੰ ਕਿੰਨਾ ਪਾਣੀ ਪ੍ਰਦਾਨ ਕਰਨ ਦੀ ਲੋੜ ਹੈ।

ਰਿਪੋਰਟ ਅਨੁਸਾਰ ਇਕੱਲੇ ਲੰਡਨ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਛੇ ਅੰਕੜਿਆਂ ਵਿਚ ਹੈ, ਜਿਸ ਅਨੁਸਾਰ 390,355 ਅਤੇ ਵੱਧ ਤੋਂ ਵੱਧ 585,533 ਤੱਕ ਹੋਣ ਦਾ ਅਨੁਮਾਨ ਹੈ। ਜੇ ਅੰਦਾਜਨ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ 487,944 ਵੀ ਮੰਨੀਏ ਤਾਂ 8 ਫੀਸਦੀ ਜਾਣੀ ਹਰ 12 'ਲੰਡਨ ਵਾਸੀਆਂ' ਵਿੱਚੋਂ 1 ਗੈਰ-ਕਾਨੂੰਨੀ ਪ੍ਰਵਾਸੀ ਹੈ।

ਅੰਦਾਜ਼ਾ ਲਗਾਇਆ ਗਿਆ ਹੈ ਕਿ ਸਮੁੱਚੇ ਤੌਰ 'ਤੇ ਯੂਨਾਈਟਿਡ ਕਿੰਗਡਮ ਵਿੱਚ 10 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਹਨ। ਜਦ ਕਿ ਇਹ ਅੰਕੜੇ ਕਿਤੇ ਵੱਧ ਹੋ ਸਕਦੇ ਹਨ। ਪਿਛਲੇ ਸਾਲ ਸਰਕਾਰ ਨੇ ਸਮੁੰਦਰੀ ਰਸਤੇ ਆਉਣ ਵਾਲਿਆਂ ਦੀ ਗਿਣਤੀ 38,816 ਦਰਜ ਕੀਤੀ ਸੀ। 2022 ਵਿੱਚ ਇਹ ਗਿਣਤੀ 45,774 ਅਤੇ 2018 ਤੋਂ ਵਿੱਚ ਸਿਰਫ਼ 299 ਸੀ।

ਗ੍ਰਹਿ ਦਫ਼ਤਰ ਦੇ ਇੱਕ ਬੁਲਾਰੇ ਨੇ ਕਿਹਾ ਸਰਕਾਰ ਵਿਸ਼ਵਵਿਆਪੀ ਭਾਈਵਾਲੀ ਨੂੰ ਮਜ਼ਬੂਤ ਕਰ ਰਹੀ ਹੈ ਤਾਂ ਕਿ ਛੋਟੀਆਂ ਕਿਸ਼ਤੀਆਂ ਰਾਹੀਂ ਲੋਕਾਂ ਦੀ ਜਾਨ ਖ਼ਤਰੇ 'ਚ ਪਾਉਣ ਵਾਲੇ ਗ੍ਰੋਹਾਂ ਨੂੰ ਖ਼ਤਮ ਕੀਤਾ ਜਾ ਸਕੇ। ਇਸ ਦੇ ਨਾਲ ਹੀ ਪਿਛਲੇ ਛੇ ਮਹੀਨਿਆਂ ਵਿੱਚ 16,400 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਜੋ ਅੱਧੇ ਦਹਾਕੇ ਦਾ ਸਭ ਤੋਂ ਵੱਧ ਅੰਕੜਾ ਹੈ।

## ਲਾਊਡਸਪੀਕਰ ਦੀ ਵਰਤੋਂ ਕਿਸੇ ਧਰਮ ਦਾ ਜ਼ਰੂਰੀ ਅੰਗ ਨਹੀਂ : ਹਾਈ ਕੋਰਟ

'ਲਾਊਡਸਪੀਕਰ ਦੀ ਵਰਤੋਂ ਨਾਲ ਸ਼ਾਂਤੀ ਭੰਗ ਹੁੰਦੀ ਹੈ' ਜਸਟਿਸ ਏਐਸ ਗਡਕਰੀ ਅਤੇ ਜਸਟਿਸ ਐਸਸੀ ਚੰਡਕ ਦੇ ਬੈਂਚ ਨੇ ਕਿਹਾ ਕਿ ਸ਼ੋਰ ਸਿਹਤ ਲਈ ਵੱਡਾ ਖਤਰਾ ਹੈ। ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਹੈ ਕਿ ਜੇਕਰ ਉਸ ਨੂੰ ਲਾਊਡਸਪੀਕਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ ਤਾਂ ਉਸ ਦੇ ਅਧਿਕਾਰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਹੋਣਗੇ। ਬੰਬੇ ਹਾਈ ਕੋਰਟ ਨੇ ਲਾਊਡਸਪੀਕਰ ਦੀ ਵਰਤੋਂ ਨੂੰ ਲੈ ਕੇ ਅਹਿਮ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਕਿ ਹਾ ਕਿ ਲਾਊਡਸਪੀਕਰ ਦੀ ਵਰਤੋਂ ਕਿਸੇ ਵੀ ਧਰਮ ਦਾ ਜ਼ਰੂਰੀ ਅੰਗ ਨਹੀਂ ਹੈ। ਨਾਲ ਹੀ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸ਼ੋਰ ਪ੍ਰਦੂਸ਼ਣ ਦੇ ਨਿਯਮਾਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਹਾਈ ਕੋਰਟ ਨੇ ਰਾਜ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਧਾਰਮਿਕ ਸੰਸਥਾਵਾਂ ਨੂੰ ਆਵਾਜ਼ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਵਿਧੀ ਅਪਣਾਉਣ, ਜਿਸ ਵਿੱਚ ਆਟੋਮੈਟਿਕ ਡੈਸੀਬਲ ਸੀਮਾ ਸੈੱਟਿੰਗ ਵਾਲੇ ਸਾਊਂਡ ਸਿਸਟਮ ਵੀ ਸ਼ਾਮਲ ਹਨ। ਅਦਾਲਤ ਨੇ ਇਹ ਫੈਸਲਾ ਕੁਰਲਾ ਉਪਨਗਰ ਦੀਆਂ ਦੋ ਹਾਊਸਿੰਗ ਐਸੋਸੀਏਸ਼ਨਾਂ (ਜਾਗੋ ਨਹਿਰੂ ਨਗਰ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਅਤੇ ਸ਼ਿਵਸ੍ਰਿਸ਼ਟੀ ਕੋਆਪਰੇਟਿਵ ਹਾਊਸਿੰਗ ਸੋਸਾਇਟੀਜ਼ ਐਸੋਸੀਏਸ਼ਨ ਲਿਮਟਿਡ) ਵੱਲੋਂ ਦਾਇਰ ਪਟੀਸ਼ਨ 'ਤੇ ਸੁਣਾਇਆ। ਪਟੀਸ਼ਨਕਰਤਾਵਾਂ ਨੇ ਦੋਸ਼ ਲਾਇਆ ਸੀ ਕਿ ਇਲਾਕੇ ਦੀਆਂ ਮਸਜਿਦਾਂ 'ਚ ਲਗਾਏ ਗਏ ਲਾਊਡ ਸਪੀਕਰਾਂ ਨਾਲ ਹੋਣ ਵਾਲੇ ਸ਼ੋਰ ਪ੍ਰਦੂਸ਼ਣ ਵਿਰੁੱਧ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ ਹੈ।

## ਯੂ ਕੇ ਨਿਵੇਸ਼ ਲਈ ਵਿਸ਼ਵ ਦਾ ਦੂਜਾ ਸਭ ਤੋਂ ਆਕਰਸ਼ਕ ਦੇਸ਼ ਪਹਿਲੇ ਸਥਾਨ 'ਤੇ ਅਮਰੀਕਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੰਸਲਟੈਂਸੀ ਪੀ ਡਬਲਿਊ ਸੀ ਦੁਆਰਾ ਗਲੋਬਲ ਕਾਰੋਬਾਰੀ ਨੇਤਾਵਾਂ ਦੇ ਸਾਲਾਨਾ ਸਰਵੇਖਣ ਦੇ ਅਨੁਸਾਰ, ਯੂ ਕੇ ਵਿਸ਼ਵ ਦਾ ਨਿਵੇਸ਼ ਲਈ ਦੂਜਾ ਸਭ ਤੋਂ ਆਕਰਸ਼ਕ ਦੇਸ਼ ਹੈ।**

ਦਾਵੋਸ ਦੇ ਸਵਿਸ ਸਕੀ ਰਿਜ਼ੋਰਟ ਵਿੱਚ ਵਿਸ਼ਵ ਆਰਥਿਕ ਫੋਰਮ ਦੇ ਸ਼ੁਰੂਆਤ ਵਿੱਚ ਪ੍ਰਕਾਸ਼ਿਤ 109 ਦੇਸ਼ਾਂ ਦੇ ਲਗਭਗ 5,000 ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਸਰਵੇਖਣ ਵਿੱਚ ਅਮਰੀਕਾ ਪਹਿਲੇ, ਯੂ ਕੇ ਦੂਜੇ, ਚੀਨ ਤੀਜੇ, ਜਰਮਨੀ ਚੌਥੇ ਅਤੇ ਭਾਰਤ ਪੰਜਵੇਂ ਸਥਾਨ 'ਤੇ ਹੈ।

ਇਹ ਸਰਵੇਖਣ ਦੇ 28 ਸਾਲਾਂ ਦੇ ਇਤਿਹਾਸ ਵਿੱਚ ਯੂ ਕੇ ਲਈ ਸਭ ਤੋਂ ਉੱਚੀ ਦਰਜਾਬੰਦੀ ਹੈ। 2024 ਵਿੱਚ ਯੂ ਕੇ ਚੌਥੇ ਤੇ ਸੀ। ਸਰਵੇਖਣ 'ਤੇ ਟਿੱਪਣੀ ਕਰਦੇ ਹੋਏ, ਖਜ਼ਾਨਾ ਮੰਤਰੀ ਰੇਚਲ ਰੀਵਜ਼ ਨੇ ਕਿਹਾ: "ਇਹ ਨਵੀਨਤਮ ਨਤੀਜੇ ਦਰਸਾਉਂਦੇ ਹਨ ਕਿ ਗਲੋਬਲ ਸੀ ਈ ਓ ਬ੍ਰਿਟੇਨ ਦਾ ਸਮਰਥਨ ਕਰ ਰਹੇ ਹਨ ਅਤੇ ਯੂ ਕੇ ਅੰਤਰਰਾਸ਼ਟਰੀ ਨਿਵੇਸ਼ ਲਈ ਸਭ ਤੋਂ ਆਕਰਸ਼ਕ ਸਥਾਨਾਂ ਵਿੱਚੋਂ ਇੱਕ ਹੈ। ਇਹ ਨਿਵੇਸ਼ ਹੈ ਜੋ ਪੂਰੇ ਯੂ ਕੇ ਵਿੱਚ ਆਰਥਿਕ ਵਿਕਾਸ ਨੂੰ ਵਧਾਉਣ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰੇਗਾ।" ਦਾਵੋਸ ਸੰਮੇਲਨ ਵਿੱਚ ਬਰਤਾਨੀਆਂ ਦੀ ਖਜ਼ਾਨਾ ਮੰਤਰੀ ਰੀਵਜ਼ ਅਤੇ ਵਪਾਰ ਮੰਤਰੀ ਜੋਨਾਥਨ ਰੇਨੋਲਡਜ਼ ਵੀ ਸ਼ਾਮਲ ਹੋਣਗੇ।

ਪੀ ਡਬਲਯੂ ਸੀ ਦੁਆਰਾ ਸਰਵੇਖਣ ਕੀਤੇ ਗਏ ਮੁੱਖ ਕਾਰਜਕਾਰੀ ਅਧਿਕਾਰੀਆਂ ਵਿੱਚੋਂ 14% ਨੇ ਯੂ ਕੇ ਨੂੰ ਸਭ ਤੋਂ ਵੱਧ ਆਉਣ ਵਾਲੇ ਪੂੰਜੀ ਨਿਵੇਸ਼ ਲਈ ਚੁਣਿਆ ਜਦ ਕਿ ਅਮਰੀਕਾ ਨੂੰ 30% ਨੇ ਸਮਰਥਨ ਕੀਤਾ ਹੈ।

ਜਰਮਨੀ (12%) ਅਤੇ ਚੀਨ (9%) ਲਾਈਨ ਵਿੱਚ ਅਗਲੇ ਦੋ ਅਰਥਚਾਰੇ ਸਨ। ਚੋਣਾਂ ਦੇ ਨੇੜੇ ਆਉਣ ਕਾਰਨ ਜਰਮਨੀ ਮੰਦੀ ਨਾਲ ਜੂਝ ਰਿਹਾ ਹੈ, ਜਦੋਂ ਕਿ ਡੋਨਾਲਡ ਟਰੰਪ ਦੀਆਂ ਨਵੇਂ ਆਯਾਤ ਟੈਕਸਾਂ ਨੂੰ ਵਧਾਉਣ ਦੀਆਂ ਯੋਜਨਾਵਾਂ ਨੂੰ ਦੇਖਦੇ ਹੋਏ ਚੀਨ ਲਈ ਦ੍ਰਿਸ਼ਟੀਕੋਣ ਖਾਸ ਤੌਰ 'ਤੇ ਅਨਿਸ਼ਚਿਤ ਹੈ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................
ADDRESS..............................................
..............................POST CODE...................
TEL..................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਗਊ ਮੂਤਰ ਦੀ ਖੋਜ ਵਿੱਚ ਲੱਗੇ ਆਈ ਟੀ ਸੰਸਥਾਨ

## ✪ ਭਾਜਪਾ ਸਰਕਾਰ ਦੇ ਰਾਸ਼ਟਰੀ ਸਿਲੇਬਸ ਦਾ ਹਿੱਸਾ ਬਣਿਆ ਗਊ ਮੂਤਰ ਤੇ ਗੋਆ






ਭਾਰਤ ਵਿਚ ਅੱਜਕਲ ਗੋਬਰ ਅਤੇ ਗਊ ਮੂਤਰ ਦਾ ਇੰਨਾ ਜ਼ਿਆਦਾ ਗਾਇਨ ਹੋ ਰਿਹਾ ਹੈ ਕਿ ਮਹਾਨ ਲੋਕਾਂ ਨੇ ਇਸਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ ਹੈ। ਆਈਆਈਟੀ, ਮਦਰਾਸ, ਹੁਣ ਤੱਕ ਸ਼ਾਨਦਾਰ ਸਿੱਖਿਆ ਲਈ ਪ੍ਰਸਿੱਧ ਸੀ, ਹੁਣ ਇਸਦੇ ਡਾਇਰੈਕਟਰ ਸਿਰਫ ਗਊ ਮੂਤਰ ਦੇ ਫਾਇਦੇ ਦੱਸ ਰਹੇ ਹਨ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਖੁਦ ਗਊ ਮੂਤਰ ਦੇ ਸੇਵਨ ਤੋਂ ਲਾਭ ਹੋਇਆ ਹੈ। ਮਹਾਰਾਸ਼ਟਰ ਸਰਕਾਰ ਨੇ 30 ਸਤੰਬਰ 2024 ਨੂੰ ਇੱਕ ਆਦੇਸ਼ ਜਾਰੀ ਕਰ ਕੇ ਗਾਂ ਅਤੇ 'ਰਾਜ ਮਾਤਾ' ਘੋਸ਼ਿਤ ਕੀਤਾ ਸੀ। ਅਧਿਕਾਰਤ ਹੁਕਮਾਂ ਵਿੱਚ, ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸਰਕਾਰ ਨੇ ਕਿਹਾ ਕਿ ਗਾਵਾਂ ਭਾਰਤੀ ਪਰੰਪਰਾ ਦਾ ਇੱਕ ਮਹੱਤਵਪੂਰਨ ਹਿੱਸਾ ਰਹੀਆਂ ਹਨ ਅਤੇ ਪ੍ਰਾਚੀਨ ਕਾਲ ਤੋਂ ਅਧਿਆਤਮਕ, ਵਿਗਿਆਨਕ ਅਤੇ ਫੌਜੀ ਮਹੱਤਵ ਰੱਖਦੀਆਂ ਹਨ।

ਬਾਬਾ ਰਾਮਦੇਵ ਵੀ ਆਪਣੀਆਂ ਦਵਾਈਆਂ ਵਿਚ ਗਊ ਮੂਤਰ ਦੀ ਵਰਤੋਂ ਵੱਡੇ ਪੱਧਰ ਤੇ ਕਰ ਰਿਹਾ ਹੈ। ਅੱਧਾ ਲਿਟਰ ਗਊ ਦਾ ਪਿਸ਼ਾਬ ਸੱਤਰ ਰੁਪਏ ਵਿਚ ਵੇਚਿਆ ਜਾ ਰਿਹਾ ਹੈ। ਹਜ਼ਾਰਾਂ ਵਪਾਰੀਆਂ ਨੇ ਗਊ ਮੂਤਰ ਦਾ ਵਿਉਪਾਰ ਕਰਨ ਲਈ ਹਜ਼ਾਰਾਂ ਹੀ ਦੁਕਾਨਾਂ ਖੋਲ ਲਈਆਂ ਹਨ।

ਯੋਗ ਗੁਰੂ ਬਾਬਾ ਰਾਮਦੇਵ ਨੇ ਬੀਤੇ ਦਿਨੀਂ ਦੇਸ਼ ਵਾਸੀਆਂ ਨੂੰ ਗਊ ਮੂਤਰ ਪੀਣ ਦੀ ਸਲਾਹ ਦਿੱਤੀ ਸੀ। ਬਾਬਾ ਨੇ ਕਿਹਾ ਹੈ ਕਿ ਪਤੰਜਲੀ ਵਿਚ ਗਊ ਮੂਤਰ ਚੰਗਾ ਤੇ ਸ਼ੁਧ ਮਿਲਦਾ ਹੈ। ਸਭ ਨੂੰ ਗਊ ਮੂਤਰ ਰੋਜ਼ ਸਵੇਰੇ ਪੀਣਾ ਚਾਹੀਦਾ ਹੈ ਤੋਂ ਸਿਹਤ ਚੰਗੀ ਰਹਿ ਸਕੇ।

ਆਈਆਈਟੀ, ਦਿੱਲੀ ਨੂੰ ਵੀ ਗਾਂ ਦੇ ਗੋਬਰ, ਮੂਤਰ, ਦੁੱਧ, ਦਹੀਂ, ਘਿਓ ਆਦਿ ਦੇ ਫਾਇਦਿਆਂ 'ਤੇ ਖੋਜ ਲਈ ਪੰਜਾਹ ਤੋਂ ਵੱਧ ਪ੍ਰਸਤਾਵ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਵਿੱਚੋਂ ਕੁਝ 'ਤੇ ਕੰਮ ਕੀਤਾ ਜਾ ਰਿਹਾ ਹੈ। ਪਰ ਕੋਈ ਵੀ ਅਜਿਹਾ ਵਿਸ਼ੇਸ਼ ਵਿਅਕਤੀ ਸਾਹਮਣੇ ਨਹੀਂ ਆਇਆ ਜੋ ਖੁੱਲ੍ਹੇਆਮ ਗਊ ਮੂਤਰ ਜਾਂ ਗੋਬਰ ਦਾ ਸੇਵਨ ਕਰਦਾ ਹੋਵੇ।

ਆਈਆਈਟੀ ਪਲੱਕੜ ਨੇ ਗਊ ਮੂਤਰ ਤੋਂ ਬਿਜਲੀ ਪੈਦਾ ਕਰਨ ਦਾ ਪ੍ਰਯੋਗ ਕੀਤਾ ਹੈ,

**ਪੰਜਾਬ ਟਾਈਮਜ ਅਨੁਸਾਰ ਭਾਰਤ ਵਿੱਚ ਭਗਵੇਂਵਾਦੀਆਂ ਵਲੋਂ ਗਊ ਮੂਤਰ ਅਤੇ ਗੋਬਰ ਦਾ ਯੁੱਗ ਸਥਾਪਤ ਕੀਤਾ ਜਾ ਰਿਹਾ ਹੈ। ਜੇਕਰ ਤੁਸੀਂ ਇੱਕ ਵਾਰ ਗੂਗਲ 'ਤੇ ਸਰਚ ਕਰੋਗੇ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਸਾਰੀਆਂ ਮਨੁੱਖੀ ਬਿਮਾਰੀਆਂ ਗਊ ਮੂਤਰ ਅਤੇ ਗੋਬਰ ਨਾਲ ਠੀਕ ਹੋ ਸਕਦੀਆਂ ਹਨ। ਇਸ ਨਾਲ ਅੱਖਾਂ ਅਤੇ ਕੈਂਸਰ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ। ਇਹ ਪਾਚਨ ਸ਼ਕਤੀ ਵਧਾਉਣ ਵਾਲਾ, ਖੂਨ ਸ਼ੁੱਧ ਕਰਨ ਵਾਲਾ, ਰੋਗ ਰੋਧਕ, ਮੋਟਾਪਾ ਦੂਰ ਕਰਨ ਵਾਲਾ, ਪੀਲੀਆ ਰੋਕਣ ਵਾਲਾ, ਚਮੜੀ ਰੋਗਾਂ ਦਾ ਇਲਾਜ ਆਦਿ ਹੈ। ਤੁਸੀਂ ਕਿਸੇ ਵੀ ਬਿਮਾਰੀ ਦਾ ਨਾਮ ਲਓ, ਉਸ ਸਭ ਦੀ ਦਵਾਈ ਗਊ ਮੂਤਰ ਅਤੇ ਗੋਬਰ ਹੈ। ਅਸਲ ਵਿਚ ਦਿਮਾਗ ਨੂੰ ਗੋਬਰ ਨਾਲ ਭਰਨ ਦੀ ਤਕਨੀਕ ਕਾਫ਼ੀ ਪੁਰਾਣੀ ਹੈ, ਪਰ ਹਾਲ ਹੀ ਵਿੱਚ ਇਸਦੀ ਵਰਤੋਂ ਬਹੁਤ ਵੱਧ ਗਈ ਹੈ। ਕਿਸੇ ਦਿਨ ਭਗਵੇਂ ਸਿਆਸਤਦਾਨਾਂ ਵਲੋਂ ਐਲਾਨ ਹੋ ਸਕਦਾ ਹੈ ਕਿ ਏਮਜ਼ ਸਮੇਤ ਕਿਸੇ ਵੀ ਸਰਕਾਰੀ ਜਾਂ ਨਿੱਜੀ ਹਸਪਤਾਲ ਦੀ ਲੋੜ ਨਹੀਂ ਹੈ। ਲੋਕਾਂ ਨੂੰ ਗਾਂ ਦਾ ਗੋਬਰ ਖਾਣਾ ਚਾਹੀਦਾ ਹੈ, ਗਾਂ ਦਾ ਮੂਤਰ ਪੀਣਾ ਚਾਹੀਦਾ ਹੈ ਅਤੇ 2047 ਵਿੱਚ ਭਾਰਤ ਨੂੰ ਵਿਕਸਤ ਬਣਾਉਣਾ ਚਾਹੀਦਾ ਹੈ।**

ਹਾਲਾਂਕਿ, ਇਸਨੇ ਗਊ ਮੂਤਰ ਦੀ ਮਹੱਤਤਾ ਨੂੰ ਇਹ ਕਹਿ ਕੇ ਥੋੜ੍ਹਾ ਘਟਾ ਦਿੱਤਾ ਹੈ ਕਿ ਮਨੁੱਖੀ ਪਿਸ਼ਾਬ ਤੋਂ ਵੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਹੋਰ ਸਾਰੇ ਆਈਆਈਟੀ ਵੀ ਗਊ ਮੂਤਰ ਖੋਜ ਵਿੱਚ ਲੱਗੇ ਹੋਣਗੇ, ਕਿਉਂਕਿ ਇਹ ਹੁਣ ਇਹ ਭਾਜਪਾ ਸਰਕਾਰ ਦੇ ਰਾਸ਼ਟਰੀ ਸਿਲੇਬਸ ਦਾ ਹਿੱਸਾ ਹੈ। ਇਸ ਬਾਰੇ ਖੋਜ ਕਰਨ ਲਈ, ਸਰਕਾਰ ਨੇ 19 ਮੈਂਬਰੀ ਕਮੇਟੀ ਬਣਾਈ ਸੀ, ਜਿਸ ਵਿੱਚ ਆਰਐਸਐਸ ਅਤੇ ਵੀਐਚਪੀ ਦੇ ਲੋਕ ਵੀ ਸ਼ਾਮਲ ਸਨ। ਇਸਦੀ ਰਿਪੋਰਟ ਹੁਣ ਤੱਕ ਆ ਜਾਣੀ ਚਾਹੀਦੀ ਸੀ। ਦਿੱਲੀ ਦੇ ਇੱਕ ਕਾਲਜ ਨੇ ਵੀ ਗਊ ਪਾਲਣ ਅਤੇ ਗਊ ਮੂਤਰ ਆਦਿ 'ਤੇ ਖੋਜ ਕਰਨ ਦੀ ਪਹਿਲ ਕੀਤੀ ਹੈ।

ਹੁਣੇ ਜਿਹੇ ਇੰਡੀਅਨ ਵੈਟਰਨਰੀ ਰਿਸਰਚ ਇੰਸਟੀਚਿਊਟ, ਬਰੇਲੀ ਦੇ ਖੋਜਕਰਤਾਵਾਂ ਨੇ ਇੱਕ ਵਿਵਾਦਪੂਰਨ ਆਵਾਜ਼ ਉਠਾਈ ਸੀ ਕਿ ਮੱਝ ਦਾ ਪਿਸ਼ਾਬ ਗਊ ਮੂਤਰ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਉੱਤਰ ਪ੍ਰਦੇਸ਼ ਦੇ ਮਸ਼ਹੂਰ ਬਰੇਲੀ ਜ਼ਿਲ੍ਹੇ ਦੇ ਇਜ਼ਤਨਗਰ ਵਿੱਚ ਭਾਰਤੀ ਵੈਟਰਨਰੀ ਰਿਸਰਚ ਇੰਸਟੀਚਿਊਟ ਦੀ ਇੱਕ ਖੋਜ ਸਾਹਮਣੇ ਆਈ ਹੈ। ਭੋਜਰਾਜ ਸਿੰਘ ਆਪਣੇ ਤਿੰਨ ਪੀਐਚਡੀ ਵਿਦਵਾਨਾਂ ਅਤੇ ਤਿੰਨ ਵਿਦਿਆਰਥੀਆਂ ਨਾਲ ਖੋਜ ਦੀ ਅਗਵਾਈ ਕਰ ਰਹੇ ਸਨ। ਇਸ ਖੋਜ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਿਹਤਮੰਦ ਗਾਵਾਂ ਦੇ ਦੁੱਧ ਵਿੱਚ ਘੱਟੋ-ਘੱਟ 14 ਤਰ੍ਹਾਂ ਦੇ ਬੈਕਟੀਰੀਆ ਪਾਏ ਜਾਂਦੇ ਹਨ। ਇਸ ਕਾਰਨ ਪੇਟ ਤੇ ਗੁਰਦਿਆਂ ਵਿਚ ਇਨਫੈਕਸ਼ਨ ਹੋਣ ਦਾ ਖਤਰਾ ਰਹਿੰਦਾ ਹੈ। ਇਹ ਪੂਰੀ ਖੋਜ ਨੂੰ ਆਨਲਾਈਨ ਪੋਰਟਲ ਰਿਸਰਚ ਵੈੱਬਸਾਈਟ ਰਿਸਰਚਗੇਟ ਵਿੱਚ ਪਬਲਿਸ਼ ਕੀਤਾ ਗਿਆ ਹੈ। ਭੋਜਰਾਜ ਸਿੰਘ ਨੇ ' ਦੱਸਿਆ ਕਿ ਅਸੀਂ ਇਸ ਸਮੁੱਚੀ ਖੋਜ ਨੂੰ ਅੰਜਾਮ ਦੇਣ ਲਈ ਗਾਂ ਅਤੇ ਮੱਝਾਂ ਦੇ 73 ਪਿਸ਼ਾਬ ਦੇ ਨਮੂਨਿਆਂ ਨੂੰ ਇਕੱਠਿਆਂ ਕਰਕੇ ਅੰਕੜਿਆਂ ਖੋਜ ਕੀਤੀ ਹੈ। ਜਿਸ ਵਿੱਚ ਅਸੀਂ ਪਾਇਆ ਕਿ ਮੱਝ ਦਾ ਪਿਸ਼ਾਬ ਗਊ ਦੇ ਮੂਤਰ ਨਾਲੋਂ ਜ਼ਿਆਦਾ ਫਾਇਦੇਮੰਦ ਹੁੰਦਾ ਹੈ।

ਇਸ ਦੌਰਾਨ, ਜੂਨਾਗੜ੍ਹ ਦੀ ਖੇਤੀਬਾੜੀ ਯੂਨੀਵਰਸਿਟੀ ਗਊ ਮੂਤਰ ਤੋਂ ਸੋਨਾ ਕੱਢਣ ਵਿੱਚ ਲੱਗੀ ਹੋਈ ਹੈ। ਹਰਿਆਣਾ ਦੇ ਇੱਕ ਡਾਕਟਰ ਨੇ ਗਾਂ ਦਾ ਗੋਬਰ ਖਾਂਦੇ ਹੋਏ ਇੱਕ ਵੀਡੀਓ ਜਾਰੀ ਕੀਤਾ ਸੀ। ਉਹ ਨਾ ਸਿਰਫ਼ ਇਹ ਕਹਿੰਦੇ ਹਨ ਕਿ ਗਾਂ ਦਾ ਗੋਬਰ ਅਤੇ ਗਊ ਮੂਤਰ ਸਾਰੀਆਂ ਬਿਮਾਰੀਆਂ ਦਾ ਪੱਕਾ ਇਲਾਜ ਹੈ, ਸਗੋਂ ਇਹ ਵੀ ਕਹਿੰਦੇ ਹਨ ਕਿ ਹਰ ਰੋਜ਼ ਇੱਕ ਚੱਮਚ ਗਾਂ ਦਾ ਗੋਬਰ ਖਾਣ ਨਾਲ ਸਰੀਰ ਅਤੇ ਮਨ ਸ਼ੁੱਧ ਹੁੰਦਾ ਹੈ। ਜਦੋਂ ਸਰੀਰ ਅਤੇ ਮਨ ਪਵਿੱਤਰ ਹੋ ਜਾਣਗੇ, ਤਾਂ ਦੌਲਤ ਭਾਵੇਂ ਕੁਝ ਵੀ ਹੋਵੇ, ਉਹ ਵੀ ਪਵਿੱਤਰ ਹੋ ਜਾਵੇਗੀ!

ਮਥੁਰਾ ਦੇ ਫਰਾਹ 'ਚ ਸਥਿਤ ਗਊ ਵਿਗਿਆਨ ਖੋਜ ਅਤੇ ਸਿਖਲਾਈ ਕੇਂਦਰ ਵਿਚ ਵੱਖ-ਵੱਖ ਪ੍ਰਜਾਤੀਆਂ ਦੀਆਂ ਗਾਵਾਂ 'ਤੇ ਗਊ ਪਾਲਣ ਦਾ ਕੰਮ ਕੀਤਾ ਜਾ ਰਿਹਾ ਹੈ। ਨਵੇਂ ਸਾਲ ਵਿਚ ਗਾਂ ਦੇ ਗੋਬਰ, ਦੁੱਧ, ਘਿਓ, ਮੂਤਰ ਅਤੇ ਛਿੱਲ ਤੋਂ ਗੰਭੀਰ ਬਿਮਾਰੀਆਂ ਦੇ ਇਲਾਜ ਦੀ ਦਵਾਈ ਤਿਆਰ ਕੀਤੀ ਜਾ ਰਹੀ ਹੈ। ਇਹ ਦਵਾਈ ਕੈਂਸਰ ਵਰਗੀਆਂ ਬਿਮਾਰੀਆਂ ਦੇ ਇਲਾਜ ਵਿਚ ਮਦਦ ਕਰੇਗੀ।

ਡਾ. ਅਰੁਣ ਮਿੱਤਰਾਸੀਨੀਅਰ ਮੀਤ ਪਰਧਾਨ, ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਅਨੁਸਾਰ ਵਿਗਿਆਨੀਆਂ ਨੇ ਬਾਬਾ ਰਾਮਦੇਵ ਦੇ ਇਸ ਦਾਅਵੇ ਕਿ ਗਊ ਮੂਤਰ ਨਾਲ ਕੀਟਾਣੂ-ਨਾਸ਼ਕ ਦਵਾਈ ਬੀਟਾਡੀਨ ਦਾ ਅਸਰ ਖਤਮ ਹੋ ਜਾਂਦਾ ਹੈ, ਨੂੰ ਗਲਤ ਦੱਸਿਆ ਹੈ। ਸਾਫ਼ ਪਾਣੀ ਵਿਚ ਬੀਟਾਡੀਨ ਪਾ ਕੇ ਉਸ ਦਾ ਰੰਗ ਬਦਲ ਜਾਂਦਾ ਹੈ ਤੇ ਮੂਤਰ ਨਾਲ ਉਹ ਫਿਰ ਸਾਫ਼ ਹੋ ਜਾਂਦਾ ਹੈ। ਇਹ ਰਸਾਇਣਕ ਕਿਰਿਆ ਹੈ ਜੋ ਮਨੁੱਖੀ ਮੂਤਰ ਨਾਲ ਵੀ ਉਸੇ ਢੰਗ ਨਾਲ ਹੁੰਦੀ ਹੈ। ਇਸ ਕਿਰਿਆ ਵਿਚ ਮੂਤਰ ਵਿਚ ਮੌਜੂਦ ਥਾਇਓਸਲਫ਼ੇਟ ਦੀ ਬੀਟਾਡੀਨ ਵਿਚ ਮੌਜੂਦ ਟ੍ਰਾਈ ਆਇਓਡੀਨ ਆਇਉਨ ਨਾਲ ਕਿਰਿਆ ਹੁੰਦੀ ਹੈ ਤੇ ਉਹ ਸੋਡੀਅਮ ਆਇਓਡਾਈਡ ਵਿਚ ਬਦਲ ਜਾਂਦਾ ਹੈ ਜੋ ਰੰਗ ਰਹਿਤ ਅਤੇ ਸਾਫ਼ ਹੁੰਦਾ ਹੈ। ਇਸ ਤਰ੍ਹਾਂ ਇਸ ਕਿਸਮ ਦੇ ਦਾਅਵੇ ਭਗਵੇਂਵਾਦੀਆਂ ਵਲੋਂ ਮਿੱਥਿਆ ਫੈਲਾਉਣ ਲਈ ਕੀਤੇ ਜਾ ਰਹੇ ਹਨ। ਹੁਣ ਸਮਾਂ ਹੈ ਕਿ ਫ਼ਾਰਮਾਸਿਊਟੀਕਲ ਤੇ ਸਿਹਤ ਮੰਤਰਾਲਿਆਂ ਵੱਲੋਂ ਇਸ ਕਿਸਮ ਦੇ ਪ੍ਰਾਪੇਗੰਡੇ ਨੂੰ ਰੋਕਿਆ ਜਾਵੇ।

# ਥਾਈਲੈਂਡ ਵਿਚ ਸੇਮ ਸੈਕਸ ਮੈਰਿਜ ਲਾਗੂ

**ਖਾਸ ਖਬਰ** ✪ ਵਿਆਹ ਦੇ ਬੰਧਨ ਵਿਚ ਬੱਝੇ ਸਮਲਿੰਗੀ ਜੋੜੇ ✪ ਥਾਈਲੈਂਡ ਸੇਮ ਸੈਕਸ ਮੈਰਿਜ ਵਿਚ ਏਸ਼ੀਆ ਦਾ ਤੀਜਾ ਦੇਸ਼ ਬਣਿਆ

ਪਿਛਲੇ ਸਾਲ ਥਾਈਲੈਂਡ ਵਿੱਚ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਬਾਅਦ, ਹੁਣ ਇਸਨੂੰ ਪੂਰੇ ਦੇਸ਼ ਵਿੱਚ ਲਾਗੂ ਕਰ ਦਿੱਤਾ ਗਿਆ ਹੈ। ਥਾਈਲੈਂਡ ਅਜਿਹਾ ਕਰਨ ਵਾਲਾ ਦੱਖਣ-ਪੂਰਬੀ ਏਸ਼ੀਆ ਦਾ ਪਹਿਲਾ ਦੇਸ਼ ਬਣ ਗਿਆ। ਬੀਤੇ ਦਿਨੀਂ ਥਾਈਲੈਂਡ ਵਿੱਚ ਇੱਕ ਸਮੂਹਿਕ ਵਿਆਹ ਵਿੱਚ ਵੱਡੀ ਗਿਣਤੀ ਵਿੱਚ ਸਮਲਿੰਗੀ ਜੋੜਿਆਂ ਨੇ ਹਿੱਸਾ ਲਿਆ।

ਵਿਆਹ ਨੂੰ ਕਾਨੂੰਨੀ ਮਾਨਤਾ ਮਿਲਣ ਤੋਂ ਬਾਅਦ ਸਮਲਿੰਗੀ ਜੋੜਿਆਂ ਵਿੱਚ ਖੁਸ਼ੀ ਦੀ ਲਹਿਰ ਹੈ। ਉਹ ਸਰਕਾਰ ਦੇ ਇਸ ਸਟੈਪ ਨੂੰ ਇੱਕ ਸੁਪਨਾ ਸਾਕਾਰ ਹੋਣ ਵਜੋਂ ਦੱਸ ਰਹੇ ਹਨ। ਬੀਤੇ ਦਿਨੀਂ ਥਾਈਲੈਂਡ ਭਰ ਦੇ ਲੋਕਾਂ ਨੇ ਇਸ ਖੁਸ਼ੀ ਦਾ ਜਸ਼ਨ ਮਨਾਇਆ। ਸਮਲਿੰਗੀ ਵਿਆਹ ਕਾਨੂੰਨ ਦੀ ਮੰਗ ਕਰ ਰਹੇ ਕਾਰਕੁਨਾਂ ਨੇ ਇਸਨੂੰ ਇੱਕ ਵੱਡੀ ਜਿੱਤ ਕਿਹਾ।

ਥਾਈਲੈਂਡ ਵਿਚ ਐਲਜੀਬੀਟੀਕਿਊ+ ਭਾਈਚਾਰਾ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸਮਲਿੰਗੀ ਵਿਆਹ ਦੀ ਮੰਗ ਕਰ ਰਿਹਾ ਹੈ। ਥਾਈ ਸੰਸਦ ਦੁਆਰਾ ਪਾਸ ਕੀਤੇ ਗਏ ਬਿੱਲ ਨੂੰ ਪਿਛਲੇ ਸਾਲ ਰਾਜਾ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ। ਇਸ ਕਾਨੂੰਨ ਕਾਰਨ ਸਮਲਿੰਗੀ ਜੋੜਿਆਂ ਨੂੰ ਵਿੱਤੀ, ਕਾਨੂੰਨੀ ਅਤੇ ਡਾਕਟਰੀ ਅਧਿਕਾਰ ਮਿਲੇ ਹਨ। ਉਹ ਇੱਕ ਬੱਚਾ ਗੋਦ ਵੀ ਲੈ ਸਕਣਗੇ।



## 30 ਤੋਂ ਵੱਧ ਦੇਸ਼ਾਂ ਵਿੱਚ ਮਾਨਤਾ ਪ੍ਰਾਪਤ

ਪਿਊ ਰਿਸਰਚ ਸੈਂਟਰ ਦੇ ਅਨੁਸਾਰ, ਇਸ ਸਮੇਂ ਦੁਨੀਆ ਭਰ ਦੇ 30 ਤੋਂ ਵੱਧ ਦੇਸ਼ਾਂ ਨੇ ਸਮਲਿੰਗੀ ਵਿਆਹ ਨੂੰ ਮਾਨਤਾ ਦਿੱਤੀ ਹੈ। ਪਰ ਏਸ਼ੀਆ ਵਿੱਚ ਸਿਰਫ਼ ਤਿੰਨ ਦੇਸ਼ ਹੀ ਹਨ ਜਿਨ੍ਹਾਂ ਨੇ ਅਜਿਹਾ ਕੀਤਾ ਹੈ। ਪਹਿਲਾਂ ਤਾਈਵਾਨ ਨੇ 2019 ਵਿੱਚ ਇਸਨੂੰ ਮਾਨਤਾ ਦਿੱਤੀ ਅਤੇ ਫਿਰ ਨੇਪਾਲ, ਹੁਣ ਥਾਈਲੈਂਡ ਤੀਜਾ ਦੇਸ਼ ਬਣ ਗਿਆ ਹੈ। ਹਾਲਾਂਕਿ ਥਾਈਲੈਂਡ ਵਿੱਚ ਟਰਾਂਸਜੈਂਡਰ ਲੋਕਾਂ ਨੂੰ ਇਸ ਵੇਲੇ ਆਪਣੀ ਲਿੰਗ ਪਛਾਣ ਬਦਲਣ ਦੀ ਇਜਾਜ਼ਤ ਨਹੀਂ ਹੈ। ਏਸ਼ੀਆ ਪੈਸੀਫਿਕ ਟਰਾਂਸਜੈਂਡਰ ਨੈੱਟਵਰਕ ਦਾ ਕਹਿਣਾ ਹੈ ਕਿ ਥਾਈਲੈਂਡ ਵਿੱਚ ਅੰਦਾਜ਼ਨ 314,000 ਟਰਾਂਸ ਲੋਕ ਰਹਿੰਦੇ ਹਨ।

## ਹਰ ਕੋਈ ਸਤਿਕਾਰ ਦਾ ਹੱਕਦਾਰ : ਥਾਈ ਪ੍ਰਧਾਨ ਮੰਤਰੀ



ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿੱਚ ਇੱਕ ਸਮੂਹਿਕ ਸਮਲਿੰਗੀ ਵਿਆਹ ਦਾ ਫੰਕਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਮੰਤਰੀ ਪਟੋਂਗਟਾਰਨ ਸ਼ਿਨਾਵਾਤਰਾ ਨੇ ਵੀ ਇੱਕ ਸੰਦੇਸ਼ ਜਾਰੀ ਕੀਤਾ। ਇਸ ਵਿੱਚ ਉਨ੍ਹਾਂ ਕਿਹਾ ਕਿ ਇਹ ਵਿਆਹ ਕਾਨੂੰਨ ਲਿੰਗ ਵਿਭਿੰਨਤਾ ਪ੍ਰਤੀ ਥਾਈ ਸਮਾਜ ਦੀ ਵਿਆਪਕ ਜਾਗਰੂਕਤਾ ਦੀ ਸ਼ੁਰੂਆਤ ਹੈ। ਇਹ ਸਾਡੀ ਪਹਿਲ ਹੈ ਕਿ ਅਸੀਂ ਜਾਤ ਅਤੇ ਧਰਮ ਦੀ ਪਰਵਾਹ ਕੀਤੇ ਬਿਨਾਂ ਸਾਰਿਆਂ ਨੂੰ ਅਪਣਾਈਏ। ਹਰ ਕੋਈ ਬਰਾਬਰ ਅਧਿਕਾਰ ਅਤੇ ਸਤਿਕਾਰ ਦਾ ਹੱਕਦਾਰ ਹੈ।

### ਵਕੀਲ ਦੀ ਹਾਸੋ ਹੀਣੀ ਪਟੀਸ਼ਨ

# ਸਾਰੀਆਂ ਬੀਬੀਆਂ ਲਈ ਕਰਵਾ ਚੌਥ ਲਾਜ਼ਮੀ ਹੋਵੇ, ਹਾਈਕੋਰਟ ਵਲੋਂ ਖਾਰਜ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਜਨਹਿਤ 'ਚ ਦਾਇਰ ਅਜੀਬੋ-ਗਰੀਬ ਪਟੀਸ਼ਨ 'ਚ ਕਰਵਾ ਚੌਥ ਬਾਰੇ ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾਂ ਸਾਰੀਆਂ ਔਰਤਾਂ ਲਈ ਇੱਕ ਵਿਸ਼ਵਵਿਆਪੀ ਰਸਮ ਬਣਾਉਣ ਦੇ ਨਿਰਦੇਸ਼ਾਂ ਦੀ ਮੰਗ ਕੀਤੀ ਗਈ। ਕਰਵਾ ਚੌਥ ਇੱਕ ਪਰੰਪਰਾ ਹੈ, ਜਿੱਥੇ ਔਰਤਾਂ ਸਵੇਰ ਤੋਂ ਰਾਤ ਚੰਨ ਨਿਕਲਣ ਤੱਕ ਵਰਤ ਰੱਖਦੀਆਂ ਹਨ, ਆਪਣੇ ਪਤੀ ਦੀ ਸਿਹਤ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕਰਦੀਆਂ ਹਨ। ਪਰ ਪਟੀਸ਼ਨਕਰਤਾ ਲਈ ਇਹ ਪਰੰਪਰਾ ਸਪੱਸ਼ਟ ਤੌਰ 'ਤੇ ਕਾਫੀ ਸੰਮਿਲਤ ਨਹੀਂ ਸੀ।



ਇਸ ਮਾਮਲੇ 'ਤੇ ਸੁਣਵਾਈ ਕਰਦਿਆਂ ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮੀਤ ਗੋਇਲ ਦੀ ਡਵੀਜ਼ਨ ਬੈਂਚ ਨੇ ਕਿਹਾ ਕਿ ਪਟੀਸ਼ਨਕਰਤਾ ਵਿਧਵਾ, ਵੱਖ ਹੋਇਆਂ, ਤਲਾਕਸ਼ੁਦਾ ਅਤੇ ਲਿਵ ਇਨ ਰਹਿਣ ਵਾਲੀਆਂ ਔਰਤਾਂ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਔਰਤਾਂ ਦੁਆਰਾ ਕਰਵਾ ਚੌਥ ਮਨਾਉਣ ਦੀ ਘੋਸ਼ਣਾ ਦੀ ਮੰਗ ਕਰ ਰਿਹਾ ਸੀ। ਉਹ ਇਹ ਨਿਰਦੇਸ਼ ਵੀ ਮੰਗ ਰਿਹਾ ਸੀ ਕਿ ਕਰਵਾ ਚੌਥ ਔਰਤਾਂ ਦੇ ਚੰਗੇ ਭਾਗਾਂ ਦਾ ਤਿਉਹਾਰ ਹੈ, ਇਸ ਲਈ ਇਸ ਨੂੰ ਮਾਂ ਗੌਰਾ ਉਤਸਵ ਜਾਂ ਮਾਂ ਪਾਰਵਤੀ ਉਤਸਵ ਐਲਾਨਿਆ ਜਾਵੇ। ਬੈਂਚ ਨੇ ਕਿਹਾ ਕਿ ਪਟੀਸ਼ਨਰ ਵੱਲੋਂ ਇੱਕ ਸਮਾਜੀ ਕਾਰਨ ਵਜੋਂ ਪੇਸ਼ ਕੀਤੀ ਗਈ ਮੁੱਖ ਸ਼ਿਕਾਇਤ ਇੰਜ ਪ੍ਰਤੀਤ ਹੁੰਦੀ ਹੈ ਕਿ ਔਰਤਾਂ ਦੇ ਕੁਝ ਵਰਗਾਂ, ਖਾਸ ਕਰਕੇ ਵਿਧਵਾਵਾਂ ਨੂੰ ਕਰਵਾ ਚੌਥ ਦੀ ਰਸਮ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਲਈ ਅਜਿਹਾ ਕਾਨੂੰਨ ਬਣਾਇਆ ਜਾਵੇ ਕਿ ਸਾਰੀਆਂ ਔਰਤਾਂ ਲਈ ਬਿਨਾਂ ਕਿਸੇ ਭੇਦਭਾਵ ਤੋਂ ਕਰਵਾ ਚੌਥ ਦੀ ਰਸਮ ਅਦਾ ਕਰਨੀ ਲਾਜ਼ਮੀ ਕੀਤੀ ਜਾਵੇ ਅਤੇ ਇਹ ਰਸਮ ਨਾ ਨਿਭਾਉਣ ਵਾਲੇ ਨੂੰ ਸਜ਼ਾਯੋਗ ਬਣਾਇਆ ਜਾਵੇ। ਇਹ ਦੇਖਦੇ ਹੋਏ ਕਿ ਅਜਿਹੇ ਮਾਮਲੇ ਵਿਧਾਨ ਮੰਡਲ ਦੇ ਨਿਵੇਕਲੇ ਖੇਤਰ ਦੇ ਅਧੀਨ ਆਉਂਦੇ ਹਨ, ਬੈਂਚ ਨੇ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਪਟੀਸ਼ਨਕਰਤਾ ਦੇ ਵਕੀਲ ਨੇ ਇਸ ਪਟੀਸ਼ਨ ਨੂੰ ਵਾਪਸ ਲੈਣ ਲਈ ਪ੍ਰਾਰਥਨਾ ਕੀਤੀ। ਜਿਸ ਉਪਰੰਤ ਬੈਂਚ ਨੇ 1000 ਰੁਪਏ ਦੀ ਟੋਕਨ ਲਾਗਤ ਨਾਲ ਪਟੀਸ਼ਨ ਨੂੰ ਵਾਪਸ ਲਏ ਜਾਣ ਵਜੋਂ ਖਾਰਜ ਕਰ ਦਿੱਤਾ।

# ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਪਾਰਲੀਮੈਂਟ ਚੋਣ ਨਹੀਂ ਲੜਨਗੇ



ਓਟਾਵਾ-ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸਾਊਥ ਹਲਕੇ ਤੋਂ ਲਿਬਰਲ ਮੈਂਬਰ ਪਾਰਲੀਮੈਂਟ ਅਤੇ ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਨੇ ਮੁੜ ਪਾਰਲੀਮੈਂਟ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ। ਵਰਨਣਯੋਗ ਹੈ ਕਿ ਹਰਜੀਤ ਸਿੰਘ ਸੱਜਣ 2015 ਵਿੱਚ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ। ਜਸਟਿਨ ਟਰੂਡੋ ਵਜ਼ਾਰਤ ਵਿਚ ਉਹ ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਵੀ ਰਹਿ ਚੁੱਕੇ ਹਨ।

# ਪੰਜਾਬ ਪੁਲਿਸ ਵਲੋਂ ਲਾਰੈਂਸ ਬਿਸ਼ਨੋਈ ਗੈਂਗ ਦਾ ਗੁਰਗਾ ਗ੍ਰਿਫ਼ਤਾਰ

ਚੰਡੀਗੜ੍ਹ-ਪੰਜਾਬ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ. ਜੀ. ਟੀ. ਐਫ.) ਅਤੇ ਐਸ. ਏ. ਐਸ. ਨਗਰ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਤੋਂ ਬਾਅਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੈਂਗਸਟਰ ਗੋਲਡੀ ਬਰਾੜ ਦੇ ਮੁੱਖ ਸਾਥੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਗੈਂਗਸਟਰ ਮਹਿਫੂਜ਼ ਉਰਫ਼ ਵਿਸ਼ਾਲ ਖਾਨ ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮਾਂ ਤੋਂ ਇੱਕ ਗੈਰ-ਕਾਨੂੰਨੀ ਪਿਸਤੌਲ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਦੋਸ਼ੀ ਵਿਸ਼ਾਲ ਖਾਨ ਨੇ ਪੰਜਾਬ ਦੇ ਗਾਇਕ ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਹਥਿਆਰ ਅਤੇ ਰਸਦ ਮੁਹੱਈਆ ਕਰਵਾਉਣ ਵਿੱਚ ਬਹੁਤ ਮਦਦ ਕੀਤੀ ਸੀ। ਪੁਲਿਸ ਨੇ ਮੁਲਜ਼ਮ ਨੂੰ ਐਸਏਐਸ ਨਗਰ ਨੇੜੇ ਗ੍ਰਿਫ਼ਤਾਰ ਕਰ ਲਿਆ ਹੈ।



ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ-ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਉਹ ਟ੍ਰਾਈਸਿਟੀ ਵਿੱਚ ਅਪਰਾਧ ਕਰਨ ਦੀ ਯੋਜਨਾ ਬਣਾ ਰਿਹਾ ਸੀ। ਪੁਲਿਸ ਸਾਰੇ ਥਾਣਿਆਂ ਤੋਂ ਵਿਸ਼ਾਲ ਖ਼ਾਨ ਦਾ ਪਿਛਲਾ ਅਪਰਾਧਿਕ ਰਿਕਾਰਡ ਕੱਢ ਰਹੀ ਹੈ। ਮੁਲਜ਼ਮ ਖ਼ਿਲਾਫ਼ 10 ਦੇ ਕਰੀਬ ਕੇਸ ਦਰਜ ਹਨ। 2023 ਤੋਂ ਵਿਸ਼ਾਲ ਖਾਨ ਵਿਦੇਸ਼ ਵਿਚ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਹੈ।

# ਜਪਾਨ ਵਿਚ ਵੀ ਰਹਿੰਦੇ ਨੇ ਸਿੱਖ

## ✪ ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੀ ਸੱਭਿਆਚਾਰਕ ਪਛਾਣ ਬਣਾਈ ਰੱਖੀ

**ਕਵਰ ਸਟੋਰੀ**

ਜਪਾਨ ਵਿੱਚ ਸਿੱਖ ਧਰਮ ਦਾ ਇਤਿਹਾਸ ਅਤੇ ਭਾਈਚਾਰੇ ਦਾ ਵਿਕਾਸ ਹੌਲੀ-ਹੌਲੀ ਹੋਇਆ ਹੈ। ਜਨਮ ਸਾਖੀਆਂ ਤੋਂ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਏਸ਼ੀਆ ਦੇ ਹੋਰ ਹਿੱਸਿਆਂ ਦੇ ਨਾਲ-ਨਾਲ ਜਾਪਾਨ ਦੀ ਯਾਤਰਾ ਕੀਤੀ ਸੀ। ਮੁੱਢਲੇ ਸਮੇਂ ਤੋਂ ਲੈ ਕੇ ਆਧੁਨਿਕ ਸਮੇਂ ਤੱਕ, ਸਿੱਖ ਭਾਈਚਾਰੇ ਨੇ ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਬਣਾਈ ਰੱਖੀ ਹੈ। ਜਪਾਨ ਵਿੱਚ ਸਿੱਖ ਭਾਈਚਾਰਾ ਮੁੱਖ ਤੌਰ ’ਤੇ ਕੋਬੇ ਅਤੇ ਟੋਕੀਓ ਸ਼ਹਿਰਾਂ ਵਿੱਚ ਕੇਂਦਰਿਤ ਹੈ। ਕੋਬੇ ਦਾ ਗੁਰਦੁਆਰਾ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਸਥਾਨ ਹੈ।

1900 ਵਿੱਚ, ਪੂਰਨ ਸਿੰਘ ਟੋਕੀਓ ਯੂਨੀਵਰਸਿਟੀ ਵਿੱਚ ਫਾਰਮਾਸਿਊਟੀਕਲ ਕੈਮਿਸਟਰੀ ਦੀ ਪੜ੍ਹਾਈ ਕਰਨ ਲਈ ਜਪਾਨ ਚਲੇ ਗਏ। ਬਾਅਦ ਵਿੱਚ ਉਸਨੇ ਬੋਧੀ ਭਿਕਸ਼ੂ ਬਣਨ ਦਾ ਫੈਸਲਾ ਕੀਤਾ।

1903-04 ਵਿੱਚ, ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਜਪਾਨ ਦਾ ਦੌਰਾ ਕੀਤਾ, ਜਿਸਦਾ ਉਨ੍ਹਾਂ ’ਤੇ ਡੂੰਘਾ ਪ੍ਰਭਾਵ ਪਿਆ। ਮਹਾਰਾਜਾ ਨੇ 1905 ਵਿੱਚ ਪ੍ਰਕਾਸ਼ਿਤ “ਮਾਈ ਟ੍ਰੈਵਲ ਇਨ ਚਾਈਨਾ, ਜਾਪਾਨ ਐਂਡ ਜਾਵਾ” ਨਾਮਕ ਇੱਕ ਕਿਤਾਬ ਵਿੱਚ ਆਪਣੇ ਯਾਤਰਾ ਅਨੁਭਵ ਸਾਂਝੇ ਕੀਤੇ। 1920 ਦੇ ਦਹਾਕੇ ਵਿੱਚ, ਕੁਝ ਸਿੱਖ ਜਾਪਾਨ ਦੇ ਪੱਛਮੀ ਖੇਤਰਾਂ ਵਿੱਚ ਰਹਿਣ ਲੱਗ ਪਏ। 1923 ਦੇ ਗ੍ਰੇਟ ਕਾਂਟੋ ਭੂਚਾਲ ਤੋਂ ਬਾਅਦ, ਯੋਕੋਹਾਮਾ ਵਿੱਚ ਰਹਿਣ ਵਾਲੇ ਸਿੱਖ ਕੋਬੇ ਵਿੱਚ ਵਸ ਗਏ।





ਦੂਜੇ ਵਿਸ਼ਵ ਯੁੱਧ ਦੌਰਾਨ, ਸਿੱਖ ਫੌਜੀਆਂ ਨੇ ਜਾਪਾਨੀ ਫੌਜਾਂ ਵਿਰੁੱਧ ਲੜਾਈ ਲੜੀ। ਇਨ੍ਹਾਂ ਵਿੱਚੋਂ ਕੁਝ ਸਿਪਾਹੀਆਂ ਨੂੰ ਜੰਗੀ ਕੈਦੀਆਂ ਵਜੋਂ ਫੜ ਲਿਆ ਗਿਆ ਅਤੇ ਉਨ੍ਹਾਂ ਨੂੰ ਜਪਾਨੀ ਫੌਜੀਆਂ ਦੇ ਭਿਅੰਕਰ ਤਸ਼ਦਦ ਦਾ ਸਾਹਮਣਾ ਕਰਨਾ ਪਿਆ ਉਸੇ ਸਮੇਂ, ਬਹੁਤ ਸਾਰੇ ਸਿੱਖ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਗਏ, ਜੋ ਕਿ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਸੀ।

ਕੋਬੇ ਵਿੱਚ ਪਹਿਲਾ ਗੁਰਦੁਆਰਾ, ਜੋ ਕਿ ਭਾਈਚਾਰੇ ਦਾ ਮੁੱਖ ਕੇਂਦਰ ਹੈ, 1952 ਵਿੱਚ ਸਥਾਪਿਤ ਕੀਤਾ ਗਿਆ ਸੀ। ਬਾਅਦ ਵਿੱਚ ਇਸਨੂੰ 1966 ਵਿੱਚ ਇੱਕ ਪੂਰੇ ਗੁਰਦੁਆਰੇ ਵਿੱਚ ਬਦਲ ਦਿੱਤਾ ਗਿਆ, ਜੋ ਭਾਰਤੀ ਪ੍ਰਵਾਸੀ ਸਿੱਖਾਂ ਦੇ ਪੁਰਾਣੇ ਨਿਵਾਸ ਦੀ ਥਾਂ ਬਣਿਆ। ਇਸਨੂੰ ‘ਗੁਰੂ ਨਾਨਕ ਦਰਬਾਰ ਸਾਹਿਬ’ ਵਜੋਂ ਜਾਣਿਆ ਜਾਂਦਾ ਹੈ। ਇਹ ਗੁਰਦੁਆਰਾ ਭਾਈਚਾਰੇ ਦੀਆਂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਹੈ। ਕੋਬੇ ਦਾ ਸਿੱਖ ਭਾਈਚਾਰਾ ਵਧੇਰੇ ਸਿੱਖੀ ਪਰੰਪਰਾਵਾਂ ਨੂੰ ਸਮਰਪਿਤ ਹੈ ਅਤੇ ਆਪਣੀ ਪਛਾਣ ਬਣਾਈ ਰੱਖਣ ਲਈ ਸਰਗਰਮ ਹੈ।

1999 ਵਿੱਚ, ਖਾਲਸਾ ਪੰਥ ਦੀ 300ਵੀਂ ਵਰ੍ਹੇਗੰਢ ਮਨਾਉਣ ਲਈ, ਟੋਕੀਓ ਵਿੱਚ ‘ਟੋਕੀਓ ਗੁਰੂ ਨਾਨਕ ਦਰਬਾਰ’ ਨਾਮ ਦਾ ਇੱਕ ਗੁਰਦੁਆਰਾ ਬਣਾਇਆ ਗਿਆ ਸੀ। ਇਹ ਗੁਰਦੁਆਰਾ ਇੱਕ ਦਫ਼ਤਰ ਦੀ ਇਮਾਰਤ ਦੇ ਬੇਸਮੈਂਟ ਵਿੱਚ ਸਥਿਤ ਹੈ। ਇਹ ਮਹੀਨੇ ਵਿੱਚ ਸਿਰਫ਼ ਇੱਕ ਦਿਨ ਧਾਰਮਿਕ ਸੇਵਾਵਾਂ ਲਈ ਖੁੱਲ੍ਹਦਾ ਹੈ। ਟੋਕੀਓ ਦਾ ਸਿੱਖ ਭਾਈਚਾਰਾ ਵਧੇਰੇ ਸ਼ਹਿਰੀ ਹੈ ਅਤੇ ਬਹੁਤ ਸਾਰੇ ਲੋਕ ਸਥਾਨਕ ਸੱਭਿਆਚਾਰ ਵਿੱਚ ਘੁਲ-ਮਿਲ ਗਏ ਹਨ। ਇਥੇ ਬਹੁਤ ਸਾਰੇ ਸਿੱਖ ਆਪਣੇ ਵਾਲ ਕੱਟਦੇ ਹਨ।

ਵਿਸਾਖੀ ਦਾ ਸਿੱਖ ਤਿਓਹਾਰ ਜਾਪਾਨ ਵਿੱਚ ਵੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸ਼ੁਰੂਆਤੀ ਦਿਨਾਂ ਵਿੱਚ, ਜਾਪਾਨ ਵਿੱਚ ਸਿੱਖਾਂ ਨੂੰ ਆਪਣੀ ਵੱਖਰੀ ਦਿੱਖ ਕਾਰਨ ਗਲਤਫਹਿਮੀਆਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਨੂੰ ‘ਅੱਤਵਾਦੀ’ ਮੰਨਿਆ ਜਾਂਦਾ ਸੀ। ਸਮੇਂ ਦੇ ਨਾਲ, ਸਥਾਨਕ ਜਾਪਾਨੀ ਭਾਈਚਾਰੇ ਨੇ ਸਿੱਖ ਧਰਮ ਅਪਨਾ ਲਿਆ ਅਤੇ ਲੰਗਰ ਸੇਵਾਵਾਂ ਵਿੱਚ ਸ਼ਾਮਲ ਹੋਣ ਲਗੇ ਅਤੇ ਗੁਰਦੁਆਰੇ ਨੂੰ ਦਾਨ ਦੇਣਾ ਵੀ ਸ਼ੁਰੂ ਕਰ ਦਿੱਤਾ। ਕਈ ਜਪਾਨੀ ਲੜਕੀਆਂ ਨੇ ਸਿਖਾਂ ਨਾਲ ਵਿਆਹ ਵੀ ਕਰਵਾਏ।

ਆਈ.ਟੀ. ਸੈਕਟਰ ਵਿੱਚ ਕੰਮ ਕਰਨ ਵਾਲੇ ਸਿੱਖ ਆਪਣੀ ਧਾਰਮਿਕ ਪਛਾਣ ਬਣਾਈ ਰੱਖਦੇ ਹਨ, ਜਦੋਂ ਕਿ ਛੋਟੇ ਕਾਰੋਬਾਰਾਂ ਵਿੱਚ ਕੰਮ ਕਰਨ ਵਾਲੇ ਸਿੱਖ ਅਕਸਰ ਆਪਣੀਆਂ ਪਰੰਪਰਾਵਾਂ ਨਾਲ ਸਮਝੌਤਾ ਕਰਦੇ ਹਨ। ਸਿੱਖਾਂ ਨੂੰ ਜਾਪਾਨ ਵਿੱਚ ਆਪਣੇ ਸੱਭਿਆਚਾਰਕ ਅਭਿਆਸਾਂ ਨੂੰ ਬਣਾਈ ਰੱਖਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕੁਝ ਸਿੱਖਾਂ ਨੇ ਜਾਪਾਨੀ ਨਿਯਮਾਂ ਨਾਲ ਟਕਰਾਅ ਦਾ ਅਨੁਭਵ ਕੀਤਾ ਹੈ, ਜਿਸ ਕਾਰਨ ਸਮਾਜ ਵਿੱਚ ਹਿੱਸਾ ਲੈਂਦੇ ਸਮੇਂ ਆਪਣੇ ਵਿਸ਼ਵਾਸ ਦੀ ਪਾਲਣਾ ਕਰਨਾ ਮੁਸ਼ਕਲ ਹੁੰਦਾ ਹੈ ਜਿਵੇਂ ਕਿ ਖੇਡ ਕਲੱਬਾਂ ਵਿੱਚ ਕੰਮ ਕਰਨ ਅਤੇ ਹਿੱਸਾ ਲੈਣ ’ਤੇ ਪਾਬੰਦੀਆਂ।

ਕੋਬੇ ਵਿੱਚ ਜਨਮੇ ਜਾਪਾਨੀ ਵਿਦਵਾਨ ਟੋਮੀਓ ਮਿਜ਼ੋਕਾਮੀ ਨੇ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਬਾਰੇ ਵਿਆਪਕ ਖੋਜ ਕੀਤੀ। ਉਸਨੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਦਾ ਜਪਾਨੀ ਵਿੱਚ ਅਨੁਵਾਦ ਕੀਤਾ ਅਤੇ 2018 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। 2021 ਵਿੱਚ, ਟੋਕੀਓ ਗੁਰਦੁਆਰੇ ਨੇ 5.2 ਮਿਲੀਅਨ ਯੇਨ ਇਕੱਠੇ ਕੀਤੇ, ਜੋ ਕਿ ਭਾਰਤ ਵਿੱਚ ਕੋਵਿਡ-19 ਸੰਕਟ ਦਾ ਮੁਕਾਬਲਾ ਕਰਨ ਲਈ ਦਾਨ ਕੀਤੇ ਗਏ ਸਨ।

1990 ਦੇ ਦਹਾਕੇ ਦੇ ਅਖੀਰ ਵਿੱਚ ਟੋਕੀਓ ਵਿੱਚ ਸਿੱਖਾਂ ਦੀ ਗਿਣਤੀ 20,000-30,000 ਦੱਸੀ ਗਈ ਸੀ। ਹਾਲਾਂਕਿ, ਹੁਣ ਇਹ ਘੱਟ ਕੇ 500 ਦੇ ਆਸ-ਪਾਸ ਰਹਿ ਗਈ ਹੈ, ਕਿਉਂਕਿ ਸਿੱਖ ਇਥੋਂ ਵੱਖ ਵੱਖ ਪੱਛਮੀ ਦੇਸਾਂ ਵਿਚ ਪ੍ਰਵਾਸ ਕਰ ਚੁਕੇ ਹਨ। ਇਨ੍ਹਾਂ ਵਿੱਚੋਂ 50 ਸਿੱਖ ਜਾਪਾਨੀ ਨਾਗਰਿਕ ਬੀਬੀਆਂ ਨਾਲ ਵਿਆਹੇ ਹੋਏ ਹਨ। ਕੋਬੇ ਵਿੱਚ ਲਗਭਗ 40-50 ਸਿੱਖ ਪਰਿਵਾਰ ਰਹਿੰਦੇ। ਇਥੋਂ ਦੀ ਅਗਲੀ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਗਿਆਨ ਹੌਲੀ-ਹੌਲੀ ਘੱਟਦਾ ਜਾ ਰਿਹਾ ਹੈ। ਇਸ ਵਲ ਕਿਸੇ ਦਾ ਧਿਆਨ ਨਹੀਂ ਹੈ। ਇਹ ਇਕ ਵੱਡੀ ਸਮੱਸਿਆ ਹੈ।

## ਜਾਪਾਨੀ ਫੌਜੀਆਂ ਨੇ ਜਦੋਂ ਸਿੱਖ ਫੌਜੀਆਂ ਨਾਲ ਕੀਤਾ ਸੀ ਅਣਮਨੁੱਖੀ ਤਸ਼ੱਦਦ

ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨ ਦੇ ਜੰਗੀ ਕੈਦੀਆਂ ਦੇ ਕੈਂਪਾਂ ਵਿੱਚ ਹਜ਼ਾਰਾਂ ਬਰਤਾਨਵੀ ਅਤੇ ਕਾਮਨਵੈਲਥ ਸਿੱਖ ਸੈਨਿਕ ਭੁੱਖਮਰੀ, ਹੱਦੋਂ ਵੱਧ ਕੰਮ, ਤਸ਼ੱਦਦ ਜਾਂ ਬਿਮਾਰੀ ਕਾਰਨ ਮੌਤ ਦੇ ਸ਼ਿਕਾਰ ਹੋਏ। ਅੱਤਿਆਚਾਰ ਦੇ ਮਾਮਲੇ ਵਿਚ ਜਾਪਾਨੀ ਫੌਜਾਂ ਯੂਰੋਪ ਦੇ ਨਾਜ਼ੀ ਅਤੇ ਅੱਜ ਕੱਲ੍ਹ ਦੇ ਆਈ. ਐਸ. ਆਈ. ਐਸ. ਵਰਗੀਆਂ ਸਨ। ਜਾਪਾਨੀ ਫੌਜੀ ਨਿਸ਼ਾਨੇਬਾਜ਼ੀ ਦੇ ਅਭਿਆਸ ਲਈ ਕੈਦ ਕੀਤੇ ਸਿੱਖ ਸਿਪਾਹੀਆਂ ਦੀਆਂ ਜਾਨਾਂ ਲੈਂਦੇ ਰਹੇ ਸਨ। ਜਾਪਾਨੀ ਫੌਜ ਦੇ ਰਿਕਾਰਡ ਦੀਆਂ ਅਜਿਹੀਆਂ ਹੀ ਕੁਝ ਤਸਵੀਰਾਂ ਇੰਟਰਨੈੱਟ ’ਤੇ ਮੌਜੂਦ ਹਨ। ਜਾਪਾਨੀ ਫੌਜ ਦਾ ਜੰਗੀ ਕੈਦੀਆਂ ਪ੍ਰਤੀ ਵਤੀਰਾ ਬੇਹੱਦ ਵਹਿਸ਼ੀਆਨਾ ਸੀ।





ਇੰਟਰਨੈੱਟ ਉਪਰ ਪਈਆਂ ਤਸਵੀਰਾਂ ਇਸ ਗੱਲ ਦੀਆਂ ਗਵਾਹ ਹਨ ਕਿ ਬ੍ਰਿਟਿਸ਼ ਭਾਰਤੀ ਸੈਨਾ ਦੇ ਸਿੱਖ ਰੈਜੀਮੈਂਟ ਦੇ ਕੈਦੀਆਂ ਨੂੰ ਨਿਸ਼ਾਨ ਲਗਾ ਕੇ ਕਤਾਰਬੱਧ ਬਿਠਾਇਆ ਜਾਂਦਾ ਸੀ ਅਤੇ ਜਾਪਾਨੀ ਸਿਪਾਹੀ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਦੇ ਸਨ। ਹਰ ਇੱਕ ਨੂੰ ਲੱਗੇ ਬੱਟ ਦੀ ਗਿਣਤੀ ਵੀ ਕੀਤੀ ਜਾਂਦੀ ਸੀ। ਤਸਵੀਰਾਂ ਵਿੱਚ ਸਿੱਖ ਸਿਪਾਹੀ ਚੌਂਕੜੀ ਮਾਰ ਕੇ ਆਖ਼ਰੀ ਸਮੇਂ ਵਾਹਿਗੁਰੂ ਨੂੰ ਯਾਦ ਕਰਦੇ ਅਡੋਲ ਤੇ ਮੌਤ ਤੋਂ ਬੇਖੌਫ ਦੇਖੇ ਜਾ ਸਕਦੇ ਹਨ। ਇੱਕ ਹੋਰ ਤਸਵੀਰ ਵਿੱਚ ਜਾਪਾਨੀ ਸਿਪਾਹੀ ਲਾਸ਼ਾਂ ਨੂੰ ਟਟੋਲਦੇ ਦਿਖਾਈ ਦਿੰਦੇ ਹਨ ਤਾਂ ਕਿ ਪੁਸ਼ਟੀ ਕੀਤੀ ਜਾ ਸਕੇ ਕਿ ਨਿਸ਼ਾਨੇ ਹੇਠ ਲਿਆ ਕੈਦੀ ਮਰ ਚੁੱਕਿਆ ਹੈ ਜਾਂ ਹਾਲੇ ਜਾਨ ਬਾਕੀ ਹੈ।

ਵਿੰਸਟਨ ਚਰਚਿਲ ਕੋਲੋਂ ਜਨਰਲ ਤੋਮੋਯਕੀ ਯਾਮਾਸ਼ੀਤਾ ਦੁਆਰਾ ਸਿੰਗਾਪੁਰ ਉੱਤੇ ਕਬਜ਼ਾ ਲੈਣ ਤੋਂ ਬਾਅਦ ਦਾ ਸਮਾਂ ਬਰਤਾਨਵੀ ਫੌਜ ਦੇ ਸਭ ਤੋਂ ਵੱਡੇ ਦੁਖਾਂਤ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਇਹ ਗੱਲ ਅਲੱਗ ਹੈ ਕਿ ਬਾਅਦ ਵਿੱਚ ਯਾਮਾਸ਼ੀਤਾ ਨੂੰ ਸਿੰਗਾਪੁਰ ਵਿੱਚ ਕੀਤੇ ਇਹਨਾਂ ਅੱਤਿਆਚਾਰਾਂ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਕੀਤੇ ਕਈ ਹੋਰ ਕਤਲੇਆਮ ਦੇ ਇਲਜ਼ਾਮਾਂ ਤਹਿਤ ਕਾਨੂੰਨੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਯਾਮਾਸ਼ੀਤਾ ਨੂੰ 1946 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਡਾ. ਅੰਬੇਡਕਰ ਦੇ ਸਿੱਖ ਨਾ ਬਣਨ ਪਿਛੇ ਗਾਂਧੀ ਜ਼ਿੰਮੇਵਾਰ, ਸਿੱਖ ਲੀਡਰਸ਼ਿਪ ਨਹੀਂ


## ✪ ਹਰਵਿੰਦਰ ਸਿੰਘ ਖ਼ਾਲਸਾ ਦੀ ਲਿਖੀ ਕਿਤਾਬ 'ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ' ਵਿਚ ਹੋਇਆ ਖੁਲਾਸਾ

**ਪੰਜਾਬ ਟਾਈਮਜ ਅਨੁਸਾਰ ਇਸ ਕਿਤਾਬ ਦੇ ਛਪਣ 'ਤੇ ਸਿੱਖਾਂ ਵਿਚ ਜੋ ਸਿੱਖ ਦਲਿਤ ਮੇਲ-ਮਿਲਾਪ ਬਾਰੇ ਪਹਿਲਾਂ ਸ਼ੰਕੇ ਪਾਏ ਜਾ ਰਹੇ, ਉਹ ਦੂਰ ਹੋ ਗਏ ਹਨ। ਸਿੱਖ ਲੀਡਰਸ਼ਿਪ ਦਾ ਇਸ ਵਿਚ ਕੋਈ ਕਸੂਰ ਨਹੀਂ ਸੀ। ਡਾ. ਅੰਬੇਡਕਰ ਵਕਤੀ ਤੌਰ 'ਤੇ ਧਰਮ ਤਿਆਗਣ ਤੋਂ ਰੁਕ ਗਏ ਸਨ, ਪਰ ਅੰਤ ਵਿਚ ਉਨ੍ਹਾਂ ਨੇ ਨਾਗਪੁਰ ਸੰਮੇਲਨ 'ਚ ਲੱਖਾਂ ਸਾਥੀਆਂ ਸਮੇਤ ਬੁੱਧ ਧਰਮ 'ਚ ਪ੍ਰਵੇਸ਼ ਕਰਨ ਦਾ ਐਲਾਨ ਕਰ ਦਿੱਤਾ ਸੀ ਅਤੇ ਉਹ ਮਰਨ ਤੱਕ ਬੋਧੀ ਹੀ ਰਹੇ ਸਨ।**

ਸ. ਆਤਮਾ ਸਿੰਘ ਸਾਬਕਾ ਮੰਤਰੀ ਪੰਜਾਬ ਜੋ ਅਕਾਲੀ ਦਲ ਦੇ ਟਕਸਾਲੀ ਲੀਡਰ ਰਹੇ ਹਨ, ਬਾਰੇ ਡਾ. ਹਰਵਿੰਦਰ ਸਿੰਘ ਖ਼ਾਲਸਾ ਦੀ ਲਿਖੀ ਕਿਤਾਬ 'ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ' ਸਾਡੇ ਸਾਹਮਣੇ ਆਈ ਹੈ। ਇਸ ਵਿਚ ਡਾ. ਬੀ. ਆਰ ਅੰਬੇਡਕਰ ਦੇ ਸਿੱਖ ਧਰਮ ਸੰਬੰਧੀ ਵਾਰਤਾਲਾਪ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹ ਲਿਖਿਆ ਗਿਆ ਹੈ ਕਿ ਖ਼ਾਲਸਾ ਕਾਲਜ ਮੁੰਬਈ ਡਾ. ਅੰਬੇਡਕਰ ਦੇ ਕਹਿਣ 'ਤੇ 1937 'ਚ ਬਣਾਇਆ ਗਿਆ ਸੀ। ਇਹ ਮਟੂੰਗਾ ਇਲਾਕੇ ਵਿਚ ਹੈ। ਸ. ਆਤਮਾ ਸਿੰਘ ਉਸ ਵੇਲੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਸਟਾਫ਼ ਵਿਚ ਲੱਗੇ ਹੋਏ ਸਨ ਅਤੇ ਸ. ਨਾਰਾਇਣ ਸਿੰਘ ਗੁਰਦੁਆਰੇ ਦੇ ਮੈਨੇਜਰ ਸਨ।

ਡਾ. ਅੰਬੇਡਕਰ ਨੇ 1935 ਵਿਚ ਮਨ ਬਣਾ ਲਿਆ ਸੀ ਕਿ ਉਹ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ ਵਿਚ ਜਾਣਗੇ ਤਾਂ ਜੋ ਅੱਠ ਕਰੋੜ ਦਲਿਤ ਸਮਾਜ ਨੂੰ ਵੀ ਜਾਤੀ ਵਿਵਸਥਾ ਵਿਚੋਂ ਬਾਹਰ ਕੱਢ ਸਕਣ। ਇਸ ਵਿਚਾਰ ਅਧੀਨ ਉਨ੍ਹਾਂ ਨੇ ਸਾਰੇ ਧਰਮਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ ਸੀ। ਸਿੱਖ ਧਰਮ ਨਾਲ ਇਸ ਬਾਰੇ ਕਈ ਮੀਟਿੰਗਾਂ ਹੋਈਆਂ। ਜਨਵਰੀ 1936 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਵਫਦ ਸ. ਨਾਰਾਇਣ ਸਿੰਘ ਦੀ ਅਗਵਾਈ ਵਿਚ ਮੁੰਬਈ ਗਿਆ ਅਤੇ ਉਨ੍ਹਾਂ ਨੇ ਮੁਹਾਰ, ਮਾਂਗ, ਤੇ ਹੋਰ ਜਾਤੀਆਂ ਦੇ ਦਲਿਤਾਂ ਨਾਲ ਗੱਲਬਾਤ ਕੀਤੀ ਅਤੇ ਮਰਾਠੀ ਬੋਲੀ ਵਿਚ ਸਿੱਖ ਧਰਮ ਬਾਰੇ ਟਰੈਕਟ ਵੰਡੇ।

ਪੂਨੇ ਵਿਚ 11 ਜਨਵਰੀ, 1936 ਨੂੰ ਹਰੀਜਨ ਸਮਾਜ ਦਾ ਇਕ ਵੱਡਾ ਇਕੱਠ ਹੋਇਆ ਅਤੇ ਉੱਥੇ ਗੁਰਦੁਆਰਾ ਕਮੇਟੀ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿਚ ਸਾਰੇ ਲੋਕਾਂ ਨੇ ਪੰਗਤਾਂ ਵਿਚ ਬੈਠ ਕੇ ਲੰਗਰ ਛਕਿਆ। ਸਿੱਖ ਸੇਵਾਦਾਰ ਵਧੇਰੇ




ਪਛੜੀਆਂ ਸ਼੍ਰੇਣੀਆਂ ਦੇ ਸਨ। ਇਸ ਦਾ ਬਹੁਤ ਵੱਡਾ ਪ੍ਰਭਾਵ ਪਿਆ। 13 ਅਪ੍ਰੈਲ 1936 ਨੂੰ ਸਰਬਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਅੰਮ੍ਰਿਤਸਰ ਵਿਚ ਵੀ ਬਹੁਤ ਵੱਡੀ ਕਾਨਫਰੰਸ ਕੀਤੀ ਗਈ ਸੀ। ਡਾ. ਅੰਬੇਡਕਰ ਇਸ ਵਿਚ ਸ਼ਾਮਿਲ ਹੋਏ ਸਨ। ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ ਅੰਗਰੇਜ਼ੀ 'ਚ ਭਾਸ਼ਨ ਦਿੱਤਾ। ਡਾ. ਅੰਬੇਡਕਰ ਉਸ ਸਮੇਂ ਲਾਅ ਕਾਲਜ ਮੁੰਬਈ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ ਆਪਣਾ ਇਕ ਅਖ਼ਬਾਰ ਚਲਾਇਆ, ਜਿਸ ਲਈ ਛਾਪਾਖਾਨੇ ਦਾ ਪ੍ਰਬੰਧ ਸਿੱਖ ਮਿਸ਼ਨ ਵਲੋਂ ਕੀਤਾ ਗਿਆ ਸੀ। ਡਾ. ਅੰਬੇਡਕਰ ਨੇ ਆਪਣੇ ਕਈ ਸਹਿਯੋਗੀ ਅੰਮ੍ਰਿਤਸਰ ਭੇਜੇ ਅਤੇ ਉਨ੍ਹਾਂ 'ਤੇ ਰਹਿਤ ਮਰਿਯਾਦਾ ਦਾ ਬੜਾ ਪ੍ਰਭਾਵ ਪਿਆ। ਅੰਬੇਡਕਰ ਦੀ ਮੰਗ 'ਤੇ ਮੁੰਬਈ ਖ਼ਾਲਸਾ ਕਾਲਜ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ, ਜਿਸ ਲਈ ਸਾਰਾ ਖਰਚਾ ਨਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਦੇ ਜ਼ਿੰਮੇ ਲੱਗਿਆ ਸੀ। ਹੈੱਡ ਮਾਸਟਰ ਕੇਹਰ ਸਿੰਘ ਨੂੰ ਇਸ ਕੰਮ ਲਈ ਇੰਚਾਰਜ ਬਣਾ ਕੇ ਮੁੰਬਈ ਭੇਜਿਆ ਗਿਆ ਸੀ। ਡਾ. ਅੰਬੇਡਕਰ ਨੇ ਮਟੂੰਗਾ ਵਿਚ ਥਾਂ ਲੱਭੀ, ਜਿੱਥੇ 2742 ਵਰਗ ਗਜ਼ ਦਾ ਪਲਾਟ ਸਾਡੇ ਛੇ ਰੁਪਏ ਪ੍ਰਤੀ ਗਜ਼ 'ਤੇ ਖਰੀਦ ਲਿਆ ਗਿਆ ਸੀ। ਇਸ ਵਿਚ ਸ. ਗੁਰਦਿੱਤ ਸਿੰਘ ਸੇਠੀ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਮੁੰਬਈ ਨੇ ਵੀ ਮਦਦ ਕੀਤੀ ਸੀ। ਇਸ ਕਿਤਾਬ 'ਚ ਲਿਖਿਆ ਗਿਆ ਹੈ ਕਿ ਡਾ. ਅੰਬੇਡਕਰ ਨੇ ਵਿਦੇਸ਼ ਯਾਤਰਾ ਜਾਣ ਲਈ 5000 ਰੁਪਏ ਹੈੱਡ ਮਾਸਟਰ ਕੇਹਰ ਸਿੰਘ ਤੋਂ ਲਏ ਸਨ। ਕਾਲਜ ਦਾ ਨਕਸ਼ਾ ਵੀ ਡਾ. ਅੰਬੇਡਕਰ ਜਰਮਨੀ ਦੇ ਕਿਸੇ ਵਿੱਦਿਅਕ ਸੰਸਥਾ ਦੀ ਇਮਾਰਤ ਵਰਗਾ ਲੈ ਕੇ ਆਏ ਸਨ। ਡਾ. ਅੰਬੇਡਕਰ ਹਰ ਤੀਜੇ ਦਿਨ ਕਾਲਜ ਦਾ ਕੰਮ ਵੇਖਣ ਆਉਂਦੇ ਅਤੇ ਲੋੜੀਂਦੇ ਸੁਝਾਅ ਦਿੰਦੇ ਸਨ। ਉਨ੍ਹਾਂ ਦੀ ਇੱਛਾ ਅਨੁਸਾਰ ਹੀ ਲੈਬਾਰਟਰੀ ਫਰਨੀਚਰ ਲਾਇਬਰੇਰੀ ਆਦਿ ਖਰੀਦੇ ਗਏ। ਇਕ ਪ੍ਰਿੰਟਿੰਗ ਪ੍ਰੈੱਸ ਵੀ ਲਗਾਈ ਗਈ, ਜਿਸ ਵਿਚ ਅੰਬੇਡਕਰ ਦਾ ਅਖ਼ਬਾਰ 'ਜਨਤਾ' ਛਪਦਾ ਸੀ।

20 ਜੂਨ 1937 ਨੂੰ ਕਾਲਜ ਆਰੰਭ ਕਰ ਦਿੱਤਾ ਗਿਆ ਅਤੇ ਇਸ ਦੇ ਪਹਿਲੇ ਪ੍ਰਿੰਸੀਪਲ ਸ. ਕਸ਼ਮੀਰਾ ਸਿੰਘ ਲਗਾਏ ਗਏ ਸਨ। ਉਸ ਸਮੇਂ ਸਾਰੇ ਭਾਰਤ 'ਚ ਇਹ ਹਲਚਲ ਮਚ ਗਈ ਕਿ ਕਰੋੜਾਂ ਹਿੰਦੂ ਦਲਿਤ ਸਿੱਖ ਧਰਮ ਨੂੰ ਅਪਣਾ ਲੈਣਗੇ, ਜਿਸ ਨਾਲ ਹਿੰਦੂਆਂ ਦੀ ਆਬਾਦੀ 'ਤੇ ਵੱਡਾ ਅਸਰ ਪਵੇਗਾ। ਇਸ ਪ੍ਰੋਗਰਾਮ ਨੂੰ ਰੋਕਣ ਲਈ ਬੜੀਆਂ ਹਿੰਦੂ ਜਥੇਬੰਦੀਆਂ ਤੇ ਧਨਾਢ ਹਿੰਦੂ ਅੱਗੇ ਆਏ ਅਤੇ ਇਸ ਨੂੰ ਰੋਕਣ ਲਈ ਪੂਰੀ ਵਾਹ ਲਗਾ ਦਿੱਤੀ।

ਮਹਾਤਮਾ ਗਾਂਧੀ ਦੇ ਪੂਰੀ ਵਾਹ ਲਗਾਉਣ 'ਤੇ ਦਲਿਤਾਂ 'ਚ ਦੋ ਧੜੇ ਬਣ ਗਏ ਅਤੇ ਇਕ ਵੱਖਰੀ ਹਰੀਜਨ ਸੰਸਥਾ ਬਣਾ ਦਿੱਤੀ ਗਈ ਸੀ, ਜੋ ਹਿੰਦੂ ਸਮਾਜ ਦੇ ਹੱਕ 'ਚ ਬਿਆਨ ਦੇਣ ਲੱਗ ਪਈ। ਉਸ ਸਮੇਂ ਸਿੱਖਾਂ ਦਾ ਇਕ ਵਫ਼ਦ ਜਿਸ ਵਿਚ ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ ਸਰਹਾਲੀ, ਜਥੇਦਾਰ ਤੇਜਾ ਸਿੰਘ ਅਕਰਬਪੁਰੀ ਅਤੇ ਈਸ਼ਰ ਸਿੰਘ ਮਝੈਲ ਆਦਿ ਸ਼ਾਮਿਲ ਸਨ, 23 ਮਈ 1937 ਨੂੰ ਡਾ. ਅੰਬੇਡਕਰ ਨੂੰ ਮਿਲੇ। ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਾਰੀ ਸਥਿਤੀ ਸਮਝਾਈ ਅਤੇ ਉਨ੍ਹਾਂ ਨੇ ਸਪੱਸ਼ਟ ਕਹਿ ਦਿੱਤਾ ਕਿ ਜੇਕਰ ਉਹ ਹੁਣ ਸਿੱਖ ਬਣ ਵੀ ਜਾਂਦੇ ਹਨ ਤਾਂ ਵੀ ਚੰਦ ਗਿਣਤੀ ਦੇ ਬੰਦਿਆਂ ਤੋਂ ਬਿਨਾਂ ਬਹੁਤੇ ਹਰੀਜਨ ਉਨ੍ਹਾਂ ਦੇ ਨਾਲ ਨਹੀਂ ਜਾਣਗੇ।

ਸਿੱਖ ਵਫ਼ਦ ਨੇ ਇਹ ਸਾਰੀ ਗੱਲ ਸੁਣ ਕੇ ਡਾ. ਅੰਬੇਡਕਰ ਦੀ ਮਜਬੂਰੀ ਸਮਝ ਲਈ। ਇਹ ਫ਼ੈਸਲਾ ਲਿਆ ਕਿ ਖ਼ਾਲਸਾ ਕਾਲਜ ਚਲਦਾ ਰਹੇਗਾ ਅਤੇ ਇਸ ਵਿਚ ਕੋਈ ਵਿਘਨ ਨਹੀਂ ਪਵੇਗਾ। ਅੱਜ ਤੱਕ ਇਹ ਕਾਲਜ ਬੜੀ ਕਾਮਯਾਬੀ ਦੇ ਨਾਲ ਚੱਲ ਰਿਹਾ ਹੈ। ਕੁਝ ਦਿਨ ਪਹਿਲਾਂ ਸਾਰੀ ਮੁੰਬਈ 'ਚ ਇਹ ਖ਼ਬਰਾਂ ਛਪੀਆਂ ਕਿ ਕਿਵੇਂ ਕਾਲਜ ਕਮੇਟੀ ਨੇ ਸਸਤੇ ਰੇਟ 'ਤੇ ਐੱਮ. ਆਰ. ਆਈ. ਸੈਂਟਰ ਖੋਲ੍ਹਿਆ ਹੈ।

# ਪੰਜਾਬ ਪੁਲਿਸ ਉਪਰ ਗੈਂਗਸਟਰਾਂ ਦੀ ਦਹਿਸ਼ਤ

## ✪ ਪੰਜਾਬ ਦੇ 78 ਥਾਣੇ ਗੈਂਗਸਟਰਾਂ ਦੇ ਨਿਸ਼ਾਨੇ ਉਪਰ ✪ ਥਾਣਿਆਂ ਦੀ ਚਾਰਦੀਵਾਰੀ ਹੋਵੇਗੀ ਜਾਵੇਗੀ ਤੇ ਨਾਲ ਹੀ ਕੰਢਿਆਲੀ ਤਾਰਾਂ ਲੱਗਣਗੀਆਂ

ਜਲੰਧਰ-ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਪੁਲਿਸ ਥਾਣਿਆਂ 'ਤੇ ਹੋ ਰਹੇ ਹਮਲਿਆਂ ਤੋਂ ਮਗਰੋਂ ਪੰਜਾਬ ਪੁਲਿਸ ਦਹਿਸ਼ਤ ਵਿਚ ਹੈ। ਇਸ ਲਈ ਪੁਲਿਸ ਨੇ ਰਣਨੀਤੀ ਤਿਆਰ ਕੀਤੀ ਹੈ। ਇਸ ਦੇ ਲਈ 78 ਥਾਣਿਆਂ ਅਤੇ ਚੌਕੀਆਂ ਦੀ ਚੋਣ ਕੀਤੀ ਗਈ ਹੈ। ਇੰਨਾਂ ਸਾਰੇ ਥਾਣਿਆਂ ਦੀ ਚਾਰਦੀਵਾਰੀ ਕੀਤੀ ਜਾਵੇਗੀ ਅਤੇ ਨਾਲ ਹੀ ਕੰਢਿਆਲੀ ਤਾਰਾਂ ਲਗਾਈਆਂ ਜਾਣਗੀਆਂ। ਪੁਲਿਸ ਦੇ ਸੂਤਰਾਂ ਮੁਤਾਬਿਕ ਜਿਹੜੀ ਬਿਲਡਿੰਗ ਸੁਰੱਖਿਅਤ ਨਹੀਂ ਹੈ ਉਸ ਨੂੰ ਢਾਅ ਦਿੱਤਾ ਜਾਵੇਗਾ ਤਾਂਕਿ ਕੋਈ ਨੁਕਸਾਨ ਨਾ ਪਹੁੰਚੇ। ਇਹ ਸਾਰਾ ਕੰਮ 4 ਮਹੀਨੇ ਵਿੱਚ ਪੂਰਾ ਹੋਵੇਗਾ। ਇਸ 'ਤੇ ਕੰਮ ਸ਼ੁਰੂ ਹੋ ਜਾਵੇਗਾ।

ਨਵੰਬਰ ਅਤੇ ਦਸੰਬਰ ਮਹੀਨੇ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਨਵਾਂ ਸ਼ਹਿਰ ਪੁਲਿਸ ਚੌਕੀ ਵਿੱਚ ਧਮਾਕੇ ਹੋਏ ਸੀ। ਜਿਸ ਦੇ ਬਾਅਦ ਪੁਲਿਸ ਮੁਸਤੈਦ ਹੋ ਗਈ, ਪੁਲਿਸ ਸਟੇਸ਼ਨਾਂ 'ਤੇ ਹਮਲੇ ਦੇ ਬਾਅਦ ਪੁਲਿਸ ਨੇ ਸਰਕਾਰੀ ਇਮਾਰਤਾਂ ਅਤੇ ਥਾਣਿਆਂ ਦੀ



ਸੁਰੱਖਿਆ ਵਿੱਚ ਬਦਲਾਅ ਕੀਤਾ ਹੈ। ਸਾਰੇ ਪੁਲਿਸ ਥਾਣਿਆ ਵਿੱਚ ਆਰਜੀ ਜਾਲੀ ਅਤੇ ਹਰੇ ਰੰਗ ਦੀ ਚਾਦਰ ਲਗਾਈ ਗਈ ਹੈ ਤਾਂਕਿ ਬਾਹਰ ਤੋਂ ਜੇਕਰ ਕੋਈ ਚੀਜ਼ ਅੰਦਰ ਸੁੱਟੀ ਜਾਂਦੀ ਹੈ ਤਾਂ ਪਹੁੰਚ ਨਾ ਸਕੇ। ਰਾਤ ਦੇ ਸਮੇਂ ਪੈਟਰੋਲਿੰਗ ਵਧਾਈ ਗਈ ਹੈ।

ਡੀਐਸਪੀ ਪੱਧਰ ਦੇ ਅਧਿਕਾਰੀ ਨੂੰ ਜ਼ਿੰਮਾ ਸੌਂਪਿਆ ਗਿਆ ਹੈ ਤਾਂਕਿ ਰਾਤ ਨੂੰ ਖਾਸ ਚੈਕਿੰਗ ਕੀਤੀ ਜਾਵੇ। ਇਸ ਦੇ ਇਲਾਵਾ ਸੀਨੀਅਰ ਅਫਸਰਾਂ ਨੂੰ ਵੀ ਫੀਲਡ ਵਿੱਚ ਐਕਟਿਵ ਕੀਤਾ ਗਿਆ ਹੈ। ਪੁਲਿਸ ਅਤੇ ਲੋਕਾਂ ਦਾ ਤਾਲਮੇਲ ਵਧਾਉਣ ਤੇ ਫੋਕਰ ਕੀਤਾ ਜਾ ਰਿਹਾ ਹੈ ਤਾਂਕਿ ਉਨ੍ਹਾਂ ਤੱਕ ਫੌਰਨ ਇਤਲਾਹ ਪਹੁੰਚਾਈ ਜਾਵੇ। ਬਾਰਡਰ ਇਲਾਕਿਆਂ ਦੇ ਥਾਣਿਆਂ ਵਿੱਚ ਐਸਐਚਓ ਨੂੰ ਮਾਡਰਨ ਗੱਡੀਆਂ ਦਿੱਤੀਆਂ ਗਈਆਂ ਹਨ। ਡੀਜੀਪੀ ਗੌਰਵ ਯਾਦਵ ਨੇ ਕੁਝ ਦਿਨ ਪਹਿਲਾਂ ਹੀ ਪੰਜਾਬ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ ਸੀ। ਰਾਜਪਾਲ ਗੁਲਾਬ ਚੰਦ ਕਟਾਰੀਆ ਵੀ ਕਹਿ ਚੁੱਕੇ ਹਨ ਕਿ ਪਾਕਿਸਤਾਨ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਅਮਰੀਕਾ ਵਿਚ ਜਨਮ ਲੈਣ ਵਾਲੇ ਬੱਚਿਆਂ ਨੂੰ ਮਿਲਦੀ ਰਹੇਗੀ ਨਾਗਰਿਕਤਾ

## ✪ ਸੰਘੀ ਅਦਾਲਤ ਨੇ ਟਰੰਪ ਦੇ ਫੈਸਲੇ 'ਤੇ ਲਗਾਈ ਰੋਕ ✪ ਚਾਰ ਡੈਮੋਕ੍ਰੇਟਿਕ ਸ਼ਾਸਿਤ ਰਾਜਾਂ ਨੇ ਕੀਤੀ ਸੀ ਪਟੀਸ਼ਨ ਦਾਇਰ

**ਖਾਸ ਖਬਰ**

ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਆਦੇਸ਼ ਨੂੰ ਲਾਗੂ ਕਰਨ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ ਜਿਸ ਨੇ ਜਨਮ ਅਧਿਕਾਰ ਦੇ ਆਧਾਰ 'ਤੇ ਨਾਗਰਿਕਤਾ ਦੇਣ ਦੇ ਅਧਿਕਾਰ ਨੂੰ ਖਤਮ ਕਰ ਦਿੱਤਾ ਸੀ। ਜੱਜ ਜੌਨ ਕੌਫਨਰ ਨੇ ਕਿਹਾ ਸੀ ਕਿ 'ਮੈਨੂੰ ਸਮਝ ਨਹੀਂ ਆਉਂਦਾ ਕਿ ਕੋਈ ਵੀ ਜੱਜ ਇਹ ਕਿਵੇਂ ਕਹਿ ਸਕਦਾ ਹੈ ਕਿ ਇਹ ਹੁਕਮ ਸੰਵਿਧਾਨਕ ਹੈ।' ਇਹ ਮੇਰੀ ਸਮਝ ਤੋਂ ਪਰੇ ਹੈ। ਮੈਂ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਬੈਂਚ ਵਿਚ ਹਾਂ। ਮੈਨੂੰ ਕੋਈ ਹੋਰ ਮਾਮਲਾ ਯਾਦ ਨਹੀਂ ਹੈ ਜੋ ਇਸ ਮਾਮਲੇ ਵਿੱਚ ਸਾਫ-ਸਾਫ ਸਵਾਲ ਚੁੱਕਦਾ ਹੈ। ਇਹ ਸਪੱਸ਼ਟ ਤੌਰ 'ਤੇ ਗੈਰ-ਸੰਵਿਧਾਨਕ ਹੁਕਮ ਹੈ। ਅਦਾਲਤ ਦੇ ਇਸ ਫ਼ੈਸਲੇ ਨਾਲ ਅਮਰੀਕਾ ਵਿੱਚ ਰਹਿ ਰਹੇ ਹਜ਼ਾਰਾਂ ਪ੍ਰਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ। ਕਿਉਂਕਿ ਫਿਲਹਾਲ, ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਉੱਥੇ ਦੀ ਨਾਗਰਿਕਤਾ ਮਿਲਦੀ ਰਹੇਗੀ।

ਟਰੰਪ ਨੇ 20 ਜਨਵਰੀ ਨੂੰ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਦੇ ਪਹਿਲੇ ਦਿਨ ਹੀ ਇਸ ਹੁਕਮ 'ਤੇ ਦਸਤਖਤ ਕੀਤੇ ਸਨ। ਟਰੰਪ ਦੇ ਇਸ ਹੁਕਮ ਵਿਰੁੱਧ ਚਾਰ ਡੈਮੋਕ੍ਰੇਟਿਕ ਸ਼ਾਸਿਤ ਰਾਜਾਂ ਨੇ ਪਟੀਸ਼ਨ ਦਾਇਰ ਕੀਤੀ ਸੀ। ਵਾਸ਼ਿੰਗਟਨ, ਐਰੀਜ਼ੋਨਾ, ਇਲੀਨੋਇਸ ਅਤੇ ਓਰੇਗਨ ਵਰਗੇ ਡੈਮੋਕ੍ਰੇਟਿਕ ਸ਼ਾਸਿਤ ਰਾਜਾਂ ਨੇ ਪਟੀਸ਼ਨ ਵਿੱਚ ਦਾਅਵਾ ਕੀਤਾ ਕਿ ਟਰੰਪ ਦਾ ਹੁਕਮ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਵਿੱਚ ਦਿੱਤੇ ਗਏ ਨਾਗਰਿਕਤਾ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ। ਅਮਰੀਕੀ ਜ਼ਿਲ੍ਹਾ ਜੱਜ ਜੌਨ ਕੌਫਨਰ ਇਸ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ। ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਹੁਕਮ ਲਾਗੂ ਨਾ ਕਰਨ ਲਈ ਕਿਹਾ। ਇਸ ਫ਼ੈਸਲੇ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਸੀਂ ਯਕੀਨੀ ਤੌਰ 'ਤੇ ਅਪੀਲ ਕਰਾਂਗੇ

ਇਥੇ ਜ਼ਿਕਰਯੋਗ ਹੈ ਕਿ ਆਟੋਮੈਟਿਕ ਨਾਗਰਿਕਤਾ' ਵਾਲੀ ਵਿਵਸਥਾ 1868 ਵਿਚ ਅਮਰੀਕੀ ਸੰਵਿਧਾਨ ਦਾ ਹਿੱਸਾ ਬਣੀ ਸੀ। ਇਸ ਨੂੰ 1890ਵਿਆਂ ਵਿਚ ਅਮਰੀਕਾ ਦੇ ਸੁਪਰੀਮ ਕੋਰਟ ਵਿਚ ਚੁਣੌਤੀ ਦਿਤੀ ਗਈ ਸੀ, ਪਰ ਸੁਪਰੀਮ ਕੋਰਟ ਨੇ 1898 ਵਿਚ ਸਰਬ-ਸੰਮਤੀ ਨਾਲ ਦਿਤੇ ਫ਼ੈਸਲੇ (ਯੂਨਾਈਟਿਡ ਸਟੇਟਸ ਵਰਸਿਜ਼ ਵੌਂਗ ਕਿਮ ਆਰਕ) ਰਾਹੀਂ ਇਸ ਨੂੰ ਜਾਇਜ਼ ਕਰਾਰ ਦਿਤਾ ਸੀ।

### ਟਰੰਪ ਦਾ ਕਾਰਜਕਾਰੀ ਆਦੇਸ਼ ਕੀ ਸੀ?

ਡੋਨਾਲਡ ਟਰੰਪ ਨੇ ਅਹੁਦੇ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਅਮਰੀਕਾ ਵਿੱਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖਤਮ ਕਰਨ ਲਈ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ। ਇਸ ਦਾ ਉਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ ਜਾਂ ਵੀਜ਼ਾ 'ਤੇ ਰਹਿ ਰਹੇ ਲੋਕਾਂ ਨੂੰ ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਤੋਂ ਰੋਕਣਾ ਸੀ। ਜ਼ਿਆਦਾਤਰ ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਟਰੰਪ ਇੱਕ ਕਾਰਜਕਾਰੀ ਆਦੇਸ਼ ਰਾਹੀਂ ਜਨਮਸਿੱਧ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਨਹੀਂ ਕਰ ਸਕਦੇ। ਪਰ ਅੰਤ ਵਿੱਚ ਇਸ ਬਾਰੇ ਫੈਸਲਾ ਤਾਂ ਅਦਾਲਤਾਂ ਹੀ ਲੈਣਗੀਆਂ। ਇਹ ਕੋਈ ਅਜਿਹਾ ਮਾਮਲਾ ਨਹੀਂ ਹੈ, ਜਿਸ 'ਤੇ ਉਹ ਖੁਦ ਫੈਸਲਾ ਲੈ ਸਕਣ। ਸੰਵਿਧਾਨ ਵਿੱਚ ਸੋਧ ਰਾਹੀਂ ਹੀ ਇਸ ਅਧਿਕਾਰ ਨੂੰ ਖ਼ਤਮ ਕੀਤਾ ਜਾ ਸਕਦਾ ਹੈ, ਪਰ ਇਸ ਨਾਲ ਸਬੰਧਤ ਪ੍ਰਸਤਾਵ ਨੂੰ ਪਾਸ ਕਰਨ ਲਈ ਅਮਰੀਕੀ ਪ੍ਰਤੀਨਿਧੀ ਸਭਾ ਅਤੇ ਸੀਨੇਟ ਵਿੱਚ ਦੋ ਤਿਹਾਈ ਵੋਟਾਂ ਦੀ ਲੋੜ ਹੋਵੇਗੀ ਅਤੇ ਸੂਬਿਆਂ ਦਾ ਵੀ ਸਮਰਥਨ ਚਾਹੀਦਾ ਹੋਵੇਗਾ।

### ਟਰੰਪ ਦੇ ਸਖਤ ਹੁਕਮਾਂ ਕਾਰਣ ਪ੍ਰਵਾਸੀਆਂ ਦਾ ਝੁਕਾਅ ਹੁਣ ਅਮਰੀਕਾ ਤੋਂ ਕੈਨੇਡਾ ਵੱਲ

ਅਮਰੀਕਾ 'ਚ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਦੇਸ਼ 'ਚੋਂ ਗੈਰ-ਕਾਨੂੰਨੀ ਅਤੇ ਅਪਰਾਧਿਕ ਪਿਛੋਕੜ ਵਾਲੇ ਵਿਦੇਸ਼ੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਨੂੰ ਵਾਪਸ ਮੋੜਨ, ਗੈਰ-ਕਾਨੂੰਨੀ ਅਤੇ ਆਰਜ਼ੀ ਇਮੀਗ੍ਰੇਸ਼ਨ ਦਰਜੇ ਵਾਲੇ ਵਿਦੇਸ਼ੀਆਂ ਦੇ ਬੱਚਿਆਂ ਨੂੰ ਜਨਮ ਤੋਂ ਅਮਰੀਕੀ ਨਾਗਰਿਕਤਾ ਦੇਣਾ ਬੰਦ ਕਰਨ ਵਰਗੇ ਐਲਾਨਾਂ ਤੋਂ ਘਬਰਾਹਟ 'ਚ ਆਏ ਵਿਦੇਸ਼ੀਆਂ ਦਾ ਝੁਕਾਅ ਹੁਣ ਕੈਨੇਡਾ ਵੱਲ ਵਧਣ ਲੱਗ ਪਿਆ ਹੈ। ਅਮਰੀਕਾ 'ਚ ਸਿਰਫ ਆਦਮੀ ਅਤੇ ਔਰਤ ਨੂੰ ਮਾਨਤਾ ਮਿਲਣ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਨਾਲ ਉਥੋਂ ਦੇ ਸਮਲਿੰਗੀ ਭਾਈਚਾਰਿਆਂ ਵਿਚ ਵੀ ਖਲਬਲੀ ਹੈ। ਕੈਨੇਡਾ ਵਿਚ ਹਾਲ ਦੀ ਘੜੀ ਸਮਲਿੰਗੀਆਂ ਦੇ ਹੱਕ ਸੁਰੱਖਿਅਤ ਹੋਣ ਕਰਕੇ ਅਮਰੀਕਾ ਤੋਂ ਉਨ੍ਹਾਂ ਭਾਈਚਾਰਿਆਂ ਦਾ ਵੀ ਕੈਨੇਡਾ ਵੱਲ ਰੁਖ ਹੋਣ ਬਾਰੇ ਖ਼ਬਰਾਂ ਆ ਰਹੀਆਂ ਹਨ। ਉਧਰ ਰਾਸ਼ਟਰਪਤੀ ਟਰੰਪ ਵਲੋਂ ਗੈਰ-ਕਾਨੂੰਨੀ ਪ੍ਰਵਾਸ ਨਿਯਮਤ ਕਰਨ ਅਤੇ ਨਸ਼ਿਆਂ ਦੀ ਤਸਕਰੀ ਅਤੇ ਤਸਕਰਾਂ ਦੇ ਗਰੋਹਾਂ ਨੂੰ ਖਤਮ ਕਰਨ ਦਾ ਦਬਾਓ ਮੈਕਸੀਕੋ ਅਤੇ ਕੈਨੇਡਾ ਦੀਆਂ ਸਰਕਾਰਾਂ ਉਪਰ ਵਧਾਇਆ ਗਿਆ ਹੈ। ਉਨ੍ਹਾਂ ਨੇ 1 ਫਰਵਰੀ ਤੋਂ ਦੋਵਾਂ ਦੇਸ਼ਾਂ ਦੀਆਂ ਵਸਤਾਂ (ਬਰਾਮਦਾਂ) ਉੱਪਰ 25 ਫ਼ੀਸਦ ਟੈਕਸ ਲਗਾਉਣ ਦਾ ਆਪਣਾ ਇਰਾਦਾ ਵੀ ਬੀਤੀ 20 ਜਨਵਰੀ ਨੂੰ ਰਾਸ਼ਟਰਪਤੀ ਬਣਨ ਮਗਰੋਂ ਦੁਹਰਾਇਆ ਹੈ, ਜਿਸ ਤੋਂ ਬਾਅਦ ਕੈਨੇਡਾ ਦੀਆਂ ਕੇਂਦਰ ਅਤੇ ਸੂਬਾਈ ਸਰਕਾਰਾਂ ਵਲੋਂ ਸਥਿਤੀ ਨਾਲ ਨਿਪਟਣ ਲਈ ਲਗਾਤਾਰ ਨਾਲ ਉੱਚ ਪੱਧਰੀ ਮੀਟਿੰਗਾਂ ਦੇ ਦੌਰ ਚਲਾਏ ਜਾ ਰਹੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਬੀਤੀ 6 ਜਨਵਰੀ ਨੂੰ ਅਸਤੀਫ਼ਾ ਦੇਣ ਦਾ ਐਲਾਨ ਕਰਨ ਮਗਰੋਂ ਉਨ੍ਹਾਂ ਦੀ ਸਰਕਾਰ ਕੰਮ ਚਲਾਊ ਸਰਕਾਰ ਹੀ ਰਹਿ ਗਈ ਸੀ, ਜਿਸ ਕਰਕੇ ਟਰੰਪ ਪ੍ਰਸ਼ਾਸਨ ਵਲੋਂ ਉਨ੍ਹਾਂ ਨਾਲ ਗੱਲਬਾਤ ਕਰਕੇ ਅਹਿਮ ਫੈਸਲੇ ਲੈਣ ਦੀ ਕੋਈ ਕਾਹਲ ਵੀ ਨਹੀਂ ਕੀਤੀ ਜਾ ਰਹੀ। ਇਸੇ ਦੌਰਾਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਦੇਸ਼ ਦਾ ਲੜਖੜਾਇਆ ਹੋਇਆ ਸ਼ਰਨਾਰਥੀ ਸਿਸਟਮ ਨਵਿਆਉਣ ਦੇ ਪਿਛਲੇ ਕੁਝ ਮਹੀਨਿਆਂ ਵਿਚ ਬਿਆਨ ਭਾਵੇਂ ਦਿੱਤੇ ਸਨ, ਪਰ ਟਰੂਡੋ ਸਰਕਾਰ ਦੀ ਅਸਥਿਰਤਾ ਕਾਰਨ ਸੰਭਾਵੀ ਸੁਧਾਰਾਂ ਨੂੰ ਅਮਲੀ ਜਾਮਾ ਪਹਿਨਾਏ ਜਾਣ ਉਪਰ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ, ਜਿਸ ਕਰਕੇ ਅਮਰੀਕਾ ਤੋਂ ਜ਼ਮੀਨੀ ਸਰਹੱਦ ਰਾਹੀਂ ਕੈਨੈਡਾ ਵਿਚ ਦਾਖਲ ਹੋ ਕੇ 14 ਦਿਨਾਂ ਬਾਅਦ ਸ਼ਰਨਾਰਥੀ ਕੇਸ ਅਪਲਾਈ ਕਰਨ ਦੀ ਸੰਭਾਵਨਾ ਅਜੇ ਮੌਜੂਦ ਹੈ। ਸ਼ਰਨਾਰਥੀ ਕੇਸ ਅਪਲਾਈ ਹੋਣ ਮਗਰੋਂ ਉਸ ਦਾ ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਵਲੋਂ ਫੈਸਲਾ ਕਰਨ ਨੂੰ 2 ਸਾਲਾਂ ਤੋਂ ਵੱਧ ਸਮਾਂ ਲੱਗਣਾ ਆਮ ਗੱਲ ਹੈ। ਅਜਿਹੇ 'ਚ ਅਮਰੀਕਾ 'ਚੋਂ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦੇਸ਼ੀਆਂ ਅਤੇ ਸਮਲਿੰਗੀਆਂ ਨੂੰ ਕੈਨੇਡਾ ਵਿਚ ਠਾਹਰ ਪੱਕੀ ਕਰਨ ਦੀ ਉਮੀਦ ਬੱਝਦੀ ਹੈ ਅਤੇ ਉਨ੍ਹਾਂ ਲੋਕਾਂ ਵਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰੇ ਵੀ ਜਾਰੀ ਰੱਖੇ ਜਾ ਰਹੇ ਹਨ। ਅਮਰੀਕੀ ਵਰਕ ਪਰਮਿਟ ਧਾਰਕ ਤਕਨੀਕੀ (ਕੰਪਿਊਟਰ) ਮਾਹਿਰਾਂ ਨੂੰ ਵੱਡੀ ਪੱਧਰ 'ਤੇ ਵਰਕ ਪਰਮਿਟ ਦੀ ਮਿਆਦ ਨਾ ਵਧਣ ਦਾ ਖਦਸ਼ਾ ਹੈ, ਅਜਿਹੇ ਹਾਲਾਤ 'ਚ ਘਿਰੇ ਹੋਏ ਲੋਕਾਂ ਵਿਚ ਵੱਡੀ ਗਿਣਤੀ ਭਾਰਤੀ ਪਰਿਵਾਰਾਂ ਦੀ ਵੀ ਹੈ, ਜੋ ਕੈਨੇਡਾ ਵਿਚ ਆਪਣੀਆਂ ਸੰਭਾਵਨਾਵਾਂ ਤਲਾਸ਼ਣ ਲੱਗੇ ਹਨ। ਕੈਨੇਡਾ ਵਿਚ ਟਰੂਡੋ ਸਰਕਾਰ ਉਪਰ ਅਮਰੀਕੀ ਸਰਕਾਰ ਅਤੇ ਸਥਾਨਕ ਵਸੋਂ ਦਾ ਇਸ ਸਮੇਂ ਇਮੀਗ੍ਰੇਸ਼ਨ ਅਤੇ ਵੀਜ਼ਾ ਨੀਤੀਆਂ ਨੂੰ ਲਗਾਮ ਦੇਣ ਦਾ ਭਾਰੀ ਦਬਾਅ ਹੈ, ਜਿਸ ਕਰਕੇ ਬੀਤੇ 9 ਕੁ ਸਾਲਾਂ ਵਿਚ ਟਰੂਡੋ ਸਰਕਾਰ ਦੀ ਢਿੱਲਮੱਠ ਅਤੇ ਹਊ ਭਰੇ ਵਾਲੀ ਕਾਰਗੁਜ਼ਾਰੀ ਨਾਲ ਦੇਸ਼ ਦੀ ਵਿਗੜ ਗਈ ਹਾਲਤ ਮੁੜ ਲੀਹ 'ਤੇ ਕਰਨ 'ਚ ਸਹਾਇਤਾ ਮਿਲੇ ਸਕੇ। ਟਰੂਡੋ ਦੀ ਜਗ੍ਹਾ 9 ਮਾਰਚ ਨੂੰ ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣਨ ਦੀ ਪ੍ਰਕਿਰਿਆ ਇਸ ਸਮੇਂ ਕੈਨੇਡਾ ਭਰ ਵਿਚ ਚੱਲ ਰਹੀ ਹੈ, ਜਿਸ ਵਿਚ ਭਾਰਤੀ ਮੂਲ ਦੇ ਕੁਝ ਉਮੀਦਵਾਰ ਵੀ ਆਪਣੀ ਕਿਸਮਤ ਅਜ਼ਮਾਉਣ ਦੀ ਤਿਆਰੀ ਵਿਚ ਹਨ। ਇਸੇ ਦੌਰਾਨ 2015 ਤੋਂ ਵੈਨਕੂਵਰ ਤੋਂ ਸੰਸਦ ਮੈਂਬਰ ਅਤੇ ਟਰੂਡੋ ਦੀ ਕੈਬਨਿਟ ਦੇ ਮੰਤਰੀ ਰਹੇ ਹਰਜੀਤ ਸਿੰਘ ਸੱਜਣ ਨੇ ਬੀਤੇ ਦਿਨ ਅਗਲੀ ਸੰਸਦੀ ਚੋਣ ਨਾ ਲੜਨ ਦਾ ਐਲਾਨ ਕੀਤਾ ਹੈ, ਜਿਸ ਨਾਲ ਹੁਣ ਤੱਕ ਟਰੂਡੋ ਦੇ ਪੌਣੀ ਕੁ ਦਰਜਨ ਮੰਤਰੀ ਅਗਲੀਆਂ ਚੋਣਾਂ ਨਾ ਲੜਨ ਦਾ ਐਲਾਨ ਕਰ ਚੁੱਕੇ ਹਨ।

### ਕੀ ਹਿਟਲਰ ਵਰਗੇ ਹਨ ਟਰੰਪ




ਸੁਆਲ ਇਹ ਪੈਦਾ ਹੁੰਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਹਿਟਲਰ ਵਰਗੇ ਹਨ ਜਿਸਨੇ ਜਰਮਨ ਜਰਮਨੀਆਂ ਲਈ ਨਾਰਾ ਦਿੱਤਾ ਸੀ ਤੇ ਟਰੰਪ ਵੀ ਅਮਰੀਕਾ ਅਮਰੀਕੀ ਨਸਲ ਲਈ ਹੈ, ਨਿਯਮ ਉਪਰ ਚਲ ਰਹੇ ਹਨ। ਟਰੰਪ ਨੇ ਦੂਜੀ ਵਾਰ ਅਹੁਦਾ ਸੰਭਾਲਣ ਦੇ ਪਹਿਲੇ ਹੀ ਦਿਨ ਖ਼ਤਰਨਾਕ ਪੱਧਰ ਦੀ ਉਹ ਹਲਚਲ ਪੈਦਾ ਕਰ ਦਿੱਤੀ ਹੈ ਜਿਸ ਦਾ ਕਿਆਸ ਲਾਇਆ ਜਾ ਰਿਹਾ ਸੀ। 'ਅਮਰੀਕਾ ਨੂੰ ਮੁੜ ਮਹਾਨ' ਬਣਾਉਣ ਦੀ ਕਾਹਲ ਵਿਚ ਟਰੰਪ ਨੇ ਬੀਤੇ ਹਫਤੇ ਕਈ ਕਾਰਜਕਾਰੀ ਹੁਕਮ ਪਾਸ ਕਰ ਕੇ ਆਪਣੇ ਮੁਲਕ ਅਤੇ ਬਾਕੀ ਦੁਨੀਆ ਨੂੰ ਭਾਜੜ ਪਾ ਦਿੱਤੀ। ਉਸ ਨੇ ਇੱਕ ਹੁਕਮ 'ਤੇ ਦਸਤਖ਼ਤ ਕਰ ਕੇ ਅਮਰੀਕਾ ਦਾ ਨਾਤਾ ਵਿਸ਼ਵ ਸਿਹਤ ਸੰਗਠਨ ਨਾਲੋਂ ਤੋੜ ਦਿੱਤਾ ਹੈ ਤੇ ਇਹ ਕਰਦਿਆਂ ਦੋਸ਼ ਲਾਇਆ ਕਿ ਇਸ ਆਲਮੀ ਏਜੰਸੀ ਨੇ ਕੋਵਿਡ-19 ਮਹਾਮਾਰੀ ਨੂੰ ਸਹੀ ਢੰਗ ਨਾਲ ਨਹੀਂ ਨਜਿੱਠਿਆ ਹਾਲਾਂਕਿ ਕਰੋਨਾਵਾਇਰਸ ਸੰਕਟ ਨਾਲ ਨਜਿੱਠਣ ਦੀ ਟਰੰਪ ਦੀ ਖ਼ੁਦ ਦੀ ਪਹੁੰਚ ਭਿਆਨਕ ਸੀ। 2020 ਵਿੱਚ ਅਮਰੀਕਾ 'ਚ ਸਾਢੇ ਤਿੰਨ ਲੱਖ ਤੋਂ ਵੱਧ ਮੌਤਾਂ ਰਿਪੋਰਟ ਹੋਈਆਂ ਸਨ ਜਿਹੜਾ ਉਸ ਦੇ ਪਹਿਲੇ ਕਾਰਜਕਾਲ ਦਾ ਆਖ਼ਿਰੀ ਸਾਲ ਸੀ ਪਰ ਉੱਥੇ ਰਹੀਆਂ ਕਮੀਆਂ ਹੁਣ ਟਰੰਪ ਲਈ ਕੋਈ ਅਰਥ ਨਹੀਂ ਰੱਖਦੀਆਂ। ਡਬਲਿਊਐੱਚਓ ਤੋਂ ਵੱਖ ਹੋ ਕੇ ਅਮਰੀਕੀ ਰਾਸ਼ਟਰਪਤੀ ਨੇ ਭਵਿੱਖ ਵਿਚ ਕਿਸੇ ਵੀ ਬਿਮਾਰੀ ਨਾਲ ਆਲਮੀ ਪੱਧਰ 'ਤੇ ਇੱਕ ਹੋ ਕੇ ਲੜਨ ਦੇ ਵਾਅਦਾ ਤੋੜ ਦਿੱਤਾ ਹੈ।

ਟਰੰਪ ਨੇ ਅਮਰੀਕਾ ਨੂੰ ਪੈਰਿਸ ਜਲਵਾਯੂ ਸੰਧੀ 'ਚੋਂ ਬਾਹਰ ਕਰਨ ਦੇ ਆਦੇਸ਼ 'ਤੇ ਵੀ ਸਹੀ ਪਾ ਦਿੱਤੀ ਹੈ। ਇਸ ਸਮਝੌਤੇ ਦਾ ਮੁੱਖ ਟੀਚਾ ਆਲਮੀ ਤਪਸ਼ ਨੂੰ ਸਨਅਤੀ ਯੁੱਗ ਤੋਂ ਪਹਿਲਾਂ ਦੇ ਪੱਧਰਾਂ ਤੋਂ 1.5 ਸੈਲਸੀਅਸ ਵੱਧ ਤੱਕ ਕਾਬੂ ਕਰਨਾ ਹੈ। ਪਿਛਲਾ ਸਾਲ ਦਰਜ ਰਿਕਾਰਡ ਵਿੱਚ ਧਰਤੀ ਲਈ ਸਭ ਤੋਂ ਗਰਮ ਰਿਹਾ ਹੈ ਤੇ ਅਮਰੀਕਾ ਵੱਲੋਂ ਖਹਿੜਾ ਛੁਡਾਉਣ ਤੋਂ ਬਾਅਦ ਇਹ ਟੀਚਾ ਹੁਣ ਹੋਰ ਅਸੰਭਵ ਜਾਪਣ ਲੱਗ ਪਿਆ ਹੈ। ਉਨ੍ਹਾਂ ਬਰਿਕਸ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਿਲ ਹੈ, ਨੂੰ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਵਪਾਰਕ ਤੌਰ 'ਤੇ ਡਾਲਰ ਛੱਡਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਮਾਲ ਉੱਪਰ 100 ਫ਼ੀਸਦੀ ਟੈਕਸ ਲਾਇਆ ਜਾਵੇਗਾ।

ਟਰੰਪ ਦੇ ਲਫ਼ਜ਼ਾਂ ਵਿੱਚ ਅਮਰੀਕਾ ਦਾ ਸੁਨਹਿਰੀ ਕਾਲ ਸ਼ੁਰੂ ਹੋ ਗਿਆ ਹੈ, ਠੀਕ ਉਵੇਂ ਹੀ ਜਿਵੇਂ ਭਾਰਤ ਵਿੱਚ ਇਸ ਵੇਲੇ ਮੋਦੀ ਦਾ ਅੰਮ੍ਰਿਤ ਕਾਲ ਚੱਲ ਰਿਹਾ ਹੈ। ਇਸੇ ਕਰ ਕੇ ਜਦੋਂ ਉਨ੍ਹਾਂ 6 ਜਨਵਰੀ 2021 ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲਣ ਵਾਲੀ ਭੀੜ ਵਿੱਚ ਸ਼ਾਮਿਲ 1500 ਗੋਰੇ ਨਸਲਪ੍ਰਸਤਾਂ ਦੀ ਰਿਹਾਈ ਦਾ ਹੁਕਮ ਦਿੱਤਾ ਤਾਂ ਇਸ ਤਰ੍ਹਾਂ ਦੇ ਲੋਕ ਹੀ ਉਸ ਨਾਲ ਸਹਿਮਤ ਹੋਣਗੇ। ਦੂਜੇ ਬੰਨ੍ਹੇ, ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਏ ਲੋਕਾਂ ਲਈ ਬੁਰੀ ਖ਼ਬਰ ਹੈ। ਇੱਕ ਅਨੁਮਾਨ ਮੁਤਾਬਿਕ, ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ 1.3 ਕਰੋੜ ਤੋਂ ਵੱਧ ਦੱਸੀ ਜਾਂਦੀ ਹੈ ਜਿਨ੍ਹਾਂ ਵਿੱਚ ਭਾਰਤੀਆਂ ਦਾ ਅਨੁਪਾਤ ਵੀ ਘੱਟ ਨਹੀਂ। ਟਰੰਪ ਨੇ ਐਲਾਨ ਤਾਂ ਕਰ ਦਿੱਤਾ ਹੈ ਪਰ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣਾ ਸੰਭਵ ਨਹੀਂ।

# ਕਰਾਈਮ ਨਿਊਜ਼

## ਦੁਬਈ ਤੋਂ ਪਰਤਿਆ ਵਿਅਕਤੀ ਪਿਸਤੌਲ ਸਣੇ ਗ੍ਰਿਫ਼ਤਾਰ



ਅੰਮ੍ਰਿਤਸਰ-ਦੁਬਈ 'ਚ ਰਹਿੰਦੇ ਸਮੇਂ ਪਾਕਿਸਤਾਨੀ ਤਸਕਰ ਦੇ ਸੰਪਰਕ ਵਿਚ ਆਏ ਵਿਅਕਤੀ ਪਾਸੋਂ 4 ਅਤਿਆਧੁਨਿਕ ਪਿਸਤੌਲ ਪੀ. ਐਕਸ-5 ਸਟਰੋਮ ਸਣੇ 3 ਮੈਗਜ਼ੀਨ ਬਰਾਮਦ ਕੀਤੇ ਗਏ ਹਨ। ਇਨ੍ਹਾਂ ਨੂੰ ਅੱਗੇ ਕਿਸ ਨੂੰ ਸੌਂਪਿਆ ਜਾਣਾ ਸੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਐੱਸ.ਐੱਸ.ਪੀ. ਚਰਨਜੀਤ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀ ਦੀ ਸ਼ਨਾਖਤ ਬਿਕਰਮ ਸਿੰਘ ਵਾਸੀ ਪਿੰਡ ਭੂਸੇ ਸਰਾਏ ਅਮਾਨਤ ਖਾਂ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਇਸਨੂੰ ਘਰਿੰਡਾ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਅਨੁਸਾਰ ਇਹ ਵਿਅਕਤੀ ਪਿਛਲੇ ਮਹੀਨੇ ਹੀ ਦੁਬਈ ਤੋਂ ਵਾਪਸ ਪਰਤਿਆ ਸੀ। ਦੁਬਈ ਵਿਚ ਰਹਿੰਦੇ ਸਮੇਂ ਇਸਦੇ ਸੰਪਰਕ ਪਾਕਿਸਤਾਨੀ ਤਸਕਰ ਨਾਲ ਹੋ ਗਏ ਜਿਸ ਵਲੋਂ ਇਹ ਹਥਿਆਰਾਂ ਦੀ ਖੇਪ ਉਸਨੂੰ ਅੱਗੇ ਸਪਲਾਈ ਲਈ ਭੇਜੀ ਗਈ ਸੀ।

ਇਸ ਸੰਬੰਧੀ ਗ੍ਰਿਫ਼ਤਾਰ ਕੀਤੇ ਵਿਅਕਤੀ ਖਿਲਾਫ ਅਸਲਾ ਐਕਟ ਅਧੀਨ ਪਰਚਾ ਦਰਜ ਕਰ ਲਿਆ ਗਿਆ ਹੈ।

## ਬਜ਼ੁਰਗ ਔਰਤ 'ਤੇ ਕੁੱਤਿਆਂ ਨੇ ਵੱਢਿਆ, ਲੱਤਾਂ 'ਤੇ ਲੱਗੇ 40 ਟਾਂਕੇ

ਖੰਨਾ-ਖੰਨਾ ਦੀ ਨਵੀਂ ਆਬਾਦੀ ਇਲਾਕੇ 'ਚ ਕੁੱਤਿਆਂ ਨੇ ਬਜ਼ੁਰਗ ਮਾਤਾ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਬਜ਼ੁਰਗ ਔਰਤ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ। ਲੋਕਾਂ ਨੇ ਕੁੱਤਿਆਂ ਨੂੰ ਭਜਾ ਕੇ ਔਰਤ ਨੂੰ ਕੁੱਤਿਆਂ ਦੇ ਚੁੰਗਲ 'ਚੋ ਬਚਾਇਆ। ਕੁੱਤਿਆਂ ਵੱਲੋਂ ਔਰਤ ਨੂੰ ਲੱਤਾਂ ਤੋਂ ਬੁਰੀ ਤਰ੍ਹਾਂ ਨਾਲ ਵੱਢਿਆ ਗਿਆ ਹੈ। ਔਰਤ ਦੀਆਂ ਲੱਤਾਂ 'ਤੇ ਕਰੀਬ 40 ਟਾਂਕੇ ਲਗਾਏ ਗਏ ਹਨ। ਔਰਤ ਨੂੰ ਜ਼ਖ਼ਮੀ ਹਾਲਤ 'ਚ ਤੁਰੰਤ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ਪੁਲਿਸ ਜ਼ਿਲ੍ਹਾ ਖੰਨਾ 'ਚ ਵੀ ਆਵਾਰਾ ਕੁੱਤਿਆਂ ਦਾ ਆਤੰਕ ਕਾਫੀ ਵਧ ਗਿਆ ਹੈ।



ਹਰ ਰੋਜ਼ ਕੁੱਤਿਆਂ ਵੱਲੋਂ ਲੋਕਾਂ ਨੂੰ ਵੱਢ ਕੇ ਜ਼ਖ਼ਮੀ ਕੀਤਾ ਜਾ ਰਿਹਾ ਹੈ ਪਰ ਪ੍ਰਸ਼ਾਸਨ ਵੱਲੋਂ ਕੁੱਤਿਆਂ ਦੀ ਰੋਕਥਾਮ ਦਾ ਇੰਤਜਾਮ ਨਹੀਂ ਕੀਤਾ ਜਾ ਰਿਹਾ। ਜਿਸ ਕਰਕੇ ਇਲਾਕੇ ਦੇ ਲੋਕਾਂ ਨੂੰ ਖ਼ੌਫ਼ ਦਾ ਮਾਹੌਲ ਹੈ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਇਲਾਕੇ 'ਚ ਅਵਾਰਾ ਕੁੱਤਿਆਂ ਦੀ ਭਰਮਾਰ ਹੈ। ਲੋਕਾਂ 'ਤੇ ਕਈ ਵਾਰ ਹਮਲੇ ਕਰ ਚੁੱਕੇ ਹਨ।

# ਏਅਰ ਹੋਸਟਸ ਬਣਨ ਆਈ ਕੁੜੀ ਨੂੰ ਵਿਆਹੇ ਪ੍ਰੇਮੀ ਨੇ ਦਿੱਤਾ ਨਹਿਰ ਵਿਚ ਧੱਕਾ



## ✪ ਯੁਵਰਾਜ ਸਿੰਘ ਨਾਮ ਦਾ ਨੌਜਵਾਨ ਗ੍ਰਿਫ਼ਤਾਰ

ਰੋਪੜ-ਬੀਤੇ ਦਿਨੀਂ 20 ਜਨਵਰੀ ਨੂੰ ਚੰਡੀਗੜ੍ਹ ਤੋਂ ਲਾਪਤਾ ਹੋਈ ਨਿਸ਼ਾ ਸੋਨੀ ਨਾਂਅ ਦੀ ਲੜਕੀ ਦੀ ਲਾਸ਼ ਬਰਾਮਦ ਹੋਈ ਹੈ। ਲੜਕੀ ਦੇ ਪਰਿਵਾਰਕ ਮੈਂਬਰ ਜਿਸ 'ਚ ਪਿਤਾ ਤੇ ਭੈਣ ਦੇ ਵੱਲੋਂ ਰੂਪਨਗਰ ਦੇ ਥਾਣਾ ਸਿੰਘ ਵਿਚ ਬਿਆਨ ਦਰਜ ਕਰਵਾਏ ਗਏ ਸਨ। ਥਾਣਾ ਸਿੰਘ ਦੇ ਪੁਲਿਸ ਅਧਿਕਾਰੀ ਡੀਐਸਪੀ ਰਾਜਕੁਮਾਰ ਗਿੱਲ ਨੇ ਕਿਹਾ ਕਿ ਹੈ ਲੜਕੀ ਦੀ ਲਾਸ਼ ਦੀ ਸ਼ਨਾਖ਼ਤ ਹੋ ਚੁੱਕੀ ਹੈ। ਸ਼ਨਾਖਤ ਹੋਣ ਤੋਂ ਬਾਅਦ ਉਸ ਦੀ ਲਾਸ਼ ਨੂੰ ਉਸਦੇ ਘਰਦਿਆਂ ਦੇ ਹਵਾਲੇ ਸੌਂਪ ਦਿੱਤਾ ਹੈ। ਇਸ ਮਾਮਲੇ 'ਚ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡ ਮਾਮੂਪੁਰ ਦੇ ਵਾਸੀ ਯੁਵਰਾਜ ਸਿੰਘ ਨਾਮ ਦੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ 'ਚ ਸੈਕਟਰ 34 ਦੇ ਵਿੱਚ ਇੱਕ ਪੀਜੀ ਵਿਚ ਰਹਿਣ ਵਾਲੀ ਵਿਦਿਆਰਥਣ ਜੋ ਕਿ 20 ਜਨਵਰੀ ਨੂੰ ਰਾਤ ਦੇ ਸਮੇਂ ਯੁਵਰਾਜ ਨਾਮ ਦੇ ਨੌਜਵਾਨ ਦੇ ਨਾਲ ਗਈ ਸੀ ਤੇ ਉਸ ਤੋਂ ਬਅਦ ਉਸ ਦਾ ਫੋਨ ਵੀ ਬੰਦ ਆ ਰਿਹਾ ਸੀ। ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਰੂਪਨਗਰ ਦੇ ਥਾਣਾ ਸਿੰਘ ਵਿਚ ਬਿਆਨ ਦਰਜ ਕਰਵਾਏ ਸਨ। ਰੋਪੜ 'ਚ ਨਹਿਰ 'ਚ ਧੱਕਾ ਮਾਰ ਕੇ ਸੁੱਟ ਦਿੱਤਾ ਗਿਆ। ਜਿਸ ਦੀ ਲਾਸ਼ ਬੀਤੇ ਦਿਨੀਂ ਪਟਿਆਲਾ ਭਾਖੜਾ ਨਹਿਰ ਵਿਚੋਂ ਬਰਾਮਦ ਕਰ ਦਿੱਤੀ ਗਈ।

ਰਿਪੋਰਟਾਂ ਅਨੁਸਾਰ, ਪੁਲਿਸ ਮੁਲਾਜ਼ਮ ਪੰਜ ਮਹੀਨੇ ਪਹਿਲਾਂ ਕੁਆਰਾ ਹੋਣ ਦਾ ਦਾਅਵਾ ਕਰਕੇ ਨਿਸ਼ਾ ਨੂੰ ਮਿਲਿਆ ਸੀ ਅਤੇ ਉਸ ਨਾਲ ਨਜ਼ਦੀਕੀ ਵਧਾਈ। ਹਾਲਾਂਕਿ, ਜਦੋਂ ਉਸਨੂੰ ਪਤਾ ਲੱਗਾ ਕਿ ਉਸਦੀ ਪਤਨੀ, ਜੋ ਕਿ ਆਸਟ੍ਰੇਲੀਆ ਵਿੱਚ ਸੀ, ਜਲਦੀ ਹੀ ਵਾਪਸ ਆਵੇਗੀ, ਤਾਂ ਉਸਨੇ ਕਥਿਤ ਤੌਰ 'ਤੇ ਨਿਸ਼ਾ ਨੂੰ ਰੋਪੜ ਬੁਲਾਇਆ ਅਤੇ ਉਸਨੂੰ ਨਹਿਰ ਵਿੱਚ ਧੱਕ ਦਿੱਤਾ। ਪੁਲਿਸ ਮੁਲਾਜ਼ਮ, ਜੋ ਕਿ ਵਿਆਹਿਆ ਹੋਇਆ ਹੈ ਅਤੇ ਇੱਕ ਪੁੱਤਰ ਦਾ ਪਿਤਾ ਹੈ।

ਨੀਸ਼ਾ, ਮੂਲ ਰੂਪ ਵਿੱਚ ਹਿਮਾਚਲ ਪ੍ਰਦੇਸ਼ ਦੀ ਰਹਿਣ ਵਾਲੀ ਸੀ, ਆਪਣੀ ਪੜ੍ਹਾਈ ਦੌਰਾਨ ਮੋਹਾਲੀ ਵਿੱਚ ਇੱਕ ਪੀਜੀ ਵਿੱਚ ਰਹਿ ਰਹੀ ਸੀ। ਨਿਸ਼ਾ ਦੇ ਪਰਿਵਾਰ ਵੱਲੋਂ ਉਸਦਾ ਸਸਕਾਰ ਕਰ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਦੋਸ਼ੀ ਖ਼ਿਲਾਫ ਫਾਂਸੀ ਦੀ ਸਜ਼ਾ ਦੀ ਮੰਗ ਕੀਤੀ ਜਾ ਰਹੀ ਹੈ।

# ਕਿਸਾਨਾਂ ਦੀ ਅਵਾਜ਼ ਉਠਾਉਣ ਕਾਰਣ ਡਾ. ਸਵੈਮਾਨ ਸਿੰਘ ਦਾ ਭਾਰਤ ਵਿੱਚ ਫੇਸਬੁੱਕ ਪੇਜ ਬੈਨ

**ਖਾਸ ਖਬਰ**



ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਤਕਰੀਬਨ 2 ਮਹੀਨਿਆਂ ਤੋਂ ਖਨੌਰੀ ਬਾਰਡਰ 'ਤੇ ਡੱਲੇਵਾਲ ਵੱਲੋਂ ਮਰਨ ਵਰਤ ਕੀਤਾ ਜਾ ਰਿਹਾ ਹੈ। ਸ਼ੁਰੂਆਤੀ ਸਮੇਂ ਤੋਂ ਹੀ ਡਾ. ਸਵੈਮਾਨ ਸਿੰਘ ਦੀ ਟੀਮ ਵੱਲੋਂ ਉਨ੍ਹਾਂ ਦੀ ਦੇਖ ਰੇਖ ਕੀਤੀ ਜਾ ਰਹੀ ਹੈ। ਨਾਲ ਹੀ ਉਨ੍ਹਾਂ ਦਾ ਸਮੇਂ ਸਮੇਂ ਤੇ ਹੈਲਥ ਰਿਪੋਰਟ ਵੀ ਸਾਂਝੀ ਕੀਤੀ ਜਾ ਰਹੀ ਹੈ। ਉੱਥੇ ਹੀ ਦੂਜੇ ਪਾਸੇ ਡਾ. ਸਵੈਮਾਨ ਸਿੰਘ ਦਾ ਫੇਸਬੁੱਕ ਪੇਜ ਨੂੰ ਬੈਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਖਾਤਾ ਅਜਿਹੇ ਸਮੇਂ ਬੰਦ ਕੀਤਾ ਗਿਆ ਹੈ, ਜਦੋਂ ਹਾਲ ਹੀ ਵਿੱਚ ਡਾ. ਸਵਾਈਮਾਨ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਤੁਰੰਤ ਮੀਟਿੰਗ ਕਰਨੀ ਚਾਹੀਦੀ ਹੈ। ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਡਲੇਵਾਲ ਨੂੰ ਡਾਕਟਰੀ ਸਹਾਇਤਾ ਨਾਲ ਜ਼ਿੰਦਾ ਰੱਖਣਾ ਔਖਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਪਿਛਲੇ ਦਿਨਾਂ ਵਿੱਚ ਜਗਜੀਤ ਡੱਲੇਵਾਲ ਲਈ ਵੀਡੀਓ ਬਣਾਈਆ ਸਨ ਜਿਸ ਕਰਕੇ ਇਹ ਸਾਰਾ ਕੁਝ ਹੋਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਜੋ ਕਰ ਰਹੀ ਹੈ ਉਹ ਠੀਕ ਨਹੀਂ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਫੇਸਬੁੱਕ ਪੇਜ ਬੈਨ ਕਰਨਾ ਸਰਾਸਰ ਗਲਤ ਹੈ। ਡਾਕਟਰ ਨੇ ਕਿਹਾ ਹੈ ਕਿ ਇਹ ਸੱਚ ਦੀ ਆਵਾਜ਼ ਨੂੰ ਦੱਬਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਾਈਬਰ ਕ੍ਰਾਈਮ ਦੀ ਅਪੀਲ 'ਤੇ ਪੇਜ ਬੰਦ ਕੀਤਾ ਗਿਆ ਅਤੇ ਇਹ ਸੱਚ ਬੋਲਣ ਦੀ ਸਜ਼ਾ ਮਿਲੀ।

# ਕੈਨੇਡਾ ਵਿਚ ਗਵਾਚੀ ਪੰਜਾਬੀ ਵਿਦਿਆਰਥਣ

## ✪ ਪਰਿਵਾਰ ਨੇ ਸਰਕਾਰ ਨੂੰ ਮਦਦ ਦੀ ਕੀਤੀ ਅਪੀਲ



ਬਠਿੰਡਾ-ਬਠਿੰਡਾ ਤੋਂ ਕੈਨੇਡਾ ਗਈ ਇੱਕ ਕੁੜੀ ਲਾਪਤਾ ਹੋ ਗਈ। ਪਿੰਡ ਸੰਦੋਹਾ ਦੀ ਰਹਿਣ ਵਾਲੀ ਸੰਦੀਪ ਕੌਰ 15 ਜਨਵਰੀ ਤੋਂ ਲਾਪਤਾ ਹੈ। ਪਰਿਵਾਰ ਨੇ ਹੁਣ ਕੇਂਦਰ ਅਤੇ ਪੰਜਾਬ ਸਰਕਾਰਾਂ ਤੋਂ ਮਦਦ ਦੀ ਮੰਗ ਕੀਤੀ ਹੈ। ਪਰਿਵਾਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਮੀਨ ਵੇਚ ਦਿੱਤੀ ਹੈ ਅਤੇ ਆਪਣੀ ਧੀ ਨੂੰ ਬਿਹਤਰ ਭਵਿੱਖ ਲਈ ਕੈਨੇਡਾ ਭੇਜ ਦਿੱਤਾ ਹੈ। ਸੰਦੀਪ ਪਹਿਲਾਂ ਹੀ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਚੁੱਕਾ ਸੀ ਅਤੇ ਰੁਜ਼ਗਾਰ ਦੀ ਭਾਲ ਵਿੱਚ ਸੀ।

ਲੜਕੀ ਸੰਦੀਪ ਕੌਰ ਨੂੰ ਉਸ ਦੇ ਮਾਪਿਆਂ ਅਤੇ ਨਾਨਕਿਆਂ ਨੇ ਰਲ ਮਿਲ ਕੇ ਆਪਣੀ ਜਮੀਨ ਵੇਚਣ ਤੋਂ ਬਾਅਦ ਉਸ ਦੇ ਵਿਦੇਸ਼ ਜਾਣ ਦੇ ਅਰਮਾਨ ਪੂਰੇ ਕਰਨ ਅਤੇ ਘਰ ਦੀ ਗਰੀਬੀ ਦੂਰ ਕਰਨ ਲਈ ਕੈਨੇਡਾ ਭੇਜਿਆ ਸੀ ਭਾਵੇਂ ਕਿ ਉੱਥੇ ਹੁਣ ਉਹ ਆਪਣੀ ਪੜ੍ਹਾਈ ਪੂਰੀ ਕਰ ਚੁੱਕੀ ਸੀ ਅਤੇ ਹੁਣ ਉਹ ਰੁਜ਼ਗਾਰ ਦੀ ਭਾਲ ਵਿੱਚ ਸੀ। ਪਰਿਵਾਰਿਕ ਮੈਂਬਰਾਂ ਮੁਤਾਬਕ ਪਰਿਵਾਰ ਨਾਲ ਉਸਦੀ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ ਅਤੇ ਉਹ ਪਰਿਵਾਰ ਨੂੰ ਉਨ੍ਹਾਂ ਦੀ ਗਰੀਬੀ ਦੂਰ ਕਰਨ ਦਾ ਭਰੋਸਾ ਦਿੰਦੀ ਸੀ ਅਤੇ ਮਿਹਨਤ ਕਰਕੇ ਪੈਸੇ ਕਮਾ ਕੇ ਉਨ੍ਹਾਂ ਦਾ ਕਰਜ਼ਾ ਵੀ ਚੁਕਾਉਣ ਦਾ ਵਾਅਦਾ ਕਰਦੀ ਸੀ।

15 ਜਨਵਰੀ ਤੋਂ ਲੜਕੀ ਦਾ ਫੋਨ ਬੰਦ ਆਉਣ ਤੋਂ ਬਾਅਦ ਜਦੋਂ ਲੜਕੀ ਬਾਰੇ ਪਰਿਵਾਰਿਕ ਮੈਂਬਰਾਂ ਨੇ ਪਤਾ ਕੀਤਾ ਤਾਂ ਉਥੋਂ ਪੁਲਿਸ ਨੇ ਇਹ ਜਾਣਕਾਰੀ ਦਿੱਤੀ ਕਿ ਲੜਕੀ ਬੀਚ ਤੇ ਆਪਣੇ ਦੋਸਤ ਨਾਲ ਫੋਟੋਆਂ ਖਿਚਾ ਰਹੀ ਸੀ ਤਾਂ ਸਮੁੰਦਰ ਦੀਆਂ ਲਹਿਰਾਂ ਆਉਣ ਕਾਰਨ ਉਹ ਸਮੁੰਦਰ ਵਿੱਚ ਬਹਿ ਗਈ। ਪਰਿਵਾਰਿਕ ਮੈਂਬਰਾਂ ਇਸ ਮਾਮਲੇ 'ਤੇ ਸਵਾਲ ਚੁੱਕ ਰਹੇ ਹਨ ਉਹਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਲੜਕੀ ਦੀ ਇਸ ਘਟਨਾ ਦੀ ਗਹਿਰਾਈ ਨਾਲ ਜਾਂਚ ਕੀਤੀ ਜਾਵੇ।

ਲੜਕੀ ਦੇ ਭਰਾ ਨੇ ਦੱਸਿਆ ਕਿ ਉਸਨੇ ਕਰੀਬ ਤਿੰਨ ਮਹੀਨੇ ਪਹਿਲਾਂ ਆਪਣੇ ਸਾਰੇ ਸੋਸ਼ਲ ਅਕਾਊਂਟ ਵੀ ਬੰਦ ਕਰ ਦਿੱਤੇ ਸਨ ਤੇ ਪਰਿਵਾਰ ਨਾਲ ਵੀ ਬਹੁਤ ਘੱਟ ਗੱਲ ਕਰਦੀ ਸੀ ਤੇ ਉਸ ਦੀ ਉਸਦੇ ਮਾਮੇ ਨਾਲ ਇੱਕ ਜਨਵਰੀ ਨੂੰ ਗੱਲ ਹੋਈ ਸੀ ਅਤੇ ਉਸ ਸਮੇਂ ਵੀ ਉਹ ਕਾਫ਼ੀ ਨਰਵਸ ਲੱਗ ਰਹੀ ਸੀ ਤੇ ਕੰਮ ਨਾ ਮਿਲਣ ਦੀ ਚਿੰਤਾ ਜ਼ਰੂਰ ਪ੍ਰਗਟ ਕਰ ਰਹੀ ਸੀ। ਪਰਿਵਾਰਿਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਲੜਕੀ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ।

# ਗਵਾਂਢੀ ਦੇਸ ਭਾਰਤ ਦੇ ਦੁਸ਼ਮਣ ਬਣੇ, ਭਾਰਤ ਲਈ ਖਤਰਾ ਮੰਡਰਾਇਆ

## ✪ ਬੰਗਲਾਦੇਸ਼ ਕਿਵੇਂ ਬਣਿਆ ਭਾਰਤ ਦੀ ਸੁਰੱਖਿਆ ਲਈ ਖ਼ਤਰਾ ✪ ਪਾਕਿ ਅਤੇ ਚੀਨ ਦੇ ਸਬੰਧਾਂ ਨੇ ਵਧਾਇਆ ਭਾਰਤ ਲਈ ਤਣਾਅ

ਢਾਕਾ-ਸ਼ੇਖ ਹਸੀਨਾ ਸਰਕਾਰ ਦੇ ਡਿੱਗਣ ਤੋਂ ਬਾਅਦ ਬੰਗਲਾਦੇਸ਼ ਵਿੱਚ ਭਾਰੀ ਉਥਲ-ਪੁਥਲ ਮਚੀ ਹੋਈ ਹੈ। ਰਾਜਨੀਤਿਕ ਅਸਥਿਰਤਾ, ਕੱਟੜਤਾ ਵਿੱਚ ਵਾਧਾ, ਹਿੰਦੂਆਂ ਵਿਰੁੱਧ ਅੱਤਿਆਚਾਰ ਅਤੇ ਹੋਰ ਬਹੁਤ ਕੁਝ ਹੋਇਆ ਹੈ। ਅਤੇ ਇਹ ਸਭ ਭਾਰਤ ਲਈ ਚੰਗਾ ਨਹੀਂ ਹੈ। ਇਸ ਦੌਰਾਨ ਚੀਨ ਅਤੇ ਪਾਕਿਸਤਾਨ ਬੰਗਲਾ ਦੇਸ਼ ਦੀ ਹਮਾਇਤ ਬਾਰੇ ਰਿਪੋਰਟਾਂ ਹਨ। ਜੇਕਰ ਬੰਗਲਾਦੇਸ਼ ਵਿੱਚ ਕੁਝ ਵੀ ਹੁੰਦਾ ਹੈ, ਤਾਂ ਇਸਦਾ ਸਿੱਧਾ ਅਸਰ ਭਾਰਤ 'ਤੇ ਪੈਂਦਾ ਹੈ। 1971 ਦੀ ਜੰਗ ਇਸਦਾ ਗਵਾਹ ਹੈ। ਇਸ ਵੇਲੇ ਬੰਗਲਾਦੇਸ਼ ਵਿੱਚ ਮੁਹੰਮਦ ਯੂਨਸ ਦਾ ਸ਼ਾਸਨ ਹੈ, ਜੋ ਕਿ ਭਾਰਤ ਵਿਰੋਧੀ ਹੈ।

ਸਟ੍ਰੇਟ ਨਿਊਜ਼ ਗਲੋਬਲ ਦੀ ਰਿਪੋਰਟ ਅਨੁਸਾਰ, ਚੀਨ ਬੰਗਲਾਦੇਸ਼ ਵਿੱਚ ਆਪਣਾ ਨਿਵੇਸ਼ ਵਧਾ ਰਿਹਾ ਹੈ, ਖਾਸ ਕਰਕੇ ਬੁਨਿਆਦੀ ਢਾਂਚੇ, ਊਰਜਾ ਅਤੇ ਦੂਰਸੰਚਾਰ ਵਿੱਚ। ਬੰਗਲਾਦੇਸ਼ ਬੈਲਟ ਐਂਡ ਰੋਡ ਇਨੀਸ਼ੀਏਟਿਵ ਵਿੱਚ ਇੱਕ ਸਰਗਰਮ ਭਾਗੀਦਾਰ ਰਿਹਾ ਹੈ। ਬੰਗਲਾਦੇਸ਼ ਦਾ ਚੀਨ ਵੱਲ ਕੁੱਲ ਕਰਜ਼ਾ ਲਗਭਗ 17.5 ਬਿਲੀਅਨ ਡਾਲਰ ਹੈ। ਅਜਿਹੀ ਸਥਿਤੀ ਵਿੱਚ, ਬੰਗਲਾਦੇਸ਼ ਦਾ ਚੀਨ ਦੇ ਕਰਜ਼ੇ ਦੇ ਜਾਲ ਵਿੱਚ ਫਸਣ ਦਾ ਖ਼ਤਰਾ ਹੈ। ਬੰਗਲਾਦੇਸ਼ ਦੀਆਂ ਦੋਵੇਂ ਮੁੱਖ ਪਾਰਟੀਆਂ, ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐਨਪੀ) ਅਤੇ ਬੰਗਲਾਦੇਸ਼ ਅਵਾਮੀ ਲੀਗ ਚੀਨ ਦੇ ਨੇੜੇ ਹਨ। ਦੋਵਾਂ ਦੇ ਕਾਰਜਕਾਲ ਦੌਰਾਨ ਬੰਗਲਾਦੇਸ਼ ਵਿੱਚ ਚੀਨੀ ਨਿਵੇਸ਼ ਵਧਿਆ ਸੀ।

ਇਸ ਵੇਲੇ ਵੀ, ਚੀਨ ਬੰਗਲਾਦੇਸ਼ ਦੀ ਕਾਰਜਕਾਰੀ ਸਰਕਾਰ ਅਤੇ ਉੱਥੋਂ ਦੇ ਪ੍ਰਭਾਵਸ਼ਾਲੀ ਲੋਕਾਂ ਦੇ ਸੰਪਰਕ ਵਿੱਚ ਹੈ। ਇਨ੍ਹਾਂ ਵਿੱਚ ਜਮਾਤ-ਏ-ਇਸਲਾਮੀ ਵਰਗੇ ਕੱਟੜਪੰਥੀ ਇਸਲਾਮੀ ਸੰਗਠਨ ਵੀ ਸ਼ਾਮਲ ਹਨ। ਚੀਨ ਨੇ ਹੁਣ ਤੱਕ ਬੰਗਲਾਦੇਸ਼ ਪ੍ਰਤੀ ਇੱਕ ਸਾਵਧਾਨ ਪਰ ਮੌਕਾਪ੍ਰਸਤ ਅਤੇ ਰਣਨੀਤਕ ਪਹੁੰਚ ਅਪਣਾਈ ਹੈ। ਇਸਦਾ ਉਦੇਸ਼ ਬੰਗਲਾਦੇਸ਼ ਵਿੱਚ ਰਾਜਨੀਤਿਕ ਅਸਥਿਰਤਾ ਦਾ ਫਾਇਦਾ ਉਠਾਉਣਾ ਹੈ। ਅਜਿਹੀ ਸਥਿਤੀ ਵਿੱਚ, ਭਾਰਤ ਦੀਆਂ ਚਿੰਤਾਵਾਂ ਹੋਰ ਵੱਧ ਸਕਦੀਆਂ ਹਨ।



ਰਿਪੋਰਟ ਦੇ ਅਨੁਸਾਰ, ਚੀਨ ਨੌਜਵਾਨ ਬੰਗਲਾਦੇਸ਼ੀਆਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਜਿੱਤਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਇਹ ਸਿੱਖਿਆ, ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਹ ਬੰਗਲਾਦੇਸ਼ੀ ਵਿਦਿਆਰਥੀਆਂ ਨੂੰ ਚੀਨ ਵਿੱਚ ਪੜ੍ਹਨ ਲਈ ਯਾਤਰਾ ਸਹਾਇਤਾ ਅਤੇ ਸਕਾਲਰਸ਼ਿਪ ਪ੍ਰਦਾਨ ਕਰਦਾ ਹੈ। ਇਹ ਬੰਗਲਾਦੇਸ਼ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਨਰਮ ਸ਼ਕਤੀ ਰਾਹੀਂ ਪ੍ਰਭਾਵਿਤ ਕਰਨ ਦੀ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ।

ਸਵੀਡਿਸ਼ ਥਿੰਕ ਟੈਂਕ ਸਿਪਰੀ ਦੇ ਅਨੁਸਾਰ, ਚੀਨ ਨੇ 2019 ਅਤੇ 2023 ਦੇ ਵਿਚਕਾਰ ਬੰਗਲਾਦੇਸ਼ ਨੂੰ ਲੋੜੀਂਦੇ 72% ਹਥਿਆਰਾਂ ਦੀ ਸਪਲਾਈ ਕੀਤੀ। ਇਸ ਤੋਂ ਇਲਾਵਾ, ਬੀਜਿੰਗ ਨੇ ਚਟਗਾਂਵ ਦੇ ਦੱਖਣ ਵਿੱਚ "ਬੀਐਨਐਸ ਸ਼ੇਖ ਹਸੀਨਾ" ਜਲ ਸੈਨਾ ਅੱਡੇ ਦੇ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਈ। ਇਹ ਬੇਸ, ਜਿਸਦਾ ਉਦਘਾਟਨ 2023 ਵਿੱਚ ਕੀਤਾ ਜਾਣਾ ਹੈ, ਵਿੱਚ ਛੇ ਪਣਡੁੱਬੀਆਂ ਅਤੇ ਅੱਠ ਜੰਗੀ ਜਹਾਜ਼ ਹੋ ਸਕਦੇ ਹਨ। ਬੀਜਿੰਗ ਨੇ ਬੰਗਲਾਦੇਸ਼ੀ ਜਲ ਸੈਨਾ ਨੂੰ ਦੋ ਪਣਡੁੱਬੀਆਂ (ਬੀਐਨਐਸ ਨਵਜਾਤਰਾ ਅਤੇ ਬੀਐਨਐਸ ਜੋਯਜਾਤਰਾ) ਅਤੇ ਵੱਡੀ ਗਿਣਤੀ ਵਿੱਚ ਫ੍ਰੀਗੇਟ ਅਤੇ ਕੋਰਵੇਟ ਵੀ ਪ੍ਰਦਾਨ ਕੀਤੇ। ਚਰਚਾ ਹੈ ਕਿ ਚੀਨ ਪਣਡੁੱਬੀਆਂ ਅਤੇ ਨਵੇਂ ਬੇਸ ਨੂੰ ਚਲਾਉਣ ਦੇ ਤਰੀਕੇ ਬਾਰੇ ਬੰਗਲਾਦੇਸ਼ ਨੂੰ ਸਿਖਲਾਈ ਦੇਵੇਗਾ।

ਚੀਨ ਪਿਛਲੇ ਦਹਾਕੇ ਤੋਂ ਬੰਗਲਾਦੇਸ਼ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਹੈ, ਜਿਸਦਾ ਵਪਾਰ 25 ਬਿਲੀਅਨ ਡਾਲਰ ਤੋਂ ਵੱਧ ਹੈ। ਚੀਨੀ ਸਰਕਾਰੀ ਮੀਡੀਆ ਦੇ ਅਨੁਸਾਰ, ਬੰਗਲਾਦੇਸ਼ ਵਿੱਚ 700 ਚੀਨੀ-ਫੰਡ ਦੇਣ ਵਾਲੀਆਂ ਕੰਪਨੀਆਂ ਹਨ। ਬੰਗਲਾਦੇਸ਼ ਆਪਣੇ ਟੈਕਸਟਾਈਲ ਸੈਕਟਰ ਨੂੰ ਚਲਾਉਣ ਲਈ ਚੀਨ 'ਤੇ ਬਹੁਤ ਜ਼ਿਆਦਾ ਨਿਰਭਰ ਹੈ, ਜਿਸਨੇ ਬੰਗਲਾਦੇਸ਼ ਨੂੰ ਵਿਸ਼ਵ ਨਕਸ਼ੇ 'ਤੇ ਉਭਾਰਿਆ ਹੈ। ਬੰਗਲਾਦੇਸ਼ ਹਰ ਸਾਲ ਲਗਭਗ $45 ਬਿਲੀਅਨ ਦੇ ਕੱਪੜੇ ਨਿਰਯਾਤ ਕਰਦਾ ਹੈ; ਇਹ ਇਸਦੇ ਕੁੱਲ ਨਿਰਯਾਤ ਦਾ 80% ਹੈ। ਫਾਈਬਰ ਫੈਬਰਿਕ ਬਣਾਉਣ ਲਈ 70% ਤੋਂ ਵੱਧ ਕੱਚਾ ਮਾਲ ਚੀਨ ਤੋਂ ਆਉਂਦਾ ਹੈ।

ਬੰਗਲਾਦੇਸ਼ ਵਿੱਚ ਸ਼ੇਖ ਹਸੀਨਾ ਦੀ ਸਰਕਾਰ ਨੂੰ ਉਖਾੜ ਸੁੱਟਣ ਵਿੱਚ ਵੀ ਪਾਕਿਸਤਾਨ ਦੀ ਭੂਮਿਕਾ ਸਾਹਮਣੇ ਆਈਹੈ। ਉਹ ਕੂਟਨੀਤੀ ਅਤੇ ਵਪਾਰ ਰਾਹੀਂ ਬੰਗਲਾਦੇਸ਼ ਨਾਲ ਸਬੰਧਾਂ ਨੂੰ ਮਜ਼ਬੂਤ ? ?ਕਰ ਰਿਹਾ ਹੈ। ਪਾਕਿਸਤਾਨ ਨੇ ਇੱਕ ਨਵੀਂ ਵੀਜ਼ਾ ਨੀਤੀ ਦਾ ਐਲਾਨ ਕੀਤਾ ਹੈ ਜਿਸ ਦੇ ਤਹਿਤ ਬੰਗਲਾਦੇਸ਼ ਨੂੰ ਉਨ੍ਹਾਂ 126 ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਦੇ ਨਾਗਰਿਕ ਮੁਫ਼ਤ ਵੀਜ਼ੇ 'ਤੇ ਪਾਕਿਸਤਾਨ ਦੀ ਯਾਤਰਾ ਕਰ ਸਕਦੇ ਹਨ। ਮੁਹੰਮਦ ਯੂਨਸ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਪਿਛਲੇ ਸਾਲ ਦੋ ਵਾਰ ਮਿਲੇ ਸਨ, ਜੋ ਕਿ ਪਾਕਿਸਤਾਨ ਦੇ ਇਰਾਦਿਆਂ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ।

ਰਿਪੋਰਟ ਦੇ ਅਨੁਸਾਰ, ਢਾਕਾ ਵਿੱਚ ਪਾਕਿਸਤਾਨੀ ਰਾਜਦੂਤ ਹਸੀਨਾ ਸ਼ਾਸਨ ਦੇ ਪਤਨ ਤੋਂ ਬਾਅਦ ਤੋਂ ਹੀ ਬੀਐਨਪੀ, ਜਮਾਤ-ਏ-ਇਸਲਾਮੀ ਅਤੇ ਹੋਰ ਕੱਟੜਪੰਥੀ ਵਿਅਕਤੀਆਂ ਅਤੇ ਸਮੂਹਾਂ ਦੇ ਨੇਤਾਵਾਂ ਨੂੰ ਨਿਯਮਿਤ ਤੌਰ 'ਤੇ ਮਿਲਦੇ ਰਹੇ ਹਨ। ਇਸ ਦੌਰਾਨ, ਬੰਗਲਾਦੇਸ਼ ਨੇ ਅਗਲੀ ਸਰਕਾਰ ਬਣਨ ਤੋਂ ਬਾਅਦ ਪਾਕਿਸਤਾਨ ਤੋਂ ਖੇਤੀਬਾੜੀ ਉਤਪਾਦਾਂ ਦੀ ਦਰਾਮਦ ਵਧਾਉਣ ਵਿੱਚ ਅਧਿਕਾਰਤ ਤੌਰ 'ਤੇ ਡੂੰਘੀ ਦਿਲਚਸਪੀ ਦਿਖਾਈ ਹੈ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਬੰਗਲਾਦੇਸ਼ ਬੰਗਾਲ ਦੀ ਖਾੜੀ ਵਿੱਚ ਪਾਕਿਸਤਾਨੀ ਜਲ ਸੈਨਾ ਨਾਲ ਇੱਕ ਸਾਂਝੇ ਜਲ ਸੈਨਾ ਅਭਿਆਸ ਦੀ ਤਿਆਰੀ ਕਰ ਰਿਹਾ ਹੈ। ਇਸ ਤੋਂ ਇਲਾਵਾ, ਬੰਗਲਾਦੇਸ਼ ਫਰਵਰੀ 2025 ਵਿੱਚ ਕਰਾਚੀ ਵਿੱਚ ਹੋਣ ਵਾਲੇ ਬਹੁ-ਰਾਸ਼ਟਰੀ ਜਲ ਸੈਨਾ ਅਭਿਆਸ ਵਿੱਚ ਵੀ ਹਿੱਸਾ ਲਵੇਗਾ।

ਚਰਚਾ ਹੈ ਕਿ ਬੰਗਲਾਦੇਸ਼, ਪਾਕਿਸਤਾਨ ਤੋਂ ਜੇ. 17 ਲੜਾਕੂ ਜਹਾਜ਼ ਤੇ ਹੋਰ ਵੱਡੀ ਮਾਤਰਾ ਵਿਚ ਅਸਲਾ ਖ਼ਰੀਦ ਰਿਹਾ ਹੈ। ਗ਼ੌਰਤਲਬ ਹੈ ਕਿ ਜੇ. 17 ਲੜਾਕੂ ਜਹਾਜ਼ ਬਹੁਤ ਹੀ ਉੱਨਤ ਕਿਸਮ ਦੇ ਚੀਨੀ-ਪਾਕਿਸਤਾਨੀ ਜਹਾਜ਼ ਹਨ।

## ਟਰੰਪ ਨੇ ਇਜ਼ਰਾਈਲ ਨੂੰ 2000 ਪੌਂਡ ਦੇ ਬੰਬ ਦੀ ਸਪਲਾਈ 'ਤੇ ਪਾਬੰਦੀ ਹਟਾਈ

ਡੋਨਾਲਡ ਟਰੰਪ ਨੇ ਜੋ ਬਿਡੇਨ ਦੇ ਫੈਸਲੇ ਨੂੰ ਫਿਰ ਪਲਟਿਆ ਡੋਨਾਲਡ ਟਰੰਪ ਨੇ ਇਜ਼ਰਾਈਲ ਨੂੰ 2000 ਪੌਂਡ ਦੇ ਬੰਬ ਭੇਜਣ 'ਤੇ ਲਗਾਈ ਗਈ ਪਾਬੰਦੀ ਹਟਾ ਲਈ ਹੈ, ਜੋ ਕਿ ਸਾਬਕਾ ਰਾਸ਼ਟਰਪਤੀ ਜੋ ਬਿਡੇਨ ਵੱਲੋਂ ਲਗਾਈ ਗਈ ਸੀ। ਬਾਈਡੇਨ ਦੀ ਇਹ ਕਾਰਵਾਈ ਗਾਜ਼ਾ ਵਿੱਚ ਹਮਾਸ ਨਾਲ ਲੜਾਈ ਦੌਰਾਨ ਆਮ ਨਾਗਰਿਕਾਂ ਦੀ ਮੌਤ ਦੀ ਗਿਣਤੀ ਨੂੰ ਘਟਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ ਟਰੰਪ ਨੇ ਆਪਣੇ ਟਰੂਥ ਸੋਸ਼ਲ ਨੈੱਟਵਰਕ 'ਤੇ ਪੋਸਟ ਕਰਦਿਆਂ ਕਿਹਾ ਕਿ "ਬਹੁਤ ਸਾਰੀਆਂ ਚੀਜ਼ਾਂ ਹੁਣ ਭੇਜੀਆਂ ਜਾ ਰਹੀਆਂ ਹਨ," ਜਿਸ ਵਿੱਚ ਉਹ ਭਾਰੀ ਬੰਬਾਂ ਦੀ ਸਪਲਾਈ ਦਾ ਜ਼ਿਕਰ ਕਰ ਰਹੇ ਸਨ। ਇਸ ਤੋਂ ਇਲਾਵਾ, ਇੱਕ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਇਸ ਫੈਸਲੇ ਨਾਲ ਇਜ਼ਰਾਈਲ ਦੀ ਤਾਕਤ ਹੋਰ ਮਜ਼ਬੂਤ ਹੋਵੇਗੀ। ਇਹ ਖਬਰ ਉਸ ਸਮੇਂ ਆਈ ਹੈ ਜਦੋਂ ਹਮਾਸ ਦੇ ਅੱਤਵਾਦੀਆਂ ਨੇ ਇਜ਼ਰਾਈਲ ਨਾਲ ਜੰਗਬੰਦੀ ਸਮਝੌਤੇ 'ਤੇ ਦਸਤਖਤ ਕੀਤੇ ਹਨ, ਜਿਸ ਦੇ ਤਹਿਤ ਇਜ਼ਰਾਈਲ ਨੇ ਚਾਰ ਮਹਿਲਾ ਸੈਨਿਕਾਂ ਦੀ ਰਿਹਾਈ ਦੇ ਬਦਲੇ 200 ਫਲਸਤੀਨੀ ਕੈਦੀਆਂ ਨੂੰ ਰਿਹਾਅ ਕੀਤਾ। ਦਰਅਸਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਨੂੰ ਵੱਡੀ ਰਾਹਤ ਦਿੱਤੀ ਹੈ।

## ਸ਼ਰਾਬੀਆਂ ਪਤੀਆਂ ਦੀਆਂ ਕਰਤੂਤਾਂ ਤੋਂ ਤੰਗ ਆਕੇ ਪਤਨੀਆਂ ਨੇ ਆਪਸ ਵਿਚ ਕਰਵਾਏ ਵਿਆਹ



ਗੋਰਖਪੁਰ-ਦੋ ਮਹਿਲਾਵਾਂ ਵੱਲੋਂ ਪਤੀਆਂ ਤੋਂ ਤੰਗ ਆ ਕੇ ਆਪਸ ਵਿੱਚ ਵਿਆਹ ਕਰਵਾਏ ਜਾਣ ਦੀ ਅਜੀਬੋ-ਗਰੀਬ ਖ਼ਬਰ ਸਾਹਮਣੇ ਆਈ ਹੈ। ਸ਼ਰਾਬ ਦੇ ਆਦੀ ਪਤੀਆਂ ਤੋਂ ਤੰਗ ਆ ਕੇ ਦੋਹਾਂ ਨੇ ਆਪਣਾ ਘਰ ਛੱਡ ਦਿੱਤਾ ਸੀ। ਕਵਿਤਾ ਅਤੇ ਗੁੰਜਾ ਉਰਫ ਬਬਲੂ ਨੇ ਦੇਵਰੀਆ ਦੇ ਛੋਟੇ ਕਾਸ਼ੀ ਕਹੇ ਜਾਣ ਵਾਲੇ ਸ਼ਿਵ ਮੰਦਰ ਵਿੱਚ ਵਿਆਹ ਕੀਤਾ। ਉਨ੍ਹਾਂ ਦੱਸਿਆ ਕਿ ਉਹ ਪਹਿਲੀ ਵਾਰ ਇੰਸਟਾਗ੍ਰਾਮ 'ਤੇ ਮਿਲੀਆਂ ਸੀ ਅਤੇ ਇੱਕੋ ਜਿਹੀਆਂ ਸਥਿਤੀਆਂ ਦੇ ਕਾਰਨ ਉਹ ਇਕ-ਦੂਜੇ ਦੇ ਨੇੜੇ ਆ ਗਈਆਂ। ਦੋਹਾਂ ਨੂੰ ਆਪਣੇ ਸ਼ਰਾਬੀ ਜੀਵਨ ਸਾਥੀਆਂ ਦੇ ਹੱਥੋਂ ਘਰੇਲੂ ਹਿੰਸਾ ਸਹਿਣੀ ਪਈ। ਮੰਦਰ ਵਿੱਚ ਗੁੰਜਾ ਨੇ ਲਾੜੇ ਦੀ ਭੂਮਿਕਾ ਨਿਭਾਉਂਦਿਆਂ ਕਵਿਤਾ ਨੂੰ ਸੰਧੂਰ ਲਗਾਇਆ ਅਤੇ ਸੱਤ ਫੇਰੇ ਲਏ। ਦੋਹਾਂ ਨੇ ਜੀਵਨ ਭਰ ਇਕ-ਦੂਜੇ ਦਾ ਸਾਥ ਦੇਣ ਦਾ ਵਾਅਦਾ ਕੀਤਾ। ਗੁੰਜਾ ਨੇ ਕਿਹਾ ਕਿ ਅਸੀਂ ਆਪਣੇ ਪਤੀਆਂ ਦੇ ਸ਼ਰਾਬ ਪੀਣ ਅਤੇ ਕੁੱਟਮਾਰ ਕਰਨ ਤੋਂ ਤੰਗ ਹੋ ਗਈਆਂ ਸੀ। ਇਸ ਨੇ ਸਾਨੂੰ ਸ਼ਾਂਤੀ ਅਤੇ ਪ੍ਰੇਮ ਦਾ ਜੀਵਨ ਚੁਣਨ ਲਈ ਮਜਬੂਰ ਕੀਤਾ। ਅਸੀਂ ਗੋਰਖਪੁਰ ਵਿੱਚ ਇੱਕ ਜੋੜੇ ਵਜੋਂ ਰਹਿਣ ਅਤੇ ਜੀਵਨ ਬਿਤਾਉਣ ਦਾ ਫੈਸਲਾ ਕੀਤਾ ਹੈ। ਦੋਹਾਂ ਔਰਤਾਂ ਵਿੱਚੋਂ ਇਕ ਨੇ ਕਿਹਾ ਕਿ ਉਸ ਦਾ ਪਤੀ ਸ਼ਰਾਬੀ ਹੈ, ਉਹ ਰੋਜ਼ਾਨਾ ਉਸ ਦੀ ਕੁੱਟਮਾਰ ਨੂੰ ਸਹਿਣ ਕਰਨ ਵਿੱਚ ਅਸਮਰੱਥ ਹੈ। ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਹਿੰਸਾ ਖਤਮ ਨਾ ਹੋਣ ਤੋਂ ਬਾਅਦ ਉਸ ਨੇ ਆਪਣੇ ਮਾਪਿਆਂ ਦੇ ਘਰ ਵਾਪਸ ਜਾਣ ਦਾ ਫੈਸਲਾ ਕੀਤਾ। ਕਵਿਤਾ ਅਤੇ ਗੁੰਜਾ ਨੇ ਕਿਹਾ ਕਿ ਉਹ ਇਕੱਠੇ ਰਹਿਣ ਲਈ ਦ੍ਰਿੜ੍ਹ ਹਨ ਅਤੇ ਕਿਸੇ ਨੂੰ ਵੀ ਉਨ੍ਹਾਂ ਨੂੰ ਵੱਖ ਨਹੀਂ ਕਰਨ ਦੇਣਗੀਆਂ। ਉਨ੍ਹਾਂ ਨੂੰ ਕਿਰਾਏ 'ਤੇ ਕਮਰਾ ਲੈਣਾ ਪੈਣਾ ਹੈ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਗੁਰੂ ਦੇ ਮਿਲਾਪ ਨਾਲ਼ ਮਨੁੱਖ ਪ੍ਰਭੂ ਦੀ ਯਾਦ ਵਿਚ ਜੁੜ ਕੇ ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ । ਗੁਰੂ ਮਿਹਰ ਕਰ ਕੇ ਉਸ ਨੂੰ ਪ੍ਰਭੂ ਦਾ ਘਰ ਤੇ ਮਹਿਲ ਦਿਖਾ ਦਿੰਦਾ ਹੈ । ਹੇ ਨਾਨਕ ! ਉਸ ਮਨੁੱਖ ਦੀ ਹਉਮੈ ਮਾਰ ਕੇ ਗੁਰੂ ਉਸ ਨੂੰ ਪ੍ਰਭੂ ਨਾਲ਼ ਮਿਲਾ ਦਿੰਦਾ ਹੈ । "ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥4॥9॥ ਅੰਗ 153"। ਅਤੇ "ਗੁਰਿ ਮਿਲਿਐ ਹਰਿ ਮੇਲਾ ਹੋਈ ॥ ਅੰਗ 157"।

ਗੁਰੂ ਨੂੰ ਮਿਲਣ ਨਾਲ਼ ਸਰੀਰ (ਭਾਵ ਮਨ, ਬੁੱਧੀ ਤੇ ਗਿਆਨ ਇੰਦਰਿਆਂ) ਦੀ ਸੋਝੀ ਪਈ । "ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਅੰਗ 233"।

ਜਿਹਨਾਂ ਨੇ ਸਤਿਗੁਰੂ ਨਾਲ਼ ਮਿਲਾਪ ਕੀਤਾ ਮਾਇਆ ਉਹਨਾਂ ਦੇ ਨੇੜੇ ਨਹੀਂ ਢੁਕਦੀ । "ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥6॥ ਅੰਗ 233"।

ਸਤਿਗੁਰੂ ਨੂੰ ਮਿਲਿਆਂ ਆਪਾ ਭਾਵ ਖਤਮ ਹੁੰਦਾ ਹੈ ਤੇ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਤੇ ਸਦਾ ਥਿਰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ; ਜਿਹਨਾਂ ਦੇ ਹਿਰਦੇ ਵਿਚ ਸਤਿਗੁਰੂ ਨੇ ਸਦਾ ਥਿਰ ਪ੍ਰਭੂ ਨੂੰ ਵਸਾ ਦਿੱਤਾ । "ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥ ਅੰਗ 424"।; "ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ ॥ ਅੰਗ 465"। ਅਤੇ "ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ॥ ਅੰਗ 467"।

ਸਤਿਗੁਰੂ ਨੂੰ ਮਿਲ ਕੇ ਭਟਕਦਾ ਮਨ ਟਿਕ ਜਾਂਦਾ ਹੈ ਤੇ ਦਸਮੇ ਦੁਆਰ 'ਚ ਟਿਕਾਣਾ ਮਿਲ ਜਾਂਦਾ ਹੈ; ਅਪਣੇ ਨਿਜ ਘਰ (ਅੰਤਰ ਆਤਮੇ ਵਾਸਾ ਹੋ ਜਾਂਦਾ ਹੈ) । "ਧਾਵਤੁ ਥੰਮਿ੍ਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ ਅੰਗ 441"। ਅਤੇ "ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮਿ੍ਆ ਨਿਜ ਘਰਿ ਵਸਿਆ ਆਏ ॥4॥ ਅੰਗ 441"।

ਸਤਿਗੁਰੂ ਨੂੰ ਮਿਲਣ ਨਾਲ਼ ਇਹ ਅਹਿਸਾਸ ਹੋ ਜਾਂਦਾ ਹੈ ਕਿ ਪ੍ਰਭੂ ਬੰਦੇ ਦੇ ਅੰਦਰ ਵਿਆਪਕ ਹੈ ਤੇ ਉਹ ਸਦਾ ਪ੍ਰਭੂ ਨਾਲ਼ ਅਟੁੱਟ ਪਿਆਰ ਪਾਈ ਰੱਖਦਾ ਹੈ । "ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥ ਅੰਗ 556"।

ਸਤਿਗੁਰੂ ਨੂੰ ਮਿਲਕੇ ਜੀਵ ਇਸਤਰੀ ਮਾਇਕ ਰੁਚੀਆਂ ਤੋਂ ਉੱਲਟ ਕੇ ਪਰਮਾਰਥ ਦੇ ਰਸਤੇ ਤੇ ਤੁਰਦੀ ਹੈ ਤੇ ਉਸਦੀ ਅਵਸਥਾ ਕਹੀ ਨਹੀਂ ਜਾ ਸਕਦੀ । ਉਹ ਜੀਵ ਇਸਤਰੀ ਸੱਚੇ ਨਾਮ ਨਾਲ਼ ਸ਼ਿੰਗਾਰੀ ਜਾਂਦੀ ਹੈ । "ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥3॥ ਅੰਗ 558"। ਅਤੇ "ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥ ਅੰਗ 581"। ਸਤਿਗੁਰੂ ਨੂੰ ਮਿਲਣ ਨਾਲ਼ ਮੁਕਤੀ ਦਾ ਰਸਤਾ ਮਿਲ ਜਾਂਦਾ ਹੈ, ਜਿਸ ਕਰਕੇ ਸਹਜੇ ਹੀ ਮਾਲਕ ਪ੍ਰਭੂ ਮਿਲ ਪੈਂਦਾ ਹੈ ॥ "ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥ ਅੰਗ 883"।

ਹੇ ਨਾਨਕ! ਸਤਿਗੁਰੂ ਨੂੰ ਮਿਲਣ ਨਾਲ਼ ਨਾਮ ਰੂਪੀ ਫਲ ਮਿਲਦਾ ਹੈ ਤੇ ਨਾਮ ਦੀ ਵਡਿਆਈ ਮਿਲਦੀ ਹੈ । "ਨਾਨਕ ਸਤਿਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ ॥4॥2॥ ਅੰਗ 558"। ਅਤੇ "ਸਤਿਗੁਰਿ ਮਿਲਿਐ ਵਡੀ ਵਡਿਆਈ ॥ ਅੰਗ 833"।

ਹੇ ਨਾਨਕ! ਸਤਿਗੁਰੂ ਨੂੰ ਮਿਲਣ ਨਾਲ਼ ਜਿਸ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਸਦੇ ਸਾਰੇ ਕਾਰਜ, ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ । "ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ ॥2॥ ਅੰਗ 649"।

ਹੇ ਹਰੀ! ਹੇ ਪ੍ਰਭੂ! ਸਾਨੂੰ ਸਤਿਗੁਰੂ ਪੁਰਖ ਮਿਲਾ ਦਿਓ, ਗੁਰੂ ਨੂੰ ਮਿਲਣ ਨਾਲ਼ ਆਤਮਕ ਆਨੰਦ/ਸਦੀਵੀ ਸੁਖ ਪ੍ਰਾਪਤ ਹੋ ਜਾਂਦਾ ਹੈ । "ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ਗੁਰਿ ਮਿਲਿਐ ਸੁਖੁ ਹੋਈ ਰਾਮ॥1॥ ਅੰਗ 698"।

ਹੇ ਪ੍ਰਭੂ! ਮੇਹਰ ਕਰ, ਮੈਨੂੰ ਗੁਰੂ ਮਿਲਾ ਦਿਓ, ਗੁਰੂ ਦੇ ਮਿਲਣ ਨਾਲ਼ ਹਿਰਦੇ ਵਿਚ ਸਰਬ ਵਿਆਪਕ ਪ੍ਰਭੂ ਦੇ ਨਾਮ ਜਪਣ ਦਾ/ਪ੍ਰਭੂ ਮਿਲਾਪ ਦਾ ਉਤਸ਼ਾਹ ਪੈਦਾ ਹੋ ਜਾਂਦਾ ਹੈ । "ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਉਮਾਹਾ ਰਾਮ॥3॥ ਅੰਗ 699"।

ਤੀਸਰੇ ਮਹਲ 'ਚ ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਅੱਖੀਆਂ ਅੰਨ੍ਹੀਆਂ ਸਨ; ਸਤਿਗੁਰੂ ਨੂੰ ਮਿਲਕੇ ਇਹਨਾਂ ਅੱਖਾਂ ਨੂੰ ਗੈਬੀ ਦ੍ਰਿਸ਼ਟੀ ਪਰਾਪਤ ਹੋ ਗਈ (ਭਾਵ ਇਹ ਅਦ੍ਰਿਸ਼ਟ ਪ੍ਰਭੂ ਨੂੰ ਦੇਖਣ ਲੱਗ ਪਈਆਂ) । "ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥36॥ ਅੰਗ 922"।

ਕਿਸੇ ਵਡਭਾਗੀ ਨੇ ਹੀ ਗੁਰੂ ਦਾ ਦਰਸ਼ਨ ਪ੍ਰਾਪਤ ਕੀਤਾ ਹੈ, ਗੁਰੂ ਨੂੰ ਮਿਲ ਕੇ ਪਰਮਾਤਮਾ ਦੀ ਜਾਣ ਪਛਾਣ ਹੋ ਜਾਂਦੀ ਹੈ। "ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥ ਅੰਗ 984"।

ਅਮੋਲਕ ਨਾਮ-ਧਨ, ਜਿਸਦੀ ਉਪਮਾ ਨਹੀਂ ਹੋ ਸਕਦੀ, ਹਰੇਕ ਸਰੀਰ ਦੇ ਅੰਦਰ ਮੌਜੂਦ ਹੈ; ਗੁਰੂ ਨੂੰ ਮਿਲ ਕੇ ਇਸ ਪ੍ਰਭੂ (ਨਾਮ) ਧਨ ਦੀ ਪ੍ਰਾਪਤੀ ਹੋ ਜਾਂਦੀ ਹੈ । "ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥13॥ ਅੰਗ 1039"।

ਦੁਨਿਆਵੀ ਡਰ ਕੱਟ ਕੇ ਬੰਦਾ ਨਿਰਭਉ ਹੋ ਜਾਂਦਾ ਹੈ ਤੇ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਜਿਸ ਤੋਂ ਕਿ ਪਾਰ ਲੰਘਣਾ ਔਖਾ ਹੈ; ਗੁਰੂ ਨੂੰ ਮਿਲ ਕੇ ਇਹ ਕੰਮ ਸੌਰ ਜਾਂਦਾ ਹੈ । "ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ॥ ਅੰਗ 1113"।

ਗੁਰੂ ਨੂੰ ਮਿਲ ਕੇ ਇਕ ਪਰਮੇਸ਼ਰ ਪ੍ਰਗਟ ਹੋ ਜਾਂਦਾ ਹੈ; ਭਾਵ ਪ੍ਰਤੱਖ ਦਿਸ ਪੈਂਦਾ ਹੈ! "ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥2॥ ਅੰਗ 1177"।

ਗੁਰੂ ਦੇ ਮਿਲਾਪ ਨਾਲ਼ ਮਨ ਖਿੜ ਪੈਂਦਾ (ਸਮੇਤ ਰਸ ਦੇ ਹੋ ਜਾਂਦਾ) ਹੈ, ਜਿੱਦਾਂ ਮੀਂਹ ਪਿਆਂ ਧਰਤੀ ਸ਼ਿੰਗਾਰੀ ਜਾਂਦੀ ਹੈ; ਭਾਵ ਹਰੀ ਭਰੀ ਤੇ ਸੋਹਣੀ ਲੱਗਦੀ ਹੈ । "ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ ਅੰਗ 1278"।

ਸਤਿਗੁਰੂ ਨੂੰ ਮਿਲ ਕੇ ਪ੍ਰਭੂ ਦੀ ਰਜ਼ਾ ਸਮਝੀਏ ਤਾਂ ਜੀਵ (ਦਾ ਜਗਤ ਵਿਚ ਆਉਣਾ) ਸਫਲ ਹੋ ਜਾਂਦਾ ਹੈ । "ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਅੰਗ 1289"।

ਮੁੱਕਦੀ ਗੱਲ ਇਹ ਹੈ ਕਿ ਸਤਿਗੁਰੂ ਦੇ ਮਿਲਣ ਕਰਕੇ ਸਭ ਦੁਖ ਦੂਰ ਕਰਨ ਵਾਲ਼ੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਮੁੜਕੇ ਸੰਸਾਰ ਸਮੁੰਦਰ 'ਚ ਗੇੜਾ ਨਹੀਂ ਲੱਗਦਾ! "ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰ ॥16॥ ਅੰਗ 1422"। ਅਤੇ "ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥3॥ ਅੰਗ 1255"।

ਬਾਕੀ ਅਗਲੇ ਹਫ਼ਤੇ


## ਗੁਰੂ ਤੇਗ ਬਹਾਦਰ ਗੁਰਦਵਾਰਾ ਲੈਸਟਰ 106 ਈਸਟ ਪਾਰਕ ਰੋਡ ਲੈਸਟਰ ਵਿਖੇ

### ਇਕ ਤਬਲਾ ਵਾਦਕ ਅਤੇ ਇਕ ਹਰਮੋਨੀਅਮ ਦੇ ਮਾਹਿਰ (2 ਸਿੱਖ ਪ੍ਰਚਾਰਕਾਂ) ਦੀ ਤੁਰੰਤ ਲੋੜ ਹੈ

ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਵਿਖੇ ਇਕ ਤਬਲਾ ਵਾਦਕ ਅਤੇ ਇਕ ਹਰਮੋਨੀਅਮ ਵਜਾਉਣ ਵਾਲੇ (ਦੋ ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਆਪਣੀਆਂ ਅਰਜ਼ੀਆਂ 6 ਫਰਵਰੀ 2025 ਤੋਂ ਪਹਿਲਾਂ ਭੇਜੋ**

### 2 Vacancies of Religious Workers available @
Guru Tegh Bahadur Gurdwara, East Park Road, Leicester, LE5 4QB

### 1 Tabla Vadak & 1 Harmonium Player

The Guru Tegh Bahadur Gurdwara, in Leicester requires 1 Tabla Vadak (Classical Drums player) and a Harmonium player (All together 2 Religious Workers) to undertake duties and responsibilities for the Sikh Gurdwara at 106 East Park Road Leicester. Successful candidates must be prepared to represent the GTB Gurdwara at Religious workshops, Kirtan Darbars, as and when required. Job related accommodation and amenities would be provided. Wages starts from minimum rate as employment law in U.K. Candidates must have right to work in U.K.

Please apply with CV via Email to:gtb_Gurdwara@hotmail.co.uk
or Contact: Mr Gurnam Singh (President) 07834764903
*Closing date 6th February 2025*


SRI GURU TEGH BAHADUR GURDWARA LEICESTER
106 East Park Road, Leicester, LE5 4QB


## ਚੀਨ ਨੇ ਅਮਰੀਕੀ ਵਿਦੇਸ਼ ਮੰਤਰੀ ਨੂੰ ਦਿੱਤੀ ਚੇਤਾਵਨੀ

ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ ਡੋਨਾਲਡ ਟਰੰਪ ਇੱਕ ਤੋਂ ਇੱਕ ਫੈਸਲਾ ਲੈ ਰਹੇ ਹਨ। ਉਨ੍ਹਾਂ ਨੇ ਚੀਨ ਤੇ ਉੱਚ ਟੈਰਿਫ ਲਗਾਉਣ ਦਾ ਵੀ ਸੰਕੇਤ ਦਿੱਤਾ ਹੈ। ਇਸ ਦੌਰਾਨ, ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅਤੇ ਅਮਰੀਕਾ ਦੇ ਨਵੇਂ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਫੋਨ ਤੇ ਗੱਲਬਾਤ ਕੀਤੀ, ਇਸ ਦੌਰਾਨ, ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅਤੇ ਅਮਰੀਕਾ ਦੇ ਨਵੇਂ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਫੋਨ ਤੇ ਗੱਲਬਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਇਕ ਵਾਕੰਸ਼ ਬੋਲਿਆ ਜਿਸ ਦਾ ਮੋਟੇ ਤੌਰ ਤੇ ਮਤਲਬ ਸੀ ਵਿਵਹਾਰ। ਇਨ੍ਹਾਂ ਸ਼ਬਦਾਂ ਨੂੰ ਚੀਨ ਦੇ ਪੱਖ ਤੋਂ ਵੀ ਅਮਰੀਕਾ ਲਈ ਖਤਰੇ ਵਜੋਂ ਦੇਖਿਆ ਜਾ ਰਿਹਾ ਹੈ। ਇਹ ਪਹਿਲੀ ਗੱਲਬਾਤ ਸੀ ਜੋ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਹੋਈ ਹੈ, ਅਤੇ ਇਸ ਕਾਰਨ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਹੋਰ ਵਧ ਸਕਦਾ ਹੈ। ਚੀਨੀ ਵਿਦੇਸ਼ ਮੰਤਰੀ ਵਾਂਗ ਨੇ ਰੂਬੀਓ ਨੂੰ ਕਿਹਾ, ਮੈਨੂੰ ਉਮੀਦ ਹੈ ਕਿ ਤੁਸੀਂ ਉਸ ਅਨੁਸਾਰ ਕੰਮ ਕਰੋਗੇ। ਇਸਦੇ ਨਾਲ ਹੀ ਉਨ੍ਹਾਂ ਨੇ ਇੱਕ ਚੀਨੀ ਮੁਹਾਵਰੇ ਦੀ ਵਰਤੋਂ ਕੀਤੀ ਜੋ ਆਮ ਤੌਰ ਤੇ ਅਧਿਆਪਕ ਜਾਂ ਬੌਸ ਦੁਆਰਾ ਵਿਦਿਆਰਥੀ ਜਾਂ ਕਰਮਚਾਰੀ ਨੂੰ ਆਪਣੇ ਆਪ ਨੂੰ ਵਿਵਹਾਰ ਕਰਨ ਅਤੇ ਆਪਣੇ ਕੰਮਾਂ ਲਈ ਜ਼ਿੰਮੇਵਾਰ ਹੋਣ ਦੀ ਚੇਤਾਵਨੀ ਦੇਣ ਲਈ ਵਰਤਿਆ ਜਾਂਦਾ ਹੈ। ਰੂਬੀਓ ਅਤੇ ਚੀਨ ਦੇ ਸਬੰਧ ਚੰਗੇ ਨਹੀਂ ਰਹੇ, ਕਿਉਂਕਿ ਉਹ ਚੀਨ ਦੀ ਜ਼ੁਬਾਨੀ ਆਲੋਚਨਾ ਕਰਦੇ ਰਹੇ ਹਨ, ਅਤੇ ਚੀਨ ਨੇ ਉਨ੍ਹਾਂ ਤੇ 2020 ਵਿੱਚ ਪਾਬੰਦੀਆਂ ਲਗਾਈਆਂ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਅਤੇ ਹਲੇਮੀ ਰਾਜ ਦਾ ਸੰਕਲਪ ਨਾਨਕ ਦੀ ਸਿੱਖੀ ਦਾ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਦੇ ਰਾਹੀਂ ਨਹੀਂ...

– ਲੇਖਕ – ਜਥੇਦਾਰ
ਮਹਿੰਦਰ ਸਿੰਘ ਖਹਿਰਾ
ਕਵੈਂਟਰੀ
ਮੋ: 07989 927477



**ਗੁਰੂ ਨਾਨਕ ਸਾਹਿਬ ਨੇ ਤੀਸਰੇ ਰਾਹ ਦੀ ਮੰਜ਼ਿਲ ਤੇ ਦਿਸ਼ਾਵਾਂ ਸਾਫ਼ ਉਲੀਕ ਦਿੱਤੀਆਂ ਸਨ। ਉਨ੍ਹਾਂ ਤੋਂ ਬਾਅਦ ਅਗਲੇ ਗੁਰੂਆਂ ਨੇ ਜੋ ਵੀ ਕਦਮ ਪੁੱਟੇ ਉਹ ਮਿਥੀ ਹੋਈ ਮੰਜ਼ਿਲ ਦੀ ਦਿਸ਼ਾ ਵਿੱਚ ਹੀ ਪੁੱਟੇ। ਜੋ ਉਸਾਰੀ ਹੋਈ, ਉਹ ਸੁਚੇਤ ਤੇ ਯੋਜਨਾਬੱਧ ਰੂਪ ਵਿੱਚ ਹੋਈ। ਹਰ ਚੀਜ਼ ਸਿਰਜੀ ਗਈ। ਕੁਝ ਵੀ ਆਪ ਮੁਹਾਰਾ ਜਾਂ ਇਤਫਾਕੀਆ ਨਹੀਂ ਵਾਪਰਿਆ, ਦੋ ਸੌ ਸਾਲਾਂ ਤੋਂ ਵੀ ਵਧੇਰੇ ਲੰਮੇ ਸਮੇਂ ਤੱਕ (1486 ਤੋਂ 1708 ਤੱਕ) ਸਿੱਖ ਗੁਰੂਆਂ ਨੇ ਸਿੱਖ ਪੰਥ ਦੀ ਆਪ (ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ) ਸਿੱਧੇ ਰੂਪ ਵਿੱਚ ਰਹਿਨੁਮਾਈ ਕੀਤੀ। ਸਿੱਖ ਧਰਮ ਵਾਂਗ ਹੋਰ ਕਿਸੇ ਵੀ ਧਰਮ ਨੇ ਪੂਰੀ ਸ਼ਿੱਦਤ ਨਾਲ ਐਨੀ ਸੰਯੁਕਤਾ ਸਹਿਤ ਦੋ ਸੌ ਸਾਲ ਉੱਤੇ ਫੈਲੇ ਦੌਰ ਨੂੰ ਆਪਣੀ ਪੈਗੰਬਰੀ ਅਜ਼ਮਤ ਦਾ ਪਾਤਰ ਨਹੀਂ ਬਣਾਇਆ।**

ਗੁਰੂ ਨਾਨਕ ਦੀ ਸਿੱਖੀ ਦਾ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਦੇ ਰਾਹੀਂ ਨਹੀਂ! ਸਿੱਖੀ ਅਕਾਲ ਦੀ ਸੱਭਿਅਤਾ ਦਾ ਸੰਪੂਰਨ ਵਿਕਾਸ ਹੈ। ਜੋ ਅਕਾਲ ਦੇ ਇਕ ਰਾਸ਼ਟਰਵਾਦ ਦਾ ਪ੍ਰਤੱਖ ਰੂਪ ਹੈ।

(Sikhi is the complete evolution of Akal's civilisation. It is a direct image of Akal's of Almighty Akals's nationalism) - *(ਪੁਸਤਕ, ਸਿੱਖ ਸਭਿਆਚਾਰ ਦਾ ਮੂਲ ਅਧਾਰ ਪੰਨਾ 21)*

ਨਿਆਰੀ ਹੋਂਦ ਹੀ ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਸਿੱਖ ਗੁਰੂ ਸਾਹਿਬਾਨਾਂ ਨੇ ਸਿੱਖ-ਧਰਮ ਨੂੰ ਇਕ ਅਜਿਹਾ ਸੰਪੰਨ ਧਰਮ-ਪ੍ਰਬੰਧ ਐਲਾਨਿਆ ਹੈ, ਜਿਸ ਦੇ ਉਪਦੇਸ਼ ਅਕਾਲ ਪੁਰਖ ਪ੍ਰਮਾਤਮਾਂ ਦੀ ਸਿੱਧੀ ਉਪਜ ਹਨ (ਧੁਰ ਕੀ ਬਾਣੀ ਆਈ) ਸਿੱਖ ਗੁਰੂ ਸਾਹਿਬਾਨਾਂ ਨੇ ਆਰੀਅਨਾਂ ਅਤੇ ਨਾਲ ਹੀ ਸਾਮੀ ਧਰਮ ਗ੍ਰੰਥਾਂ ਦੀ ਪ੍ਰਭਤਾ ਨੂੰ ਨਾਮਨਜ਼ੂਰ ਕਰ ਦਿੱਤਾ। ਬ੍ਰਾਹਮਣੀ ਹਿੰਦੂ ਦੇਵਤਿਆਂ ਨੂੰ ਤਿਆਗ ਦਿੱਤਾ, ਨਿੰਦਣਯੋਗ ਜਾਤ-ਪ੍ਰਥਾ ਨੂੰ ਰੱਦ ਕਰ ਦਿੱਤਾ ਅਤੇ ਕਰਮ-ਕਾਂਡਾਂ ਦਾ ਖੰਡਨ ਕੀਤਾ।

*(ਹਵਾਲਾ ਪੁਸਤਕ ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ, ਪੰਨਾ 126)*

ਸਿੱਖ ਧਰਮ ਦੇ ਬਾਨੀ ਜਗਤ ਗੁਰੂ, ਗੁਰੂ ਨਾਨਕ ਨੂੰ ਸੁਧਾਰਕ, ਕ੍ਰਾਂਤੀਕਾਰੀ, ਚਿੰਤਕ ਜਾਂ ਦੇਸ਼ ਭਗਤ ਵਜੋਂ ਪ੍ਰਚਾਰਿਆ ਜਾ ਰਿਹਾ ਹੈ, ਪਰ ਇਹ ਸਾਰੀਆਂ ਧਾਰਨਾਵਾਂ ਦਾ ਖੰਡਨ ਹਰਿੰਦਰ ਸਿੰਘ ਮਹਿਬੂਬ ਨੇ ਸਹਿਜੇ ਰਚਿਓ ਖ਼ਾਲਸਾ ਵਿੱਚ ਹੇਠ ਲਿਖੇ ਅਨੁਸਾਰ ਕੀਤਾ ਹੈ:

"ਆਧੁਨਿਕ ਰਾਜਸੀ ਤੇ ਸਮਾਜਿਕ ਸ਼ਾਸ਼ਤਰਾਂ ਦੇ ਬੱਝਵੇਂ ਕਾਇਦੇ-ਕਾਨੂੰਨਾਂ ਵਿੱਚ ਕੈਦ ਹੋਈ ਦ੍ਰਿਸ਼ਟੀ ਗੁਰੂ ਸਾਹਿਬ ਦੇ ਦਿੱਬ-ਬਿਬੇਕ ਦੀ ਥਾਂਹ ਨਹੀਂ ਪਾ ਸਕਦੀ, ਗੁਰੂ ਨਾਨਕ ਕੋਈ ਸੁਧਾਰਕ, ਕ੍ਰਾਂਤੀਕਾਰੀ ਚਿੰਤਕ ਜਾਂ ਦੇਸ਼ ਭਗਤ ਦੇ ਤੌਰ 'ਤੇ ਦੁਨੀਆਂ ਉੱਤੇ ਨਹੀਂ ਸਨ ਆਏ। ਇਸ ਕਿਸਮ ਦੇ ਵਿਸ਼ਲੇਸ਼ਣ, ਆਦਰਯੋਗ ਨਾਂ ਅਤੇ ਇਨ੍ਹਾਂ ਨਾਲ ਸੰਬੰਧਿਤ ਇਸਤਲਾਹਾਂ ਗੁਰੂ ਸਾਹਿਬ ਦੀ ਸ਼ਾਨ ਲਈ ਵਰਤਣੀਆਂ ਕਿਸੇ ਅੰਧ-ਮੂਰਖਤਾ ਦੀ ਪ੍ਰਦਰਸ਼ਣੀ ਕਰਨ ਤੋਂ ਵੱਧ ਕੁਝ ਨਹੀਂ। ਗੁਰੂ ਸਾਹਿਬ ਨੇ ਕਿਸੇ ਇਕਹਿਰੇ ਵਿਰੋਧ ਦੀ ਵੰਗਾਰ ਨੂੰ ਆਪਣੇ ਅਮਲ ਦਾ ਧੁਰਾ ਨਹੀਂ ਬਣਾਇਆ। ਇਕ ਮਾਮੂਲੀ ਫਕੀਰ ਤੋਂ ਲੈ ਕੇ ਰੱਬੀ ਅਜ਼ਮਤਾਂ ਵਾਲੇ ਪੀਰ ਤੱਕ, ਕਿਸੇ ਖ਼ਾਨ ਸਲਾਰ ਤੋਂ ਲੈ ਕੇ ਬਾਬਰ ਦੀ ਬੇ-ਮਿਸਾਲ ਸ਼ਹਿਸ਼ਾਹੀ ਤੱਕ ਅਤੇ ਦੱਖਣ ਦੇ ਸ਼ਿਵ-ਲਿੰਗ ਪੂਜਾ ਦੇ ਮੂਰਖ ਦੰਭ ਤੋਂ ਲੈ ਕੇ ਸੁਮੇਰ ਪਰਬਤ ਦੇ ਬਲਵਾਨ ਯੋਗੀਆਂ ਤੱਕ, ਜਿਥੇ ਵੀ ਸੰਸਾਰਕ ਹਉਮੈ ਦਾ ਗੜ੍ਹ ਨਜ਼ਰ ਪਿਆ, ਬੇਸ਼ੱਕ ਮਨ ਵਿੱਚ ਲੁਕਿਆ ਸੀ, ਬੇਸ਼ਕ ਬਾਹਰ ਦਿੱਸਦਾ ਸੀ ਗੁਰੂ ਨਾਨਕ ਸਾਹਿਬ ਨੇ ਤੋੜ ਕੇ ਨਾਸ਼ਮਾਨਤਾ ਦੇ ਥਲ ਵਿੱਚ ਸੁੱਟ ਦਿੱਤਾ"।

*(ਹਵਾਲਾ ਪੁਸਤਕ, ਕਿਸ ਬਿਧ ਰੁਲੀ ਪਾਤਸ਼ਾਹੀ ਪੰਨਾ 137)*

ਗੁਰੂ ਨਾਨਕ ਸਾਹਿਬ ਨੇ ਮਾਨਸਿਕ, ਸਮਾਜਿਕ ਤੇ ਰਾਜਸੀ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਰਾਜੇ ਸ਼ੀਹ ਮੁਕਦਮ ਕੁਤਿਆਂ ਦੀ ਸਤਾਈ ਲੋਕਾਈ ਨੂੰ

"ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥"

ਦਾ ਪਾਠ ਪੜ੍ਹਾਇਆ। ਗੁਰੂ ਨਾਨਕ ਸਾਹਿਬ ਨੇ ਉਨ੍ਹਾਂ (ਮਜ਼ਲੂਮਾਂ) ਨੂੰ ਆਪਣੇ ਮਨ (ਮਨਿ ਜੀਤੈ ਜਗੁ ਜੀਤੁ) ਆਪਣੀ ਆਤਮਾ ਅਤੇ ਆਪਣੇ ਸਰੀਰ ਦੀ ਖ਼ੁਦਮੁਖ਼ਤਿਆਰੀ ਤੇ ਪਾਤਸ਼ਾਹੀ ਦਿੱਤੀ। ਉਨ੍ਹਾਂ ਨੂੰ ਦ੍ਰਿੜ ਕਰਵਾਇਆ ਕਿ ਮਨੁੱਖ ਨੂੰ ਮਿਲੀਆਂ ਰੱਬੀ ਸ਼ਕਤੀਆਂ ਉੱਤੇ ਦੂਸਰੇ ਹੋਰ ਕਿਸੇ ਹੁਕਮ-ਰਾਨ ਜਾਂ ਉੱਚ ਪਦਵੀ ਵਾਲੇ ਦਾ ਅਧਿਕਾਰ ਨਹੀਂ ਹੈ। ਹਰ ਇਕ ਮਨੁੱਖ ਵਿੱਚ ਰੱਬ ਦੀ ਅੰਸ਼ ਹੈ (ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ) ਹਰ ਇਕ ਮਨੁੱਖ ਰੱਬ ਦੀ ਕੁਦਰਤ ਦਾ ਸਰਬਰਾਹ ਹੈ। ਹਰ ਇਕ ਮਨੁੱਖ ਆਪਣੇ ਅੰਦਰ ਗਿਆਨ ਦੀ ਜੋਤਿ ਜਗਾ ਕੇ ਨੀਚੋਂ ਊਚ ਬਣ ਸਕਦਾ ਹੈ। ਕੰਗਲੇ ਤੋਂ ਅਮੀਰ -ਵਜ਼ੀਰ ਬਣ ਸਕਦਾ ਹੈ ਅਗਿਆਨੀ ਤੋਂ ਬ੍ਰਹਮ ਗਿਆਨੀ ਬਣ ਸਕਦਾ ਹੈ। ਗੁਰੂ ਨਾਨਕ ਦੀ ਸਿੱਖੀ ਨੂੰ ਕਿਸੇ ਇਕ ਰਾਸ਼ਟਰ ਦੀ ਸੀਮਾ ਅੰਦਰ ਰੱਖਿਆ ਹੀ ਨਹੀਂ ਜਾ ਸਕਦਾ।

"ਉਨ੍ਹਾਂ (ਗੁਰੂ ਨਾਨਕ) ਦਾ ਮਾਰਗ, ਉਨ੍ਹਾਂ ਦੀ ਚਲਾਈ ਰਹੁਰੀਤ (ਸਿੱਖੀ ਸਿਧਾਂਤ) ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸੱਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ, ਮਨੁੱਖੀ ਅਧਿਕਾਰਾਂ, ਮਨੁੱਖੀ ਅਜ਼ਾਦੀ ਦਾ ਆਸ਼ਕ ਹੋਵੇ"।

*(ਹਵਾਲਾ ਪੁਸਤਕ, ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਮੁੱਖ ਬੰਧ ਲੇਖਕ ਡਾ: ਤ੍ਰਿਲੋਚਨ ਸਿੰਘ)*

ਸਿੱਖ ਧਰਮ ਅਤੇ ਗੁਰੂ ਸਾਹਿਬ ਦੇ ਸਰਬੱਤ ਦੇ ਭਲੇ ਅਤੇ "ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਦਿਸੈ ਬਾਹਰਾ ਜੀਉ॥" ਦੇ ਸਿੱਖੀ ਸਿਧਾਂਤਾਂ ਦਾ ਵਿਰੋਧ ਦੋਹਾਂ ਹੀ ਧਿਰਾਂ ਹਿੰਦੂ ਸਨਾਤਨੀਆਂ ਅਤੇ ਮੁਸਲਿਮ ਕੱਟੜ ਪੰਥੀਆਂ ਵੱਲੋਂ ਬਰਾਬਰ ਮਾਤਰਾ ਵਿੱਚ ਹੋਇਆ । ਗੁਰੂ ਨਾਨਕ ਦਾ ਮਿਸ਼ਨ ਸੀ ਧਰਤੀ ਉੱਤੇ ਰੱਬ ਦਾ ਰਾਜ ਸਥਾਪਤ ਕਰਨਾ।

ਗੁਰੂ ਨਾਨਕ ਸਾਹਿਬ ਦਾ ਮਿਸ਼ਨ ਨਾ ਤਾਂ ਹਿੰਦੂ ਮੱਤ ਦੇ ਵਰਣ-ਆਸ਼ਰਮ ਦੇ ਜਾਤ-ਪਾਤੀ ਚੌਖਟੇ ਵਿੱਚ ਰਹਿ ਕੇ ਤੇ ਨਾ ਹੀ ਸ਼ਰੀਅਤ ਦੇ ਕੱਟੜ ਵਿਧਾਨ ਅੰਦਰ ਰਹਿ ਕੇ ਪੂਰਾ ਹੋ ਸਕਦਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਤਤਕਾਲੀਨ ਪ੍ਰਚੱਲਤ ਦੋਹਾਂ ਮਜ਼੍ਹਬਾਂ ਨਾਲੋਂ ਵੱਖਰੇ ਤੀਸਰੇ ਪੰਥ (ਨਿਰਮਲ ਪੰਥ) ਦੀ ਸਥਾਪਨਾ ਕੀਤੀ।

ਗੁਰੂ ਨਾਨਕ ਸਾਹਿਬ ਨੇ ਤੀਸਰੇ ਰਾਹ ਦੀ ਮੰਜ਼ਿਲ ਤੇ ਦਿਸ਼ਾਵਾਂ ਸਾਫ਼ ਉਲੀਕ ਦਿੱਤੀਆਂ ਸਨ। ਉਨ੍ਹਾਂ ਤੋਂ ਬਾਅਦ ਅਗਲੇ ਗੁਰੂਆਂ ਨੇ ਜੋ ਵੀ ਕਦਮ ਪੁੱਟੇ ਉਹ ਮਿਥੀ ਹੋਈ ਮੰਜ਼ਿਲ ਦੀ ਦਿਸ਼ਾ ਵਿੱਚ ਹੀ ਪੁੱਟੇ। ਜੋ ਉਸਾਰੀ ਹੋਈ, ਉਹ ਸੁਚੇਤ ਤੇ ਯੋਜਨਾਬੱਧ ਰੂਪ ਵਿੱਚ ਹੋਈ। ਹਰ ਚੀਜ਼ ਸਿਰਜੀ ਗਈ। ਕੁਝ ਵੀ ਆਪ ਮੁਹਾਰਾ ਜਾਂ ਇਤਫਾਕੀਆ ਨਹੀਂ ਵਾਪਰਿਆ, ਦੋ ਸੌ ਸਾਲਾਂ ਤੋਂ ਵੀ ਵਧੇਰੇ ਲੰਮੇ ਸਮੇਂ ਤੱਕ (1486 ਤੋਂ 1708 ਤੱਕ) ਸਿੱਖ ਗੁਰੂਆਂ ਨੇ ਸਿੱਖ ਪੰਥ ਦੀ ਆਪ (ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ) ਸਿੱਧੇ ਰੂਪ ਵਿੱਚ ਰਹਿਨੁਮਾਈ ਕੀਤੀ। ਸਿੱਖ ਧਰਮ ਵਾਂਗ ਹੋਰ ਕਿਸੇ ਵੀ ਧਰਮ ਨੇ ਪੂਰੀ ਸ਼ਿੱਦਤ ਨਾਲ ਐਨੀ ਸੰਯੁਕਤਾ ਸਹਿਤ ਦੋ ਸੌ ਸਾਲ ਉੱਤੇ ਫੈਲੇ ਦੌਰ ਨੂੰ ਆਪਣੀ ਪੈਗੰਬਰੀ ਅਜ਼ਮਤ ਦਾ ਪਾਤਰ ਨਹੀਂ ਬਣਾਇਆ। ਸਿੱਖ ਧਰਮ ਵਾਂਗ ਕਿਸੇ ਵੀ ਹੋਰ ਧਰਮ ਦੇ ਦੈਵੀ ਅਨੁਭਵ ਨੇ ਮਨੁੱਖੀ ਫ਼ਿਤਰਤ ਅਤੇ ਅਮਲ ਨੂੰ ਐਨੀ ਦੇਰ ਐਨੇ ਭਿੰਨ-ਭਿੰਨ ਰੂਪਾਂ ਅਤੇ ਐਨੀਆਂ ਬਦਲਦੀਆਂ ਹਾਲਾਤਾਂ ਵਿੱਚ ਆਪਣਾ ਸੰਗੀ ਨਹੀਂ ਬਣਾਇਆ।

*(ਪੁਸਤਕ ਕਿਸ ਬਿਧ ਰੁਲੀ ਪਾਤਸ਼ਾਹੀ ਪੰਨਾ 183)*

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰ-ਜਣਾ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਦਾ ਇਕ ਮਹੱਤਵਪੂਰਨ ਪੜਾਅ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਤੇ ਸੁਭਾਉ ਸੰਸਾਰੀ ਤਖ਼ਤਾਂ ਤੋਂ ਨਿਰਾਲਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਸਿੱਖ ਕੌਮ ਇਕ ਸੁਤੰਤਰ ਤੇ ਪ੍ਰਭੂਸੱਤਾ ਸੰਪੰਨ ਦੈਵੀ ਗੁਣਾਂ ਅਧਾਰਿਤ ਕੌਮ ਦੇ ਰੂਪ ਵਿੱਚ ਪ੍ਰਗਟ ਹੋਈ।

ਅਕਾਲ ਤਖ਼ਤ ਉਨ੍ਹਾਂ ਅਕਾਲ ਰੂਪ ਪੁਰਖਾਂ ਦੀ ਦੇਣ ਹੈ ਜੋ ਭਾਰੀ ਘਾਲਣਾ ਘਾਲ ਕੇ ਅੰਤਮ ਸੱਚ ਨਾਲ ਏਸ ਹੱਦ ਤੱਕ ਇਕ ਹੋ ਚੁੱਕੇ ਸਨ ਕਿ ਉਨ੍ਹਾਂ ਦਾ ਬੋਲਿਆ ਹਰ ਅੱਖਰ ਖ਼ੁਦ ਅਕਾਲ ਦੀ ਬਾਣੀ ਹੈ। ਏਸ ਬਾਣੀ ਰਾਹੀਂ ਉਨ੍ਹਾਂ ਨੇ ਅਕਾਲ ਪੁਰਖ ਦੇ ਗੁਣਾਂ, ਸਰੂਪ, ਸੁਭਾਅ ਦਾ ਸੱਚਾ ਸੁੱਚਾ ਵਰਨਣ ਕੀਤਾ ਹੈ।

ਅਕਾਲ ਤਖ਼ਤ ਤਾਂ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦਾ ਬਾਹਰੀ ਸਰੂਪ ਹੈ। ਏਸ ਰੂਪ ਵਿੱਚ ਇਹ ਹਰ ਸਿੱਖ ਦੀ ਅੰਤਰ-ਆਤਮਾ ਅੰਦਰ ਉਸਰਿਆ ਹੋਇਆ ਹੈ ਅਤੇ ਗੁਰਬਾਣੀ ਵਾਂਗ ਹੀ ਥਿਰ ਹੈ (ਥਿਰ ਨਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰ) ਏਸ ਦੀ ਹੋਂਦ ਮਨੁੱਖਤਾ ਦੇ ਸਦੀਵੀ ਭਲੇ ਦੀ ਜਾਮਨ ਹੈ"।

*(ਹਵਾਲਾ ਅਕਾਲ ਤਖ਼ਤ ਦਾ ਵਿਰਾਟ ਦਰਸ਼ਨ, ਸ: ਗੁਰਤੇਜ ਸਿੰਘ)*

ਗੁਰਬਾਣੀ ਇਕ ਐਸੇ ਗੁਰਸਿੱਖ ਦੀ ਘਾੜਤ ਘੜਦੀ ਹੈ ਜਿਸ ਦਾ ਬਦਲ ਦੁਨੀਆਂ ਦੇ ਕਿਸੇ ਹੋਰ ਧਰਮ ਵਿੱਚ ਨਹੀਂ ਹੈ। ਜਦੋਂ ਯੋਗੀ ਗੁਰੂ ਨਾਨਕ ਸਾਹਿਬ ਨੂੰ ਆਪਣੇ ਮੱਤ ਦੇ ਸਿਧਾਂਤਾਂ ਤੇ ਮਰਿਯਾਦਾ ਦੁਆਰਾ ਪ੍ਰਭਾਵਿਤ ਕਰਨ ਵਿੱਚ ਅਸਫਲ ਹੋ ਗਏ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਮੱਤ (ਸਿੱਖ ਧਰਮ) ਬਾਰੇ ਅਨੇਕਾਂ ਸੁਆਲ ਕੀਤੇ ਜਿਨ੍ਹਾਂ ਦਾ ਜੁਆਬ ਗੁਰੂ ਸਾਹਿਬ ਨੇ ਗੁਰਮਤਿ ਅਨੁਸਾਰ ਦਿੱਤਾ, ਇਨ੍ਹਾਂ ਸੁਆਲਾਂ ਜੁਆਬਾਂ ਨੂੰ ਸਿਧ ਗੋਸ਼ਟਿ ਵਜੋਂ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 938 ਉੱਤੇ ਦਰਜ ਕੀਤਾ ਗਿਆ ਹੈ। ਸਿਧ ਗੋਸ਼ਟਿ ਵਿੱਚ ਗੁਰਮੁਖਿ ਦੀ ਵਿਆਖਿਆ ਬਹੁਤ ਵਿਸਤਾਰ ਨਾਲ ਕੀਤੀ ਹੋਈ ਹੈ। ਦਾਸ ਨੇ ਇਥੇ ਕੇਵਲ ਕੁਝ ਪੰਗਤੀਆਂ ਹੀ ਉਦਾਹਰਣ ਵਜੋਂ ਲਿਖੀਆਂ ਹਨ:

ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ ਘੜਾਵੈ ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥
ਗੁਰਮੁਖਿ ਪਵਿਤ੍ਰ ਧਰਮ ਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥

*(ਗੁ: ਗ੍ਰੰ: ਸਾ: ਪੰਨਾ 938)*

ਭਾਵ ਜਿਹੜਾ ਮਨੁੱਖ ਸਤਿਗੁਰੂ ਦੇ ਅਨੁਸਾਰ ਹੋ ਕੇ ਤੁਰਦਾ ਹੈ, ਉਹ ਸੱਚੇ ਪ੍ਰਭੂ ਦਾ ਡਰ ਆਪਣੇ ਹਿਰਦੇ ਵਿੱਚ ਟਿਕਾਂਦਾ ਹੈ, ਗੁਰੂ ਦੀ ਬਾਣੀ ਰਾਹੀਂ ਅਮੋੜ ਮਨ ਨੂੰ ਸੁਚੱਜਾ ਬਣਾਂਦਾ ਹੈ। ਉਹ ਨਿਰਮਲ ਪ੍ਰਮਾਤਮਾਂ ਦੀ ਸਿਫਤਿ-ਸਲਾਹ ਕਰਦਾ ਹੈ ਅਤੇ ਇੰਝ ਪਵਿੱਤਰ ਤੇ ਉੱਚੀ ਆਤਮਕ ਅਵਸਥਾ ਹਾਸਲ ਕਰਦਾ ਹੈ।

ਬਾਕੀ ਪੰਨਾ 28 'ਤੇ →

## ਗੁਰੂ ਨਾਨਕ ਦੀ ਸਿੱਖੀ ਦਾ ਸੰਬੰਧ

27 ਪੰਨੇ ਦਾ ਬਾਕੀ ਹਿੱਸਾ

ਗੁਰਮੁਖਿ ਮਨੁੱਖ ਤਨੋਂ ਮਨੋਂ ਪ੍ਰਮਾਤਮਾਂ ਨੂੰ ਯਾਦ ਕਰਦਾ ਹੈ, ਗੁਰਮੁਖਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਲੀਨ ਰਹਿੰਦਾ ਹੈ। (ਨੋਟ-ਗੁਰਮੁਖਿ ਹੀ ਗੁਰੂ ਨਾਨਕ ਦੀ ਇਸ ਕਸਵੱਟੀ ਉੱਤੇ ਪੂਰਾ ਉਤਰਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

*(ਗੁ: ਗ੍ਰੰ: ਸਾ: ਪੰਨਾ 1412)*

ਇਹ ਗੁਰਮੁਖਿ ਹੀ 1699 ਦੀ ਵੈਸਾਖੀ ਨੂੰ ਖ਼ਾਲਸੇ ਦੇ ਰੂਪ ਵਿੱਚ ਪ੍ਰਗਟ ਹੋਇਆ। ਰਬਾਬ ਤੋਂ ਨਗਾਰੇ ਤੱਕ ਅਤੇ ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ ਦਾ ਸਫ਼ਰ ਸਿੱਖ ਧਰਮ ਦੀ ਘਾਲਣਾ ਦਾ ਸਿਖਰ ਹੈ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਬਾਕੀ ਨੌ ਸਰੂਪਾਂ ਨੇ ਆਪਣੇ ਜਿਗਰ ਦਾ ਖ਼ੂਨ ਪਾ-ਪਾ ਕੇ ਸਿੱਖ ਧਰਮ ਦਾ ਇਹ ਨਵਾਂ ਲਾਇਆ ਬੂਟਾ ਪਾਲਿਆ। ਲੋੜ ਪੈਣ ਉੱਤੇ ਸੱਚੇ ਪਾਤਸ਼ਾਹ ਨਾਨਕ ਤੱਤੀਆਂ ਤਵੀਆਂ ਉੱਤੇ ਬੈਠੇ, ਕ੍ਰਿਪਾਨ ਫੜਕੇ ਰਣ ਤੱਤੇ ਵਿੱਚ ਜੂਝੇ, ਜਲਾਦਾਂ ਦਾ ਵਾਰ ਆਪਣੇ ਪਰਮ-ਪਾਕ ਸੀਸ ਉੱਤੇ ਸਹਾਰਿਆ ਅਤੇ ਚਰਮ ਸੀਮਾਂ ਉੱਤੇ ਪਹੁੰਚ ਕੇ ਆਪਣਾ ਸਰਬੰਸ, ਇਨ ਪੁਤਰਨ ਕੇ ਸੀਸ ਪਰ ਵਾਰ ਦਿੱਤਾ। ਸੱਚੇ ਸਾਹਿਬ ਦੇ ਨਿਰਾਲੇ ਚੋਜ, ਨਿਰਭੈ-ਨਿਰਵੈਰ ਪਹੁੰਚ, ਆਪਾ-ਵਾਰੂ ਪ੍ਰਵਿਰਤੀ ਨੇ ਸਦੀਆਂ ਦੇ ਦੱਬੇ-ਕੁਚਲੇ ਲੋਕਾਂ ਦੇ ਕਪਾਟ ਖੋਲ੍ਹ ਦਿੱਤੇ। ਉਹ ਹਰ ਕਿਸਮ ਦੇ ਭੈਅ ਨੂੰ ਵਿਸਾਰ ਕੇ ਲੋਹੜੇ ਦਾ ਆਤਮ ਵਿਸ਼ਵਾਸ਼ ਲੈ ਕੇ ਸਵਾ ਲੱਖ ਨਾਲ ਜੂਝਣ ਦੇ ਜਜ਼ਬੇ ਅਧੀਨ ਵੱਡੇ ਤੋਂ ਵੱਡੇ ਜਰਵਾਣੇ ਨਾਲ ਦੋ-ਦੋ ਹੱਥ ਕਰਨ ਲੱਗ ਪਏ। ਪਲਾਂ ਵਿੱਚ ਹਜ਼ਾਰਾਂ ਲੋਕ ਸਾਹਿਬਾਂ ਦਾ ਅੰਮ੍ਰਿਤ ਛੱਕ ਕੇ ਬਾਜ਼ਾਂ ਉੱਤੇ ਭਾਰੂ ਚਿੜੀਆਂ ਬਣਨ ਲੱਗੇ। ਮਨੁੱਖੀ ਜਮੀਰ ਨੇ ਅਜਿਹੀ ਕਰਵਟ ਲਈ ਕਿ ਹੰਨੇ-ਹੰਨੇ ਮੀਰ ਪੈਦਾ ਹੋ ਗਏ, ਸਭ ਜ਼ਾਲਮ ਮੈਦਾਨੋਂ ਖ਼ਦੇੜ ਦਿੱਤੇ ਗਏ ਅਤੇ ਸਹੀ ਮਾਅਨਿਆਂ ਵਿੱਚ ਇਥੇ ਪਹਿਲਾ ਲੋਕ ਰਾਜ ਸਥਾਪਤ ਹੋਇਆ। ਇਹ ਇਕ ਵੱਡਾ ਕਰਿਸ਼ਮਾ ਸੀ ਜੋ ਕਿਸੇ ਦੁਨਿਆਵੀ ਅੱਖ ਨੇ ਪਹਿਲਾਂ ਕਦੀ ਨਹੀਂ ਸੀ ਵੇਖਿਆ। ਮਨੁੱਖੀ ਜੀਵਨ ਦੀ ਹਰ ਧਰਾਤਲ ਦੀਆਂ ਕਦਰਾਂ-ਕੀਮਤਾਂ ਵਿਚ ਜੁਗਗਰਦੀ ਆ ਗਈ (ਉਲਟਾ ਜਗ ਕਾ ਹੋਇ ਵਰਤਾਰਾ) ਗੰਗਾ ਸਮੁੰਦਰ ਵਲ ਵਹਿਣੋ ਹੱਟ ਕੇ ਪਹਾੜਾਂ ਦਾ ਰੁੱਖ ਕਰਨ ਲੱਗੀ । *-(ਹਵਾਲਾ ਪੁਸਤਕ, ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ, ਪੰਨਾ 48-49)*

ਗੁਰੂ ਨਾਨਕ ਦੇ ਉਪਦੇਸ਼ਾਂ ਨੇ ਇਕ ਅਜਿਹੇ ਧਰਮ (ਸਿੱਖ ਧਰਮ) ਨੂੰ ਜਨਮ ਦਿੱਤਾ, ਜੋ ਕਿ ਇਕ ਖਾਸ ਸਿਫਤ ਵਾਲਾ ਹੈ ਕਿਉਂਕਿ ਇਸ ਨੇ ਨਾ ਕੇਵਲ ਜਾਤ-ਪਾਤ ਰਹਿਤ ਸਮਾਜ ਦੀ ਸਿਰਜਨਾ ਕੀਤੀ ਸਗੋਂ ਇਕ ਰਾਜਸੀ ਕੌਮ ਦੀ ਵੀ ਸਿਰਜਨਾ ਕੀਤੀ ਅਤੇ ਇਸ ਕੌਮ ਦਾ ਨਿਸ਼ਾਨਾ ਹੈ ਹਲੇਮੀ ਰਾਜ। ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ *(ਗੁ: ਗ੍ਰੰ: ਸਾ: ਪੰਨਾ 74)*

ਪ੍ਰਮਾਤਮਾਂ ਨੂੰ ਇਹੋ ਮਨਜ਼ੂਰ ਕਿ ਧਰਮ ਵਿਸ਼ਵ-ਕਲਿਆਣਕਾਰੀ ਹੋਵੇ ਅਤੇ ਸੰਸਾਰ ਦੇ ਹਰ ਦੂਜੇ ਧਰਮਾਂ ਲਈ ਭਾਈਚਾਰੇ ਅਤੇ ਸਦਭਾਵਨਾ ਦੇ ਵਿਚਾਰ ਰੱਖਦਾ ਹੋਵੇ। ਗੁਰਮੁਖ ਵਿਸ਼ਵ ਵਿਆਪੀ ਨਾਗਰਿਕਤਾ ਹੈ। ਸਿੱਖ ਧਰਮ ਦੇ ਅਕਾਲ ਹੁਕਮ ਸਰਬ ਸਾਂਝੀਵਾਲਤਾ ਦਾ ਇਹ ਗੁਰਮੁਖ ਹੀ (ਖ਼ਾਲਸਾ) ਵਿਸ਼ਵੀਕਰਨ ਦੀ ਕਲਪਨਾ ਵਿੱਚਲਾ ਉਹ ਧਰਮੀ ਨਾਗਰਿਕ ਹੈ ਜੋ "ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ", ਵਾਲੀ ਅਨੇਕਤਾ ਵਿੱਚ ਏਕਤਾ ਦੇ ਸੱਭਿਆਚਾਰ ਅਤੇ ਸਰਬ ਕਲਿਆਣਕਾਰੀ ਦੀ ਆਰਥਿਕਤਾ ਦੀ ਸਰਬ ਵਿਆਪਕਤਾ ਵਾਲੀ ਸੰਸਾਰੀ ਨਾਗਰਿਕਤਾ ਦਾ ਮੁੱਢ ਹੈ, "ਘਟ ਘਟ ਅੰਤਰਿ ਤੂੰਹੈ ਵੁਠਾ" ਦਾ ਇਹੋ ਸੰਕਲਪ ਹੈ ਤੇ ਸੰਸਾਰ "ਸਭੁ ਕੋ ਆਸੈ ਤੇਰੀ ਬੈਠਾ" ਦੀ ਉਡੀਕ ਵਿੱਚ ਹੈ (ਗੁ: ਗ੍ਰੰ: ਸਾ: ਪੰਨਾ 97) ਅਜਿਹੇ ਗੁਰਮੁਖ (ਖ਼ਾਲਸੇ) ਨੇ ਹੀ ਸੰਸਾਰੀ ਨਾਗਰਿਕਾਂ ਨੂੰ ਸਰਬ ਕਲਿਆਣ ਕਾਰੀ ਵਿਵਸਥਾ ਅਤੇ ਪ੍ਰਣਾਲੀ ਦਾ ਨਾਨਕਸ਼ਾਹੀ ਸੰਕਲਪ ਸਮਝਾਉਣਾ ਤੇ ਲਾਗੂ ਕਰਨਾ ਹੈ।

*-(ਹਵਾਲਾ ਪੁਸਤਕ - ਨਾਨਕ ਦੀ ਨਾਨਕਸ਼ਾਹੀ ਸਿੱਖੀ, ਪੰਨਾ 99-100)*

ਸਿਧਾਂਤਕ ਤੌਰ 'ਤੇ ਦਸਾਂ ਜੋਤਾਂ ਵਿੱਚ ਇਕੋ ਗੁਰੂ ਹੋਣ, ਮੀਰੀ ਪੀਰੀ ਦਾ ਸਿਧਾਂਤ ਅਤੇ ਸਿੱਖ ਧਰਮ ਦੀ ਉਤਪਤੀ ਅਕਾਲ ਪੁਰਖ ਦੀ ਆਗਿਆ ਨਾਲ ਹੋਣ ਕਰਕੇ ਹੀ ਸਿੱਖ ਧਰਮ ਸਭ ਧਰਮਾਂ ਤੋਂ ਅਲੱਗ ਸੰਪੂਰਨ, ਵਿਲੱਖਣ ਅਤੇ ਨਿਆਰਾ ਧਰਮ ਤੇ ਅੱਡਰੀ ਤੇ ਸੁਤੰਤਰ ਹੋਂਦ ਹਸਤੀ ਵਾਲਾ ਨਿਆਰਾ ਪੰਥ ਹੈ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਕੇਵਲ ਇੱਕ ਸੁਧਾਰਕ ਵਜੋਂ ਪ੍ਰਚਾਰਨ ਲਈ ਸਨਾਤਨੀ ਕਲਮਾਂ ਦਾ ਜ਼ੋਰ ਲੱਗਾ ਹੋਇਆ ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਸੁਧਾਰਕਾਂ ਦੇ ਨਾਂਅ ਉੱਤੇ 'ਰਾਜਸੀ ਸਿੱਕੇ' ਨਹੀਂ ਚੱਲਿਆ ਕਰਦੇ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦੇ ਪਹਿਲੇ ਬਾਦਸ਼ਾਹ ਨੇ ਸਿੱਕਾ 'ਨਾਨਕ' ਦੇ ਨਾਂ ਦਾ ਚਲਾਇਆ ਅਤੇ ਸਿੱਖ ਕੌਮ ਦੇ ਦੂਸਰੇ ਬਾਦਸ਼ਾਹ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿੱਕਾ 'ਨਾਨਕ' ਦੇ ਨਾਂ ਦਾ ਹੀ ਚਲਾਇਆ। ਅਰਥਾਤ:

"ਮਾਰਿਆ ਸਿਕਾ ਜਗਤ੍ਰਿ ਵਿਚਿ
ਨਾਨਕ ਨਿਰਮਲ ਪੰਥ ਚਲਾਇਆ॥"

*ਵਾਰ ਭਾਈ ਗੁਰਦਾਸ ਜੀ ਪਉੜੀ 45*

ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਕੈਨੇਡਾ ਦੇ ਸੂਬੇ ਓਨਟਾਰੀਓ 'ਚ ਦੋ ਪੰਜਾਬੀ ਨੌਜਵਾਨਾਂ ਦੀ ਟਰੱਕ ਹਾਦਸੇ 'ਚ ਮੌਤ, ਪੰਜਾਬੀ ਭਾਈਚਾਰੇ 'ਚ ਸੋਗ ਦੀ ਲਹਿਰ

ਟੋਰਾਂਟੋ : ਕੈਨੇਡਾ ਦੇ ਸ਼ਹਿਰ ਇਗਨੇਸ (ਓਨਟਾਰੀਓ) ਤੋਂ ਲਗਪਗ 50 ਕੁ ਕਿਲੋਮੀਟਰ ਦੂਰ ਹਾਈਵੇ 17 'ਤੇ ਬੀਤੇ ਦਿਨ ਹੋਏ ਆਹਮੋ-ਸਾਹਮਣੇ ਟਰੱਕ ਹਾਦਸੇ ਵਿੱਚ ਦੋ ਪੰਜਾਬੀ ਨੌਜਵਾਨਾਂ ਨਵਪ੍ਰੀਤ ਸਿੰਘ ਅਤੇ ਅਰਸ਼ਪ੍ਰੀਤ ਸਿੰਘ ਦੀ ਮੌਤ ਹੋ ਗਈ ਹੈ । ਜਿਸ ਨਾਲ ਪੰਜਾਬੀ ਭਾਈਚਾਰੇ ਵਿੱਚ ਭਾਰੀ ਸੋਗ ਪਾਇਆ ਜਾ ਰਿਹਾ ਹੈ । ਵਰਨਣਯੋਗ ਹੈ ਕਿ ਇਸ ਸਮੇਂ ਕੈਨੇਡਾ ਵਿੱਚ ਸਰਦੀ ਦਾ ਪ੍ਰਕੋਪ ਚੱਲ ਰਿਹਾ ਹੈ। ਬੀਤੇ ਦਿਨ ਤਾਪਮਾਨ ਜ਼ੀਰੋ ਤੋਂ ਹੇਠਾਂ -35 ਡਿਗਰੀ ਤੱਕ ਪਹੁੰਚ ਗਿਆ ਸੀ । ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

### ਹੁਣ ਤੁਸੀਂ ਕੀ ਕਰਨਾ ਹੈ?

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
Tel: 01332 372 851 - WhatsApp No. 07966 388 388

**ਇਸ ਹਫਤੇ ਪੈਂਤੀ ਅੱਖਰੀ ਦੀ ਪਹਿਲੀ ਪੰਗਤੀ ਲਿਖਣੀ ਸਿੱਖੋ ...**



ਲੜੀਵਾਰ ਨਾਵਲ


ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...




**–"ਭਾਰਦਵਾਜ ਸਾਹਿਬ, ਤੁਸੀਂ ਸਿਆਣੇ ਬਿਆਣੇ ਤੇ ਪੜ੍ਹੇ ਲਿਖੇ ਇਨਸਾਨ ਹੋ, ਜਨਤਾ ਦੀ ਸੇਵਾ ਕਰਨ ਵਾਲ਼ੇ ਈਮਾਨਦਾਰ ਡਾਕਟਰ ਹੋ, ਤੁਹਾਡੀ ਬੀਵੀ ਵੀ ਪੜ੍ਹੀ ਲਿਖੀ ਤੇ ਪ੍ਰਿੰਸੀਪਲ ਐ, ਕਿਉਂ ਛਮਕਮੋਲ਼ੀਆਂ 'ਚ ਹੱਥ ਪਾਉਨੇ ਓਂ...?"**

**–"ਮੈਨੂੰ ਤਾਂ ਹੁਣ ਤੱਕ ਮੇਰੇ ਕਸੂਰ ਦਾ ਵੀ ਨੀ ਪਤਾ, ਸਰਦਾਰ ਸਾਹਿਬ...। ਸ਼ੁਕਰ ਐ ਤੁਸੀਂ ਆ ਗਏ, ਮੈਂ ਤਾਂ ਬਹੁਤ ਪ੍ਰੇਸ਼ਾਨ ਹੋਇਆ ਬੈਠਾ ਸੀ...।" ਪਾਇਲ ਦਾ ਬਾਪ ਡਾਕਟਰ ਭਾਰਦਵਾਜ ਅਥਾਹ ਹੈਰਾਨ ਸੀ। ਉਹ ਆਪਣੇ ਖੋਲ੍ਹੇ ਹੱਥਾਂ ਨੂੰ ਪਲ਼ੋਸ ਰਿਹਾ ਸੀ। ਉਸ ਦੇ ਦਿਲ ਵਿੱਚ 'ਭਰਮ' ਸੀ ਕਿ ਐੱਮ. ਐੱਲ. ਏ. ਜੋਰਾ ਸਿੰਘ ਉਸ ਦੀ ਮੱਦਦ ਲਈ ਬਹੁੜਿਆ ਸੀ।**

**ਜੋਰਾ ਸਿੰਘ ਨੇ ਸਿਪਾਹੀਆਂ ਨੂੰ ਚੁਟਕੀ ਮਾਰ ਦਿੱਤੀ।**

## ਕਿਸ਼ਤ 11

## ਕਾਂਡ 6

ਜੇ ਮੈਨੂੰ ਕਿਸੇ ਨੇ ਪਿਆਰ ਕੀਤਾ, ਜਾਂ ਤਾਂ ਕਿਸੇ ਇੱਕ ਅੱਧੇ ਨੌਕਰ ਨੇ ਕੀਤੈ, ਤੇ ਜਾਂ ਪਾਇਲ ਨੇ ਮੈਨੂੰ ਦਿਲੋਂ ਮੁਹੱਬਤ ਕੀਤੀ...। ਹੁਣ ਮੇਰੇ ਕਮੀਨੇ ਬਾਪ ਨੇ ਪਾਇਲ ਦੇ ਬੇਕਸੂਰ ਪਿਉ 'ਤੇ ਨਸ਼ੇ ਦਾ ਵਪਾਰੀ ਹੋਣ ਦਾ ਇਲਜ਼ਾਮ ਲਾ ਕੇ ਉਹਨੂੰ ਪੁਲ਼ੀਸ ਤੋਂ ਗ੍ਰਿਫ਼ਤਾਰ ਕਰਵਾ ਦਿੱਤਾ...। ਇਸ ਦਾ ਲੇਖਾ ਇੱਕ ਨਾ ਇੱਕ ਦਿਨ ਦੇਣਾ ਪੈਣੈ ਮਾਂ...!" ਗੀਟਣ ਦਾ ਰੋਣ ਨਿਕਲ਼ ਗਿਆ।

–"...........।" ਮਾਂ ਚੁੱਪ ਸੀ। ਸੁਣ ਰਹੀ ਸੀ।

–"ਪੁੱਤ ਹੁਣ ਤੂੰ ਦੂਜੀ ਜਾਤ ਦੀ ਕੁੜੀ ਨਾਲ਼ ਵਿਆਹ ਕਰਵਾਵੇਂਗਾ...?" ਚੁੱਪ ਬੈਠੀ ਮਾਂ ਬੋਲੀ। ਉਹ ਸੋਚ ਰਹੀ ਸੀ ਕਿ ਜੋ ਕੁਛ ਉਸ ਦਾ ਪੁੱਤ ਗੀਟਣ ਆਖ ਰਿਹਾ ਸੀ, ਉਹ ਕੋਈ ਝੂਠ ਵੀ ਨਹੀਂ ਸੀ।

–"ਕਿਉਂ...? ਦੂਜੀ ਜ਼ਾਤ ਦੇ ਲੋਕ ਇਨਸਾਨ ਨੀ ਹੁੰਦੇ, ਮਾਂ...? ਘੱਟੋ ਘੱਟ ਥੋਡੇ ਨਾਲ਼ੋਂ ਚੰਗੇ ਇਨਸਾਨ ਨੇ ਉਹ, ਜਿਸ ਨੂੰ ਮੇਰੇ ਮਤਲਬੀ ਬਾਪ ਨੇ ਡਰੱਗ ਦੇ ਕੇਸ ਵਿੱਚ ਪੁਲ਼ਸ ਕੋਲ਼ ਫੜਵਾ ਦਿੱਤਾ...। ਉਹ ਗਰੀਬ ਲੋਕਾਂ ਦਾ 'ਮਸੀਹਾ' ਹੈ...।"

–"..........।" ਮਾਂ ਦਾ ਮੂੰਹ ਤਖਤੇ ਦੀ ਝੀਥ ਵਾਂਗ ਬੰਦ ਹੋ ਗਿਆ।

–"ਮਾਂ...! ਇੱਕ ਗੱਲ ਕੰਨ ਖੋਲ੍ਹ ਕੇ ਸੁਣ ਲਓ..! ਜੇ ਪਾਇਲ ਦੇ ਪਿਉ ਨੂੰ ਝਰੀਟ ਵੀ ਆਈ, ਮੈਂ ਜਾ ਕੇ ਗੱਡੀ ਥੱਲੇ ਸਿਰ ਦੇ ਦੇਣੈਂ, ਮੇਰੀ ਇਸ ਗੱਲ ਨੂੰ ਫ਼ੋਕੀ ਧਮਕੀ ਜਾਂ ਡਰਾਵਾ ਨਾ ਸਮਝਣਾ...।"

–"ਨ੍ਹੀ ਮੈਂ ਮਰਜਾਂ...!" ਮਾਂ ਨੂੰ ਗਸ਼ ਪੈਣ ਵਾਲ਼ੀ ਹੋ ਗਈ।

–"ਮਾਂ, ਜਾਂ ਤਾਂ ਬਾਪੂ ਨੂੰ ਕਹਿ ਕੇ ਪਾਇਲ ਦਾ ਪਿਉ ਛਡਵਾ ਦੇ, ਤੇ ਨਹੀਂ ਕੱਲ੍ਹ ਮੇਰੇ ਸਸਕਾਰ ਵਾਸਤੇ ਲੱਕੜਾਂ ਤਿਆਰ ਰੱਖਿਓ...।" ਕਹਿ ਕੇ ਗੀਟਣ ਬਾਹਰ ਨਿਕਲ਼ ਗਿਆ।

ਥੋੜ੍ਹੇ ਚਿਰ ਬਾਅਦ ਮਾਂ ਨੂੰ ਮੋਟਰ ਸਾਈਕਲ ਸਟਾਰਟ ਹੋਣ ਦੀ ਅਤੇ ਫ਼ਿਰ ਤੁਰਨ ਦੀ ਅਵਾਜ਼ ਸੁਣਾਈ ਦਿੱਤੀ।

ਮਾਂ ਦਾ ਕਾਲ਼ਜਾ ਕੰਬ ਰਿਹਾ ਸੀ ਅਤੇ ਉਹ ਢਿੱਡ ਵਿੱਚ ਮੁੱਕੀਆਂ ਦੇ ਕੇ ਬੈਠ ਗਈ। ...ਕੀ ਕਰਾਂ...? ਮੇਰੀ ਤਾਂ ਕੁਥਾਂ ਤੋਂ ਰੁੱਝੀ ਸਹੁਰਾ ਹਕੀਮ ਵਾਲ਼ੀ ਗੱਲ ਹੋਈ ਪਈ ਐ...। ... ਨਾ ਕਦੇ ਘਰਵਾਲ਼ੇ ਨੇ ਸੁਣੀ ਐਂ ਤੇ ਨਾ ਉਹ 'ਹੁਣ' ਸੁਣੇ...। ਕੀ ਕਰਾਂ...?

ਉਹ ਉਠ ਕੇ ਛੱਤ ਉਪਰ ਚਲੀ ਗਈ, ਜਿੱਥੇ ਉਸ ਦੇ ਘਰਵਾਲ਼ਾ ਦਾਰੂ ਪੀ ਰਿਹਾ ਸੀ।

–"ਹੁਣ ਕੀ ਕਹਿਣ ਆਈ ਐਂ...? ਕੱਚੀ ਲੱਸੀ ਦੇ ਛਿੱਟੇ ਮਾਰਨ...?"

ਉਹ ਜੋਰਾ ਸਿਉਂ ਦੇ ਸਾਹਮਣੇ ਬੈਠ ਗਈ।

–"ਤੁਸੀਂ ਸਾਰੀ ਉਮਰ ਮੇਰੀ ਕਦੇ ਗੱਲ ਨੀ ਸੁਣੀ, ਤੇ ਨਾ ਮੈਂ ਜ਼ਿਦ 'ਚ ਆ ਕੇ ਕਦੇ ਸੁਣਾਉਣੀ ਚਾਹੀ..। ਪਰ ਹੁਣ ਮੈਂ ਝੋਲ਼ੀ ਅੱਡ ਕੇ ਥੋਡੇ ਤੋਂ ਕੁਛ ਮੰਗਣ ਆਈ ਆਂ, ਮੇਰੀ ਝੋਲ਼ੀ ਖ਼ੈਰ ਪਾ ਦਿਓ...।" ਉਸ ਨੇ ਪਤੀ ਅੱਗੇ ਸੱਚ ਹੀ ਝੋਲ਼ੀ ਅੱਡ ਲਈ।

–"ਬੁੜ੍ਹੀਆਂ ਆਲ਼ੇ ਚਲਿੱਤਰ ਨਾ ਕਰ, ਸਿੱਧੀ ਗੱਲ ਕਰ...!" ਜੋਰਾ ਸਿਉਂ ਨੇ ਹੱਥ ਵਿੱਚ ਫ਼ੜਿਆ ਪੈੱਗ ਖਾਲੀ ਕਰ ਦਿੱਤਾ।

–"ਹਰਖ਼ ਦਾ ਮਾਰਿਆ ਧੀ ਪੁੱਤ ਨਰਕ 'ਚ ਪੈ ਜਾਂਦੈ, ਸਰਦਾਰਾ..! ਆਪਣਾ ਗੀਟਣ ਕਹਿੰਦਾ ਜਾਂ ਤਾਂ ਪਾਇਲ ਦਾ ਪਿਉ ਛੁਡਵਾ ਦਿਓ, ਨਹੀਂ ਮੈਂ ਗੱਡੀ ਥੱਲੇ ਸਿਰ ਦੇ ਦਿਊਂ...।"

ਜੋਰਾ ਸਿਉਂ ਦੂਜਾ ਪੈੱਗ ਪਾਉਂਦਾ-ਪਾਉਂਦਾ ਉੱਚੀ-ਉੱਚੀ ਹੱਸ ਪਿਆ।

–"ਉਹਨੇ ਡਰਾਵਾ ਦੇਤਾ, ਤੇ ਤੂੰ ਡਰਗੀ...?" ਉਹ ਮੁੜ ਜੱਲਾਦ ਵਾਂਗ ਹੱਸਿਆ।

–"ਜੀਤੋ...! ਇਹ ਨਵੀਂ ਪੀੜ੍ਹੀ ਦੇ ਫੁੱਦੂ ਦਬਕਾੜੇ ਐ, ਬਈ ਮੈਂ ਗੱਡੀ ਥੱਲੇ ਆ ਕੇ ਮਰਜੂੰ...। ਗੱਡੀ ਥੱਲੇ ਆ ਕੇ ਮਰਨਾਂ ਕਿਤੇ ਸੌਖੈ...? ਜਿਗਰਾ ਚਾਹੀਦੈ, ਜਿਗਰਾ...! ਅੱਜ ਕੱਲ੍ਹ ਦੀ ਪੀੜ੍ਹੀ ਕਹਿੰਦੀ ਕੁਛ ਐ, ਤੇ ਕਰਦੀ ਕੁਛ ਐ...। ਉਹ ਸਿਆਸੀ ਬੰਦੇ ਦਾ ਖ਼ੂਨ ਐਂ, ਉਹਦੀ ਗੱਲ ਦਾ ਪੰਜ ਕੁ ਪ੍ਰਸਿੰਟ ਸੱਚ ਮੰਨਿਆਂ ਕਰ..!" ਉਸ ਨੇ ਅਗਲਾ ਪੈੱਗ ਵੀ ਖਾਲੀ ਕਰ ਦਿੱਤਾ।

–"ਜੇ ਬਹੁਤਾ ਫ਼ਿਕਰ ਕਰੀ ਗਈ, ਜਲਦੀ ਬੁੜ੍ਹੀ ਹੋਜੇਂਗੀ..! ਬੇਫ਼ਿਕਰ ਹੋ ਕੇ ਖਾ ਪੀਅ, ਤੇ ਐਸ਼ ਕਰ..।"

–"ਤੁਸੀਂ ਕਿਉਂ ਨੀ ਆਬਦੀ ਹਿੰਡ ਛੱਡ ਦਿੰਦੇ...?"

–"ਜੇ ਉਹ ਨੀ ਹਿੰਡ ਛੱਡਦਾ, ਮੈਂ ਕਿਉਂ ਛੱਡਾਂ..? ਮੈਂ ਉਹਦਾ ਬਾਪ ਆਂ...!"

–"ਉਹ ਤਾਂ ਫ਼ੇਰ ਵੀ ਜੁਆਕ ਐ, ਨਿਆਣ-ਮੱਤ ਐ, ਤੁਸੀਂ ਤਾਂ ਸਿਆਣੇ ਬਿਆਣੇ ਓਂ...।"

–"ਅਜੇ ਉਹ ਜੁਆਕ ਐ...? ਬੋਢਲ਼ਕੱਟਾ ਹੋਇਆ ਪਿਐ..। ਨਾਲ਼ੇ ਜਿਹੜਾ ਜੁਆਨ ਕੁੜੀ ਨਾਲ਼ ਹੋਟਲਾਂ 'ਚ ਰਾਤਾਂ ਕੱਟਦੈ, ਉਹ ਅਜੇ ਨਿਆਣ-ਮੱਤ ਈ ਐ...? ਤੂੰ ਮੈਨੂੰ ਜਾਗਦੇ ਨੂੰ ਪੈਂਦੀਂ ਨਾ ਪਾਈ ਜਾਇਆ ਕਰ...!"

–"ਮੈਂ ਤਾਂ ਕਿਸੇ ਭਾਣੇ ਤੋਂ ਡਰਦੀ ਆਂ, ਸਰਦਾਰਾ..! ਗਿਆ ਵੇਲ਼ਾ ਮੁੜ ਕੇ ਹੱਥ ਨੀ ਆਉਂਦਾ ਹੁੰਦਾ, ਫ਼ੇਰ ਪਛਤਾਵੇ ਤੋਂ ਬਿਨਾ ਪੱਲੇ ਕੱਖ ਨੀ ਬਚਦਾ...।"

–"ਕੁਛ ਨੀ ਹੁੰਦਾ, ਤੂੰ ਜਾ ਕੇ ਅਰਾਮ ਕਰ...।"

ਗੀਟਣ ਦੀ ਮਾਂ ਜੀਤ ਕੌਰ "ਹੇ ਵਾਹਿਗੁਰੂ" ਆਖ ਕੇ ਉਠੀ ਅਤੇ ਪੌੜੀਆਂ ਉਤਰ ਗਈ।

–"ਓਏ ਬਲਕਾਰਿਆ...!"

ਬਲਕਾਰ ਹਾਜ਼ਰ ਸੀ।

–"ਚੱਲ ਠਾਣੇ ਚੱਲੀਏ..! ਗੱਡੀ ਕੱਢ...!"

## ਕਾਂਡ 7

ਪਾਇਲ ਦਾ ਬਾਪ ਠਾਣੇਦਾਰ ਨਾਜਰ ਸਿਉਂ ਨੇ ਹੱਥ ਬੰਨ੍ਹ ਕੇ ਕੁਰਸੀ 'ਤੇ ਬਿਠਾਇਆ ਹੋਇਆ ਸੀ। ਮੂੰਹ 'ਤੇ ਉਸ ਦੇ ਪੱਟੀ ਬੰਨ੍ਹੀਂ ਹੋਈ ਸੀ। ਐੱਮ. ਐੱਲ. ਏ. ਜੋਰਾ ਸਿੰਘ "ਦਗੜ-ਦਗੜ" ਕਰਦਾ ਠਾਣੇ ਦਾਖ਼ਲ ਹੋਇਆ।

–"ਯਾਰ ਇਹਦਾ ਮੂੰਹ ਕਿਉਂ ਬੰਨ੍ਹਿਐਂ, ਭਾਰਦਵਾਜ ਫ਼ੇਰ ਵੀ ਆਪਣਾ ਘਰ ਦਾ ਬੰਦਾ ਐ, ਖੋਲ੍ਹੋ ਇਹਦੇ ਹੱਥ, ਤੇ ਨਾਲ਼ੇ ਮੂੰਹ...!" ਉਸ ਨੇ ਠਾਣੇਦਾਰ ਨੂੰ ਹੁਕਮ ਕੀਤਾ।

ਹੁਕਮ ਦੀ ਤੁਰੰਤ ਤਾਮੀਲ ਹੋਈ।

ਹੱਥ ਅਤੇ ਮੂੰਹ ਖੁੱਲ੍ਹ ਗਏ।

ਐੱਮ. ਐੱਲ. ਏ. ਜੋਰਾ ਸਿੰਘ ਕੁਰਸੀ ਡਾਹ ਕੇ ਭਾਰਦਵਾਜ ਦੇ ਸਾਹਮਣੇ ਬੈਠ ਗਿਆ।

–"ਭਾਰਦਵਾਜ ਸਾਹਿਬ, ਤੁਸੀਂ ਸਿਆਣੇ ਬਿਆਣੇ ਤੇ ਪੜ੍ਹੇ ਲਿਖੇ ਇਨਸਾਨ ਹੋ, ਜਨਤਾ ਦੀ ਸੇਵਾ ਕਰਨ ਵਾਲ਼ੇ ਈਮਾਨਦਾਰ ਡਾਕਟਰ ਹੋ, ਤੁਹਾਡੀ ਬੀਵੀ ਵੀ ਪੜ੍ਹੀ ਲਿਖੀ ਤੇ ਪ੍ਰਿੰਸੀਪਲ ਐ, ਕਿਉਂ ਛਮਕਮੋਲ਼ੀਆਂ 'ਚ ਹੱਥ ਪਾਉਨੇ ਓਂ...?"

–"ਮੈਨੂੰ ਤਾਂ ਹੁਣ ਤੱਕ ਮੇਰੇ ਕਸੂਰ ਦਾ ਵੀ ਨੀ ਪਤਾ, ਸਰਦਾਰ ਸਾਹਿਬ...। ਸ਼ੁਕਰ ਐ ਤੁਸੀਂ ਆ ਗਏ, ਮੈਂ ਤਾਂ ਬਹੁਤ ਪ੍ਰੇਸ਼ਾਨ ਹੋਇਆ ਬੈਠਾ ਸੀ...।" ਪਾਇਲ ਦਾ ਬਾਪ ਡਾਕਟਰ ਭਾਰਦਵਾਜ ਅਥਾਹ ਹੈਰਾਨ ਸੀ। ਉਹ ਆਪਣੇ ਖੋਲ੍ਹੇ ਹੱਥਾਂ ਨੂੰ ਪਲ਼ੋਸ ਰਿਹਾ ਸੀ। ਉਸ ਦੇ ਦਿਲ ਵਿੱਚ 'ਭਰਮ' ਸੀ ਕਿ ਐੱਮ. ਐੱਲ. ਏ. ਜੋਰਾ ਸਿੰਘ ਉਸ ਦੀ ਮੱਦਦ ਲਈ ਬਹੁੜਿਆ ਸੀ।

ਜੋਰਾ ਸਿੰਘ ਨੇ ਸਿਪਾਹੀਆਂ ਨੂੰ ਚੁਟਕੀ ਮਾਰ ਦਿੱਤੀ।

ਉਹ ਹੁਕਮ ਦੇ ਬੱਝੇ ਤੁਰ ਗਏ।

ਹੁਣ ਸਿਰਫ਼ ਜੋਰਾ ਸਿਉਂ, ਠਾਣੇਦਾਰ ਨਾਜਰ ਸਿਉਂ ਅਤੇ ਪਾਇਲ ਦਾ ਬਾਪ ਡਾਕਟਰ ਭਾਰਦਵਾਜ ਕਮਰੇ ਵਿੱਚ ਰਹਿ ਗਏ ਸਨ।

–"ਇੱਕ 'ਡੀਲ' ਐ, ਭਾਰਦਵਾਜ ਸਾਹਿਬ...।"

–"...............।" ਭਾਰਦਵਾਜ ਸੁਆਲੀਆ ਅੱਖਾਂ ਨਾਲ਼ ਜੋਰਾ ਸਿਉਂ ਵੱਲ ਝਾਕ ਰਿਹਾ ਸੀ।

–"ਥੋਡੀ ਧੀ ਮੇਰੇ 'ਕੱਲੇ 'ਕੱਲੇ ਪੁੱਤ ਨਾਲ਼ ਕੁੰਡਾ ਅੜਾਈ ਫ਼ਿਰਦੀ ਐ, ਤੇ ਮੇਰੇ ਪੁੱਤ ਨੂੰ ਆਉਂਦਾ ਹੈ ਚੀਫ਼ ਮਨਿਸਟਰ ਸਾਹਿਬ ਦੀ ਇੱਕਲੌਤੀ ਬੇਟੀ ਦਾ ਰਿਸ਼ਤਾ...! ਥੋਡੀ ਕੁੜੀ ਮੇਰੇ ਪੁੱਤ, ਤੇ ਚੀਫ਼ ਮਨਿਸਟਰ ਦੀ ਬੇਟੀ ਦੀ ਜੋੜੀ ਦੇ ਰਾਹ ਵਿੱਚ 'ਰੋੜਾ' ਬਣੀ ਹੋਈ ਐ..। ਉਸ ਰੋੜੇ ਨੂੰ ਪਾਸੇ ਕਰੋ, ਤੇ ਸਾਡੀਆਂ ਖ਼ੁਸ਼ੀਆਂ ਪਾਓ, ਤੇ ਨਹੀਂ ਤਾਂ ਸਾਰੀ ਉਮਰ ਜੇਲ੍ਹ ਵਿੱਚੋਂ ਬਾਹਰ ਨਹੀਂ ਆਵੋਂਗੇ ਭਾਰਦਵਾਜ ਸਾਹਿਬ, ਇਹ ਮੇਰਾ ਦਾਅਵਾ ਐ...!"

–"............।" ਭਾਰਦਵਾਜ ਦੇ ਕੰਨਾਂ ਵਿੱਚ ਬਿੰਡੇ ਟਿਆਂਕ ਰਹੇ ਸਨ।

–"ਪਰ ਸਰਦਾਰ ਸਾਹਿਬ, ਮੇਰੀ ਬੇਟੀ ਕੋਈ ਵੀ ਕੰਮ ਕਰੇ, ਸਾਨੂੰ ਦੱਸੇ ਪੁੱਛੇ ਬਿਨਾ ਨੀ ਕਰਦੀ..।"

–"ਤੇਰੇ ਮਨ 'ਚ ਐ ਬਈ ਐੱਮ. ਐੱਲ. ਏ. ਸਾਹਿਬ ਝੂਠ ਬੋਲ ਰਹੇ ਆ...?" ਠਾਣੇਦਾਰ ਨੇ ਜ਼ਹਿਰੀ ਨਜ਼ਰਾਂ ਨਾਲ਼ ਉਸ ਵੱਲ ਦੇਖਿਆ। ਉਸ ਨੇ ਚੁਪੇੜ ਚੁੱਕੀ, ਪਰ ਜੋਰਾ ਸਿੰਘ ਨੇ ਰੋਕ ਦਿੱਤਾ।

–"ਠੰਢਾ ਰਹਿ ਨਾਜਰ ਸਿਆਂ...! ਠੰਢ ਰੱਖ...!! ਜਦੋਂ ਭਾਰਦਵਾਜ ਸਾਹਿਬ ਵਿੱਚ ਕੋਈ ਵਲ਼-ਫ਼ੇਰ ਈ ਹੈਨ੍ਹੀ, ਫ਼ੇਰ ਆਪਾਂ ਐਵੇਂ ਈ ਤਾੜਾਂ ਦੇਈ ਜਾਣੀਐਂ...?"

–"ਸਰਦਾਰ ਸਾਹਿਬ, ਜ਼ਿੰਦਗੀ ਵਿੱਚ ਕਦੇ ਨਹੀਂ ਸੋਚਿਆ ਸੀ ਕਿ ਕਦੇ ਠਾਣੇ ਦਾ ਮੂੰਹ ਵੀ ਦੇਖੂੰਗਾ, ਪਰ ਅੱਜ ਮੇਰਾ ਸਾਰੇ ਅਗਵਾੜ ਵਿੱਚ ਜਲੂਸ ਨਿਕਲ਼ ਗਿਆ, ਦਿਲ ਕਰਦੈ ਕੁਛ ਖਾ ਕੇ ਮਰਜਾਂ...।" ਭਾਰਦਵਾਜ ਸਾਹਿਬ ਦਾ ਰੋਣ ਨਿਕਲ਼ ਗਿਆ। –"ਔਲ਼ਾਦ ਕਈ ਵਾਰ ਉਹ ਕੁਛ ਕਰਵਾ ਦਿੰਦੀ ਐ, ਜੋ ਬੰਦੇ ਨੇ ਕਦੇ ਸੁਪਨੇ ਵਿੱਚ ਵੀ ਨੀ ਸੋਚਿਆ ਹੁੰਦਾ...।"

–"ਪੁਲੀਸ ਭੇਜਣੀ ਜ਼ਰੂਰੀ ਸੀ ਸਾਹਬ ਬਹਾਦਰ...? ਮੈਨੂੰ ਵੈਸੇ ਹੀ ਸੁਨੇਹਾਂ ਘੱਲ ਛੱਡਦੇ, ਆਪਾਂ ਬੈਠ ਕੇ ਮਸਲਾ ਹੱਲ ਕਰ ਲੈਂਦੇ, ਹਰ ਗੱਲ ਨਿਬੜਨੀ ਤਾਂ ਅਕਸਰ ਮੇਜ਼ 'ਤੇ ਹੀ ਹੁੰਦੀ ਐ ਨ੍ਹਾਂ...?" ਭਾਰਦਵਾਜ ਨੇ ਅੱਖਾਂ ਪੂੰਝੀਆਂ। ਫ਼ੇਰ ਜੇਬ ਵਿੱਚੋਂ ਰੁਮਾਲ ਕੱਢ ਕੇ ਨੱਕ ਸਾਫ਼ ਕੀਤਾ। ਉਸ ਦੀ ਹਾਲਤ ਤਰਸਯੋਗ ਹੋਈ ਪਈ ਸੀ।

–"ਫ਼ਿਕਰ ਨਾ ਕਰੋ ਭਾਰਦਵਾਜ ਸਾਹਿਬ, ਠਾਣੇਦਾਰ ਸਾਹਿਬ ਥੋਨੂੰ ਬੜੇ ਮਾਣ ਸਨਮਾਨ ਨਾਲ਼ ਘਰ ਛੱਡ ਕੇ ਆਉਣਗੇ ਤੇ ਥੋਡੇ ਅਗਵਾੜ ਵਾਲ਼ਿਆਂ ਨੂੰ ਯਕੀਨ ਦੁਆਉਣਗੇ ਕਿ ਭੁਲੇਖੇ ਨਾਲ਼ ਗਲਤ ਬੰਦਾ ਗ੍ਰਿਫ਼ਤਾਰ ਕਰ ਲਿਆ ਸੀ...।

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
–ਸੰਪਾਦਕ

# TAIL PIECE ONE NATION ONE ELECTIONS A CRITICAL DISCUSSION- PM

**Dalip Singh Wasan, Advocate**
Email: dalipsinghwassan@yahoo.co.in

A Bill for One Nation One Elections is under discussion in the Parliament and our Prime Minister Mr. Narinder Modi was speaking onthe Bill. He specifically informed the members that it is a critical subject and therefore, it needs participation of all the members with their conscience, will, desires and wisdom so that we, a democracy and that too a model democracy may guide the whole world.

As far as India is concerned, here a special wing has comeforward. They are politicians and onlty these politicians take partin elections. The number is on higher side, therefore, they have divided themselves in political parties. The come forward to take part in elections for the Parliament and the State Legislative Assemblies.

Keeping in view increased number of political wings, alliance system has come and now we could see that only two groups are in the fields. One BJP group and the Other Congress group.

The people of India have the understanding that there is no difference between these two major groups and they participate in elections just to win because the loser lose all prestige.

The people vote and actually they do not know much about the candidates before them and none of them comes before them to say for what purpose he is standing for elections.

Thererfore, the people just concentrate on the PM designate and CM designate and vote.

The political parties do not give to the people what they wouldo during the coming tenure and often talk of better performance and usually speak against each other. No proper developments could be achieved and because of that none could decide how number of poor could be reduced to zero per cent because when two-third population is poor, none can claim that we had been making progress .

One tike elections shall reduce huge expenditure and wastage of time. If one group could have governments in all the states and the centre, we shall have have better administration unity too. Some disputes arising between the states too could be reduced. There should be no mid-term elections and provisions be made in the Act for filling up the vacancies caused because of death, resigtnation or the like from the waiting list of the centre and for the states. It must been sured that all wings are duly presented in the Houses so that their interests could be watched and none has to agitate on roads. We must ensure that all the members must be active and not just supporters and lose their own conscience, will, wisdom and discretion. Each member must be able to tell his people that he had done this and that for the area during the tenure. None of the member should taoik of party to which he belongs, but must talk on the problems of the area only. People are not interested in the contesting groups, but they are interested in problems of the area they belong..


This Bill must be comprehensive one and let the missing parts two be suggested and let us establish a model democrtacy for all in theworld.

And if we are calling this Bill One Natnion One Elections, we must keep in our mind the other units we conduct eletions too like Local Municipal Councils and other wings where we hold elections. If those posts are too filled up from this list, that too shall serve us better.

## HARYANA CM ANNOUNCES 20K JOBS TO UNEMPLOYED YOUTHS IN THIS TENURE

Day two prior to Republic Day, the Chief Minister of Haryana announced that his government shall provide 20K jobs to youths in this five yearts tenure of his government. Similar statements shall be coming from other states and even Centre too shall give some big promise. Actually we all knew before our attaining the status of a Republic and unemployment and low wages are the two main causes of ouar poverty and back wardness and all were hoping that the Repubic shall remove these two troubles and we ensured equality means proper life to all.

But today after so many celebration opf Republic Day, we are still far behind and these two basic causes unemployment and low wages are increasing number of poor people and are even feeding them free ration. These poor peo-



ple still do not know what is the meaning of Republic and still do not know for what purpose their elders had been making efforts to attain independence and declarating ourselves a Republic, democracy. We have noticed that still date most of the sanctioned jobs in government institutyions remain vacant or kept vacant because of shortage of funds and even we noticed that sojme jobs had been filled up by recruits on lower wages violating concept of equal work and equal wages.

We must understand that unemployed youths, dependent upon parewnts cannot celebrate Republic Day and even Independence Day and therefore, time has come when we shall have to take up this matter of giving empoloyment to all youths during this tenure of government. Waiting period has increased number of poor in the country. Country.

We could declare emergency and even we had notebandi schemes, but is coming out for ensuring jobs to all youths with reasonable wages. We have with us recommendations of Pay Commission with us prescribing wages and other benefits and those must be implemented in all sectors.

**ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ**

ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**

**ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

***1 VACANCY FOR MINISTER OF RELIGION (TIER-2)***

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 28/02/2025**

**Apply/ Contact: via Phone 01384 238936 or email:sdevsingh56@googlemail.com**

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**

# ਕੀ ਟਰੰਪ-ਮਸਕ ਜੋੜੀ ਵਿਸ਼ਵ ਅਮਨ ਲਈ ਵੱਡਾ ਖ਼ਤਰਾ ਬਣੇਗੀ ?

ਦਰਬਾਰਾ ਸਿੰਘ ਕਾਹਲੋਂ



ਦੂਸਰੇ ਵਿਸ਼ਵ ਯੁੱਧ ਵਿੱਚ ਜਰਮਨ ਨਾਜ਼ੀਵਾਦੀ ਹਿਟਲਰ, ਇਟਲੀ ਦੇ ਫਾਸ਼ੀਵਾਦੀ ਮੁਸੋਲਿਨੀ ਨੂੰ ਕਪਟੀ ਅਤੇ ਚਰਿੱਤਰਹੀਣ ਸਲਾਹਕਾਰਾਂ ਨੇ ਵਿਸ਼ਵ ਸ਼ਾਂਤੀ ਲਈ ਪਰਲੋ ਬਣਾ ਦਿੱਤਾ। ਅਜਿਹੀਆਂ ਹੋਰ ਅਨੇਕ ਮਿਸਾਲਾਂ ਹਨ। ਅਜੋਕੇ ਵਿਸ਼ਵ ਕਾਲ ਵਿੱਚ ਰੂਸ ਦੇ ਸ਼ਾਸਕ ਵਲਾਦੀ ਮੀਰ ਪੂਤਿਨ, ਇਸਰਾਈਲ ਦੇ ਭ੍ਰਿਸ਼ਟ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨ ਯਾਹੂ, ਉੱਤਰੀ ਕੋਰੀਆ ਦੇ ਤਾਨਾਸ਼ਾਹ ਸ਼ਾਸਕ ਕਿਮ ਯੋਂਗ ਉਨ ਆਪਣੇ ਬੁਰੇ ਸਲਾਹਕਾਰਾਂ ਕਰਕੇ ਪਹਿਲਾਂ ਹੀ ਵਿਸ਼ਵ ਸ਼ਾਂਤੀ ਲਈ ਖ਼ਤਰਾ ਬਣੇ ਪਏ ਹਨ। ਬੀਤੇ ਦਿਨੀਂ (20 ਜਨਵਰੀ, 2025) ਅਮਰੀਕਾ ਦੇ 47ਵੇਂ ਰਾਸ਼ਟਰਪਤੀ ਬਣੇ ਡੌਨਲਡ ਟਰੰਪ (ਜੋ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵੀ ਰਹਿ ਚੁੱਕੇ ਹਨ।) ਆਪਣੇ ਕਪਟੀ, ਰੱਤਪੀਣੇ ਧਨ ਕੁਬੇਰ ਬਰੋਲੀਗਾਰਕ ਕਰੋਨੀ ਐਲਨ ਮਸਕ ਜਿਹੇ ਪੂਰੇ ਵਿਸ਼ਵ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਨ ਦੀ ਖਲਨਾਇਕਵਾਦੀ ਚੇਸ਼ਠਾ ਰੱਖਣ ਵਾਲੇ ਸਲਾਹਕਾਰ ਨਾਲ ਮਿਲ ਕੇ ਪੂਰੇ ਵਿਸ਼ਵ ਲਈ ਪਰਲੋ ਭਰੀ ਬਰਬਾਦੀ ਜਿਹਾ ਖ਼ਤਰਾ ਬਣਨ ਜਾ ਰਹੇ ਹਨ। ਵਿਸ਼ਵ ਦੀ ਆਰਥਿਕ ਅਤੇ ਫ਼ੌਜੀ ਮਹਾਂਸ਼ਕਤੀ ਅਮਰੀਕਾ ਦੀ ਸੱਤਾ ਸੰਭਾਲਣ ਤੋਂ ਪਹਿਲਾਂ ਹੀ ਆਪਣੇ ਆਰਥਿਕ ਅਤੇ ਖੇਤਰੀ ਪ੍ਰਸਾਰਵਾਦ ਧਮਕੀ ਭਰੇ ਇਰਾਦਿਆਂ ਨੂੰ ਖੁੱਲ੍ਹੇ ਆਮ ਜੱਗ ਜ਼ਾਹਿਰ ਕਰਕੇ ਪੂਰੇ ਵਿਸ਼ਵ ਸਮੇਤ ਕਈ ਰਾਸ਼ਟਰਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਹੈਰਾਨਗੀ ਦੀ ਗੱਲ ਇਹ ਹੈ ਕਿ ਤਾਨਾਸ਼ਾਹ ਕਿਸਮ ਦਾ ਸ਼ਾਸਕ ਅਤੇ ਅੰਨ੍ਹਾ ਧੰਨ ਕੁਬੇਰ ਬਰੋਲੀਗਾਰਕ ਅਮਰੀਕਾ ਦੇ ਅਤਿ ਨੇੜਲੇ ਸਹਿਯੋਗੀ ਅਤੇ ਮਿੱਤਰ ਰਾਸ਼ਟਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਇਰਾਦੇ-ਦਰਅਸਲ ਐਲਨ ਮਸਕ ਪੂਰੇ ਵਿਸ਼ਵ ਅਤੇ ਮਾਨਵਤਾ ਨੂੰ ਆਪਣੇ ਨਿੱਜੀ ਲਾਭਾਂ, ਸੁਪਨਿਆਂ ਅਤੇ ਇਰਾਦਿਆਂ ਲਈ ਗਲੋਬਲ ਤੌਰ 'ਤੇ ਮੁੜ ਆਕਾਰ ਦੇਣਾ ਚਾਹੁੰਦਾ ਹੈ। ਇਸ ਨਕਾਰਾਤਮਿਕ ਪਰਲੋ ਭਰੇ ਡਿਜ਼ਾਈਨ ਲਈ ਉਸ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਸਾਥ ਹਾਸਲ ਹੋ ਚੁੱਕਾ ਹੈ। ਇਸਦੀ ਪੂਰਤੀ ਲਈ ਅਮਰੀਕੀ ਮਹਾਂਸ਼ਕਤੀ ਅਤੇ ਇਸਦੀ ਪ੍ਰਬੰਧਕੀ ਸ਼ਕਤੀ ਉਸਦੀ ਮੁੱਠੀ ਵਿੱਚ ਸਮੇਟ ਚੁੱਕੀ ਹੈ।

ਡੌਨਲਡ ਟਰੰਪ ਆਪਣੇ ਪਰੰਪਰਕ ਸਾਥੀਆਂ ਅਤੇ ਸਹਿਯੋਗੀਆਂ ਲਈ ਖ਼ਤਰਾ ਬਣ ਚੁੱਕਾ ਹੈ। ਐਲਨ ਮਸਕ ਅਤੇ ਕੁਝ ਹੋਰ ਅਜਿਹੇ ਸਲਾਹਕਾਰ ਉਸਦੇ ਖੇਤਰੀ ਅਤੇ ਪ੍ਰਸਾਰਵਾਦੀ ਇਰਾਦਿਆਂ ਲਈ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੇ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ, ਜਿਸ ਨੂੰ ਅੰਦਰੂਨੀ ਗੰਢ-ਸੰਢ ਰਾਹੀਂ ਅਗਲੀਆਂ ਬ੍ਰਿਟਿਸ਼ ਪਾਰਲੀਮੈਂਟਰੀ ਚੋਣਾਂ ਤੋਂ ਪਹਿਲਾਂ ਐਲਨ ਮਸਕ ਸੱਤਾ ਤੋਂ ਲਾਂਭੇ ਕਰਨ ਦੇ ਮਨਸੂਬੇ ਘੜ ਰਿਹਾ ਹੈ ਅਤੇ ਅਮਰੀਕਾ ਵਿੱਚ ਬ੍ਰਿਟੇਨ ਦੇ ਨਵੇਂ ਰਾਜਦੂਤ ਪੀਟਰ ਮੈਡਲਸਨ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਰਿਹਾ ਹੈ। ਅਜਿਹੀਆਂ ਚੁਣੌਤੀਆਂ ਉਨ੍ਹਾਂ ਵੱਲੋਂ ਫਰਾਂਸ, ਜਰਮਨੀ, ਆਇਰਲੈਂਡ, ਪੋਲੈਂਡ, ਡੈਨਮਾਰਕ ਅਤੇ ਦੂਸਰੇ ਯੂਰਪੀਨ ਦੇਸ਼ਾਂ ਨੂੰ ਦਰਪੇਸ਼ ਹਨ। ਉਹ ਜਾਣਦੇ ਹਨ ਕਿ ਭਾਵੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘਰੋਗੀ ਅਤੇ ਉਸਦੀ ਲਿਬਰਲ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਆਪਣੇ ਅਸਤੀਫੇ ਦਾ ਕਾਰਨ ਦੱਸਿਆ ਪਰ ਹਕੀਕਤ ਵਿੱਚ ਉਸਦੀ ਪਾਰਟੀ ਨੂੰ ਹਮਲਾਵਰ ਤਾਨਾਸ਼ਾਹ ਟਰੰਪ ਅਤੇ ਕਰੋਨੀ ਐਲਨ ਮਸਕ ਨਾਲ ਨਿਪਟਣ ਲਈ ਉਸਦੀ ਸ਼ਕਤੀ 'ਤੇ ਸੰਦੇਹ ਸੀ।

ਪ੍ਰਸਾਰਵਾਦੀ ਐਲਾਨ-ਡੌਨਲਡ ਟਰੰਪ ਨੇ ਗੁਆਂਢੀ ਅਤੇ ਪਰੰਪਰਕ ਸਹਿਯੋਗੀ ਕੈਨੇਡਾ ਨੂੰ ਧਮਕੀ ਦਿੱਤੀ ਕਿ ਉਹ ਆਪਣੀ ਸਰਹੱਦ ਰਾਹੀਂ ਅਮਰੀਕਾ ਅੰਦਰ ਪ੍ਰਵਾਸੀ ਘੁਸਪੈਠ ਰੋਕੇ, ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਲਗਾਮ ਕੱਸੇ, ਨਾਟੋ ਸੰਗਠਨ ਵਿੱਚ 2 ਪ੍ਰਤੀਸ਼ਤ ਜੀ. ਡੀ. ਪੀ. ਯੋਗਦਾਨ ਪਾਵੇ ਨਹੀਂ ਤਾਂ ਅਮਰੀਕਾ ਉਸਦੀ ਅਯਾਤ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ। ਜਦੋਂ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ ਦੱਸਿਆ ਕਿ ਇਸ ਨਾਲ ਕੈਨੇਡਾ ਦੀ ਆਰਥਿਕਤਾ ਢਹਿ-ਢੇਰੀ ਹੋ ਜਾਏਗੀ ਤਾਂ ਟਰੰਪ ਦਾ ਅਸਲ ਇਰਾਦਾ ਸਾਹਮਣੇ ਆ ਗਿਆ। ਉਸਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਨ ਲਈ ਕਹਿ ਦਿੱਤਾ। ਉਹ ਬਾਰ-ਬਾਰ ਧਮਕੀ ਦੇ ਰਿਹਾ ਹੈ ਕਿ ਇਸ ਕਾਰਜ ਦੀ ਪੂਰਤੀ ਲਈ ਉਹ ਆਰਥਿਕ ਸ਼ਕਤੀ ਦਾ ਪ੍ਰਯੋਗ ਕਰੇਗਾ। ਟਰੰਪ ਭੁਲੇਖੇ ਦੂਰ ਕਰ ਲਏ, ਕੈਨੇਡਾ ਕਦੇ ਨਹੀਂ ਝੁੱਕੇਗਾ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਹਿ ਦਿੱਤਾ ਹੈ।

ਗਰੇਟਾ ਪੀਸਚ ਅਨੁਸਾਰ ਡੌਨਲਡ ਟਰੰਪ ਕੌਮਾਂਤਰੀ ਆਰਥਿਕ ਐਮਰਜੈਂਸੀ ਪਾਵਰ ਐਕਟ ਦੀ ਵਰਤੋਂ ਕਰਕੇ ਕੈਨੇਡਾ ਤੋਂ ਆਉਂਦੀਆਂ ਅਯਾਤ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਸਕਦਾ ਹੈ। ਰਾਸ਼ਟਰਪਤੀ ਰਿਚਰਡ ਨਿਕਸਨ ਵੇਲੇ ਇਸ ਐਮਰਜੈਂਸੀ ਐਕਟ ਨੂੰ ਅਮਲ ਵਿੱਚ ਲਿਆ ਕੇ ਅਮਰੀਕਾ ਨੇ ਹਰ ਕਿਸਮ ਦੀ ਅਯਾਤ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾ ਦਿੱਤਾ ਸੀ।

ਮੈਕਸੀਕੋ ਖਾੜੀ-ਦੂਸਰੇ ਗੁਆਂਢੀ ਦੇਸ਼ ਮੈਕਸੀਕੋ ਸੰਬੰਧਿਤ ਮੈਕਸੀਕੋ ਖਾੜੀ ਦਾ ਨਾਮ ਬਦਲ ਕੇ 'ਅਮਰੀਕਾ ਖਾੜੀ' ਰੱਖਣ ਦਾ ਟਰੰਪ ਐਲਾਨ ਕਰ ਰਿਹਾ ਹੈ। ਉਸ ਅਨੁਸਾਰ ਇਹ ਖਾੜੀ ਅਮਰੀਕੀ ਹੈ। ਅਮਰੀਕਾ ਇਸ ਰਾਹੀਂ ਵੱਡੇ ਪੱਧਰ 'ਤੇ ਵਪਾਰ, ਕਾਰੋਬਾਰ ਅਤੇ ਹੋਰ ਕਾਰਜ ਨੂੰ ਅੰਜਾਮ ਦਿੰਦਾ ਹੈ। ਅਮਰੀਕਾ ਅੰਦਰ ਇਸ ਖਾੜੀ ਰਾਹੀਂ ਸਲਾਨਾ ਲੱਖਾਂ ਪ੍ਰਵਾਸੀ ਗੈਰ-ਕਾਨੂੰਨੀ ਤੌਰ 'ਤੇ ਘੁਸਦੇ ਹਨ, ਜਿਨ੍ਹਾਂ ਨੂੰ ਮੈਕਸੀਕੋ ਰੋਕਦਾ ਨਹੀਂ ਹੈ।

ਮੈਕਸੀਕੋ ਦੇ ਆਰਥਿਕ ਮਾਮਲਿਆਂ ਬਾਰੇ ਮੰਤਰੀ ਮਾਰਸੇਲੋ ਐਬਰਾਰਡ ਨੇ ਇਸ ਸੁਝਾਅ ਨੂੰ ਨਕਾਰਦੇ ਹੋਏ ਜ਼ੋਰ ਦਿੱਤਾ ਕਿ ਇਹ ਮੈਕਸੀਕੋ ਖਾੜੀ ਹੀ ਰਹੇਗੀ। ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੇਨਬਾਮ ਨੇ ਤੰਜ ਕਰਦੇ ਕਿਹਾ ਉੱਤਰੀ ਅਮਰੀਕਾ ਦਾ ਨਾਮ 'ਮੈਕਸੀਕਨ ਅਮਰੀਕਾ' ਰੱਖ ਦਿੰਦੇ ਹਾਂ। ਸੰਨ 1607 ਤੋਂ ਇਹ ਖਾੜੀ ਮੈਕਸੀਕੋ ਖਾੜੀ ਵਜੋਂ ਜਾਣੀ ਜਾਂਦੀ ਹੈ। ਯੂ.ਐੱਨ.ਓ. ਵੱਲੋਂ ਇਸ ਨੂੰ ਮਾਨਤਾ ਪ੍ਰਾਪਤ ਹੈ। ਸੰਨ 1814 ਦੇ ਸੰਵਿਧਾਨ ਵਿੱਚ ਮੈਕਸੀਕੋ ਨੇ ਇਹ ਨਾਮ ਇਸ ਖਿੱਤੇ ਲਈ



ਰੱਖਿਆ ਸੀ। ਭਾਵ 'ਮੈਕਸੀਕਨ ਅਮਰੀਕਾ', ਕੀ ਇਹ ਵਧੀਆ ਨਹੀਂ ਲੱਗੇਗਾ ? ਰਾਸ਼ਟਰਪਤੀ ਨੇ ਮੁਸਕਾਰਾਉਂਦੇ ਕਿਹਾ।

ਗ੍ਰੀਨਲੈਂਡ-ਗ੍ਰੀਨਲੈਂਡ ਯੂਰਪੀਨ ਆਰਕਟਿਕ ਖੇਤਰ ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਜਜ਼ੀਰਾ ਹੈ। ਇਸਦੀ ਅਬਾਦੀ 60 ਹਜ਼ਾਰ ਦੇ ਕਰੀਬ ਹੈ। ਇਹ ਡੈਨਮਾਰਕ ਦਾ ਸਵੈ-ਸ਼ਾਸਤ ਇਲਾਕਾ ਹੈ। ਇਸ ਕੋਲ ਕੁਦਰਤੀ ਸੋਮਿਆਂ ਦੀ ਬਹੁਤਾਤ ਮੌਜੂਦ ਹੈ ਜਿਵੇਂ ਤੇਲ, ਗੈਸ, ਵਿਸ਼ਵ ਦੇ ਹੋਰ ਅਦਭੁਤ ਤੱਤ। ਆਰਕਟਿਕ ਘੇਰੇ ਵਿੱਚ ਹੋਣ ਕਰਕੇ ਗਲੋਬਲ ਪੱਧਰ 'ਤੇ ਇਸਦੀ ਨਵੇਕਲੀ ਸਥਿਤੀ ਹੈ। ਨਿਸ਼ਚੇ ਹੀ ਇਹ ਇਸ ਖੇਤਰ ਦਾ ਕੁੰਜੀਵਤ ਸਥਾਨ ਹੈ। ਡੌਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਇਸ ਖੇਤਰ ਨੂੰ ਗਲੋਬਲ ਯੁੱਧਨੀਤਕ ਕਾਰਨਾਂ ਕਰਕੇ ਆਪਣੇ ਅਧਿਕਾਰ ਖੇਤਰ ਹੇਠ ਲੈਣਾ ਚਾਹੁੰਦਾ ਹੈ। ਇਸ ਜਜ਼ੀਰੇ ਨੂੰ ਆਪਣੇ ਪਹਿਲੇ ਕਾਰਜਕਾਲ ਵੇਲੇ ਸੰਨ 2019 ਵਿੱਚ ਉਸ ਨੇ ਖਰੀਦਣ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਡੈਨਮਾਰਕ ਨੇ ਅਸਵੀਕਾਰ ਕਰ ਦਿੱਤਾ ਸੀ।

ਟਰੰਪ ਨੇ ਧਮਕੀ ਦਿੱਤੀ ਹੈ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਆਰਕਟਿਕ ਪ੍ਰਤੀਬੰਧਾਂ ਅਤੇ ਫੌਜੀ ਸ਼ਕਤੀ ਦੀ ਵਰਤੋਂ ਕਰੇਗਾ। ਸਥਿਤੀ ਦਾ ਜਾਇਜ਼ਾ ਲੈਣ ਲਈ ਆਪਣੇ ਪੁੱਤਰ ਡੌਨਲਡ ਟਰੰਪ ਜੂਨੀਅਰ ਨੂੰ ਉੱਥੇ ਭੇਜਿਆ।

ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫਰੈਡਰੀਕਨ ਨੇ ਸਾਫ਼ ਕਿਹਾ ਕਿ ਅਸੀਂ ਅਮਰੀਕਾ ਦੇ ਨਿੱਘੇ ਮਿੱਤਰ ਅਤੇ ਸਹਿਯੋਗੀ ਹਾਂ। ਅਜਿਹਾ ਨਹੀਂ ਹੋਣਾ ਚਾਹੀਦਾ। ਗ੍ਰੀਨਲੈਂਡ ਵਿਕਾਊ ਨਹੀਂ ਹੈ, ਨਾ ਹੀ ਹੋਵੇਗਾ। ਪਰ ਟਰੰਪ ਐਨੇ ਵੱਡੇ ਹੰਕਾਰੇ ਹੋਏ ਤਾਨਾਸ਼ਾਹ ਵਜੋਂ ਪੇਸ਼ ਆ ਰਿਹਾ ਹੈ ਕਿ ਡੈਨਮਾਰਕ ਨੇ ਟੈਲੀਫੋਨ 'ਤੇ ਟਰੰਪ ਨਾਲ ਇਸ ਮੁੱਦੇ 'ਤੇ ਗੱਲ ਕਰਨੀ ਚਾਹੀ ਤਾਂ ਕਿਸੇ ਨੇ ਫ਼ੋਨ ਤਕ ਨਹੀਂ ਉਠਾਇਆ। ਪ੍ਰਧਾਨ ਮੰਤਰੀ ਸਮਝਦੀ ਹੈ ਕਿ ਅਮਰੀਕਾ ਨੂੰ ਨੀਵੇਂ ਪੱਧਰ 'ਤੇ ਨਹੀਂ ਗਿਰਨਾ ਚਾਹੀਦਾ।

ਟਰੰਪ ਦੀ ਇਸ ਧਮਕੀ ਦਾ ਯੂਰਪੀਨ ਦੇਸ਼ਾਂ ਨੇ ਵਿਰੋਧ ਕੀਤਾ ਹੈ। ਜਰਮਨ ਚਾਂਸਲਰ ਓਲਫ ਸੋਲਜ਼ ਦਾ ਪ੍ਰਤੀਕਰਮ ਹੈ ਕਿ ਸਰਹੱਦਾਂ ਦੀ ਨਿਰੋਲਤਾ ਕੌਮਾਂਤਰੀ ਕਾਨੂੰਨ ਅਨੁਸਾਰ ਹਰ ਰਾਸ਼ਟਰ ਦਾ ਮੌਲਿਕ ਅਧਿਕਾਰ ਹੈ, ਬਗੈਰ ਕਿਸੇ ਰਾਸ਼ਟਰ ਦੀ ਤਾਕਤ ਅਤੇ ਆਕਾਰ ਦੇ। ਟਰੰਪ ਵੱਲੋਂ ਆਪਣੇ ਯੂਰਪੀਨ ਸਹਿਯੋਗੀਆਂ ਪ੍ਰਤੀ ਅਜਿਹੀ ਬਿਆਨਬਾਜ਼ੀ ਸੂਝ-ਬੂਝ ਦੀ ਘਾਟ ਹੈ।

ਨਾਰਵੇ ਦੇ ਪ੍ਰਧਾਨ ਮੰਤਰੀ ਜੋਨਜ਼ ਗਾਹਰ ਸਟੋਰ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਨਾਟੋ ਇੱਕਜੁਟਤਾ ਅਤੇ ਯੂਰਪੀਨ ਸਥਿਰਤਾ 'ਤੇ ਹਮਲਾ ਹੈ। ਮਿੱਤਰ ਦੇਸ਼ ਵਿਰੁੱਧ ਫ਼ੌਜੀ ਸ਼ਕਤੀ ਦੀ ਵਰਤੋਂ ਪ੍ਰਭੂਸੱਤਾ ਸੰਪੰਨ ਦੇਸ਼ ਦੇ ਖ਼ੇਤਰ 'ਤੇ ਕਬਜ਼ੇ ਦੀ ਕਾਰਵਾਈ ਮੰਨੀ ਜਾਵੇਗੀ। ਫਰਾਂਸ ਦੇ ਵਿਦੇਸ਼ ਮੰਤਰੀ ਜੀਨ ਨਿਊਲ ਬੈਰਟ ਨੇ ਇਸ ਨੂੰ ਤਕੜੇ ਦੇ ਸੱਤੀਂ ਵੀਹ ਸੌ ਦੀ ਨੀਤੀ ਦਰਸਾਇਆ। ਯੂਰਪ ਨੂੰ ਆਪਣੀ ਤਾਕਤ ਅਤੇ ਇੱਕਜੁਟਤਾ ਦਾ ਮੁਜ਼ਾਹਿਰਾ ਕਰਨਾ ਚਾਹੀਦਾ ਹੈ। ਗ੍ਰੀਨਲੈਂਡ ਯੂਰਪ ਅਤੇ ਯੂਰਪੀਨ ਯੂਨੀਅਨ ਦਾ ਖੇਤਰ ਹੈ।

ਅਮਰੀਕਾ ਨੇ ਪੈਸੇਫਿਕ ਖੇਤਰ ਵਿੱਚ ਦੂਸਰੇ ਵਿਸ਼ਵ ਯੁੱਧ ਸਮੇਂ ਤੋਂ ਇੱਥੇ ਫੌਜੀ ਅੱਡਾ ਸਥਾਪਿਤ ਕੀਤਾ ਹੋਇਆ ਹੈ। ਯੂਰਪੀਨ ਯੂਨੀਅਨ ਨੂੰ ਮਿਲ ਕੇ ਟਰੰਪ ਦਾ ਮੁਕਾਬਲਾ ਕਰਨਾ ਪਵੇਗਾ, ਜਿਵੇਂ ਉਸ ਨੇ ਦੂਸਰੇ ਵਿਸ਼ਵ ਯੁੱਧ ਸਮੇਂ ਹਿਟਲਰ, ਮੁਸੋਲਿਨੀ ਅਤੇ ਸਟਾਲਿਨ ਦਾ ਕੀਤਾ ਸੀ।

ਪਨਾਮਾ ਨਹਿਰ-ਟਰੰਪ ਨੇ ਪਨਾਮਾ ਨੂੰ ਧਮਕੀ ਦਿੱਤੀ ਹੈ ਕਿ ਜੇ ਉਸਦੇ ਸਮੁੰਦਰੀ ਜਹਾਜ਼ਾਂ 'ਤੇ ਪਨਾਮਾ ਨਹਿਰ ਲਾਂਘੇ ਦਾ ਟੋਲ ਨਾ ਘਟਾਇਆ ਤਾਂ ਉਹ ਇਸ 'ਤੇ ਮੁੜ ਕੰਟਰੋਲ ਕਾਇਮ ਕਰ ਲਵੇਗਾ ਜੋ 31 ਦਸੰਬਰ, 1999 ਨੂੰ ਉਸਨੇ ਟੋਰੀਜੋਸ-ਕਾਰਟਰ ਸੰਧੀ ਤਹਿਤ ਪਨਾਮਾ ਨੂੰ ਸੌਂਪਿਆ ਸੀ। ਪਨਾਮਾ ਰਾਸ਼ਟਰਪਤੀ ਜੋਸ਼ ਰਾਉਲ ਮੁਲੀਨੋ ਨੇ ਸਪਸ਼ਟ ਕਿਹਾ ਕਿ ਪਨਾਮਾ ਨਹਿਰ ਦਾ ਹਰ ਗਜ਼ ਅਤੇ ਆਲਾ-ਦੁਆਲਾ ਉਸਦੀ ਮਲਕੀਅਤ ਹੈ। ਵਿਦੇਸ਼ ਮੰਤਰੀ ਜੇਵੀਅਰ ਮਾਰਟੀਨਜ਼ ਨੇ ਕਿਹਾ ਕਿ ਜਿਨ੍ਹਾਂ ਹੱਥਾਂ ਦਾ ਪਨਾਮਾ ਨਹਿਰ 'ਤੇ ਕੰਟਰੋਲ ਹੈ, ਉਹ ਪਨਾਮੀਅਨ ਹਨ।

ਲਾਤੀਨੀ ਅਮਰੀਕੀ ਦੇਸ਼ਾਂ ਨੇ ਪਨਾਮਾ ਦੀ ਪ੍ਰਭੂਸਤਾ ਅਤੇ ਨਹਿਰ 'ਤੇ ਕੰਟਰੋਲ ਦੀ ਡਟ ਕੇ ਹਿਮਾਇਤ ਕੀਤੀ ਹੈ। ਉਨ੍ਹਾਂ ਦੱਸ ਦਿੱਤਾ ਹੈ ਕਿ ਇਹ ਨਹਿਰ ਲਾਤੀਨੀ ਅਮਰੀਕਾ ਦਾ ਮਾਣ ਹੈ, ਖੁਦਮੁਖ਼ਤਾਰੀ ਹੈ।

ਸੁਰੱਖਿਆ ਵਿਸ਼ਲੇਸ਼ਕ ਅਲੈਗਜੈਂਡਰ ਖਾਰਾ ਅਨੁਸਾਰ ਟਰੰਪ ਗ੍ਰੀਨਲੈਂਡ ਜਜ਼ੀਰੇ ਤੇ ਉਵੇਂ ਹੀ ਸੁਰੱਖਿਆ ਪੱਖੋਂ ਲੋੜੀਂਦਾ ਕਹਿ ਕੇ ਕਬਜ਼ਾ ਕਰਨਾ ਚਾਹੁੰਦਾ ਹੈ ਜਿਵੇਂ ਰੂਸ ਨੇ ਯੂਕਰੇਨ ਤੋਂ ਕਰੀਮੀਆ ਫੌਜੀ ਤਾਕਤ ਰਾਹੀਂ ਸੰਨ 2014 ਵਿੱਚ ਹਥਿਆ ਲਿਆ ਸੀ। ਅਮਰੀਕਾ ਹਰ ਯੁੱਧਨੀਤਕ ਥਾਂ ਤੋਂ ਚੀਨ ਨੂੰ ਹਟਾਉਣਾ ਚਾਹੁੰਦਾ ਹੈ।

ਇੰਜ ਲਗਦਾ ਹੈ ਜਿਵੇਂ ਅਜੋਕਾ ਵਿਸ਼ਵ ਪੁਰਾਣੇ ਅਸੂਲਾਂ ਅਤੇ ਸਿਧਾਂਤਾਂ ਵਿੱਚ ਤਬਦੀਲੀ ਦੇ ਦੌਰ ਵਿੱਚ ਟਕਰਾਅ, ਅਰਾਜਕਤਾ ਅਤੇ ਅਨਿਸਚਿਤਤਾ ਦੀ ਦਿਸ਼ਾ ਵੱਲ ਵਧ ਰਿਹਾ ਹੈ। ਡੌਨਲਡ ਟਰੰਪ ਅਤੇ ਬਰੋਲੀ ਗਾਰਕ ਕਰੋਨੀ ਐਲਨ ਮਸਕ ਇਸ ਦਿਸ਼ਾ ਵੱਲ ਪਹਿਲ ਕਰ ਰਹੇ ਹਨ। ਵਲਾਦੀਮੀਰ ਪੂਤਿਨ ਯੂਕਰੇਨ, ਜਾਰਜੀਆ, ਮਾਲਡੋਵਾ 'ਤੇ, ਟਰੰਪ ਗ੍ਰੀਨਲੈਂਡ, ਪਨਾਮਾ ਨਹਿਰ, ਕੈਨੇਡਾ ਅਤੇ ਮੈਕਸੀਕੋ 'ਤੇ ਕੰਟਰੋਲ ਚਾਹੁੰਦੇ ਹਨ। ਕੀ ਇਨ੍ਹਾਂ ਦੀ ਮਨਮਾਨੀ ਰੁਕੇਗੀ ਜਾਂ ਭੂਗੋਲਿਕ ਤੌਰ 'ਤੇ ਪੂਰੇ ਗਲੋਬ ਨੂੰ ਮੁੜ ਨਵਾਂ ਆਕਾਰ ਦਿੱਤਾ ਜਵੇਗਾ, ਇਹ ਅਤਿ ਚਿੰਤਾ ਦਾ ਵਿਸ਼ਾ ਹੈ।

* * * * * * * * * * *

# ਗੁਰੂ ਕਰਤਾ ਹਰਿ ਰਾਇ

## ਜਨਮ ਦਿਹਾੜੇ 'ਤੇ ਵਿਸ਼ੇਸ਼

ਜਸਵਿੰਦਰ ਸਿੰਘ ਰੁਪਾਲ



ਗੁਰੂ ਹਰਿਰਾਇ ਜੀ ਦਾ ਜਨਮ 16 ਜਨਵਰੀ 1630 ਈਸਵੀ ਨੂੰ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਜਿਲਾ ਰੋਪੜ ਵਿਖੇ ਹੋਇਆ। ਜਿੱਥੇ ਅੱਜਕਲ੍ਹ ਗੁਰਦੁਆਰਾ ਸ਼ੀਸ਼ ਮਹਲ ਸੁਸ਼ੋਭਿਤ ਹੈ। ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੂੰ ਬਚਪਨ ਵਿਚ ਹੀ ਸ਼ਸ਼ਤਰ ਅਤੇ ਸ਼ਾਸ਼ਤਰ ਵਿਦਿਆ ਦਿੱਤੀ ਗਈ।ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ। ਪ੍ਰਭੂ ਦੀ ਬੰਦਗੀ ਵਿਚ ਆਪਣਾ ਸਮਾਂ ਗੁਜਾਰਦੇ ਸਨ। ਸਤਿ ਸੰਤੋਖ, ਸਬਰ, ਅਤੇ ਕੋਮਲਤਾ ਆਪ ਜੀ ਦੇ ਰਗ ਰਗ ਵਿਚ ਰਚੀ ਹੋਈ ਸੀ। ਆਪ ਜੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਦੀ ਸੰਗਤ ਕਰਦੇ ਅਤੇ ਉਹਨਾਂ ਤੋਂ ਦੁਨਿਆਵੀ ਅਤੇ ਰੂਹਾਨੀ ਗਿਆਨ ਪ੍ਰਾਪਤ ਕਰਦੇ।

ਗੁਰੂ ਹਰਿਗੋਬਿੰਦ ਜੀ ਦੀ ਜੁਝਾਰੂ ਬਿਰਤੀ ਤੋਂ ਵੀ ਆਪ ਪ੍ਰਭਾਵਿਤ ਸਨ। ਇਸ ਲਈ 2200 ਸਿੰਘ ਸੂਰਮੇ ਆਪ ਜੀ ਦੇ ਨਾਲ ਹਮੇਸ਼ਾ ਤਿਆਰ ਰਹਿੰਦੇ ਸਨ। ਪਰ ਆਪ ਜੀ ਸ਼ਾਂਤ ਸੁਭਾਅ ਦੇ ਹੋਣ ਕਾਰਨ ਕਦੇ ਵੀ ਜੰਗ ਨਹੀਂ ਸੀ ਕਰਦੇ ਅਤੇ ਜੇ ਕੋਈ ਵੀ ਵਾਰ ਕਰਦਾ, ਤਾਂ ਆਪ ਜੀ ਮਸਲੇ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਰਜੀਹ ਦਿੰਦੇ ਸਨ। ਸ਼ਿਕਾਰ ਦੇ ਸ਼ੌਕੀਨ ਸਨ ਪਰ ਆਪ ਕਿਸੇ ਵੀ ਜਾਨਵਰ ਨੂੰ ਮਾਰਦੇ ਨਹੀਂ ਸਨ ,ਸਗੋ ਉਸ ਨੂੰ ਫੜ ਕੇ ਲੈ ਜਾਂਦੇ ਅਤੇ ਆਪਣੇ ਬਾਗ ਵਿਚ ਉਸਦੀ ਸੰਭਾਲ ਕਰਦੇ।

1640 ਈਸਵੀ ਵਿੱਚ ਜਦੋਂ ਆਪ ਜੀ 14 ਸਾਲ ਦੇ ਸਨ, ਯੂ.ਪੀ.ਦੇ ਸ਼ਹਿਰ ਅਨੂਪ ਨਗਰ ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ। ਜਿਸ ਦੀ ਕੁੱਖੋਂ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ ਅਤੇ ਇੱਕ ਪੁੱਤਰੀ ਬੀਬੀ ਅਨੂਪ ਕੌਰ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ - ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਹਨਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 ਵਿਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿੱਚ ਜੁਟੇ ਰਹਿੰਦੇ ਸਨ। ਅਤੇ ਸੂਰਜ ਮੱਲ ਤੇ ਦੁਨਿਆਵੀ ਬਿਰਤੀ ਜਿਆਦਾ ਭਾਰੂ ਸੀ, ਜਿਸ ਕਾਰਨ ਇਹਨਾਂ ਵਿੱਚੋ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿੱਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 2 ਸਾਲ ਪਹਿਲਾਂ ਹੀ ਹਰਿਰਾਇ ਜੀ ਨੂੰ ਗੱਦੀ ਦਾ ਵਾਰਸ ਬਣਾ ਦਿੱਤਾ ਸੀ ਜਦਕਿ 1644 ਈਸਵੀ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਸਵਰਗ ਸਿਧਾਰਨ ਤੋ ਬਾਅਦ ਹੀ ਹਰਿ ਰਾਇ ਜੀ ਨੇ ਪੂਰੀ ਜਿੰਮੇਵਾਰੀ ਸੰਭਾਲੀ ਸੀ।



ਗੁਰੂ ਹਰਿ ਰਾਇ ਜੀ ਨੇ ਗੁਰੂ ਅੰਗਦ ਦੇਵ ਜੀ ਵਾਂਗ ਸਰੀਰਕ ਤੰਦਰੁਸਤੀ ਵੱਲ ਕਾਫੀ ਧਿਆਨ ਦਿੱਤਾ। ਇੱਕ ਪਾਸੇ ਤਾਂ ਆਪ ਜੀ ਦੀ ਸਰਪ੍ਰਸਤੀ ਵਿਚ ਮੱਲ ਅਖਾੜੇ ਵੀ ਚਲਦੇ ਸਨ, ਦੂਜੇ ਪਾਸੇ ਆਪ ਜੀ ਨੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਵਾਉਣ ਲਈ ਦਵਾਖਾਨਾ ਵੀ ਖੋਲ੍ਹਿਆ ਸੀ। ਜਿਥੋ ਜਨਤਾ ਤੰਦਰੁਸਤ ਹੋ ਕੇ ਜਾਂਦੀ ਸੀ।

ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਇੱਕ ਵਾਰੀ ਬਿਮਾਰ ਹੋ ਗਿਆ ਸੀ। ਉਸਨੂੰ ਆਪ ਜੀ ਦੇ ਦਵਾਖਾਨੇ ਤੋਂ ਦਿੱਤੀ ਦਵਾਈ ਨਾਲ ਆਰਾਮ ਆਇਆ ਸੀ। ਹਾਲਾਂਕਿ ਰਾਜਿਆਂ ਦਾ ਗੁਰੂ ਘਰ ਨਾਲ ਸ਼ੁਰੂ ਤੋਂ ਹੀ ਇੱਟ ਖੜਿਕਾ ਚੱਲਦਾ ਰਿਹਾ ਸੀ, ਪਰ ਗੁਰੂ ਘਰ ਦੀ ਹੀ ਪਿਰਤ ਅਨੁਸਾਰ ਗੁਰੂ ਹਰਿਰਾਇ ਜੀ ਦੇ ਮਨ ਵਿਚ ਕਿਸੇ ਪ੍ਰਤੀ ਵੀ ਕੋਈ ਵੈਰ ਦੀ ਭਾਵਨਾ ਨਹੀਂ ਸੀ। ਸਮਦ੍ਰਿਸ਼ਟੀ ਅਤੇ ਮਾਨਵਤਾ ਦੀ ਸੇਵਾ ਆਪ ਜੀ ਨੂੰ ਭਰਾਤਰੀ ਭਾਵ ਬਣਾਈ ਰੱਖਣ ਵਿਚ ਸਹਾਇਕ ਹੁੰਦੀ।

ਆਪ ਜੀ ਦੀ ਕੋਮਲਤਾ ਨਾਲ ਸੰਬੰਧਿਤ ਇੱਕ ਘਟਨਾ ਦਾ ਜਿਕਰ ਆਉਂਦਾ ਹੈ ਕਿ ਇੱਕ ਵਾਰ ਆਪ ਜੀ ਦੇ ਚੋਲੇ ਨਾਲ ਲੱਗ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਬੜੇ ਉਦਾਸ ਹੋਏ। ਗੁਰੂ ਹਰਿਗੋਬਿੰਦ ਜੀ ਬੋਲੇ, "ਜੇ ਚੋਲਾ ਵਡਾ ਹੋਵੇ ਤਾਂ ਸੰਭਲ ਕੇ ਤੁਰਨਾ ਸਿੱਖੋ।" ਗੁਰੂ ਹਰਿਰਾਇ ਜੀ ਨੇ ਇਹ ਸਿੱਖਿਆ ਪੱਲੇ ਬੰਨ੍ਹ ਲਈ ਅਤੇ ਸਮਝ ਗਏ ਕਿ ਵਡੀ ਜਿੰਮੇਵਾਰੀ ਨੂੰ ਸੰਭਾਲਣ ਲਈ ਵਡੀ ਮਿਹਨਤ ਅਤੇ ਵਧੇਰੇ ਧਿਆਨ ਦੀ ਲੋੜ ਹੈ।

ਗੁਰੂ ਬਣਨ ਤੋ ਬਾਅਦ ਆਪ ਜੀ ਨੇ ਸਿੱਖੀ ਦੇ ਪ੍ਰਚਾਰ ਵੱਲ ਕਾਫੀ ਧਿਆਨ ਦਿੱਤਾ। ਜਿੱਥੇ ਆਪ ਜੀ ਨੇ ਕਾਫੀ ਪ੍ਰਚਾਰਕ ਦੌਰੇ ਵੀ ਲਗਾਏ ਜਿਹਨਾਂ ਵਿਚ ਆਪ ਜੀ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ , ਵਡੀ ਲਹਿਲ, ਹਰੀਆਂ ਵੇਲਾਂ, ਭੁੰਗਰਤਾ, ਕਰਤਾਰਪੁਰ, ਪੁਆਧਾ, ਭਾਈ ਕੀ ਡਰੌਲੀ, ਮਾੜੀ, ਮਰ੍ਹਾਜ, ਪਲਾਹੀ ਆਦਿ ਥਾਵਾਂ ਵਿਸ਼ੇਸ਼ ਹਨ। ਆਪ ਜੀ ਨੇ 360 ਮੰਜੀਆਂ ਹੋਰ ਥਾਪੀਆਂ। 4 ਧੂਣੇ ਅਤੇ 6 ਬਖਸ਼ਿਸ਼ਾਂ ਵੀ ਕੀਤੀਆਂ। ਆਪ ਜੀ ਨੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਆਦਿ ਬੀੜ ਦੀਆਂ ਕਾਪੀਆਂ ਵੀ ਤਿਆਰ ਕਰਵਾਈਆਂ।

ਆਪ ਜੀ ਗੁਰਬਾਣੀ ਦਾ ਬਹੁਤ ਜਿਆਦਾ। ਸਤਿਕਾਰ ਕਰਦੇ ਸਨ। ਆਪ ਜੀ ਦੇ ਦਰਬਾਰ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਸਨ। ਇੱਕ ਵਾਰ ਸੰਗਤ ਸ਼ਬਦ ਪੜ੍ਹਦੀ ਹੋਈ ਆ ਰਹੀ ਸੀ ਕਿ ਸ਼ਬਦ ਦੇ ਸਤਿਕਾਰ ਵਜੋਂ ਆਪ ਇੱਕਦਮ ਉੱਠ ਖੜ੍ਹੇ ਹੋਏ। ਆਪ ਜੀ ਦਾ ਗੋਡਾ ਪਲੰਘ ਦੀ ਬਾਹੀ ਵਿਚ ਜੋਰ ਦੀ ਵਜਾ। ਜਦੋਂ ਸਿੱਖਾਂ ਨੇ ਪੁੱਛਿਆ ਤਾਂ ਜਵਾਬ ਦਿੱਤਾ ਕਿ ਬਾਣੀ ਤਾਂ ਸਭ ਤੋਂ ਉੱਚੀ ਹੈ। ਇਸਦਾ ਭੈ ਅਦਬ ਹੋਣਾ ਬਹੁਤ ਜਰੂਰੀ ਹੈ। ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ-

ਜਿਨ ਭੈ ਅਦਬ ਨਾ ਬਾਣੀ ਧਾਰਾ।
ਸੋ ਜਾਨਹੁ ਨਹੀਂ ਸਿੱਖ ਹਮਾਰਾ।
(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ 10, ਅੰਸੂ 21)

ਆਪ ਜੀ ਕੁਦਰਤ ਦੇ ਬਹੁਤ ਪ੍ਰੇਮੀ ਸਨ। ਵਾਤਾਵਰਣ ਸਾਫ ਬਣਾਈ ਰੱਖਣ ਵਿਚ ਖਾਸ ਰੁਚੀ ਲੈਂਦੇ ਸਨ। ਆਪ ਜੀ ਨੇ ਕਾਫੀ ਸਾਰੇ ਬਾਗ ਆਪਣੇ ਹੱਥੀਂ ਲਗਵਾਏ ਅਤੇ ਵਿਕਸਿਤ ਕੀਤੇ। ਆਪ ਜੀ ਦੇ ਇਸ ਪ੍ਰੇਮ ਨੂੰ ਸਤਿਕਾਰ ਦੇਣ ਲਈ ਸਿੱਖ ਕੌਮ ਆਪ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਉਂਦੀ ਆ ਰਹੀ ਹੈ।

ਮੁਗਲ ਬਾਦਸ਼ਾਹ ਔਰੰਗਜੇਬ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲੇ ਹਰ ਸਮਰਥਕ ਨੂੰ ਸਜਾਵਾਂ ਦਿੱਤੀਆਂ ਸਨ। ਇਸੇ ਕਾਰਨ ਉਸਨੇ ਗੁਰੂ ਹਰਿਰਾਇ ਜੀ ਨੂੰ ਵੀ ਦਿੱਲੀ ਬੁਲਾਵਾ ਭੇਜ ਦਿੱਤਾ। ਆਪ ਜੀ ਨੇ ਆਪਣੇ ਵਡੇ ਪੁੱਤਰ ਰਾਮਰਾਇ ਨੂੰ ਇਹ ਸਮਝਾ ਕੇ ਦਿੱਲੀ ਭੇਜ ਦਿੱਤਾ ਕਿ ਡਰਨਾ ਨਹੀਂ, ਸਿਰਫ ਅਤੇ ਸਿਰਫ ਸੱਚ ਦੀ ਗੱਲ ਕਰਨੀ ਹੈ, ਬਾਣੀ ਦੇ ਸੱਚ ਤੋ ਬਾਹਰ ਨਹੀਂ ਜਾਣਾ।

ਪਰ ਰਾਮਰਾਇ ਦਿੱਲੀ ਜਾ ਕੇ ਰਾਜੇ ਨੂੰ ਖੁਸ਼ ਕਰਨ ਲੱਗ ਗਏ। ਜਿੱਥੇ ਉਹਨਾਂ ਨੇ ਗੁਰਮਤਿ ਤੋ ਉਲਟ ਕੁਝ ਕਰਾਮਾਤਾਂ ਦਿਖਾਈਆਂ, ਉਥੇ ਇੱਕ ਹੋਰ ਵੱਡੀ ਗਲਤੀ ਕਰ ਦਿੱਤੀ। ਗੁਰਬਾਣੀ ਦੀ ਪੰਕਤੀ ਹੀ ਬਦਲ ਕੇ ਸੁਣਾ ਦਿੱਤੀ।

ਇਸ ਨਾਲ ਰਾਜਾ ਤਾਂ ਖੁਸ਼ ਹੋਇਆ ਅਤੇ ਉਸ ਨੇ ਜਗੀਰ ਵੀ ਦਿੱਤੀ। ਪਰ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਣ ਤੇ ਉਹਨਾਂ ਨੇ ਰਾਮਰਾਇ ਨੂੰ ਮੂੰਹ ਨਾ ਲਗਾਇਆ ਅਤੇ ਸੰਗਤ ਨੂੰ ਵੀ ਉਸ ਨਾਲ ਤਾਲਮੇਲ ਰੱਖਣ ਤੋ ਵਰਜ ਦਿੱਤਾ। ਇਸ ਲਈ ਆਪ ਜੀ ਨੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਯੋਗ ਜਾਣ ਕੇ ਉਸਨੂੰ ਗੁਰਗੱਦੀ ਸੌਂਪ ਦਿੱਤੀ।

20 ਅਕਤੂਬਰ 1661 ਈਸਵੀ ਨੂੰ ਮਾਤਰ 31 ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ। ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪ ਜੀ ਦੀ ਸਿਫਤ ਕਰਦੇ ਹੋਏ ਲਿਖਦੇ ਹਨ-

ਸਾਹਾਨਸ਼ਹਿ ਹੱਕ ਨਸਕ
ਗੁਰੂ ਕਰਤਾ ਹਰਿਰਾਇ।
ਫਰਮਾ-ਦੇਹ ਨੇਹੁ ਤਬਕ
ਗੁਰੂ ਕਰਤਾ ਹਰਿਰਾਇ।
ਗਰਦਨ ਜਨਿ ਸਰਕਸ਼ਾਂ
ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰਆਂ
ਗੁਰੂ ਕਰਤਾ ਹਰਿਰਾਇ।
(ਗੰਜ ਨਾਮਾ ੧੧,
ਭਾਈ ਨੰਦ ਲਾਲ ਜੀ)

ਭਾਵ ਗੁਰੂ ਹਰਿਰਾਇ ਜੀ ਵਾਹਿਗੁਰੂ ਜੀ ਦੀ ਸੋਝੀ ਦੇਣ ਵਾਲੇ ਹਨ। ਨੌ ਆਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ।

○○○

## ਆਪ ਵੱਲੋਂ ਔਰਤਾਂ ਨੂੰ ਹਰ ਮਹੀਨੇ 2,100 ਰੁਪਏ ਦੇਣ ਦੀ ਗਾਰੰਟੀ



ਨਵੀਂ ਦਿੱਲੀ- ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 15 ਗਰੰਟੀਆਂ ਵਾਲਾ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਔਰਤਾਂ ਲਈ ਪ੍ਰਤੀ ਮਹੀਨਾ 2,100 ਰੁਪਏ, 24 ਘੰਟੇ ਸਾਫ਼ ਪੀਣ ਵਾਲਾ ਪਾਣੀ, ਬਜ਼ੁਰਗਾਂ ਲਈ ਮੁਫ਼ਤ ਸਿਹਤ ਸੰਭਾਲ ਅਤੇ ਵਿਦਿਆਰਥੀਆਂ ਲਈ ਮੈਟਰੋ ਦੇ ਕਿਰਾਏ ਵਿੱਚ 50 ਫੀਸਦ ਤੱਕ ਛੋਟ ਵਰਗੇ ਕਈ ਵਾਅਦੇ ਕੀਤੇ ਗਏ ਹਨ।

ਕੇਜਰੀਵਾਲ ਨੇ ਕਿਹਾ ਕਿ ਜੇ ਆਪ ਸਰਕਾਰ 5 ਫਰਵਰੀ ਦੀਆਂ ਚੋਣਾਂ ਵਿੱਚ ਸੱਤਾ ਵਿੱਚ ਵਾਪਸ ਆਉਂਦੀ ਹੈ ਤਾਂ ਮੁਫ਼ਤ ਸਿੱਖਿਆ, ਸਿਹਤ ਸੰਭਾਲ, ਮਹਿਲਾਵਾਂ ਲਈ ਮੁਫ਼ਤ ਬੱਸ ਯਾਤਰਾ, ਪਾਣੀ ਅਤੇ ਮੁਫ਼ਤ ਬਿਜਲੀ ਵਰਗੀਆਂ ਸਹੂਲਤਾਂ ਜਾਰੀ ਰਹਿਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਆਪ ਦੀਆਂ ਸਾਰੀਆਂ ਮੁਫ਼ਤ ਸਕੀਮਾਂ ਬੰਦ ਕਰ ਦੇਵੇਗੀ। ਇਸ ਨਾਲ ਦਿੱਲੀ ਦੇ ਲੋਕਾਂ ’ਤੇ ਹਰ ਮਹੀਨੇ 25,000 ਰੁਪਏ ਦਾ ਬੋਝ ਵਧੇਗਾ।

# ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ

## ਘੱਲੂਘਾਰਾ ਦਿਵਸ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ



ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ ਸਮੇਂ ਦੀ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਰਾਹ ਤੁਰ ਪਈ। ਸਮੁੱਚੀ ਕੌਮ ਨੂੰ ਛੇ-ਸੱਤ ਦਹਾਕਿਆਂ ਤੱਕ ਜੰਗਲਾਂ ਵਿੱਚ ਰਹਿਣਾ ਪਿਆ। ਜਿਸ ਕੌਮ ਦੀਆਂ ਤਿੰਨ ਚਾਰ ਪੀੜ੍ਹੀਆਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿੱਚ ਰਹਿਣਾ ਪਿਆ ਹੋਵੇਗਾ। ਉਸ ਕੌਮ ਦੇ ਪੁਰਖੇ ਕਿੰਨੇ ਸਖਤ ਜਾਨ ਹੋਣਗੇ। ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਖ਼ੂਨੀ ਸਾਕਾ 18ਵੀਂ ਸਦੀ ਵਿਚ 1782 ਈ. ਵਿੱਚ ਕੁੱਪ-ਰੁਹੀੜੇ ਦੇ ਅਸਥਾਨ 'ਤੇ ਫਰਵਰੀ ਦੇ ਮਹੀਨੇ ਵਿੱਚ ਵਾਪਰਿਆ। ਇਸ ਖ਼ੂਨੀ ਸਾਕੇ ਤੋਂ ਪਹਿਲਾਂ ਇਕ ਛੋਟਾ ਘੱਲੂਘਾਰਾ ਵੀ ਵਾਪਰਿਆ। ਇਹ ਘੱਲੂਘਾਰਾ ਵੱਡੇ ਘੱਲੂਘਾਰੇ ਤੋਂ 16 ਸਾਲ ਪਹਿਲਾਂ 1746 ਈ. ਵਿੱਚ ਮਈ-ਜੂਨ ਦੇ ਮਹੀਨਿਆਂ ਵਿੱਚ ਕਾਹਨੂਵਾਨ ਦੇ ਛੰਭ ਵਿੱਚ ਵਾਪਰਿਆ ਸੀ। ਇਸ ਤੋਂ ਬਾਅਦ ਇਕ ਤੀਜਾ ਘੱਲੂਘਾਰਾ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਵਾਪਰਿਆ। ਇਸ ਖ਼ੂਨੀ ਸਾਕੇ ਨੂੰ ਜੂਨ 1984 ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪਰ ਅਠਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਤੋਂ ਆਰੰਭ ਹੁੰਦਾ ਹੈ। ਇਸ ਅਠਾਰਵੀਂ ਸਦੀ ਵਿੱਚ ਮੁਗਲ ਹਕੂਮਤ ਵੱਲੋਂ ਕੀਤੇ ਤਸ਼ੱਦਦ ਨਾਲ ਪੰਜਾਬ ਦੇ ਇਇਤਹਾਸ ਦਾ ਕੋਈ ਪੰਨਾ ਅਜਿਹਾ ਨਹੀਂ ਜੋ ਸਿੱਖਾਂ ਨਾਲ ਹੋਏ ਟਕਰਾਅ ਦੀ ਦਾਸਤਾਨ ਤੋਂ ਖਾਲੀ ਹੋਵੇਗਾ। ਵੱਡਾ ਘੱਲੂਘਾਰਾ ਕੂਪ-ਰੁਹੀੜਾ (ਨੇੜੇ ਮਲੇਰ ਕੋਟਲਾ) ਦੇ ਅਸਥਾਨ 'ਤੇ ਜੋ ਲੁਧਿਆਣਾ ਤੋਂ ਮਲੇਰਕੋਟਲਾ ਜਾਣ ਵਾਲੀ ਸੜਕ ਦੇ ਪੱਛਮ ਵੱਲ ਮੌਜੂਦ ਵਿਖੇ ਵਾਪਰਿਆ। ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕਸਮ ਖਾਧੀ ਹੋਈ ਸੀ। ਪਰ ਇਸ ਤੋਂ ਉਲਟ ਜਿਉਂ-ਜਿਉਂ ਜ਼ਬਰੋਂ-ਜ਼ੁਲਮ ਕਰ ਰਿਹਾ ਸੀ, ਤਿਉਂ ਤਿਉਂ ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਈ ਜਾ ਰਿਹਾ ਸੀ। ਇਹ ਗੱਲ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਸੀ।



1762 ਈ. ਵਿੱਚ ਬਾਤ ਦਾ ਬਤੰਗੜ ਬਨਾਉਣ ਵਾਲੇ ਗਦਾਰਾਂ ਨੇ ਚੁੱਗਲੀਆਂ ਕਰ-ਕਰ ਅਬਦਾਲੀ ਨੂੰ ਛੇਵੇਂ ਹਮਲੇ ਲਈ ਉਕਸਾਇਆ। ਹਮਲੇ ਦੀ ਸੋਅ ਮਿਲਣ-ਸਾਰ ਸਿੱਖਾਂ ਨੇ ਯੁੱਧ ਨੀਤੀ ਅਨੁਸਾਰ ਖਿੰਡ-ਪੁੰਡ ਕੇ ਮਾਲਵੇ ਦੇ ਮਾਰੂਥਲ ਵਾਲੇ ਇਲਾਕੇ ਵੱਲ ਕੂਚ ਕਰ ਦਿੱਤਾ। ਕੁੱਪ-ਰੁਹੀੜੇ ਦੇ ਥੇਹ ਉੱਤੇ ਇਕ ਢਾਬ ਦੇ ਕਿਨਾਰੇ ਜਾ ਡੇਰੇ ਲਾਏ। ਤਕਰੀਬਨ ਸਿੱਖਾਂ ਦੀਆਂ ਸਾਰੀਆਂ ਵਹੀਰਾਂ ਜਿਨ੍ਹਾਂ ਦੀ ਗਿਣਤੀ ਵੱਖ-ਵੱਖ ਇਤਿਹਾਸਕਾਰਾਂ ਨੇ 50-60 ਹਜ਼ਾਰ ਦੱਸੀ ਹੈ। ਇਨ੍ਹਾਂ ਵਹੀਰਾਂ ਵਿੱਚ ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸ਼ਾਮਲ ਸਨ। ਜਦੋਂ ਅਬਦਾਲੀ ਨੂੰ ਸਿੱਖਾਂ ਨੂੰ ਪਾਣੀ ਦੀ ਢਾਬ ਕਿਨਾਰੇ ਇਕੱਠੇ ਹੋਣ ਦੀ ਸੂਹ ਮਿਲੀ ਤਾਂ ਉਹ ਆਪਣੀਆਂ ਫ਼ੌਜਾਂ ਨੂੰ ਲੈ ਕੇ ਕੱਪ ਰਹੀੜੇ ਨੂੰ ਚਲ ਪਿਆ। ਇਧਰ ਅਬਦਾਲੀ ਦੇ ਹੁਕਮ ਅਨੁਸਾਰ ਨਵਾਬ ਜੈਨ ਖਾਂ ਸਰਹੰਦ ਤੇ ਨਵਾਬ ਮਲੇਰ ਕੋਟਲਾ ਨੇ ਆਪਣੇ ਲਸ਼ਕਰ ਸਮੇਤ ਕੁੱਪ ਰਹੀੜਾ ਦੇ ਥੇਹ ਉਤੇ ਬੈਠੇ ਸਿੱਖਾਂ ਦੀਆਂ ਵਹੀਰਾਂ ਨੂੰ ਘੇਰਾ ਪਾ ਲਿਆ। ਨੌਜਵਾਨ ਸਿੱਖਾਂ ਨੇ ਆਪਣੇ ਜਰਨੈਲਾਂ ਦੀ ਅਗਵਾਈ ਅਬਦਾਲੀ ਦੀਓਂ ਦੋ ਤੋਂ ਢਾਈ ਲੱਖ ਫੌਜਾਂ ਦਾ ਆਲੇ ਦੁਆਲੇ ਤੋਂ ਘੇਰਾ ਪਾ ਕੇ ਸਖ਼ਤ ਮੁਕਾਬਾਲ ਕੀਤਾ।

ਸਿੱਖ ਪਰਿਵਾਰਾਂ ਨੂੰ ਬਚਾਉਣ ਲਈ ਭਾਈ ਸੇਖੂ ਸਿੰਘ, ਭਾਈ ਸੱਗੂ ਸਿੰਘ, ਭਾਈਕਾ ਜਾਨ ਹੁਲ ਕੇ ਪਰਿਵਾਰਾਂ ਨੂੰ ਬਚਾਉਣ ਲਈ ਜਾਨ ਹੂਲ ਕੇ ਲੜ ਰਹੇ ਸਨ। ਉਸ ਸਮੇਂ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਸ. ਚੜਤ ਸਿੰਘ ਸ਼ੁਕਰਚੱਕੀਆ, ਸ. ਕਰੋੜਾਸਿੰਘ, ਸ. ਕਰਮ ਸਿੰਘ, ਸ. ਗੁਜਰ ਸਿੰਘ, ਸ. ਨਾਹਰ ਸਿੰਘ, ਸ. ਹਰੀ ਸਿੰਘ ਭੰਗੂ ਆਦਿ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਸਰਦਾਰ ਜੰਗ-ਏ-ਮੈਦਾਨ ਵਿਚ ਕੌਮ ਲਈ ਜੂਝ ਰਹੇ ਸਨ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਬੁੱਢਾ ਦਲ ਦੇ ਜਥੇਦਾਰ ਸ. ਜੱਸਾ ਸਿੰਗ ਆਹਲੂਵਾਲੀਆ ਦੇ ਸਰੀਰ ਉੱਪਰ ਛੋਟੇ-ਵੱਡੇ 22 ਫੱਟ ਲੱਗੇ ਸਨ। ਇਸ ਘੱਲੂਘਾਰੇ ਦੇ ਇਸ ਘਮਸਾਣ ਦੇ ਯੁੱਧ ਵਿੱਚ ਸਿੱਖ ਦੁਰਾਨੀ ਦੀ ਫ਼ੌਜ ਅੱਗੇ ਚੱਟਾਨ ਵਾਂਗ ਅੜ ਖਲੋਤੇ। ਇਸ ਘੱਲੂਘਾਰੇ ਪ੍ਰਤੀ ਇਤਿਹਾਸਕਾਰਾਂ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਕਲਾ ਵਰਤ ਰਹੀ ਸੀ। ਆਪਣੇ ਵਹੀਰ ਵਿੱਚ ਸ਼ਾਮਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਬਚਾਉਂਦੇ ਅੱਗੇ ਵੱਧਦੇ ਗਏ।

ਥੋੜ੍ਹੇ ਸਮੇਂ ਵਿੱਚ ਹੀ ਇਸ ਲਹੂ ਡੋਲਵੀਂ ਲੜਾਈ ਵਿਚ ਜੰਗ-ਏ-ਮੈਦਾਨ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ। ਬਹਾਦਰੀ ਨਾਲ ਲੜਨ ਵਾਲੇ ਸਿੱਖ ਸਰਦਾਰਾਂ ਦੇ ਸਰੀਰ ਤੇਜ ਹਥਿਆਰਾਂ ਨਾਲ ਵਿਨ੍ਹੇ ਗਏ। ਸ. ਆਹਲੂਵਾਲੀਆ ਤੋਂ ਇਲਾਵਾ ਸ. ਸ਼ਾਮ ਸਿੰਘ ਦੇ ਸਰੀਰਾਂ ਉਪਰ ਅਨੇਕਾਂ ਡੂੰਘਏ ਤੇ ਗਹਿਰੇ ਫੱਟ ਲੱਗੇ ਸਨ। ਕੁਪ-ਰੁਹੀੜੇ ਦੀ ਇਸ ਰਣ-ਭੂਮੀ ਵਿੱਚ ਹੋਏ ਇਸ ਘਮਸਾਨ ਦੇ ਯੁੱਧ 5 ਫਰਵਰੀ 1762 ਨੂੰ ਤਕਰੀਬਨ 30-35 ਹਜ਼ਾਰ ਸਿੰਘ ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹਾਦਤ ਦਾ ਜਾਮ ਪੀਤਾ। ਕੁਝ ਇਤਿਹਾਸਕਾਰਾਂ ਮੁਤਾਬਿਕ ਇਸ ਘੱਲੂਘਾਰੇ ਵਿਚ ਤਕਰੀਬਨ ਅੱਧੀ ਸਿੱਖ ਕੌਮ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਸ ਵੱਡੇ ਕੌਮੀ ਨੁਕਸਾਨ ਤੇ ਸ਼ਹੀਦੀਆਂ ਨੂੰ ਵੇਖਦਿਆਂ ਨੂੰ ਇਸ ਖ਼ੂਨੀ ਸਾਕੇ ਨੂੰ ਵੱਡੇ-ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ। ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਕੁਪ-ਰੁਹੀੜੇ ਦੇ ਇਸ ਅਸਥਾਨ 'ਤੇ ਗੁ: ਵੱਡਾ ਘੱਲੂਘਾਰਾ ਅਤੇ ਸ਼ਹੀਦੀ ਯਾਦਗਾਰ ਨੂੰ ਵੇਖਣ ਲਈ ਅੱਜ ਵੀ ਵੱਡੀ ਗਿਣਤੀ ਵਿਚ ਸੰਗਤ ਨਤਮਸਤਕ ਹੁੰਦੀ ਹੈ। ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਣ।

* * * * * * *

## ਅਮਰੀਕੀ ਨਿਆਂ ਮੰਤਰਾਲੇ ਨੇ ਟਰੰਪ ਦੇ ਵਿਰੁਧ ਅਪਰਾਧਕ ਜਾਂਚ ਚ ਸ਼ਾਮਲ 12 ਕਰਮਚਾਰੀਆਂ ਨੂੰ ਕਰ ਦਿਤਾ ਬਰਖ਼ਾਸਤ

ਅਮਰੀਕੀ ਨਿਆਂ ਮੰਤਰਾਲੇ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਰੁਧ ਅਪਰਾਧਕ ਜਾਂਚ ਚ ਸ਼ਾਮਲ ਘੱਟੋ-ਘੱਟ 12 ਕਰਮਚਾਰੀਆਂ ਨੂੰ ਬਰਖ਼ਾਸਤ ਕਰ ਦਿਤਾ ਹੈ। ਮੰਤਰਾਲੇ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿਤੀ। ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਫ਼ਰਸਤੂੰਚ ਕੰਮ ਕਰਨ ਵਾਲੇ ਵਕੀਲਾਂ ਨੂੰ ਨਿਸ਼ਾਨਾ ਬਣਾ ਕੇ ਅਚਾਨਕ ਕੀਤੀ ਗਈ ਇਹ ਕਾਰਵਾਈ ਨਿਆਂ ਮੰਤਰਾਲੇ ਦੇ ਅੰਦਰ ਗੜਬੜੀ ਦਾ ਤਾਜ਼ਾ ਸੰਕੇਤ ਹੈ ਅਤੇ ਇਹ ਉਨ੍ਹਾਂ ਕਰਮਚਾਰੀਆਂ ਨੂੰ ਹਟਾਉਣ ਦੀ ਟਰੰਪ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦਰਸ਼ਾਉਂਦਾ ਹੈ ਜਿਨ੍ਹਾਂ ਨੂੰ ਉਹ ਰਾਸ਼ਟਰਪਤੀ ਪ੍ਰਤੀ ਵਫ਼ਾਦਾਰ ਨਹੀਂ ਸਮਝਦਾ। ਸਮਿਥ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਅਸਤੀਫ਼ਾ ਦੇ ਦਿਤਾ ਸੀ।

ਵਕੀਲਾਂ ਨੂੰ ਰਾਸ਼ਟਰਪਤੀ ਬਦਲਣ ਦੇ ਬਾਵਜੂਦ ਬਰਕਰਾਰ ਰੱਖੇ ਜਾਣ ਦੀ ਰਵਾਇਤ ਰਹੀ ਹੈ ਅਤੇ ਸੰਵੇਦਨਸ਼ੀਲ ਜਾਂਚਾਂ ਵਿਚ ਸ਼ਾਮਲ ਹੋਣ ਕਾਰਨ ਸਜ਼ਾ ਨਹੀਂ ਦਿਤੀ ਜਾਂਦੀ ਹੈ। ਇਸ ਦੇ ਬਾਵਜੂਦ ਇਹ ਕਦਮ ਚੁੱਕਿਆ ਗਿਆ। ਨਿਆਂ ਵਿਭਾਗ ਦੇ ਇਕ ਅਧਿਕਾਰੀ ਨੇ ਅਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਬੋਲਦਿਆਂ ਪੁਸ਼ਟੀ ਕੀਤੀ ਕਿ ਕਾਰਜਕਾਰੀ ਅਟਾਰਨੀ ਜਨਰਲ ਜੇਮਸ ਮੈਕਹੈਨਰੀ ਨੇ ਸਟਾਫ਼ ਨੂੰ ਬਰਖ਼ਾਸਤ ਕਰ ਦਿਤਾ ਹੈ। ਇਹ ਤੁਰਤ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਹੁਕਮ ਨਾਲ ਪ੍ਰਭਾਵਤ ਵਕੀਲ ਕੌਣ ਹਨ।


**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕਰੌਲੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ**

ਕੰਮ – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਲੰਗਰ ਬਣਾਉਣ ਤੇ ਵਰਤਾਉਣ ਦੀ ਸੇਵਾ, ਗੁਰਦੁਆਰੇ ਦੀ ਰਾਖੀ ਆਦਿ ਕਰਨੀ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ। ਗੁਰੂ ਘਰ ਵਿਖੇ ਘੱਟੋ–ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ

**7 ਫਰਵਰੀ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।**

**VACANCY for Tier-5 Religious Worker**

***1 Religious Worker Required:*** Role includes reciting from Guru Granth Sahib Ji. Perform Keertan (Singing Hymns), must be able to prepare and serve Langar, assisting the granthi at weddings, funerals etc..

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay.

***Closing Date 7th FEBRUARY 2025***

PLEASE APPLY TO ADDRESS BELOW OR CONTACT

J.S. BAJWA - Tel: +447976436245 WhatsApp only

Email: info@crawleygurdwara.org.uk

**SIRI GURU SINGH SABHA**

**IFIELD GREEN CRAWLEY RH11 0NU**

# ਰਾਸ਼ਟਰੀ ਬਾਲਿਕਾ ਦਿਵਸ-ਲੜਕੀਆਂ ਦੇ ਹੱਕਾਂ ਲਈ ਇੱਕ ਮਹੱਤਵਪੂਰਨ ਕਦਮ

ਸੰਦੀਪ ਕੁਮਾਰ
7009807121





ਰਾਸ਼ਟਰੀ ਬਾਲਿਕਾ ਦਿਵਸ ਹਰ ਸਾਲ 24 ਜਨਵਰੀ ਨੂੰ ਭਾਰਤ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਭਾਰਤ ਦੀਆਂ ਲੜਕੀਆਂ ਦੇ ਜੀਵਨ ਵਿੱਚ ਆਉਣ ਵਾਲੀਆਂ ਅਸਮਾਨਤਾਵਾਂ ਅਤੇ ਸਮੱਸਿਆਵਾਂ ਦੀ ਪਹਿਚਾਣ ਕਰਵਾਉਣਾ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਜਾਗਰੂਕਤਾ ਫੈਲਾਉਣਾ ਹੈ। ਭਾਰਤੀ ਸਮਾਜ ਵਿੱਚ ਲੜਕੀਆਂ ਦੀ ਸਥਿਤੀ ਹਮੇਸ਼ਾ ਚੁਣੌਤੀਆਂ ਭਰੀ ਰਹੀ ਹੈ। ਸਦੀਆਂ ਤੋਂ ਇਹਨਾਂ ਨੂੰ ਸਿੱਖਿਆ, ਪੋਸ਼ਣ, ਸੁਰੱਖਿਆ ਅਤੇ ਸਮਾਨ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ। ਰਾਸ਼ਟਰੀ ਬਾਲਿਕਾ ਦਿਵਸ ਇਨ੍ਹਾਂ ਮਸਲਿਆਂ ਨੂੰ ਪ੍ਰਕਾਸ਼ ਵਿੱਚ ਲਿਆਉਣ ਅਤੇ ਲੜਕੀਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਇੱਕ ਕੋਸ਼ਿਸ਼ ਹੈ।

ਭਾਰਤ ਵਿੱਚ ਪੁੱਤਰਪ੍ਰਧਾਨ ਸੰਸਕ੍ਰਿਤੀ ਦੀ ਲੰਮੀ ਇਤਿਹਾਸਿਕ ਗਾਥਾ ਵਿੱਚ ਲੜਕੀਆਂ ਨਾਲ ਹਮੇਸ਼ਾ ਪੱਖ-ਪਾਤ ਕੀਤਾ ਗਿਆ ਹੈ। ਪੁਰਾਣੇ ਸਮਿਆਂ ਤੋਂ ਲੈ ਕੇ ਆਧੁਨਿਕ ਯੁੱਗ ਤੱਕ, ਲੜਕੀਆਂ ਨੂੰ ਘਰ ਦੀ ਚਾਰਦਿਵਾਰੀ ਵਿੱਚ ਰੱਖਣ ਅਤੇ ਉਨ੍ਹਾਂ ਦੀ ਸਿੱਖਿਆ ਤੇ ਵਿਕਾਸ ਨੂੰ ਰੋਕਣ ਦੇ ਕਈ ਉਦਾਹਰਣ ਮਿਲਦੇ ਹਨ। ਕੁੜੀਆਂ ਦੀ ਜਨਮ ਦਰ ਨੂੰ ਘਟਾਉਣ ਵਾਲੇ ਕੁੱਖ ਭਰੂਣ ਹੱਤਿਆ ਦੇ ਮਾਮਲੇ ਵੀ ਸਮਾਜ ਦੇ ਅੰਦਰੂਨੀ ਪੱਖ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ ਦੀ ਮਨੋਵ੍ਰਿਤੀ ਲੜਕੀਆਂ ਦੀ ਸੁਰੱਖਿਆ ਅਤੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਰਹੀ ਹੈ। ਸਰਕਾਰ ਵੱਲੋਂ 2008 ਵਿੱਚ ਪਹਿਲੀ ਵਾਰ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਗਿਆ। ਇਸ ਦਿਨ ਦੇ ਰਾਹੀਂ ਸਰਕਾਰ ਅਤੇ ਸਮਾਜ ਦੇ ਵੱਖ-ਵੱਖ ਹਿੱਸੇ ਮਿਲ ਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਲੜਕੀਆਂ ਨੂੰ ਉਹਨਾਂ ਦੇ ਜਨਮ ਤੋਂ ਹੀ ਸਮਾਨ ਅਧਿਕਾਰ, ਸਿੱਖਿਆ, ਪੋਸ਼ਣ, ਸੁਰੱਖਿਆ ਅਤੇ ਆਰਥਿਕ ਆਤਮ-ਨਿਰਭਰਤਾ ਪ੍ਰਾਪਤ ਹੋਵੇ।

ਇਸ ਦਿਨ ਦਾ ਮੁੱਖ ਮੰਤਵ, ਸਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ, ਲੋਕਾਂ ਦੇ ਵਿਚਾਰਾਂ ਵਿੱਚ ਬਦਲਾਅ ਲਿਆਉਣ ਅਤੇ ਲੜਕੀਆਂ ਦੇ ਪ੍ਰਤੀ ਪਿਆਰ ਅਤੇ ਸਮਮਾਨ ਪੈਦਾ ਕਰਨ ਲਈ ਪ੍ਰੇਰਨਾ ਦੇਣੇ ਵਾਲੇ ਕਾਰਜ ਸ਼ਾਮਲ ਹਨ।

ਭਾਰਤ ਵਿੱਚ ਅਸਮਾਨਤਾ ਬਹੁਤ ਸਪਸ਼ਟ ਹੈ। ਲੜਕੀਆਂ ਨੂੰ ਕਈ ਮੌਕਿਆਂ ਤੇ ਸਿਰਫ਼ ਇਸ ਲਈ ਪਿੱਛੇ ਰੱਖਿਆ ਜਾਂਦਾ ਹੈ ਕਿਉਂਕਿ ਉਹ ਕੁੜੀਆਂ ਹਨ। ਉਦਾਹਰਣ ਵਜੋਂ, ਬਹੁਤ ਸਾਰੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ ਕੁੜੀਆਂ ਦੀ ਸਿੱਖਿਆ ਨੂੰ ਅਕਸਰ ਅਣਗੋਲਿਆ ਜਾਂਦਾ ਹੈ। ਉਹਨਾਂ ਨੂੰ ਘਰ ਦੇ ਕੰਮ-ਕਾਜ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਦਕਿ ਮੁੰਡਿਆਂ ਨੂੰ ਅੱਗੇ ਵਧਣ ਦੇ ਮੌਕੇ ਦਿੱਤੇ ਜਾਂਦੇ ਹਨ। ਇਹ ਮਾਨਸਿਕਤਾ ਸਿਰਫ਼ ਪਿੰਡਾਂ ਤੱਕ ਸੀਮਿਤ ਨਹੀਂ, ਸਗੋਂ ਸ਼ਹਿਰਾਂ ਵਿੱਚ ਵੀ ਅਜਿਹਾ ਹੀ ਮਾਹੌਲ ਪਾਇਆ ਜਾਂਦਾ ਹੈ। ਸਿੱਖਿਆ ਹੀ ਉਹ ਜਰੀਆ ਹੈ ਜਿਸ ਨਾਲ ਲੜਕੀਆਂ ਨੂੰ ਆਪਣੇ ਹੱਕਾਂ ਅਤੇ ਮੁੱਲਾਂ ਦੀ ਪਹਿਚਾਣ ਹੋ ਸਕਦੀ ਹੈ। ਰਾਸ਼ਟਰੀ ਬਾਲਿਕਾ ਦਿਵਸ ਸਿੱਖਿਆ ਦੇ ਮਹੱਤਵ ਨੂੰ ਰੌਸ਼ਨ ਕਰਦਾ ਹੈ। ਸਰਕਾਰ ਵੱਲੋਂ ਕਈ ਯੋਜਨਾਵਾਂ ਜਿਵੇਂ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਸ਼ੁਰੂ ਕੀਤੀਆਂ ਗਈਆਂ ਹਨ ਜੋ ਬਾਲਿਕਾਵਾਂ ਦੀ ਸਿੱਖਿਆ ਅਤੇ ਸੁਰੱਖਿਆ ਲਈ ਇੱਕ ਵੱਡਾ ਕਦਮ ਸਾਬਿਤ ਹੋਈਆਂ। ਇਹ ਮੁਹਿੰਮ ਸਿਰਫ਼ ਇੱਕ ਸੰਦੇਸ਼ ਦੇਣ ਲਈ ਨਹੀਂ ਸਗੋਂ ਸਮਾਜਕ ਬਦਲਾਅ ਦੇ ਪ੍ਰਚਾਰ ਲਈ ਸਥਾਪਿਤ ਕੀਤੀ ਗਈ।


ਲੜਕੀਆਂ ਦੇ ਪੋਸ਼ਣ ਤੇ ਸਿਹਤ ਦਾ ਮਾਮਲਾ ਵੀ ਇਕ ਚਿੰਤਾਜਨਕ ਮੁੱਦਾ ਹੈ। ਕਈ ਖੇਤਰਾਂ ਵਿੱਚ ਲੜਕੀਆਂ ਨੂੰ ਮੁੰਡਿਆਂ ਦੇ ਮੁਕਾਬਲੇ ਘੱਟ ਪੋਸ਼ਣ ਪ੍ਰਾਪਤ ਹੁੰਦਾ ਹੈ। ਇਸ ਦੇ ਕਾਰਨ ਲੜਕੀਆਂ ਦੀ ਸਿਹਤ ਖਰਾਬ ਹੋਣ ਦੇ ਮਾਮਲੇ ਵਧ ਰਹੇ ਹਨ। ਰਾਸ਼ਟਰੀ ਬਾਲਿਕਾ ਦਿਵਸ ਸਾਡਾ ਧਿਆਨ ਇਸ ਗੱਲ ਵੱਲ ਕੇਂਦਰਤ ਕਰਦਾ ਹੈ ਕਿ ਸਿਹਤਮੰਦ ਭਵਿੱਖ ਲਈ ਕੁੜੀਆਂ ਨੂੰ ਸੁਰੱਖਿਅਤ ਅਤੇ ਪੋਸ਼ਕ ਖੁਰਾਕ ਦੀ ਲੋੜ ਹੈ। ਇਸ ਦਿਨ ਮਾਤਾ ਅਤੇ ਪਿਤਾ ਨੂੰ ਆਪਣੀਆਂ ਧੀਆਂ ਨੂੰ ਆਤਮ-ਨਿਰਭਰ ਬਣਾਉਣ ਦੇ ਮੌਕੇ ਦੇਣ ਬਾਰੇ ਸਿਖਾਇਆ ਜਾਂਦਾ ਹੈ। ਲੜਕੀਆਂ ਨੂੰ ਆਪਣੇ ਅਧਿਕਾਰਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਸਿੱਖਿਆ ਦਿੱਤੀ ਜਾਵੇ ਕਿ ਉਹ ਕਿਸ ਤਰ੍ਹਾਂ ਆਪਣੇ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵੱਧ ਸਕਦੀਆਂ ਹਨ। ਇਸ ਦਿਨ ਦੇ ਰਾਹੀਂ ਇਹ ਸੰਦੇਸ਼ ਦਿੱਤਾ ਜਾਂਦਾ ਹੈ ਕਿ ਕੁੜੀਆਂ ਸਿਰਫ਼ ਘਰ ਦੀ ਮਰਿਆਦਾ ਤੱਕ ਸੀਮਿਤ ਨਹੀਂ, ਸਗੋਂ ਹਰ ਖੇਤਰ ਵਿੱਚ ਉਹ ਉੱਚਾ ਮੁਕਾਮ ਹਾਸਲ ਕਰ ਸਕਦੀਆਂ ਹਨ।

ਰਾਸ਼ਟਰੀ ਬਾਲਿਕਾ ਦਿਵਸ ਸਿਰਫ਼ ਇੱਕ ਦਿਨ ਲਈ ਜਸ਼ਨ ਮਨਾਉਣ ਵਾਲਾ ਦਿਨ ਨਹੀਂ ਹੈ, ਸਗੋਂ ਇਹ ਇੱਕ ਚੇਤਾਵਨੀ ਹੈ ਕਿ ਅਜੇ ਵੀ ਭਾਰਤ ਵਿੱਚ ਲੜਕੀਆਂ ਦੀ ਸਥਿਤੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਲੜਕੀਆਂ ਨੂੰ ਸਿੱਖਿਆ, ਪੋਸ਼ਣ, ਸੁਰੱਖਿਆ ਅਤੇ ਮੌਕੇ ਦੇਣ ਵਿੱਚ ਆਪਣਾ ਯੋਗਦਾਨ ਪਾਈਏ, ਕਿਉਂਕਿ ਸਮਾਜਕ ਬਦਲਾਅ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ। ਜਦੋਂ ਹਰੇਕ ਘਰ ਆਪਣੇ ਘਰ ਦੀ ਲੜਕੀ ਨੂੰ ਸਹਾਰਾ ਦੇਵੇਗਾ, ਤਦੋਂ ਸਾਡਾ ਦੇਸ਼ ਇੱਕ ਤਰੱਕੀਸ਼ੀਲ ਅਤੇ ਸਮਾਨ ਸੰਸਾਰ ਬਣੇਗਾ। ਇਹ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਲੜਕੀਆਂ ਦੀ ਮੌਜੂਦਗੀ ਸਿਰਫ਼ ਪਰਿਵਾਰ ਲਈ ਹੀ ਨਹੀਂ ਸਗੋਂ ਪੂਰੇ ਸਮਾਜ ਲਈ ਮਹੱਤਵਪੂਰਨ ਹੈ। ਉਹ ਇੱਕ ਮਾਂ, ਭੈਣ, ਪਤਨੀ, ਬੇਟੀ ਅਤੇ ਅਗਵਾਈ ਕਰਨ ਵਾਲੇ ਵਜੋਂ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਨੂੰ ਸਮਾਨ ਅਧਿਕਾਰ ਅਤੇ ਮੌਕੇ ਦੇਣਾ ਸਿਰਫ਼ ਇੱਕ ਜ਼ਿੰਮੇਵਾਰੀ ਨਹੀਂ, ਸਗੋਂ ਇਹ ਸਾਡਾ ਕਰਤਵ ਹੈ। ਅਸੀਂ ਇਹਨਾਂ ਕੁਝ ਕਦਮਾਂ ਦੁਆਰਾ ਲੜਕੀਆਂ ਦੀ ਜ਼ਿੰਦਗੀ ਵਿੱਚ ਬਦਲਾਅ ਲਿਆ ਸਕਦੇ ਹਾਂ। ਇਹ ਦਿਨ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਅਸੀਂ ਆਪਣੀ ਸੋਚ ਨੂੰ ਬਦਲ ਕੇ ਲੜਕੀਆਂ ਦੇ ਹੱਕਾਂ ਲਈ ਕੰਮ ਕਰੀਏ। ਰਾਸ਼ਟਰੀ ਬਾਲਿਕਾ ਦਿਵਸ ਸਾਡੇ ਸਮਾਜ ਨੂੰ ਸਮਾਨਤਾ, ਆਦਰਸ਼ ਅਤੇ ਵਿਵੇਕਸ਼ੀਲਤਾ ਵਲ ਲੈਕੇ ਜਾਣ ਵਾਲੀ ਇੱਕ ਕੋਸ਼ਿਸ਼ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਥੱਪੜ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ



ਮੈਂ ਪੰਜਵੀਂ ਜਮਾਤ ਪਾਸ ਕਰਕੇ ਛੇਵੀਂ ਕਲਾਸ ਵਿੱਚ ਬਜਰੂੜ ਜ਼ਿਲ੍ਹਾ ਰੂਪਨਗਰ ਦਾਖਲ ਹੋ ਗਿਆ ਸੀ। ਇੱਕ ਤਰ੍ਹਾਂ ਨਾਲ ਨਵੀਂ ਦੁਨੀਆਂ ਵਿੱਚ ਹੀ ਪ੍ਰਵੇਸ਼ ਕੀਤਾ ਸੀ ਕਿਉਂਕਿ ਹੋਰਨਾਂ ਪਿੰਡਾਂ ਤੋਂ ਪ੍ਰਾਇਮਰੀ ਪਾਸ ਕਰਕੇ ਵੀ ਇਸੇ ਸਕੂਲ ਵਿੱਚ ਆਏ ਸਨ। ਪ੍ਰਾਇਮਰੀ ਸਕੂਲ ਅਤੇ ਹਾਈ ਸਕੂਲ ਦਾ ਵੱਡਾ ਫਰਕ ਹੁੰਦਾ ਹੈ। ਸਾਡੇ ਜ਼ਮਾਨੇ ਵਿੱਚ ਆਪਣੇ ਬੱਚਿਆਂ ਨੂੰ ਸਜ਼ਾ ਦੇਣ ਲਈ ਮਾਪੇ ਆਪ ਹੀ ਕਹਿ ਦਿੰਦੇ ਸਨ। ਉਸ ਸਮੇਂ 'ਡੰਡਾ ਪੀਰ ਹੈ ਵਿਗੜਿਆਂ ਵਿਗੜਿਆਂ ਦਾ' ਆਮ ਪ੍ਰਚੱਲਿਤ ਵੀ ਸੀ।

ਮੇਰੇ ਬਾਪੂ ਜੀ ਹੁਰੀਂ ਉਸੇ ਸਕੂਲ ਵਿੱਚ ਕਲਰਕ ਸਨ। ਉਹਨਾਂ ਸਾਰੇ ਅਧਿਆਪਕਾਂ ਨੂੰ ਕਹਿ ਦਿੱਤਾ ਸੀ ਕਿ ਮੇਰੇ ਵਲੋਂ ਤੁਹਾਨੂੰ ਖੁੱਲ੍ਹੀ ਛੁੱਟੀ। ਗਲਤੀ ਕਰੇ ਜਾਂ ਪੜਾਈ ਤੋਂ ਬਚਕਾਨਾ ਕਾਰਵਾਈ ਕਰੇ ਤਾਂ ਦੇ ਥੱਪੜ ਦੇ ਥੱਪੜ। ਉਂਝ ਮੈਂ ਆਪਣੇ ਆਪ ਜੋਗਾ ਤਾਂ ਸੀ ਪਰ ਬਹੁਤਾ ਪੜ੍ਹਾਈ ਲਾਇਕ ਨਹੀਂ ਸਾਂ। ਬਾਪੂ ਜੀ ਚਾਹੁੰਦੇ ਸਨ ਕਿ ਸੱਭਿਅਕ ਵੀ ਬਣੇ। ਮੈਨੂੰ ਜਾਣਨ ਕਰਕੇ ਮੇਰੇ ਤੇ ਜ਼ਿੰਮੇਵਾਰੀ ਦਾ ਅਹਿਸਾਸ ਰਹਿੰਦਾ ਸੀ। ਇਸ ਘੁਟਨ ਵਿੱਚ ਸੋਚਦਾ ਰਹਿੰਦਾ। ਇੱਕ ਦਿਨ ਮੈਨੂੰ ਹਿੰਦੀ ਅਧਿਆਪਕ ਸ੍ਰੀ ਸੋਹਣ ਲਾਲ ਨੇ ਬੁਲਾਇਆ। ਮੈਂ ਸਹਿਜ ਸੁਭਾਅ ਚਲਾ ਗਿਆ। ਉਹਨਾਂ ਜਾਂਦੀ ਸਾਰ ਮੂੰਹ ਤੇ ਥੱਪੜ ਮਾਰਿਆ। ਮੈਂ ਡੌਰ ਭੌਰ ਹੋ ਕੇ ਥੱਪੜ ਪੀੜ ਸਹਿਣ ਲੱਗਿਆ।


ਹਿੰਦੀ ਅਧਿਆਪਕ ਸ੍ਰੀ ਸੋਹਣ ਲਾਲ ਜੀ ਨੇ ਸੋਚਿਆ ਕਿ ਥੱਪੜ ਤਾਂ ਮਾਰ ਦਿੱਤਾ, ਪਰ ਲੱਗਦਾ ਇਸਨੂੰ ਕਾਰਨ ਨਹੀਂ ਪਤਾ ਚੱਲਿਆ। ਉਹਨਾਂ ਮੈਨੂੰ ਪੁੱਛਿਆ ਕਿ ਥੱਪੜ ਪਤਾ ਕਿਉਂ ਵੱਜਿਆ ? ਮੈਂ ਕਿਹਾ ਪਤਾ ਨਹੀਂ ਜੀ। ਉਹਨਾਂ ਕਿਹਾ ਤੇਰੇ ਬਾਪੂ ਨੇ ਕਿਹਾ ਹੈ ਕਿ ਸੱਭਿਅਕ ਅਤੇ ਸਮਾਜੀ ਵੀ ਬਣਾਉਣਾ ਹੈ। ਤੂੰ ਪੁੱਤ ਮੂੰਹ ਨਾਲ ਸੀਟੀ ਮਾਰੀ ਰਿਹਾ ਸੀ। ਸੀਟੀ ਮਾਰਨੀ ਅਸ਼ਲੀਲ ਹਰਕਤਾਂ ਵਿੱਚੋਂ ਇੱਕ ਹੈ। ਮੇਰੀ ਜਾਣਕਾਰੀ ਬਰਾਸਤਾ ਥੱਪੜ ਵਧੀ। ਬੱਚੇ ਖੁਸ਼ ਹੋ ਗਏ।

ਜਿਸ ਦਿਨ ਕੁਲਵਿੰਦਰ ਕੌਰ ਨੇ ਕੰਗਣਾ ਰਣੌਤ ਨਾਲ ਥੱਪੜ ਦੀ ਹਰਕਤ ਕੀਤੀ ਮੈਨੂੰ ਵੀ ਆਪਣੇ ਵੱਜੇ ਥੱਪੜ ਦੀ ਯਾਦ ਆਈ। ਇਹ ਥੱਪੜ ਸਰਕਾਰੀ ਸੇਵਾ ਅਤੇ ਵਰਦੀ ਕਰਕੇ ਤਾਂ ਠੀਕ ਨਹੀਂ ਸੀ, ਗਲਤ ਸੀ। ਪਰ ਮੈਂ ਗਿਣਤੀਆਂ ਮਿਣਤੀਆਂ ਕਰਕੇ ਸੋਚਿਆ ਕਿ ਥੱਪੜ ਥੱਪੜ ਵਿੱਚ ਵੀ ਅੰਤਰ ਹੁੰਦਾ ਹੈ। ਇੱਕ ਨੇ ਪ੍ਰਵਾਹ ਕੀਤੇ ਬਿਨਾਂ ਮਾਂਵਾਂ ਦੇ ਵਾਸਤੇ ਜਜ਼ਬਾਤ ਅੱਗੇ ਬੇਵਸ ਹੋ ਕੇ ਮਾਰਿਆ, ਇੱਕ ਥੱਪੜ ਵਿਦਿਆਰਥੀਆਂ ਨੂੰ ਅਧਿਆਪਕ ਧਰਮ ਮੁਤਾਬਕ ਸੱਭਿਅਕ ਬਣਾਉਣ ਲਈ ਵੱਜਿਆ। ਹਾਂ ਥੱਪੜ ਵੱਜਣ ਤੋਂ ਮੈਨੂੰ ਪਤਾ ਚੱਲਿਆ ਥੱਪੜ ਦਾ ਗੱਲ੍ਹ ਨਾਲ ਸੰਬੰਧ ਗੂੜ੍ਹਾ ਹੈ। ਦੋਵੇਂ ਇਕ ਦੂਜੇ ਤੋਂ ਬਿਨਾਂ ਅਧੂਰੇ ਹਨ।

ਥੱਪੜ ਤੋਂ ਬਾਅਦ ਮੈਂ ਅੱਜ ਤੱਕ ਮੂੰਹ ਨਾਲ ਸੀਟੀ ਨਹੀਂ ਮਾਰੀ। ਮੈਂ ਭੁੱਲ ਹੀ ਗਿਆ। ਹੁਣ ਮੈਂ ਗੁਪਤ ਤਰੀਕੇ ਨਾਲ ਮੂੰਹ ਨਾਲ ਸੀਟੀ ਮਾਰਨ ਦੀ ਕੋਸ਼ਿਸ਼ ਕਰਦਾ ਹਾਂ ਤਾਂ ਵੱਜਦੀ ਹੀ ਨਹੀਂ। ਇੱਕ ਥੱਪੜ ਨੇ ਸੱਭਿਅਕ ਬੁਨਿਆਦ ਪੱਕੀ ਕਰ ਦਿੱਤੀ। ਮੈਂ ਉਸ ਅਧਿਆਪਕ ਦੇ ਅੱਜ ਪੈਰੀਂ ਹੱਥ ਜ਼ਰੂਰ ਲਾਉਂਦਾ ਹਾਂ ਕਿਉਂਕਿ ਉਸ ਥੱਪੜ ਦੀ ਅੱਜ ਵੀ ਸਮਝ ਆਉਂਦੀ ਹੈ।

ਲੜੀਵਾਰ
ਨਾਵਲ

ਕਮਲ ਗਿੱਲ



Mob : +44 07454 394684

# ਗੰਧਲੇ ਰਿਸ਼ਤੇ

**ਮੈਂ ਦੋ ਕੁ ਵਾਰ ਮਾਮਾ ਜੀ ਮਾਮਾ ਜੀ ਆਖ ਕੇ ਅਵਾਜ਼ ਮਾਰੀ । ਮਾਮੇ ਨੇ ਮੇਰੀ ਆਵਾਜ਼ ਦਾ ਉੱਤਰ ਨਾ ਦਿੱਤਾ ਤਾਂ ਮੈ ਡਰ ਗਈ ਕਿ ਮਤਾ ਮਾਮੇ ਨੂੰ ਅੰਦਰ ਕੁੱਝ ਹੋ ਹੀ ਨਾ ਗਿਆ ਹੋਵੇ।ਹਵੇਲੀ ਵਿੱਚ ਹੋਰ ਕੋਈ ਹੈ ਵੀ ਨਹੀਂ ਸੀ ਮੇਰੇ ਤੇ ਮਾਮੇ ਤੋਂ ਬਿਨਾਂ। ਮੈ ਕਾਹਲੀ ਨਾਲ ਅੰਦਰ ਬੈਠਕ ਵੱਲ ਮਾਮੇ ਨੂੰ ਵੇਖਣ ਭੱਜੀ। ਅੰਦਰ ਵੜ੍ਹਦਿਆਂ ਹੀ ਇੱਕ ਦਮ ਕਿਸੇ ਨੇ ਬੱਤੀ ਦਾ ਸਵਿੱਚ ਬੰਦ ਕਰ ਦਿੱਤਾ ਤੇ ਮੈਨੂੰ ਜ਼ੋਰ ਨਾਲ ਮਜ਼ਬੂਤ ਬਾਹਾਂ ਨੇ ਘੁੱਟ ਲਿਆ। ਮੈਂ ਬਹੁਤ ਡਰ ਗਈ ਮੇਰੀ ਚੀਕ ਨਿਕਲ ਗਈ ਮੈਨੂੰ ਪਤਾ ਨਹੀਂ ਚੱਲ ਰਿਹਾ ਸੀ ਕਿ ਮੈਨੂੰ ਘੁੱਟਣ ਵਾਲਾ ਕੌਣ ਹੈ । ਕਮਰੇ ’ਚ ਬਹੁਤ ਹਨ੍ਹੇਰਾ ਸੀ । ਮੈਂ ਮਾਮਾ ਜੀ ਮਾਮਾ ਜੀ ਕਰ ਕੇ ਆਵਾਜ਼ਾਂ ਮਾਰਨ ਲੱਗ ਗਈ।ਕੁੱਝ ਪਲ ਲਈ ਮੈਨੂੰ ਲੱਗਾ ਕਿ ਕੋਈ ਚੋਰ ਦਰਵਾਜ਼ੇ ਪਿੱਛੇ ਲੁੱਕ ਕੇ ਖੜ੍ਹਾ ਸੀ। ਮੈਨੂੰ ਘੁੱਟ ਕੇ ਜੱਫੀ ਪਾਉਣ ਵਾਲੇ ਨੇ ਬੇਤਹਾਸ਼ਾ ਚੁਮੰਣਾ ਸ਼ੁਰੂ ਕਰ ਦਿੱਤਾ। ਉਸ ਦੇ ਮੂੰਹ ’ਚੋਂ ਸ਼ਰਾਬ ਦਾ ਮੁਸ਼ਕ ਆ ਰਿਹਾ ਸੀ।**




## ਕਿਸ਼ਤ-9

ਨਾਲੇ ਜਵਾਨ ਕੁੜੀ ਲਈ ਜ਼ਰੂਰੀ ਸੀ ਕਿ ਉਹ ਦੂਜੀਆਂ ਕੁੜੀਆਂ ਨੂੰ ਫੇਰੇ ਲੈਂਦੇ ਵੇਖੇ ਤਾਂ ਕਿ ਉਹ ਆਪ ਸਿੱਖ ਲਵੇ ਕਿ ਇਸ ਤਰ੍ਹਾਂ ਫੇਰਿਆਂ ’ਤੇ ਨੀਂਵੀ ਪਾ ਕੇ ਘੁੰਮੀਦਾ ਹੈ। ਪਰ ਮੈਨੂੰ ਇਹ ਗੱਲ ਬੇਫਜ਼ੂਲ ਲੱਗਦੀਆਂ ਸਨ। ਖੈਰ ਬੀਜੀ ਦੇ ਬੜਾ ਕਹਿਣ ’ਤੇ ਮੈਂ ਬੀਜੀ ਨਾਲ ਉਸ ਦੇ ਨਾਨਕੀ ਵਿਆਹ ਚੱਲੇ ਗਈ। ਮਾਂ ਦੇ ਕਿਸੇ ਰਿਸ਼ਤੇਦਾਰ ਦਾ ਵਿਆਹ ਸੀ ।ਬਹੁਤ ਸਾਰੇ ਪ੍ਰੋਹਣੇ ਆਏ ਹੋਏ ਸਨ। ਉਨ੍ਹਾਂ ’ਚੋ ਹੀ ਇੱਕ ਮਾਂ ਦੀ ਸਕੀ ਮਾਸੀ ਦਾ ਮੁੰਡਾ ਜੈਮਲ ਵੀ ਆਪਣੀ ਬਹੂ ਨਾਲ ਅਮਰੀਕਾ ਤੋਂ ਆਇਆ ਹੋਇਆ ਸੀ। ਮਾਂ ਦੀ ਮਾਸੀ ਦਾ ਪੁੱਤ ਸੀ ਤਾਂ ਫਿਰ ਮਾਂ ਦਾ ਭਰਾ ਹੀ ਹੋਇਆ ਤੇ ਮੇਰਾ ਮਾਮਾ। ਛੇ ਸਾਲ ਪਹਿਲਾ ਮਾਮੇ ਨੇ ਅਮਰੀਕਾ ਤੋਂ ਆ ਕੇ ਕੁੜੀ ਨਾਲ ਵਿਆਹ ਕਰਾਇਆ ਸੀ । ਉਦੋਂ ਮੈ ਮਸਾ ਦੱਸਾਂ ਕੁ ਵਰ੍ਹਿਆ ਦੀ ਸੀ । ਮਾਮਾ ਅਮਰੀਕਾ ਤੋਂ ਵਿਆਹ ਲਈ ਆਇਆ ਸੀ ਸੋ ਸੁਭਾਵਿਕ ਗੱਲ ਹੈ ਕਿ ਅਮਰੀਕਾ ਵਾਲੇ ਨੂੰ ਟੌਪ ਦੀ ਹੀ ਕੁੜੀ ਮਿਲਣੀ ਸੀ । ਮੈਂ ਵੀ ਮਾਮੇ ਦੇ ਵਿਆਹ ’ਤੇ ਬੀਜੀ ਨਾਲ ਉਨ੍ਹਾਂ ਦੇ ਪਿੰਡ ਗਈ ਸੀ। ਮਾਮੀ ਬਹੁਤ ਹੀ ਸੋਹਣੀ ਸੀ.... ਸੁੱਲਫੇ ਦੀ ਲਾਟ ਵਰਗੀ ਗੋਰੀ ਨਸ਼ੋਹ ਬਹੁਤ ਹੀ ਸੋਹਣੀ । ਇੰਨੀ ਸੋਹਣੀ ਕਿ ਹੱਥ ਲਾਇਆ ਮੈਲੀ ਹੋਵੇ। ਬਹੁਤ ਪੜ੍ਹੀ-ਲਿਖੀ ਵੀ । ਮਾਂ ਨੇ ਸਾਰਿਆ ਨੂੰ ਦੱਸਣਾ ਮੇਰੀ ਅਮਰੀਕਾ ਵਾਲੀ ਭਰਜਾਈ ਨੇ ਦੋ ਵਾਰ ਸੌਲਾਂ ਪੜ੍ਹੀਆਂ ਹਨ। ਮਤਲੱਬ ਡਬਲ ਐਮ ਏ ਬੀਰਾ। ਮੈਨੂੰ ਯਾਦ ਹੈ ਮੈਂ ਮਾਮੇ ਦੇ ਵਿਆਹ ’ਤੇ ਖਾਸ ਤੌਰ ’ਤੇ ਮਾਮੇ-ਮਾਮੀ ਨਾਲ ਫੋਟੋ ਵੀ ਕਰਾਈ ਸੀ । ਤੇ ਵਰ੍ਹਿਆਂ ਤੋਂ ਉਹ ਫੋਟੋ ਸਾਂਭ ਕੇ ਆਪਣੇ ਘਰ ਰੱਖੀ ਹੋਈ ਸੀ। ਵਿਆਹ ਤੋਂ ਸਾਲ ਬਾਅਦ ਮਾਮੀ ਅਮਰੀਕਾ ਚੱਲੇ ਗਈ ਸੀ ਤੇ ਹੁਣ ਇਹ ਦੋਵੇ ਬਹੁਤ ਸਾਲਾਂ ਬਾਅਦ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਦੋ ਜੁਆਕਾਂ ਸਮੇਤ ਦੱਸੀ ਸਾਲੀ ਇੰਡੀਆ ਵਾਪਸ ਆਏ ਸਨ ।

ਵਿਆਹ ’ਚ ਖੂਬ ਰੌਣਕਾਂ ਸਨ। ਮਾਮੀ ਨੂੰ ਮੈਂ ਭੱਜ ਕੇ ਮਿਲੀ। ਉਹ ਵੀ ਬੜੇ ਚਾਅ ਨਾਲ ਮੈਨੂੰ ਮਿਲੀ। ਦੋ ਜੁਆਕ ਜੰਮਣ ਤੋ ਬਾਅਦ ਵੀ ਮਾਮੀ ਉਸੇ ਤਰ੍ਹਾਂ ਦੀ ਖੂਬਸੂਰਤ ਸੀ। ਮਾਮਾ ਨਜ਼ਰੀ ਨਹੀਂ ਆਇਆ। ਸ਼ਾਇਦ ਬੰਦਿਆਂ ’ਚ ਗਲਾਸੀ ਲਾਉਣ ’ਚ ਵਿਅਸਤ ਸੀ। ਬੰਦੇ ਹਵੇਲੀ ਵਾਲੇ ਘਰ ’ਚ ਬੈਠੇ ਸਨ, ਰੋਟੀ ਦਾ ਸਮਾਂ ਆਇਆ ਤਾਂ ਸਾਰੇ ਬੰਦੇ ਬਾਹਰਲੇ ਹਵੇਲੀ ਤੋਂ ਇਧਰ ਘਰ ਦੇ ਵੱਡੇ ਵਿਹੜੇ ’ਚ ਆ ਗਏ । ਮਾਮਾ ਵੀ ਉਨ੍ਹਾਂ ਦੇ ਨਾਲ ਹੀ ਸੀ। ਮੈਂ ਦੂਰੋਂ ਆਉਂਦੇ ਮਾਮੇ ਵੱਲ ਵੇਖਿਆ, ਮਾਮੇ ਦਾ ਪੂਰਾ ਟੌਹਰ ਸੀ, ਛੇ ਫੁੱਟ ਲੰਬਾ ਜਵਾਨ ਚੰਗੇ ਬਣਾਏ ਸਰੀਰ ਵਾਲਾ ਮੇਰਾ ਮੱਲਵਈ ਮਾਮਾ ।

ਮਾਮਾ ਮੇਰੇ ਕੋਲ ਦੀ ਚੋਰ ਅੱਖ ਨਾਲ ਵੇਖਦਿਆਂ ਲੰਘ ਗਿਆ। ਸ਼ਾਇਦ ਮਾਮੇ ਨੇ ਮੈਨੂੰ ਪਹਿਚਾਣਿਆ ਨਹੀਂ। ਦੂਰ ਪਰ੍ਹਾਂ ਖੜੀ ਮਾਂ ਦੇ ਪੈਰੀ ਹੱਥ ਲਾਇਆ ਅਤੇ ਬੀਜੀ ਨਾਲ ਸਾਡੇ ਪਰਿਵਾਰ ਦੀਆਂ ਗੱਲਾਂ ਕਰਨ ਲੱਗ ਗਿਆ। ਗੱਲਾਂ-ਗੱਲਾਂ ’ਚ ਮਾਂ ਨੇ ਮੇਰੇ ਬਾਰੇ ਦੱਸਿਆ ਕਿ ਮੈਂ ਵੀ ਨਾਲ ਆਈ ਹਾਂ ਤਾਂ ਮਾਮੇ ਨੂੰ ਚਾਅ ਚੜ੍ਹ ਗਿਆ। ਮਾਂ ਨੇ ਮੈਨੂੰ ਅਵਾਜ਼ ਮਾਰੀ ਕਿ ਆ ਜੈਮਲ ਮਾਮੇ ਨੂੰ ਮਿਲ ਲੈ। ਮੈਂ ਮਾਮੇ ਨੂੰ ਜਾ ਕੇ ਸਤਿ ਸ਼੍ਰੀ ਅਕਾਲ ਬਲਾਈ ਤਾਂ ਮਾਮਾ ਹੈਰਾਨ ਹੀ ਰਹਿ ਗਿਆ ਕਿ ਮੈ ਇੰਨੀ ਵੱਡੀ ਹੋ ਗਈ। ਕੋਲੋ ਲੰਘਦਿਆਂ ਮਾਮੇ ਨੇ ਇਸੇ ਲਈ ਮੈਨੂੰ ਨਹੀਂ ਬੁਲਾਇਆ ਸੀ ਕਿਉਂਕਿ ਉਹ ਮੈਨੂੰ ਪਹਿਚਾਣ ਹੀ ਨਹੀਂ ਸਕਿਆ ਸੀ। ਮਾਮਾ ਵਾਰ-ਵਾਰ ਮੇਰੇ ਸਿਰ ’ਤੇ ਹੱਥ ਫੇਰੀ ਜਾਂਦਾ ਸੀ ਤੇ ਮਾਂ ਨੂੰ ਆਖੀ ਜਾਂਦਾ ਸੀ ਕਿ ਕੁੜੀ ਕਿੱਡੀ ਜਵਾਨ ਨਿਕਲੀ ਹੈ। ਇਹ ਤਾਂ ਮੁਟਿਆਰ ਹੋ ਗਈ ਭੈਣੇਂ....ਹੁਣ ਇਸ ਦਾ ਵਿਆਹ ਕਰਨ ਦੀ ਸੋਚ। ਤੇਰੀ ਕੁੜੀ ਰੱਝ ਕੇ ਸੋਹਣੀ ਭੈਣੇਂ......ਇਹਨੂੰ ਇੰਡੀਆ ਕਿਸੇ ਖੇਤੀ ਵਾਲੇ ਦੇ ਨਾਲ ਨਾ ਤੋਰ ਦੇਂਈ। ਇਸ ਤੋਂ ਰੋਟੀਆਂ ਨਹੀਂ ਪਕਾ ਹੋਣੀਆਂ ਭਈਆਂ ਦੀਆਂ । ਇਹਨੂੰ ਤਾਂ ਮੈਂ ਅਮਰੀਕਾ ਲੈ ਜਾਣਾ ਆ.... ਇਸਦਾ ਰਿਸ਼ਤਾ ਉੱਥੇ ਕਰਾਉਣਾ ਹੈ, ਅਸੀਂ ਇੰਡੀਆਂ ਨਹੀਂ ਰੋਲਣੀ ਇੰਨੀ ਸੁੱਨਖੀ ਸਾਡੀ ਭਾਣਜੀ। ਅਮਰੀਕਾ ਦਾ ਨਾਂ ਸੁਣ ਕੇ ਮਾਂ ਨੂੰ ਵੀ ਚਾਅ ਚੜ੍ਹ ਗਿਆ। ਹੋਰ ਵੀਰਾ ਤੁਸੀਂ ਹੀ ਕਰਨਾ ਆ ਇਸ ਦਾ ਰਿਸ਼ਤਾ। ਲੈ ਅੱਜ ਤੋਂ ਤੇਰੀ ਝੋਲੀ ਪਾ ’ਤੀ ਮੈਂ ਆਪਣੀ ਧੀ..... ਹੁਣ ਜਿੱਥੇ ਚਾਹੇ ਇਸ ਦਾ ਵਿਆਹ ਕਰ ਦੇਵੀਂ ਤੇਰੀ ਜ਼ਿੰਮੇਵਾਰੀ ਹੀ ਹੋਈ ਇਹ। ਮਾਮੇ ਦਾ ਹੱਥ ਮੇਰੇ ਸਿਰ ਤੇ ਟਿਕਾਂਉਦਿਆਂ ਮਾਂ ਨੇ ਅੱਖਾਂ ਭਰ ਕੇ ਕਿਹਾ।

ਸਾਡੇ ਟੱਬਰ ’ਚੋਂ ਕੋਈ ਬਾਹਰ ਨਹੀਂ ਗਿਆ ਸੀ ਉਸ ਸਮੇਂ। ਅਮਰੀਕਾ ਦਾ ਸੁਣ ਕੇ ਮੈਨੂੰ ਵੀ ਚਾਅ ਚੜ੍ਹ ਗਿਆ। ਨਾਲੇ ਇਹ ਮਾਮਾ-ਮਾਮੀ ਤਾਂ ਮੇਰੇ ਫੇਵਰੇਟ ਸਨ । ਹੁਣ ਮੈਂ ਵੀ ਇਨ੍ਹਾਂ ਕੋਲ ਹੀ ਜਾਣ ਵਾਲੀ ਸੀ।ਮੈਂ ਬਹੁਤ ਖੁਸ਼ ਸੀ।ਮਾਮੀ ਦੇ ਆਲੇ ਦੁਆਲੇ ਗੇੜੇ ਕੱਢਦੀ । ਮਾਮਾ ਵੀ ਸਾਡੇ ਕੋਲ ਹੀ ਬਹੁਤ ਦੇਰ ਬੈਠਾ ਗੱਲਾਂ ਕਰਦਾ ਰਿਹਾ। ਸਾਰੇ ਰੋਟੀ ਵਰਤਾਉਣ ਲੱਗੇ ਤਾਂ ਪਾਣੀ ਪਿਆਉਣ ਲਈ ਗਲਾਸ ਘੱਟ ਗਏ। ਗਲਾਸ ਸਾਰੇ ਹਵੇਲੀ ਵਾਲੇ ਘਰ ਹੀ ਰਹਿ ਗਏ ਸਨ। ਮਾਮੀ ਹੁਰਾਂ ਨੇ ਮਾਮੇ ਨੂੰ ਉੱਥੋਂ ਗਲਾਸ ’ਕੱਠੇ ਕਰਕੇ ਲਿਆਉਣ ਲਈ ਆਖ ਦਿੱਤਾ। ਮੈਂ ਵੀ ਕੋਲ ਹੀ ਬੈਠੀ ਸੀ। ਮਾਮਾ ਮੈਨੂੰ ਆਖਣ ਲੱਗ ਗਿਆ, ਆ ਜਾ ਕੁੜੀਏ ਆਪਾਂ ਮਾਮਾ-ਭਾਣਜੀ ਇੱਕਠੇ ਕਰ ਲਿਆਈਏ ਗਲਾਸ। ਮੈਨੂੰ ਇਸ ’ਚ ਕੋਈ ਮਾਇੰਡ ਨਹੀਂ ਸੀ ਹਵੇਲੀ ਕੋਈ ਵਾਹਲੀ ਦੂਰ ਨਹੀਂ ਸੀ, ਸਿਰਫ ਪੰਜ-ਸੱਤ ਘਰ ਛੱਡ ਕੇ ਨਾਲ ਹੀ ਸੀ । ਨਾਲੇ ਮੇਰੇ ਲਈ ਮਾਮਾ ਕੋਈ ਅਣਜਾਣ ਨਹੀਂ ਸੀ। ਮੈਂ ਮਾਮੇ ਦੇ ਨਾਲ ਹੀ ਹਵੇਲੀ ਨੂੰ ਤੁਰ ਪਈ।ਹਵੇਲੀ ’ਚ ਪੂਰਾ ਘਰ ਸੀ ਚਾਰ ਪੰਜ ਕਮਰੇ ਵਰਾਂਡਾ ਸਾਰਾ ਕੁੱਝ ਘਰ ਵਰਗਾ ਹੀ ਸੀ । ਬੱਸ ਹੁਣ ਇੱਥੇ ਕੋਈ ਰਹਿੰਦਾ ਨਹੀਂ ਸੀ। ਰਿਸ਼ਤੇਦਾਰਾਂ ਨੇ ਨਵਾਂ ਘਰ ਬਣਾ ਲਿਆ ਸੀ ਤੇ ਉਸੇ ਘਰ ਹੀ ਹੁਣ ਮੂਵ ਹੋ ਗਏ ਸਨ। ਇਸ ਥਾਂ ਸਿਰਫ ਪਸ਼ੂ ਵਗੈਰਾ ਹੀ ਬੰਨ੍ਹਦੇ ਸਨ ਜਾ ਇੱਕ ਦੋ ਬੈਠਕਾਂ ਬਾਹਰੋ ਆਏ ਮਾਮੇ ਹੁਣਾ ਦੇ ਦੋਸਤਾਂ ਦੇ ਬੈਠਣ ਲਈ ਸਵਾਰੀਆਂ ਹੋਈਆਂ ਸਨ। ਗੱਲਾਂ ਕਰਦੇ ਅਸੀਂ ਝੱਟ ਹਵੇਲੀ ਪਹੁੰਚ ਗਏ। ਮਾਮਾ ਨੇ ਤੇ ਮੈਂ ਅੰਦਰ ਵੜਦਿਆਂ ਹੀ ਗਲਾਸ ’ਕੱਠੇ ਕਰਨੇ ਸ਼ੁਰੂ ਕਰ ਦਿੱਤੇ। ਵਿਹੜੇ ਵਿੱਚ ਹੀ ਕਿੰਨੇ ਗਲਾਸ ਗਲਾਸੀਆਂ ਪਈਆਂ ਸਨ। ਮਾਮਾ ਅਗਾਂਹ ਇੱਕ ਕਮਰੇ ’ਚੋਂ ਗਲਾਸ ’ਕੱਠੇ ਕਰਨ ਲੱਗ ਗਿਆ । ਕੁੱਝ ਕੁ ਮਿੰਟਾਂ ’ਚ ਹੀ ਮੈਂ 20-25 ਗਲਾਸ ਇੱਕਠੇ ਕਰ ਲਏ ਤੇ ਮਾਮੇ ਨੂੰ ਲੱਭਣ ਲੱਗ ਗਈ। ਮਾਮਾ ਅੰਦਰ ਕਮਰੇ ’ਚ ਵੜਿਆ ਸੀ ਪਰ ਕਾਫੀ ਸਮੇਂ ਤੋ ਬਾਹਰ ਨਹੀਂ ਆਇਆ ਸੀ। ਮੈਂ ਦੋ ਕੁ ਵਾਰ ਮਾਮਾ ਜੀ ਮਾਮਾ ਜੀ ਆਖ ਕੇ ਅਵਾਜ਼ ਮਾਰੀ । ਮਾਮੇ ਨੇ ਮੇਰੀ ਆਵਾਜ਼ ਦਾ ਉੱਤਰ ਨਾ ਦਿੱਤਾ ਤਾਂ ਮੈ ਡਰ ਗਈ ਕਿ ਮਤਾ ਮਾਮੇ ਨੂੰ ਅੰਦਰ ਕੁੱਝ ਹੋ ਹੀ ਨਾ ਗਿਆ ਹੋਵੇ।ਹਵੇਲੀ ਵਿੱਚ ਹੋਰ ਕੋਈ ਹੈ ਵੀ ਨਹੀਂ ਸੀ ਮੇਰੇ ਤੇ ਮਾਮੇ ਤੋਂ ਬਿਨਾਂ। ਮੈ ਕਾਹਲੀ ਨਾਲ ਅੰਦਰ ਬੈਠਕ ਵੱਲ ਮਾਮੇ ਨੂੰ ਵੇਖਣ ਭੱਜੀ। ਅੰਦਰ ਵੜ੍ਹਦਿਆਂ ਹੀ ਇੱਕ ਦਮ ਕਿਸੇ ਨੇ ਬੱਤੀ ਦਾ ਸਵਿੱਚ ਬੰਦ ਕਰ ਦਿੱਤਾ ਤੇ ਮੈਨੂੰ ਜ਼ੋਰ ਨਾਲ ਮਜ਼ਬੂਤ ਬਾਹਾਂ ਨੇ ਘੁੱਟ ਲਿਆ। ਮੈਂ ਬਹੁਤ ਡਰ ਗਈ ਮੇਰੀ ਚੀਕ ਨਿਕਲ ਗਈ ਮੈਨੂੰ ਪਤਾ ਨਹੀਂ ਚੱਲ ਰਿਹਾ ਸੀ ਕਿ ਮੈਨੂੰ ਘੁੱਟਣ ਵਾਲਾ ਕੌਣ ਹੈ । ਕਮਰੇ ’ਚ ਬਹੁਤ ਹਨ੍ਹੇਰਾ ਸੀ । ਮੈਂ ਮਾਮਾ ਜੀ ਮਾਮਾ ਜੀ ਕਰ ਕੇ ਆਵਾਜ਼ਾਂ ਮਾਰਨ ਲੱਗ ਗਈ। ਕੁੱਝ ਪਲ ਲਈ ਮੈਨੂੰ ਲੱਗਾ ਕਿ ਕੋਈ ਚੋਰ ਦਰਵਾਜ਼ੇ ਪਿੱਛੇ ਲੁੱਕ ਕੇ ਖੜ੍ਹਾ ਸੀ। ਮੈਨੂੰ ਘੁੱਟ ਕੇ ਜੱਫੀ ਪਾਉਣ ਵਾਲੇ ਨੇ ਬੇਤਹਾਸ਼ਾ ਚੁਮੰਣਾ ਸ਼ੁਰੂ ਕਰ ਦਿੱਤਾ। ਉਸ ਦੇ ਮੂੰਹ ’ਚੋਂ ਸ਼ਰਾਬ ਦਾ ਮੁਸ਼ਕ ਆ ਰਿਹਾ ਸੀ। ਮੈਂ ਆਪਣੇ-ਆਪ ਨੂੰ ਬਹੁਤ ਛਡਾਉਣ ਦੀ ਕੋਸ਼ਿਸ ਕੀਤੀ ਪਰ ਉਸ ਮਜਬੂਤ ਸਰੀਰ ਦੀ ਪਕੜ ਇੰਨੀ ਸੀ ਕਿ ਮੈਂ ਆਪਣਾ ਆਪ ਛੁਡਾ ਨਹੀਂ ਪਾ ਰਹੀ ਸੀ । ਉਹ ਆਪਣੇ ਹੱਥ ਮੇਰੇ ਜਿਸਮ ’ਤੇ ਫੇਰ ਰਿਹਾ ਸੀ ਤੇ ਮੈਂ ਕੁਰਲਾ ਰਹੀ ਸੀ। ਇਸ ਤਰ੍ਹਾਂ ਜਿਸ ਤਰ੍ਹਾਂ ਇੱਕ ਸ਼ਿਕਾਰੀ ਦੇ ਜਾਲ ’ਚ ਫਸਿਆ ਪੰਛੀ ਕੁਰਲਾ ਰਿਹਾ ਹੁੰਦਾ ਹੈ। ਹਨ੍ਹੇਰਾ ਕਰ ਕੇ ਮੈਨੂੰ ਕੁੱਝ ਨਹੀਂ ਪਤਾ ਲੱਗ ਰਿਹਾ ਸੀ ਕਿ ਇਹ ਕੌਣ ਸੀ। ਮੈਂ ਚੀਕ ਮਾਰਨ ਲੱਗਦੀ ਤਾਂ ਉਹ ਮੇਰਾ ਮੂੰਹ ਤੇ ਗਲਾ ਦਬਾ ਦਿੰਦਾ। ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਲਗਾਤਾਰ ਕਰ ਰਹੀ ਸੀ। ਲੱਤਾਂ-ਬਾਹਾਂ ਪੂਰੇ ਜ਼ੋਰ ਨਾਲ ਮਾਰ ਰਹੀ ਸੀ ਕਿਉਂਕਿ ਇਸ ਵਾਰ ਮੈਨੂੰ ਪੂਰੀ ਸਮਝ ਸੀ ਕਿ ਇਹ ਕੀ ਹੋ ਰਿਹਾ ਹੈ। ਮੈਂ ਆਪਣੇ-ਆਪ ਨੂੰ ਛੁਡਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ ਪਰ ਮੇਰੀ ਪੇਸ਼ ਨਹੀਂ ਚੱਲ ਰਹੀ ਸੀ।

ਇੱਕ ਵਾਰ ਫਿਰ ਮੈ ਦਰੋਪਦੀ ਬਣ ਗਈ ਸੀ ਪਰ ਇਸ ਵਾਰ ਮੇਰਾ ਚੀਰਹਰਣ ਕਿਸ ਹੱਥੋਂ ਹੋਣ ਜਾ ਰਿਹਾ ਸੀ ਕੁਝ ਪਤਾ ਨਹੀਂ ਸੀ । ਉਸ ਸਮੇਂ ਉਸ ਭੇੜੀਏ ਦਾ ਮੁਕਾ-ਬਲਾ ਕਰਦਿਆਂ ਮੈਂ ਬੜੀਆਂ ਅਰਦਾਸਾਂ ਕੀਤੀਆਂ । ਵਾਹਿਗੁਰੂ ਮੈਨੂੰ ਬਚਾ ਲੈ ਕਿਸੇ ਤਰ੍ਹਾਂ.... ਮੈ ਬਿਲਕ ਰਹੀ ਸੀ ਤੇ ਉਹ ਸਕਸ਼ ਮੈਨੂੰ ਘੜੀਸਦਾ ਹੋਇਆ ਪਰ੍ਹਾ ਡਿੱਠੇ ਮੰਜੇ ਵੱਲ ਖਿੱਚ ਕੇ ਲੈ ਜਾ ਰਿਹਾ ਸੀ । ਇਸ ਗੁੱਥਮ ਗੁੱਥੀ ਵਿੱਚ ਮੇਰੇ ਕਈ ਥਾਂਵਾ ਤੇ ਗੁੱਜੀਆਂ ਸੱਟਾਂ ਵੀ ਵੱਜ ਰਹੀਆਂ ਸਨ । ਉਸ ਸਖਸ਼ ਨੂੰ ਮੈ ਆਪਣੇ ਨੂੰਹਾਂ ਨਾਲ ਨੋਚਣ ਦੀ ਕੋਸ਼ਿਸ ਵੀ ਕਰ ਰਹੀ ਸੀ ਜਿਸ ’ਚ ਮੇਰਾ ਇੱਕ ਨੂੰਹ ਵੀ ਬੁਰੀ ਤਰ੍ਹਾਂ ਪੁੱਟਿਆ ਗਿਆ ਸੀ। ਮੇਰੀ ਚੀਕ ਨਿਕਲਦੀ ਤਾਂ ਉਹ ਮੇਰੇ ਮੂੰਹ ’ਤੇ ਹੱਥ ਧਰ ਦਿੰਦਾ।

ਪਤਾ ਨਹੀ ਕਿੰਝ ਮੇਰੀ ਅਰਦਾਸ ਉਸ ਉੱਪਰ ਬੈਠੇ ਉਸ ਪਰਵਰਦਿਗਾਰ ਤੱਕ ਪਹੁੰਚ ਗਈ ਤੇ ਕਿਸੇ ਨੇ ਮੇਰੀ ਅਵਾਜ਼ ਸੁਣ ਲਈ ਅਤੇ ਫਟਾਫਟ ਆ ਕੇ ਅੰਦਰ ਦੀ ਲਾਈਟ ਜਗਾ ਦਿੱਤੀ। ਬੱਤੀ ਜਗਦਿਆਂ ਹੀ ਉਸ ਰਾਕਸ਼ਸ਼ ਦਾ ਚਿਹਰਾ ਮੇਰੀਆਂ ਅੱਖਾ ਸਾਹਮਣੇ ਆ ਗਿਆ ਉਹ ਹੋਰ ਕੋਈ ਨਹੀਂ ਜੈਮਲ ਮਾਮਾ ਹੀ ਸੀ।

**ਚਲਦਾ....**

# ਗੁਰੂ ਅੰਗਦ ਗੁਰ ਅੰਗੁ ਤੇ

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਆਖਰੀ ਕਿਸ਼ਤ**

## ਸ੍ਰੀ ਖੀਵੀ ਜੀ ਦਾ ਆਉਣਾ

ਵਿਰਾਈ ਜੀ ਓਥੋਂ ਉੱਠੇ। ਘਰ ਦੇ ਕਾਮੇ ਨੂੰ ਸਮਝਾ ਕੇ ਸ੍ਰੀ (ਮਾਤ) ਖੀਵੀ ਜੀ ਨੂੰ ਝਬਦੇ ਨਾਲ ਲੈ ਕੇ ਆਉਣ ਲਈ ਸੰਘਰ ਭੇਜ ਦਿੱਤਾ ਜੋ ਨੇੜੇ ਥੋੜੀ ਹੀ ਵਾਟ 'ਤੇ ਸੀ, ਅਰ ਆਪ ਅੰਦਰ ਰਸੋਈ ਵਿਚ ਸੇਵਕਾ ਨੂੰ ਪ੍ਰਸ਼ਾਦ-ਪਾਣੀ ਤਿਆਰ ਕਰਨ ਲਈ ਸਮਝਾਉਣ ਲੱਗੇ। ਚੌਧਰੀ ਮਹਿਮਾ ਜੀ ਵੀ ਪਿਛੇ ਉੱਠ ਕੇ ਆ ਗਏ ਕਿ ਮਤਾਂ ਸਬਜ਼ੀ-ਦਾਲ ਆਦਿ ਕੋਈ ਜ਼ਰੂਰੀ ਚੀਜ਼ ਲਿਆਉਣ ਵਾਲੀ ਹੋਵੇ ਪਰ, ਵਿਰਾਈ ਜੀ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦੀਆਂ ਸਭ ਬਰਕਤਾਂ ਹਨ, ਕੋਈ ਫ਼ਿਕਰ ਦੀ ਲੋੜ ਨਹੀਂ, ਹੁਣੇ ਸਭ ਕੁਝ ਤਿਆਰ ਹੋਇਆ ਸਮਝੋ।

ਇਉਂ ਭੋਜਨ ਦੀਆਂ ਤਿਆਰੀਆਂ ਹੋਣ ਲਗ ਪਈਆਂ। ਝੱਟ ਬਾਦ ਬਾਹਰ ਕਿਸੇ ਦੀ ਆਉਣ ਦੀ ਆਵਾਜ਼ ਸੁਣੀ। ਜਦੋਂ ਮਾਈ ਜੀ ਨੇ ਵੇਖਿਆ ਤਾਂ ਸ੍ਰੀ (ਮਾਤ) ਖੀਵੀ ਜੀ ਪਹੁੰਚ ਚੁੱਕੇ ਸਨ ਜਿਨ੍ਹਾਂ ਆਪਣੇ ਸੁਆਮੀ ਸਤਿਗੁਰਾਂ ਦੇ ਚਰਨਾਂ ਵਿਚ ਸੀਸ ਰੱਖਿਆ ਹੋਇਆ ਸੀ। ਸਤਿਗੁਰਾਂ ਆਸੀਸ ਦਿੱਤੀ ਅਤੇ ਬੱਚਿਆਂ ਦਾ ਹਾਲ-ਚਾਲ ਪੁੱਛਿਆ। ਪ੍ਰਸੰਨ ਚਿੱਤ ਮਾਤ ਖੀਵੀ ਜੀ ਹਜ਼ੂਰ ਦੇ ਚਿਹਰੇ ਵੱਲ ਫ਼ਿਕਰਮੰਦੀ ਪਰ ਸੰਤੁਸ਼ਟਤਾ ਭਰੀਆਂ ਨਜ਼ਰਾਂ ਨਾਲ ਤੱਕ ਰਹੇ ਸਨ। ਉਨ੍ਹਾਂ ਦੇ ਸਰੀਰ ਕੁਝ ਲਿੱਸੇ ਪਏ ਦਾ ਜਿਥੇ ਫ਼ਿਕਰ ਸੀ ਓਥੇ ਅੱਜ ਗੁਰਸਿੱਖਾਂ ਦਰਮਿਆਨ ਆਪਣੇ ਸੁਆਮੀ-ਸਤਿਗੁਰੂ ਦੇ ਖੁਲ੍ਹੇ ਦਰਸ਼ਨ ਕਰਨ ਦੀ ਸੰਤੁਸ਼ਟਤਾ ਵੀ ਸੀ। ਕੁਝ ਪਲਾਂ ਬਾਦ ਹੱਥ ਜੋੜ ਪੁੱਛਿਆ,

'ਮੇਰੇ ਲਈ ਕੀਹ ਸੇਵਾ ਹੈ? ਹੁਕਮ ਕਰੋ'। ਸਤਿਗੁਰੂ ਜੀ ਨੇ ਫ਼ੁਰਮਾਇਆ,

'ਜਦੋਂ ਗੁਰੂ ਪਾਤਸ਼ਾਹ ਜੀ ਨੇ ਸਾਨੂੰ ਸੰਗਤਾਂ ਵਿਚ ਸ਼ਬਦ ਵਰਤਾਉਣ ਲਈ ਹੁਕਮ ਕੀਤਾ ਸੀ ਓਦੋਂ ਹੀ ਅਸੀਂ ਸੰਗਤਾਂ ਵਿਚ ਭੋਜਨ ਵਰਤਾਉਣ ਦੀ ਸੇਵਾ ਤੁਹਾਡੀ ਲਾਉਣ ਦਾ ਮਨ ਬਣਾ ਲਿਆ ਸੀ, ਸੋ, ਤੁਸੀਂ ਰਸੋਈ ਵਿਚ ਜਾ ਕੇ ਆਪਣੀ ਸੇਵਾ ਸੰਭਾਲ ਲਵੋ'। 'ਸਤਿ ਬਚਨ ਜੀ, ਜੋ ਹੁਕਮ' ਸ੍ਰੀ ਖੀਵੀ ਜੀ ਨੇ ਕਿਹਾ। ਕੋਲੋਂ ਝੱਟ ਹੀ ਮਾਈ ਵਿਰਾਈ ਜੀ ਅੰਦਰ ਜਾ ਕੇ ਕੜਛਾ ਚੁੱਕ ਲਿਆਏ ਤੇ ਗੁਰੂ ਸਾਹਿਬ ਨੂੰ ਸੰਬੋਧਤ ਹੁੰਦਿਆਂ ਕਹਿਣ ਲਗੇ,

'ਵੱਡੇ ਸਤਿਗੁਰਾਂ ਨੇ ਜਿਵੇਂ ਆਪ ਜੀ ਨੂੰ ਸ਼ਬਦ-ਬਾਣੀ ਦੀ ਪੋਥੀ ਦੇ ਕੇ ਸ਼ਬਦ ਦੀ ਦਾਤ ਵਰਤਾਉਣ ਦਾ ਹੁਕਮ ਕੀਤਾ ਸੀ ਉਸੇ ਤਰਹ ਹੁਣ ਤੁਸੀਂ ਵੀ ਕਿਰਪਾ ਕਰ ਕੇ ਆਪਣੇ ਹੱਥੀਂ ਆਪਣੀ ਖੀਵੀ ਨੂੰ ਕੜਛਾ ਦੇ ਕੇ ਲੰਗਰ ਵਿਚ ਭੇਜੋ'। ਸਤਿਗੁਰੂ ਹਜ਼ੂਰ ਨੇ ਮਾਈ ਜੀ ਦੀ ਤਜਵੀਜ਼ ਨੂੰ ਫ਼ੌਰਨ ਮੰਨ ਕੇ ਆਪਣੇ ਹੱਥੀਂ ਕੜਛਾ ਸ੍ਰੀ ਮਾਤ ਖੀਵੀ ਜੀ ਨੂੰ ਫੜਾਇਆ ਅਤੇ 'ਕਰਤਾਰ ਚਿੱਤ ਆਵੇ' ਦੀ ਆਸੀਸ ਦੇ ਕੇ ਮਾਈ ਜੀ ਨਾਲ ਰਸੋਈ ਵੱਲ ਭੇਜ ਦਿੱਤਾ। ਮਾਤਾ ਖੀਵੀ ਜੀ ਦੀ ਨਿਮਰ, ਸੀਲ ਅਤੇ ਸੇਵਕਾ ਸੁਭਾਅ ਵਾਲੀ ਸ਼ਖ਼ਸੀਅਤ ਜਾਣ ਕੇ ਸਾਰਿਆਂ ਦੇ ਹਿਰਦੇ ਸਤਿਕਾਰ ਅਤੇ ਉਤਸ਼ਾਹ ਨਾਲ ਭਰੇ ਗਏ।



ਗੁਰੂ ਸਾਹਿਬ ਜੀ ਦੇ ਹੁਕਮ ਮੁਤਾਬਕ ਜਿੱਥੇ ਖਡੂਰ ਵਿਖੇ ਗੁਰੂ ਅੰਗਦ ਸਾਹਿਬ ਜੀ ਛੇ ਮਹੀਨੇ ਅਲੋਪ ਰਹੇ ਓਥੇ ਅੱਜ ਕਲ੍ਹ ਗੁਰਦੁਆਰਾ ਮਾਈ ਭਿਰਾਈ ਜੀ ਸ਼ਸ਼ੋਭਤ ਹੈ।

**ਮਾਈ ਵਿਰਾਈ ਚਲਾਣਾ**

ਕੁਝ ਦਿਨਾਂ ਵਿਚ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਇਸ ਬਖ਼ਸ਼ੀ ਰੂਹ ਨੂੰ ਦਰਗਾਹੀ ਸੱਦੇ ਆ ਗਏ। ਗੁਰੂ ਸਾਹਿਬ ਦੀ ਕਿਰਪਾ ਸਦਕਾ ਜਦੋਂ ਹੁਣ ਇਸ ਦੇ ਵਿਹੜੇ ਵਿਚ ਸਤਸੰਗ ਦੀਆਂ ਛਹਿਬਰਾਂ ਲੱਗ ਰਹੀਆਂ ਸਨ, ਦੂਜੇ ਗੁਰੂ ਨਾਨਕ ਦਾ ਸਰੂਪ ਖਡੂਰ ਵਿਚ ਪਰਗਟ ਹੋਣਾ ਸੁਣ ਕੇ ਸੰਗਤਾਂ ਹੁਮ-ਹੁਮਾ ਕੇ ਆ ਰਹੀਆਂ ਸਨ। ਜਿਉਂ ਜਿਉਂ ਰੌਣਕਾਂ ਵਧਦੀਆਂ ਮਾਈ ਜੀ ਅੰਦਰੇ-ਅੰਦਰ ਗੁਰੂ ਕਾ ਸ਼ੁਕਰ ਕਰਦੇ ਜਿਨ੍ਹਾਂ ਕਿਰਪਾ ਕਰ ਕੇ ਇਨ੍ਹਾਂ ਦੇ ਘਰ ਨੂੰ ਹੁਣ ਧਰਮਸਾਲਾ ਵਾਲਾ ਆਦਰ ਦੇ ਦਿੱਤਾ ਸੀ। ਭਾਵੇਂ ਬਾਹਰ ਥੋੜੀ ਵਿੱਥ 'ਤੇ ਸੰਘਰ ਦੇ ਰਾਹ ਇਕ ਵੱਡੇ ਅਤੇ ਉੱਚੇ ਟਿੱਬੇ ਉੱਤੇ ਗੁਰੂ ਅੰਗਦ ਸਾਹਿਬ ਜੀ ਭਾਈ ਬੁੱਢਾ ਜੀ ਆਦਿ ਸਿੱਖਾਂ ਨਾਲ ਵਿਉਂਤ ਬਣਾ ਕੇ ਦੀਵਾਨ ਸਜਾਉਣ ਲੱਗ ਪਏ ਸਨ ਪਰ, ਲੰਗਰ ਦੀ ਸੇਵਾ ਅਜੇ ਇਥੇ ਹੀ ਹੋ ਰਹੀ ਸੀ ਕਿ ਮਾਈ ਜੀ ਇਸ ਉਤਸ਼ਾਹ ਭਰੇ ਮਾਹੌਲ ਵਿਚ ਅਚਾਨਕ ਹੀ ਸੁਆਸ ਤਿਆਗ ਗਏ। ਸਤਿਗੁਰੂ ਅੰਗਦ ਸਾਹਿਬ ਜੀ ਨੇ ਸ੍ਰੀ (ਮਾਤ) ਖੀਵੀ ਜੀ ਨੂੰ ਸਮਝਾ ਕੇ ਬੜੇ ਸਤਿਕਾਰ ਨਾਲ ਮਾਈ ਜੀ ਦੇ ਅੰਤਮ ਸੰਸਕਾਰ ਦੀਆਂ ਸਾਰੀਆਂ ਰੀਤਾਂ ਗੁਰਮਤ ਅਨੁਸਾਰ ਨਿਭਾਈਆਂ। ਅਰਦਾਸ ਸਮੇਂ ਜੁੜੀ ਇਕੱਤ੍ਰਤਾ ਵਿਚ ਭਾਈ ਬਲਵੰਡ ਰਾਇ ਜੀ ਨੇ ਸਾਰੰਗ ਰਾਗ ਵਿਚ ਬਹੁਤ ਪਿਆਰ-ਵੈਰਾਗ ਵਿਚ ਗੁਰੂ ਅੰਗਦ ਸਾਹਿਬ ਜੀ ਦੇ ਉੱਚਾਰਨ ਪਵਿੱਤਰ ਸ਼ਬਦ ਦਾ ਕੀਰਤਨ ਕੀਤਾ:

ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ॥ ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ॥ ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ॥ ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ॥ ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ॥ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥1॥5॥ ਗੁ.ਗ੍ਰ.ਸਾ. ਪੰਨਾ 1239

ਉਪਰੰਤ ਹਜ਼ੂਰ ਪਾਤਸ਼ਾਹ ਜੀ ਨੇ ਆਪ ਇਸ ਦਰਗਾਹੀ ਸੱਦੇ ਦੀ ਵਿਆਖਿਆ ਕਰਦਿਆਂ ਗੁਰੂ ਬਾਬਾ ਨਾਨਕ ਦੇਵ ਜੀ ਦੇ ਪਾਵਨ ਬਚਨ ਵੀ ਚੇਤੇ ਕਰਵਾਏ:

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ॥ ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥... ਹੁਕਮੈ ਅੰਦਰਿ ਆਇਆ ਪਿਆਰੇ ਹੁਕਮੈ ਜਾਦੋ ਜਾਇ॥...ਗੁ.ਗ੍ਰ.ਸਾ. ਪੰਨਾ 636

ਫਿਰ ਪਾਤਸ਼ਾਹ ਜੀ ਨੇ ਸਮਝਾਇਆ ਕਿ ਜਦ ਅਸੀਂ ਸਾਰਿਆਂ ਨੇ ਇਕ ਦਿਨ ਜਾਣਾ ਹੀ ਹੈ ਤਾਂ ਉਹ ਜੀਅੜਾ ਕਿੰਨਾ ਭਾਗਸ਼ੀਲ ਹੈ ਜਿਸ ਦੀ ਝੋਲੀ ਗੁਰੂ ਨਾਨਕ ਸਾਹਿਬ ਦੀ ਸੁਹਬਤ ਸਦਕਾ ਰੱਬੀ ਸਿਫ਼ਤਾਂ ਨਾਲ ਭਰਪੂਰ ਹੋ ਗਈ ਤੇ ਉਸ ਦਾ ਜੀਣਾ ਰੱਬੀ ਦਰ 'ਤੇ ਪਰਵਾਨ ਹੋ ਗਿਆ। ਭੂਆ ਵਿਰਾਈ ਜੀ ਨੂੰ ਗੁਰੂ ਬਾਬਾ ਜੀ ਦੀਆਂ ਆਸੀਸਾਂ ਪ੍ਰਾਪਤ ਹਨ:

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥ ਜਹ ਭੰਡਾਰੀ ਹੂੰ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥2॥5॥ ਗੁ.ਗ੍ਰ.ਸਾ. ਪੰਨਾ 1239

ਗੁਰਦੇਵ ਜੀ ਦੇ ਬਚਨਾਂ ਨਾਲ ਚੌਧਰੀ ਮਹਿਮਾ ਜੀ ਦੇ ਪਰਵਾਰ ਅਤੇ ਹੋਰ ਜੁੜ ਬੈਠੇ ਸਬੰਧੀਆਂ ਅਤੇ ਸੰਗਤਾਂ ਨੂੰ ਜਿਥੇ ਧੀਰਜ ਮਿਲਿਆ ਓਥੇ ਮਾਈ ਵਿਰਾਈ ਜੀ ਦੇ ਨਿਰਮਲ ਜੀਵਨ ਪ੍ਰਤੀ ਵੀ ਸਭਨਾਂ ਦੇ ਹਿਰਦੇ ਵਿਚ ਹੋਰ ਸਤਿਕਾਰ ਵਧਿਆ।

**ਨਿਤਨੇਮ**

ਪਹਿਲਾਂ ਵਾਂਗ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਪਹਿਰ ਰਾਤ ਰਹਿੰਦੀ ਜਾਗ ਕੇ ਸੁਚੇਤੇ ਜਾਂਦੇ। ਵਾਪਸੀ 'ਤੇ ਦਾਤਨ ਆਦਿ ਕਰ ਕੇ ਇਸ਼ਨਾਨ ਕਰਨ ਉਪਰੰਤ ਕਰਤਾਰ ਦੇ ਚਿੰਤਨ ਵਿਚ ਨਾਮ-ਬਾਣੀ ਦੀ ਸਮਾਧੀ ਇਸਥਿਤ ਹੁੰਦੇ। ਇਸੇ ਪ੍ਰਕਾਰ ਹੀ ਗੁਰੂ ਕੇ ਸਿੱਖ ਵੀ ਕਰਦੇ ਅਰ ਦਿਨ ਚੜ੍ਹਦੇ ਤਕ ਦੀਵਾਨ ਅਸਥਾਨ 'ਤੇ ਪਹੁੰਚਦੇ। ਉਸ ਸਮੇਂ ਜੋ ਵੀ ਆ ਦਰਸ਼ਨ ਕਰਦਾ ਉਸ ਦੇ ਤਨ-ਮਨ ਦੇ ਰੋਗ ਨਵਿਰਤ ਹੁੰਦੇ।

ਜਬ ਹੋਇ ਉਜਿਆਰਾ ਪ੍ਰਾਤਹ ਕਾਲ।
ਅਮ੍ਰਿਤ ਦ੍ਰਿਸਟਿ ਤਬ ਦੇਖੈ ਦਿਆਲ।
ਰੋਗੀ ਦੁਖੀ ਸਭ ਦਰਸਨ ਕਰੇ।
ਪਲਕ ਦ੍ਰਿਸਟਿ ਕਿਲਬਿਖ ਦੁਖ ਹਰੇ।2॥

ਭਾਈ ਬਲਵੰਡ ਜੀ ਆਸਾ ਕੀ ਵਾਰ ਅਰ ਹੋਰ ਸ਼ਬਦਾਂ ਦਾ ਕੀਰਤਨ ਸਰਵਣ ਕਰਵਾਉਂਦੇ। ਇੰਨੇ ਨੂੰ ਹਜ਼ੂਰ ਵੀ ਆਪਣੇ ਆਸਣ 'ਤੇ ਆਣ ਬਿਰਾਜਦੇ। ਕੀਰਤਨ ਪਸਚਾਤ ਕੁਝ ਸਮਾਂ ਹਜ਼ੂਰ ਸੰਗਤਾਂ ਨਾਲ ਬਚਨ ਕਰਦੇ ਅਰ ਜਗਿਆਸੂਆਂ ਦੇ ਸ਼ੰਕਿਆਂ ਦਾ ਸਮਾਧਾਨ ਕਰਦੇ। ਹੁਣ ਤਕ ਲੰਗਰ ਤਿਆਰ ਹੋ ਚੁੱਕਾ ਹੁੰਦਾ ਤਾਂ ਭਾਈ ਬੁੱਢਾ ਜੀ ਅਰਦਾਸ ਕਰਦੇ। ਗੁਰੂ ਸਾਹਿਬ ਜੀ ਸਾਰੀਆਂ ਸੰਗਤਾਂ ਨੂੰ ਨਾਲ ਲੈ ਕੇ ਪੰਗਤਾਂ ਵਿਚ ਆ ਸਜਦੇ। ਵਰਨ-ਵੰਡ ਅਨੁਸਾਰ ਕਿਸੇ ਨੂੰ ਵਖਰਾ ਚੌਂਕਾ ਲਾਉਣ ਦੀ ਆਗਿਆ ਨਹੀਂ ਸੀ। ਜਦ ਤਕ ਵਰਤਾਵੇ ਲੰਗਰ ਵਰਤਾਉਂਦੇ, ਸਾਰੇ ਸਿੱਖ ਕਰਤਾਰ ਦੇ ਸ਼ੁਕਰ ਵਿਚ ਜੁੜੇ ਸ਼ਬਦ ਪੜ੍ਹਦੇ। ਲੰਗਰ ਵਿਚ ਮਿੱਟੀ ਦੇ ਭਾਂਡੇ ਜਾਂ ਪੱਤਲਾਂ ਦੀ ਵਰਤੋਂ ਕੀਤੀ ਜਾਂਦੀ ਸੀ। ਲੰਗਰ ਛਕਣ ਉਪਰੰਤ ਕੁਝ ਸਮਾਂ ਆਰਾਮ ਕਰਨ ਲਈ ਹਜ਼ੂਰ ਆਪਣੇ ਆਸਣ 'ਤੇ ਬਿਰਾਜਦੇ। ਦੁਪਹਿਰ ਉਪਰੰਤ ਹੋਰ ਆਈਆਂ ਸੰਗਤਾਂ ਨਾਲ ਮਿਲਾਪ ਅਤੇ ਬੱਚਿਆਂ ਅਰ ਨੌਜੁਆਨਾਂ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਸਿਖਿਆ ਦ੍ਰਿੜ ਕਰਵਾਉਂਦੇ। ਮਾਇਆ ਦਾ ਵੇਰਵਾ ਕਰਨਾ ਬਿਲਕੁਲ ਮਨ੍ਹਾ ਸੀ।

ਪਿਛਲੇ ਪਹਿਰ ਸ੍ਰੀ ਬਲਵੰਡ ਜੀ ਨੇ ਆ ਕੇ ਸ਼ਬਦ-ਕੀਰਤਨ ਦੀ ਚੌਂਕੀ ਲਾਉਂਦੇ, ਸੋ-ਦਰੁ ਅਤੇ ਗਗਨ ਮੈ ਥਾਲੁ ਦੇ ਗਾਇਣ ਉਪਰੰਤ ਸਭ ਲੰਗਰ ਛਕ ਕੇ ਆਪਣੇ ਆਪਣੇ ਆਸਣ 'ਤੇ ਜਾ ਬਿਰਾਜਦੇ -ਇਹ ਹਜ਼ੂਰ ਨੇ ਰੋਜ਼ਾਨਾ ਦਾ ਨਿਤਨੇਮ ਬੱਧਾ:

ਪਹਰ ਦਿਵਸ ਜਬ ਬਾਕੀ ਰਹੇ।
ਤਬ ਸਤਿਗੁਰ ਆਨਿ ਸਿੰਘਾਸਨ ਬਹੇ।
ਬਲਵੰਡ ਸਬਦ ਕੀ ਚੌਂਕੀ ਕਰੇ।
ਸਭ ਸੁਨੇ ਭਜਨ ਬਹੁ ਮਨ ਮਹਿ ਧਰੇ।14॥
ਪੁਨ ਸੰਧਿਆ ਸਮੇ ਪ੍ਰਭ ਬਹੇਂ ਇਕੰਤ।
ਜਿਹ ਬਿਧ ਰਹੇ ਜਗਤ ਮੇ ਸੰਤ।
ਏਕ ਪਹਰ ਰੈਨ ਜਬ ਬੀਤੇ।
ਤਬ ਸੈਨ ਕਰੇ ਗੁਰ ਪਰਮ ਪਰੀਤੇ।
15॥3॥ ਮਹਿਮਾ ਪ੍ਰਕਾਸ਼

**ਧੰਨ ਗੁਰੂ ਅੰਗਦ ਸਾਹਿਬ ਜੀ ਦੀ ਹਰ ਸਿੱਖ ਨੂੰ ਸਿਖਿਆ:**

ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ
ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ
ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ
ਬਹੁੜਿ ਨ ਪਾਈ ਤਾਉ॥
ਸਤੀ ਪਹਰੀ ਸਤੁ ਭਲਾ
ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ
ਕੂੜੈ ਘਟੈ ਰਾਸਿ॥
ਓਥੈ ਖੋਟੈ ਸਟੀਅਹਿ
ਖਰੇ ਕੀਚਹਿ ਸਾਬਾਸਿ॥
ਬੋਲਣੁ ਫਾਦਲੁ ਨਾਨਕਾ
ਦੁਖੁ ਸੁਖੁ ਖਸਮੈ ਪਾਸਿ॥1॥
ਗੁ.ਗ੍ਰ.ਸਾ. ਪੰਨਾ 146

**ਸਮਾਪਤ**

* * * * * *

# A Dip in Gurbani vs in Maha Kumbh

**Kirpal Singh**
Wellington, New Zealand

A lot of people from India and other countries have recently thronged into Prayagraj to have a dip in Tribeni during the Maha Kumbh festive season. A large number of Naga (Naked) Sadhus and ladies and gents are seen dipping into the so called holy water without realizing the extent of pollution caused by millions taking bath in a relatively small area when many may be even dropping their body filths (Mul-Mootar) in the same flowing water. I personally visited this spot in January 1948 (after moving to Allahabad after the partition of India)) at the age of 10yrs.It was a pretty embarrassing for me to witness a large numbers of well built naked Sadhus whose bodies were even coated with ash moving around in wide public.

I saw many videos showing the crowds, including some Sikh couples were also spotted who may have gone there for just sightseeing of with their Hindu spouses.

Gurbani gives a clear picture about such pilgrimages with bathing rituals. Guru Nanak Sahib Guides as clearly:-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
(Raag Dhanaasree M. 1, GGS. 687-14).
Theerathh Naavan Jaao Theerathh Naam Hai ||
Why should I bathe at sacred shrines of pilgrimage? The Naam, the Name of the Lord, is the sacred shrine of pilgrimage.

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
Theerathh Sabadh Beechaar Anthar Giaan Hai ||
My sacred shrine of pilgrimage is spiritual wisdom within, and contemplation on the Word of the Shabad.

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
Gur Giaan Saachaa Thhaan Theerathh Dhas Purab Sadhaa Dhasaaharaa ||
The spiritual wisdom given by the Guru is the True sacred shrine of pilgrimage, where the ten festivals are always observed.

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
Ho Naam Har Kaa Sadhaa Jaacho Dhaehu Prabh Dhharaneedhharaa ||
I constantly beg for the Name of the Lord; grant it to me, O God, Sustainer of the world.

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
Sansaar Rogee Naam Dhaaroo Mail Laagai Sach Binaa ||
The world is sick, and the Naam is the medicine to cure it; without the True Lord, filth sticks to it.

ਗੁਰ ਵਾਕੁ ਨਿਰਮਲ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ 1 ॥
Gur Vaak Niramal Sadhaa Chaanan Nith Saach Theerathh Majanaa ||1||
The Guru's Word is immaculate and pure; it radiates a steady Light. Constantly bathe in such a true shrine of pilgrimage. ||1||

ਸਾਚਿ ਨ ਲਾਗੈ ਮੈਲੁ ਕਿਆ ਮੁਲ ਧੋਈਐ॥
Saach N Laagai Mail Kiaa Mal Dhhoeeai ||
Filth does not stick to the true ones; what filth do they have to wash off?

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥
Gunehi Haar Paroe Kis Ko Roeeai ||
If one strings a garland of virtues for oneself, what is there to cry for?

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
Veechaar Maarai Tharai Thaarai Oulatt Jon N Aaveae ||
One who conquers his own self through contemplation is saved, and saves others as well; he does not come to be born again.

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
Aap Paaras Param Dhhiaanee Saach Saachae Bhaaveae ||
The supreme meditator is Himself the philosopher's stone, which transforms lead into gold. The true man is pleasing to the True Lord.

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
Aanandh Anadhin Harakh Saachaa Dhookh Kilavikh Pareharae ||
He is in ecstasy, truly happy, night and day; his sorrows and sins are taken away.

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥2॥
Sach Naam Paaeiaa Gur Dhikhaaeiaa Mail Naahee Sach Manae ||2||
He finds the True Name, and beholds the Guru; with the True Name in his mind, no filth sticks to him. ||2||

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
Sangath Meeth Milaap Pooraa Naavano ||
O friend, association with the Holy is the perfect cleansing bath.

ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥
Gaavai Gaavanehaar Sabadh Suhaavano ||
The singer who sings the Lord's Praises is adorned with the Word of the Shabad.

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
Saalaahi Saachae Mann Sathigur Punn Dhaan Dhaeiaa Mathae ||
Worship the True Lord, and believe in the True Guru; this brings the merit of making donations to charity, kindness and compassion.

ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
Pir Sang Bhaavai Sehaj Naavai Baenee Th Sangam Sath Sathae||
The soul-bride who loves to be with her Husband Lord bathes at the Triveni, the sacred place where the Ganges, Jamuna and Saraswaati Rivers converge, the Truest of the True.

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
Aaraadhh Eaekankaar Saachaa Nith Dhaee Charrai Savaaeiaa ||
Worship and adore the One Creator, the True Lord, who constantly gives, whose gifts continually increase.

ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥3॥
Gath Sang Meethaa Santhasangath Kar Nadhar Mael Milaaeiaa ||3||
Salvation is attained by associating with the Society of the Saints, O friend; granting His Grace, God unites us in His Union. ||3||

ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥
Kehan Kehai Sabh Koe Kaevadd Aakheeai ||
Everyone speaks and talks; how great should I say He is?

ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥
Ho Moorakh Neech Ajaan Samajhaa Saakheeai ||
I am foolish, lowly and ignorant; it is only through the Guru's Teachings that I understand.

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
Sach Gur Kee Saakhee Anmrith Bhaakhee Thith Man Maaniaa Maeraa ||
True are the Teachings of the Guru. His Words are Ambrosial Nectar; my mind is pleased and appeased by them.

ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
Kooch Karehi Aavehi Bikh Laadhae Sabadh Sachai Gur Maeraa ||
Loaded down with corruption and sin, people depart, and then come back again; the True Shabad is found through my Guru.

ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
Aakhan Thott N Bhagath Bhanddaaree Bharipur Rehiaa Soee ||
There is no end to the treasure of devotion; the Lord is pervading everywhere.

ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥4॥1॥
Naanak Saach Kehai Baenanthee Man Maanjai Sach Soee ||4||1||
Nanak utters this true prayer; one who purifies his mind is True. ||4||1||

ਗੁਰ ਸਾਗਰੁ ਰਤਨੀ ਭਰਪੂਰੇ ॥
(Raag Dhanaasree M. 1, GGS. 685-12).
Gur Saagar Rathanee Bharapoorae ||
The Guru is the ocean, filled with pearls.

ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
Anmrith Santh Chugehi Nehee Dhoorae ||
The Saints gather in the Ambrosial Nectar; they do not go far away from there.

ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
Har Ras Chog Chugehi Prabh Bhaavai ||
They taste the subtle essence of the Lord; they are loved by God.

ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥1॥
Saravar Mehi Hans Praanapath Paavai ||1||
Within this pool, the swans find their Lord, the Lord of their souls. ||1||

ਕਿਆ ਬਗੁ ਬਪੁੜਾ ਛਪੜੀ ਨਾਇ ॥
Kiaa Bag Bapurraa Shhaparree Naae ||
What can the poor crane accomplish by bathing in the mud puddle?

ਕੀਚੜਿ ਡੂਬੈ ਮੈਲੁ ਨ ਜਾਇ ॥1॥ ਰਹਾਉ ॥
Keecharr Ddoobai Mail N Jaae ||1|| Rehaao ||
It sinks into the mire, and its filth is not washed away. ||1||Pause||

ਰਖਿ ਰਖਿ ਚਰਨ ਧਰੇ ਵੀਚਾਰੀ ॥
Rakh Rakh Charan Dhharae Veechaaree ||
After careful deliberation, the thoughtful person takes a step.

ਦੁਬਿਧਾ ਛੋਡਿ ਭਏ ਨਿਰੰਕਾਰੀ ॥
Dhubidhhaa Shhodd Bheae Nirankaaree ||
Forsaking duality, he becomes a devotee of the Formless Lord.

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
(Raag Sarang M. 1, GGS. 1245-10).
Sach Varath Santhokh Theerathh Giaan Dhhiaan Eisanaan ||
Those who have truth as their fast, contentment as their sacred shrine of pilgrimage, spiritual wisdom and meditation as their cleansing bath,

ਚਲਦਾ...

# ਨਸ਼ਿਆਂ ਦੀ ਦਲਦਲ-ਵੱਡੀ ਚਣੌਤੀ

ਗੁਰਮੀਤ ਸਿੰਘ ਪਲਾਹੀ
-9815802070



ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖਰਾਂ 'ਤੇ ਹਨ। ਬੱਚਿਆਂ,ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਬਾਨ ਹੋ ਚੁੱਕੇ ਹਨ ਕਿ ਦੁਨੀਆ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸ਼ਾਸ਼ਨ-ਪ੍ਰਸ਼ਾਸ਼ਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ 'ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉਤੇ, ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ ਭੁਗਤ ਨਾਲ ਹੋ ਰਿਹਾ ਹੈ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਹਨਾ ਦੇਸ਼ਾਂ ਵਿੱਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ 'ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ।

**ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗੈਂਗਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਨਦੀ ਹੈ।**



ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆਂ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ। ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ 'ਚ ਜਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ।

ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004 -14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ ਜਦਕਿ 2014-24 ਦੇ ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ 'ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿੱਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ 'ਚ ਤਸਕਰ-ਗੈਂਗ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗੈਂਗਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗੈਂਗਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾ ਗੈਂਗਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗੈਂਗਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਹਨਾ ਤਸਕਰਾਂ ਕਾਰਨ ਦਾਅ 'ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ ਉਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿੱਚ ਇਸ ਕਿਸਮ ਦੀਆਂ ਵਾਰਦਾਤਾਂ ਪਿਛੇ ਪੁਲਿਸ ਪ੍ਰਸ਼ਾਸ਼ਨ, ਇਹਨਾ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ 'ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ। ਪਰ ਸਰਹੱਦੀ ਸੂਬੇ ਇਸਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ 'ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ 'ਚ ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉਤੇ, ਜਿਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉਥੇ ਸਰਪੰਚਾਂ ਜਾਂ ਮੁਹੱਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ। ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗੈਂਗਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਨਦੀ ਹੈ।

ਭਾਵੇਂ ਭਾਰਤ ਵਿੱਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨੈਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿੱਚ ਜ਼ੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਹਨਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾ ਗ੍ਰਸਤ ਹਨ, ਉਹਨਾ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ, ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ।

ਨਸ਼ਾ ਮਾਫੀਆ ਤਿਕੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਹਨਾ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।

oooooooooooo

# ਕੁੱਤਿਆਂ ਤੋਂ ਬੰਦੇ ਦੇ ਬਚਾਅ ਲਈ ਕੋਈ ਕਾਨੂੰਨ ਨਹੀਂ

**ਡਾ. ਅਮਨਪ੍ਰੀਤ ਸਿੰਘ ਬਰਾੜ**
9653790000



ਕਿਸੇ ਜਮਾਨੇ ਵਿੱਚ ਸਮਾਜ ਦੇ ਹੇਠਲੇ ਵਰਗ ਵਿੱਚ ਇਹ ਲਫਜ ਕਹੇ ਜਾਂਦੇ ਸਨ ਕਿ "ਬੰਦੇ ਭਾਵੇਂ ਭੁੱਖੇ ਮਰ ਜਾਣ ਪਰ ਬਿਸਕੁਟ ਖਾਣ ਕਤੂਰੇ" ਇਹ ਹਰੀ ਕ੍ਰਾਂਤੀ ਤੋਂ ਪਹਿਲਾਂ ਦੀਆਂ ਗੱਲਾਂ ਹਨ। ਅੱਜ ਦੇਸ਼ ਤਰੱਕੀ ਕਰ ਗਿਆ ਹੈ ਬੰਦੇ ਭੁੱਖੇ ਨਹੀਂ ਮਰਦੇ ਕਿਉਂ ਕਿ ਖਬਰਾਂ ਮੁਤਾਬਕ ਦੇਸ਼ ਵਿੱਚ 90 ਕਰੋੜ ਲਾਭ ਪਾਰਤੀ ਦੱਸੇ ਜਾਂਦੇ ਹਨ। 82 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਮਹੀਨਾ ਅਨਾਜ ਮਿਲਦਾ ਹੈ। ਦੂਜੇ ਪਾਸੇ ਕੁੱਤੇ ਜਿਆਦਾ ਤਰੱਕੀ ਕਰ ਗਏ ਉਹ ਸ਼ਾਕਾਹਾਰੀ ਤੋਂ ਮਾਸਾਹਾਰੀ ਹੋ ਗਏ। ਮੈਂ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਵਾਰਾ ਗਊਆਂ ਅਤੇ ਕੁੱਤਿਆਂ ਵੱਲ। ਅਵਾਰਾ ਗਊਆਂ ਤੇ ਕਾਫੀ ਚਰਚਾ ਹੁੰਦੀ ਰਹੀ ਹੈ ਨਵੀਆਂ ਗਊਸ਼ਾਲਾ ਵੀ ਖੋਲੀਆਂ ਗਈਆਂ, ਗਊ ਸੈਸ (ਟੈਕਸ) ਵੀ ਲੱਗਿਆ ਪਰ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਏਸੇ ਤਰ੍ਹਾਂ ਕੁੱਤਿਆਂ ਦੀ ਅਬਾਦੀ ਘਟਾਉਣ ਲਈ ਵੀ ਇਹਨਾਂ ਨੂੰ ਖਸੀ ਕਰਨ ਦੇ ਪ੍ਰੋਗਰਾਮ ਚਲਾਏ ਗਏ, ਕਰੋੜਾਂ ਰੁਪਏ ਖਰਚਣ ਤੋਂ ਬਾਅਦ ਵੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਅੱਜ ਕੁੱਤਿਆਂ ਨੇ ਕੰਮਕਾਜ਼ ਤੇ ਜਾਣ ਵਾਲੇ ਲੋਕਾਂ ਦਾ ਘਰੋਂ ਨਿਕਲਣਾ ਦੁੱਭਰ ਕੀਤਾ ਹੋਇਆ ਹੈ। ਦੇਸ਼ ਵਿੱਚ ਸਵੱਛ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ ਹਰ ਛੋਟੇ ਵੱਡੇ ਨੇਤਾ ਨੇ ਝਾੜੂ ਫੜ ਕੇ ਫੋਟੋਆਂ ਖਿਚਵਾਈਆਂ। ਬੰਦਿਆਂ ਲਈ ਟੱਟੀਆਂ ਵੀ ਬਣਾਈਆਂ ਗਈਆਂ ਪਰ ਸਭ ਦੇ ਬਾਵਜੂਦ ਸੜਕਾਂ ਤੇ ਗੋਬਰ ਅਤੇ ਕੁੱਤਿਆਂ ਦੀ ਟੱਟੀ ਜਿਉਂ ਦੀ ਤਿਉਂ ਬਰਕਰਾਰ ਹੈ। ਇਸ ਲਈ ਅਵਾਰਾ ਤੇ ਨਿੱਜੀ ਕੁੱਤੇ ਦੋਨੋਂ ਹੀ ਜਿੰਮੇਵਾਰ ਹਨ। ਘਰੇਲੂ ਕੁੱਤਿਆਂ ਦੇ ਤਾਂ ਰੱਖਣ ਵਾਲਿਆਂ ਨੂੰ ਕਸੂਰਵਾਰ ਠਹਿਰਾਇਆ ਜਾ ਸਕਦਾ ਹੈ ਪਰ ਅਵਾਰਾ ਕੁੱਤਿਆਂ ਦਾ ਕੀ ਕਰੀਏ। ਇਹ ਸੜਕਾਂ ਦਾ ਗੰਦ ਲੋਕਾਂ ਦੀਆਂ ਗੱਡੀਆਂ ਦੇ ਟਾਇਰਾਂ ਤੇ ਬੂਟਾਂ, ਚੱਪਲਾਂ ਨਾਲ ਲੱਗ ਕੇ ਘਰਾਂ ਤੱਕ ਪਹੁੰਚਦਾ ਹੈ ਅਤੇ ਕਈ ਖਤਰਨਾਕ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਜਦੋਂ ਬਾਰਿਸ਼ ਹੁੰਦੀ ਹੈ ਤਾਂ ਇਹੋ ਮਲਮੂਤਰ ਦਰਿਆਵਾਂ ਵਿੱਚ ਰਲ ਕੇ ਪੀਣ ਵਾਲੇ ਪਾਣੀ ਨੂੰ ਦੂਸ਼ਿਤ ਕਰਦਾ ਹੈ।

**ਅਵਾਰਾ ਕੁੱਤਿਆਂ ਦਾ ਕਹਿਰ:-** ਇਸ ਵੇਲੇ ਅਵਾਰਾ ਕੁੱਤਿਆਂ ਦੀ ਤਾਦਾਦ ਐਨੀ ਵੱਧ ਗਈ ਹੈ ਕਿ ਬਜ਼ੁਰਗ, ਬੱਚੇ, ਔਰਤਾਂ ਅਤੇ ਹੁਣ ਤਾਂ ਇਕੱਲੇ ਬੰਦੇ ਦਾ ਘਰ ਤੋਂ ਨਿਕਲਣਾ ਕਿਸੇ ਨਾ ਕਿਸੇ ਕੁੱਤੇ ਦਾ ਸ਼ਿਕਾਰ ਬਣਦਾ ਹੈ। ਇਸ ਦਾ ਸ਼ਿਕਾਰ ਗਰੀਬ ਜਾਂ ਮੱਧ ਵਰਗ ਪਰਿਵਾਰਾਂ ਵਿੱਚੋਂ ਬਹੁਤੇ ਲੋਕ ਬਣਦੇ ਹਨ। ਬੱਚੇ ਪੈਦਲ ਜਾਂ ਸਾਈਕਲਾਂ ਤੇ ਸਕੂਲ ਜਾਂ ਟਿਊਸ਼ਨ ਜਾਂਦੇ ਹਨ। ਇਥੋਂ ਤੱਕ ਅੱਜ ਮਾਪੇ ਕੁੱਤਿਆਂ ਦੇ ਡਰ ਕਰਕੇ ਬੱਚਿਆਂ ਨੂੰ ਪਾਰਕਾਂ ਵਿੱਚ ਖੇਡਣ ਵੀ ਨਹੀਂ ਭੇਜਦੇ। ਕੰਮ ਕਾਰ ਵਾਲੀਆਂ ਔਰਤਾਂ, ਘਰੇਲੂ ਔਰਤਾਂ ਜ਼ਰੂਰਤ ਦਾ ਸਮਾਨ ਖਰੀਦਣ ਵੱਖ-ਵੱਖ ਕੰਪਨੀਆਂ ਦੇ ਡਿਲਿਵਰੀ ਵਾਲੇ ਅਤੇ ਬਜ਼ੁਰਗ ਜੋ ਸੈਰ ਲਈ ਨਿਕਲਦੇ ਹਨ।



**ਪੰਜਾਬ ਕੋਲ 201 ਐਂਟੀ ਰੈਬਿਜ਼ ਕਲਿਨਿਕ ਹਨ। ਜੇ ਕੁੱਤਾ ਵੱਢਦਾ ਹੈ ਤਾਂ ਇੱਕ ਵਿਅਕਤੀ ਨੂੰ ਪੰਜ ਰੈਬਿਜ਼ ਦੇ ਟੀਕੇ ਲੱਗਦੇ ਹਨ। ਇੱਕ ਟੀਕੇ ਦੀ ਕੀਮਤ 380 ਰੁਪਏ ਹੈ ਤੇ 20 ਰੁਪਏ ਲਵਾਈ ਦੇ ਯਾਨੀ ਸਿਰਫ ਟੀਕੇ ਦਾ ਖਰਚਾ 2000 ਰੁਪਏ ਹੋਇਆ। ਇਸ ਤੋਂ ਇਲਾਵਾ ਪਹਿਲੀ ਵੇਰ ਡਾਕਟਰ ਦੀ ਫੀਸ ਅਤੇ ਪੱਟੀਆਂ ਦਾ ਖਰਚਾ ਵੱਖਰਾ ਜਿਹੜਾ ਲੋਕਾਂ ਦਾ ਕੰਮ ਛੁੱਟਿਆ ਉਸ ਦੀ ਗਿਣਤੀ ਕਰਨੀ ਔਖੀ ਹੈ। ਇਕੱਲੇ ਲੁਧਿਆਣੇ ਵਿੱਚ ਹੀ ਸਾਲ 2022 ਵਿੱਚ 19043 ਲੋਕਾਂ ਨੇ 3.60 ਕਰੋੜ ਟੀਕਿਆਂ ਤੇ ਖਰਚੇ ਇਸੇ ਤਰ੍ਹਾਂ ਦੇਸ਼ ਭਰ ਵਿੱਚ 1.6 ਕਰੋੜ ਲੋਕਾਂ ਨੇ 3200 ਕਰੋੜ ਸਾਲ 2019-2022 ਤੱਕ ਖਰਚੇ। ਜਿਸ ਘਰ ਦਾ ਜੀਅ ਖਾ ਲਿਆ ਉਸ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ।**

ਅਮੀਰ ਲੋਕ ਜਾਂ ਉਹ ਲੋਕ ਜਿਹੜੇ ਜਾਨਵਰਾਂ ਨੂੰ ਪਿਆਰ ਕਰਨ ਵਾਲੇ ਮੰਨੇ ਜਾਂਦੇ ਹਨ ਉਹ ਇਹਨਾਂ ਦੀ ਪਕੜ ਤੋਂ ਬਾਹਰ ਹਨ ਕਿਉਂਕਿ ਉਨ੍ਹਾਂ ਨੇ ਤਾਂ ਕਾਰ ਤੋਂ ਹੇਠਾਂ ਪੈਰ ਨਹੀਂ ਲਾਉਣਾ। ਸੈਰ ਲਈ ਜਿੰਮ ਵਿੱਚ ਜਾਂਦੇ ਹਨ ਜਿਹੜੇ ਪੈਦਲ ਜਾਂਦੇ ਹਨ ਉਨ੍ਹਾਂ ਨਾਲ ਬਾਡੀਗਾਰਡ ਹੁੰਦੇ ਹਨ।

**ਅਬਾਦੀ:-** ਇਸ ਸਭ ਦੇ ਪਿੱਛੇ ਹੈ ਅਵਾਰਾ ਕੁੱਤਿਆਂ ਦੀ ਵੱਧਦੀ ਅਬਾਦੀ। ਪੈਟ ਹੋਮਲੈਸ ਇੰਡੈਕਸ (PHI) ਦੇ ਮੁਤਾਬਕ ਭਾਰਤ ਵਿੱਚ ਅਵਾਰਾ ਕੁੱਤਿਆਂ ਦੀ ਅਬਾਦੀ ਸਾਲ 2022 ਵਿੱਚ 6 ਕਰੋੜ 2 ਲੱਖ ਸੀ। ਇਸ ਦਾ ਅਰਥ ਹੈ ਕਿ 23 ਲੋਕਾਂ ਮਗਰ ਇੱਕ ਅਵਾਰਾ ਕੁੱਤਾ ਹੈ। ਸਾਲ 2019-2022 ਤੱਕ 1.6 ਕਰੋੜ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਕੱਟਿਆ। ਵਿਸ਼ਵ ਸਿਹਤ ਸੰਸਥਾ (WHO) ਦੇ ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਸਾਲ 18 ਤੋਂ 20 ਹਜ਼ਾਰ ਮੌਤਾਂ ਹਲਕਾਅ ਕਾਰਨ ਹੁੰਦੀਆਂ ਹਨ।

ਪੰਜਾਬ- ਸਾਲ 2019 ਵਿੱਚ ਹੋਏ ਲਾਈਵ ਸਟਾਕ ਸੈਂਸਸ ਦੇ ਮੁਤਾਬਕ ਸੂਬੇ ਵਿੱਚ 2.90 ਲੱਖ ਤੋਂ ਜ਼ਿਆਦਾ ਕੁੱਤੇ ਸਨ। ਇਹ ਅੰਕੜੇ ਅਕਤੂਬਰ 2022 ਵਿੱਚ ਵਿਧਾਨ ਸਭਾ ਵਿੱਚ ਦੱਸੇ ਗਏ ਸਨ। ਪੰਜਾਬ ਸਰਕਾਰ ਨੇ 2015 ਵਿੱਚ ਹਲਫਨਾਮਾ ਦੇ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦੱਸਿਆ ਕਿ ਪੰਜਾਬ ਵਿੱਚ 59806 ਅਵਾਰਾ ਕੁੱਤੇ ਹਨ। ਸਾਲ 2022 ਵਿੱਚ ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਕੁੱਤੇ ਦੇ ਵੱਢਣ ਦੇ ਅੰਕੜੇ ਇਸ ਤਰ੍ਹਾਂ ਹਨ ਲੁਧਿਆਣਾ 19043, ਪਟਿਆਲਾ 13023, ਮੋਹਾਲੀ 11077, ਬਠਿੰਡਾ 13128 ਕੁਝ ਸ਼ਹਿਰਾਂ ਕੋਲ ਇਸ ਦਾ ਕੋਈ ਰਿਕਾਰਡ ਹੀ ਨਹੀਂ। ਗੱਲ ਇਕੱਲੀ ਵੱਡਣ ਤੱਕ ਸੀਮਤ ਨਹੀਂ ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਮਾਰ ਕੇ ਖਾਣ ਤੱਕ ਪਹੁੰਚ ਗਈ।

ਸਵਾਲ ਤਾਂ ਇਹ ਹੈ ਕਿ 2001 ਤੋਂ ਸਰਕਾਰਾਂ ਦੀਆਂ ਸਕੀਮਾਂ ਚੱਲਦੀਆਂ ਹਨ ਅਵਾਰਾ ਕੁੱਤਿਆਂ ਨੂੰ ਸਟਰਲਾਈਜ਼ ਕਰਕੇ ਇਹਨਾਂ ਦੀ ਅਬਾਦੀ ਘਟਾਓਣ ਦੀ ਪਰ ਇਹ ਵੱਧਦੀ ਜਾ ਰਹੀ ਹੈ। ਸਾਲ 2022 ਅਕਤੂਬਰ ਦੇ ਵਿਧਾਨ ਸਭਾ ਸੈਸ਼ਨ ਵਿੱਚ ਇਹ ਦੱਸਿਆ ਗਿਆ ਸੀ ਕਿ ਪੰਜਾਬ ਵਿੱਚ 2.90 ਲੱਖ ਕੁੱਤਿਆ ਵਿੱਚੋਂ 1.22 ਲੱਖ ਕੁੱਤਿਆਂ ਨੂੰ ਸਟਰਲਾਈਜ਼ ਕੀਤਾ ਗਿਆ ਜਿਸ ਤੇ 9.50 ਕਰੋੜ ਖਰਚ ਆਇਆ ਹੈ। ਮਾਹਿਰਾਂ ਵਲੋਂ ਇਹ ਦੱਸਿਆ ਜਾ ਰਿਹਾ ਹੈ ਕਿ ਜੇ 70 ਫੀਸਦੀ ਤੋਂ ਉੱਪਰ ਕੁੱਤੇ ਸਟਰਲਾਈਜ਼ ਹੋਣਗੇ ਤਾਂ ਅਬਾਦੀ ਘੱਟ ਸਕਦੀ ਹੈ। ਨਸਬੰਦੀ ਨਾਲ ਅਬਾਦੀ ਨਹੀਂ ਘੱਟਣੀ ਇਸ ਦੇ ਦੋ ਕਾਰਨ ਸਮੇਂ ਸਿਰ ਮਨਜ਼ੂਰੀ ਅਤੇ ਭਰਿਸ਼ਟਾਚਾਰ।

**ਕੁੱਤੇ ਦੇ ਵੱਢਣ ਦਾ ਲੋਕਾਂ ਦੀ ਆਰਥਿਕਤਾ ਤੇ ਬੋਝ:-** ਪੰਜਾਬ ਕੋਲ 201 ਐਂਟੀ ਰੈਬਿਜ਼ ਕਲਿਨਿਕ ਹਨ। ਜੇ ਕੁੱਤਾ ਵੱਢਦਾ ਹੈ ਤਾਂ ਇੱਕ ਵਿਅਕਤੀ ਨੂੰ ਪੰਜ ਰੈਬਿਜ਼ ਦੇ ਟੀਕੇ ਲੱਗਦੇ ਹਨ। ਇੱਕ ਟੀਕੇ ਦੀ ਕੀਮਤ 380 ਰੁਪਏ ਹੈ ਤੇ 20 ਰੁਪਏ ਲਵਾਈ ਦੇ ਯਾਨੀ ਸਿਰਫ ਟੀਕੇ ਦਾ ਖਰਚਾ 2000 ਰੁਪਏ ਹੋਇਆ। ਇਸ ਤੋਂ ਇਲਾਵਾ ਪਹਿਲੀ ਵੇਰ ਡਾਕਟਰ ਦੀ ਫੀਸ ਅਤੇ ਪੱਟੀਆਂ ਦਾ ਖਰਚਾ ਵੱਖਰਾ ਜਿਹੜਾ ਲੋਕਾਂ ਦਾ ਕੰਮ ਛੁੱਟਿਆ ਉਸ ਦੀ ਗਿਣਤੀ ਕਰਨੀ ਔਖੀ ਹੈ। ਇਕੱਲੇ ਲੁਧਿਆਣੇ ਵਿੱਚ ਹੀ ਸਾਲ 2022 ਵਿੱਚ 19043 ਲੋਕਾਂ ਨੇ 3.60 ਕਰੋੜ ਟੀਕਿਆਂ ਤੇ ਖਰਚੇ ਇਸੇ ਤਰ੍ਹਾਂ ਦੇਸ਼ ਭਰ ਵਿੱਚ 1.6 ਕਰੋੜ ਲੋਕਾਂ ਨੇ 3200 ਕਰੋੜ ਸਾਲ 2019-2022 ਤੱਕ ਖਰਚੇ। ਜਿਸ ਘਰ ਦਾ ਜੀਅ ਖਾ ਲਿਆ ਉਸ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ।

**ਸਿਹਤ ਤੇ ਅਸਰ:-** ਕੁੱਤਿਆਂ ਤੋਂ ਬੰਦਿਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਲੱਗਦੀਆਂ ਹਨ ਕਿਉਂਕਿ ਅਵਾਰਾ ਕੁੱਤੇ ਤਾਂ ਬਾਹਰੋਂ ਗਲੀ ਸੜੀ ਖੁਰਾਕ, ਮਰੇ ਹੋਏ ਜਾਨਵਰ ਅਤੇ ਹੋਰ ਗੰਦ ਮੰਦ ਖਾਂਦੇ ਹਨ ਪਰ ਜਿਹੜੇ ਪਾਲਤੂ ਕੁੱਤੇ ਹਨ ਉਹਨਾਂ ਨੂੰ ਜਦੋਂ ਕੱਚਾ ਮੀਟ ਜਾਂ ਕੱਚੇ ਆਂਡੇ ਖਵਾਏ ਜਾਂਦੇ ਹਨ ਤਾਂ ਉਹ ਵੀ ਕੁੱਤੇ ਦੀ ਪਾਚਣ ਨਾਲੀ ਵਿੱਚ ਅਨੇਕਾਂ ਤਰ੍ਹਾਂ ਦੀਆਂ ਵਾਇਰਸ, ਬੈਕਟੀਰੀਆ ਅਤੇ ਪਰੋਟੋਜੋਆ ਲੈ ਕੇ ਜਾਂਦੇ ਹਨ ਜਿਹੜੇ ਬਾਅਦ ਵਿੱਚ ਸਲਾਈਵਾ (ਰਾਲਾਂ) ਸਾਹ, ਪਿਸ਼ਾਬ ਅਤੇ ਟੱਟੀ ਰਸਤੇ ਬਾਹਰ ਆ ਕੇ ਅਗੋਂ ਹਵਾ ਅਤੇ ਪਾਣੀ ਦੇ ਮਾਧਿਅਮ ਰਾਹੀਂ ਇਨਸਾਨਾਂ ਦੇ ਅੰਦਰ ਵੀ ਚਲੇ ਜਾਂਦੇ ਹਨ। ਹਲਕਾਅ ਤੋਂ ਕਿਤੇ ਜ਼ਿਆਦਾ ਇਹ ਅੰਤੜੀਆਂ ਦੇ ਰੋਗਾਂ ਦਾ ਕਾਰਨ ਬਣਦੇ ਹਨ। ਅੱਜ ਅੰਤੜੀ ਰੋਗ ਦੇ ਡਾਕਟਰਾਂ ਕੋਲ ਮਰੀਜ਼ਾਂ ਦੀਆਂ ਲਾਈਨਾ ਲੱਗਦੀਆਂ ਹਨ ਅਤੇ ਕਈ-ਕਈ ਘੰਟੇ ਟਾਈਮ ਲੈ ਕੇ ਵੀ ਵਾਰੀ ਨਹੀਂ ਆਉਂਦੀ। ਕਈ ਇਸ ਤਰ੍ਹਾਂ ਦੇ ਬੈਕਟਰੀਆ ਹਨ ਜਿਹੜੇ ਬਹੁਤ ਸਾਰੇ ਪ੍ਰਚੱਲਤ ਐਂਟੀਬਾਇਓਟਿਕ ਨਾਲ ਵੀ ਨਹੀਂ ਮਰਦੇ ਜਿਵੇਂ ਕਿ ਮੈਥੀਸੀਲੀਨ ਸਟੇਫੀਲੋਕੋਕਸ ਔਰਮੀਅਸ (ਐਮ ਆਰ ਐਸ ਏ) ਬੈਕਟੀਰੀਆ ਦੀ ਇੰਨਫੈਕਸ਼ਨ ਇਨਸਾਨਾਂ ਲਈ ਘਾਤਕ ਸਿੱਧ ਹੋ ਸਕਦੀ ਹੈ। ਇਸ ਦੇ ਇਲਾਜ ਲਈ ਨਵੀਆਂ ਐਂਟੀਬਾਇਉਟਿਕਸ ਵੈਨਕੋਮਾਈਸੀਨ, ਲਿਨਜੋਲਿਡ ਅਤੇ ਡੈਪਟੋਮਾਈਸੀਨ ਵਰਤੀਆਂ ਜਾਂਦੀਆਂ ਹਨ। ਆਮ ਤੌਰ ਤੇ ਕੁੱਤੇ ਦੇ ਵੱਢਣ ਮਗਰੋਂ ਹਲਕਾਅ ਤੋਂ ਬਚਾਅ ਦੇ ਲਈ ਟੀਕੇ ਤਾਂ ਲਗਵਾ ਲਏ ਜਾਂਦੇ ਹਨ। ਪਰ ਤਿੰਨ ਚਾਰ ਦਿਨ ਬਾਅਦ ਖੂਨ ਅਤੇ ਸਟੂਲ ਟੈਸਟ ਵੀ ਕਰਵਾ ਲੈਣਾ ਚਾਹੀਦਾ ਹੈ ਤਾਂ ਕਿ ਬਾਕੀ ਇਲਾਜ ਵੀ ਨਾਲ ਹੋ ਜਾਵੇ। ਕਈ ਬੈਕਟੀਰੀਆ ਐਸੇ ਹਨ ਜਿਹੜੇ ਹੌਲੀ-ਹੌਲੀ ਵੱਧਦੇ ਹਨ। ਜਦੋਂ ਨੂੰ ਜਖਮ ਠੀਕ ਹੋਣ ਲੱਗਣ ਉਦੋਂ ਨੂੰ ਡਾਇਰੀਆ ਹੋ ਜਾਂਦਾ ਹੈ।

ਕਾਨੂੰਨ ਕੀ ਕਹਿੰਦਾ ਹੈ: ਕਾਨੂੰਨ ਮੁਤਾਬਕ ਤੁਸੀਂ ਕਿਸੇ ਕੁੱਤੇ ਜਾਂ ਹੋਰ ਅਵਾਰਾ ਪਸ਼ੂ ਨੂੰ ਸੋਟੀ ਮਾਰਕੇ ਜਾਂ ਜਹਿਰ ਦੇ ਕੇ ਅਪਾਹਜ਼ ਜਾਂ ਮਾਰ ਨਹੀਂ ਸਕਦੇ। ਕੁੱਤਾ ਤੁਹਾਨੂੰ ਭਾਵੇਂ ਵੱਡ ਵੀ ਜਾਵੇ ਜਾਂ ਪਸ਼ੂ ਸਿੰਗਾਂ ਤੇ ਚੱਕ ਲਵੇ। ਕੁੱਤੇ ਜਾਂ ਪਸ਼ੂ ਨੂੰ ਮਾਰਨਾ ਆਈ ਪੀ ਸੀ, (1860) ਦੀ ਧਾਰਾ, 428 ਅਤੇ 429 ਜੋ ਹੁਣ ਬਦਲ ਕਿ ਭਾਰਤੀ ਨਿਆਏ ਸਨਹਿਤਾ (ਬੀ ਐਨ ਐਸ) 325 ਬਣ ਗਿਆ। ਇਸ ਮੁਤਾਬਕ ਜੁਰਮ ਹੈ ਅਤੇ ਇਸ ਜੁਰਮ ਦੀ ਸਜ਼ਾ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਪਰ ਜੇ ਕਿਸੇ ਦਾ ਪਾਲਤੂ ਕੁੱਤਾ ਤੁਹਾਨੂੰ ਵੱਡਦਾ ਹੈ ਤਾਂ

**ਬਾਕੀ ਹਿਸਾ ਸਫਾ 40 ਤੇ ਪੜ੍ਹੋ**

# ਕੁਝ ਲੋਕ ਇਨਸਾਨ ਕੋ ਕਮ ਪਹਿਚਾਨਤੇ ਹੈ

ਮੈਂ ਤੇ ਪਤੀ ਦੇਵ ਨੇ ਅੰਮ੍ਰਿਤ ਛੱਕਿਆ ਕੇਸ ਗੁਰਦੁਆਰੇ ਦੇ ਕਬਜ਼ੇ ਕਰਕੇ ਉੱਚ ਅਦਾਲਤ ਵਿੱਚ ਗਿਆ। ਅਸੀਂ ਗਏ ਤਾਂ ਡੈਸਕ ਤੇ ਕ੍ਰਿਪਾਨ ਲਾਹੋ ਅੰਦਰ ਨਹੀਂ ਲਿਜਾ ਸਕਦੇ। ਸ੍ਰੀ ਮਾਨ ਜੀ ਅੜ੍ਹ ਗਏ। ਭਾਅ ਜੀ ਬੇਅੰਤ ਸਿੰਘ ਕਹਿੰਦੇ ਲਾਹ ਦੇ ਲੇਟ ਹੋ ਰਹੇ ਹਾਂ। ਜਾਣ ਨਹੀਂ ਦੇਣਾ ਲਾਹ ਦਿੱਤੀਆਂ, ਵਾਪਸੀ ਤੇ ਅਸੀਂ ਪਾਈਆਂ ਨਾ ਫੜ੍ਹ ਲਈਆਂ। ਸ੍ਰੀ ਮਾਨ ਜੀ ਮੈਨੂੰ ਕਹਿੰਦੇ ਕੱਲ੍ਹ ਨੂੰ ਗੁਰਦੁਆਰੇ ਮੱਥਾ ਟੇਕ ਆਈਂ ਲਾਹੀ ਗਈ ਬਸ, ਮੁੜ ਨਹੀਂ ਪਾਈ, ਨਾ ਹੀ ਕਦੀ ਅੰਮ੍ਰਿਤਧਾਰੀ ਕਲੇਮ ਕੀਤਾ।

ਧਰਮ ਨਿਯਮ ਹੈ, ਵਿਸ਼ਵਾਸ਼, ਅਕੀਦਾ ਮਨੁੱਖ ਦੀ ਅੰਤਰੀਵ ਦਰਿੜਤਾ ਗੁਰੂ ਤਾਂ ਅਧਿਆਪਕ ਨੂੰ ਵੀ ਆਖਦੇ ਨੇ, ਗੁਰੂ ਉਸ ਧਰਮ ਦਾ ਬਾਨੀ ਪਰ ਫਲਾਸਫ਼ਰ ਜੀਹਦੀ ਥਿਊਰੀ ਤੇ ਨੀਂਹ ਪੱਥਰ ਰੱਖ ਹੋਇਆ ਅਤੇ ਫਲਾਸਫੀ ਨੂੰ ਪੜ੍ਹ ਕੇ ਤਾਂ ਹੋਰ ਵੀ ਗਿਆਨ ਪ੍ਰਾਪਤ ਕਰਨ, ਨਾ ਕਿ ਕੇਵਲ ਇੱਕ ਧਰਮ, ਫਲਾਸਫ਼ਰ ਤਾਂ ਜਗਤ ਪ੍ਰਸਿੱਧ ਹੋ ਜਾਂਦੇ ਹਨ। ਮਿਸਾਲ :-ਦੁਨੀਆਂ ਮਹਾਨ ਉੱਤਮ ਪੜ੍ਹੋ

Revered. Global Philosopher,

1-Confucius 2-Socrates. 3-Plato 4-Aristotle 5-Epicurus.

ਬਾਕੀ ਮੈਂ ਤਾਂ (ਗੁਰੂ ਨਾਨਕ ਦੇਵ) ਨੂੰ ਉਸ ਅਸਥਾਨ ਤੇ ਸਥਾਪਤ ਕਰਨ ਦੀ ਲਾਈਨ ਤੇ ਸੀ ਚਲੋ ਜੇਕਰ ਧਰਮ ਦੇ ਮਾਲਕ, ਪਾਲਕ, ਪਹਿਲਾਂ ਗੁਰਬਾਣੀ ਨਾ ਲਿਖ, ਹੁਣ ਧਰਮ ਨੂੰ ਭਵਿੱਖ ਦੀ ਪਨੀਰੀ ਲਈ ਪੁਰਾਤਨ ਤੇ ਮੁੱਢਲਾ ਧੁਰਾ ਸਥਾਪਤ ਕਰਨ ਵੱਲ ਵੱਧ ਰਹੀ ਸੀ। ਜੇਕਰ ਨਹੀਂ ਮਨਜ਼ੂਰ ਪੰਜ ਪਤਾਸੇ ਰੱਖ ਮੱਥਾ ਟੇਕ ਖਿਮਾਂ ਜਾਚਨਾ, ਮੈਂ ਕਾਹਨੂੰ ਸਮਾਂ ਗੁਆ ਕੇ ਵਿਵਾਦ ਸਹੇੜਾਂ। ਕੋਈ ਹੋਰ ਪਾਸਾ ਫੜ ਕੇ ਮਨ ਨੂੰ ਅਡੋਲ ਰਖੂੰਗੀ। ਆਪੇ ਸਮਾਂ ਨਿਚੋੜ ਕੱਢ ਲਵੇਗਾ। ਹਾਂ ਕੋਈ ਵਿਰੋਧੀ ਵੀ ਕੌਮੀ ਕੰਮ ਕਰੂ ਯੋਗਦਾਨ ਜ਼ਰੂਰ ਪਾਊਂਗੀ। ਖੁਸ਼ ਰਹੋ ਸੁਖੀ ਵਸੋ ਦਾਤੇ ਨਾਲੋਂ ਤੁਸੀਂ ਬਖਸ਼ਿੰਦ



ਬਲਵਿੰਦਰ ਕੌਰ ਚਾਹਲ

* * * * * *

## ਅਵਾਰਾ ਕੁੱਤਿਆਂ ਦਾ ਕਹਿਰ

39 ਸਫੇ ਦੀ ਬਾਕੀ

ਉਸ ਦੇ ਮਾਲਕ ਤੇ ਧਾਰਾ 289, 337, 338 IPC (ਬੀ ਐਨ ਐਸ ਧਾਰਾ 291, 125 (ੳ), 125 (ਬ) ਤਹਿਤ ਮੁਕੱਦਮਾ ਦਰਜ਼ ਕਰਵਾਇਆ ਜਾ ਸਕਦਾ ਹੈ। ਧਾਰਾ 289 (291) ਹੈ ਕਿ ਅਣਗੈਹਿਲੀ ਕਾਰਨ ਦੂਜੇ ਦੀ ਜਾਨ ਖਤਰੇ ਵਿੱਚ ਪਾਉਣਾ, ਇਸ ਵਿੱਚ ਵੱਧ ਤੋਂ ਵੱਧ 6 ਮਹੀਨੇ ਕੈਦ ਜਾਂ ਜੁਰਮਾਨਾ ਜਾਂ ਦੋਨੋਂ ਹੋ ਸਕਦੇ ਹਨ। ਜੁਰਮਾਨੇ ਦੀ ਰਕਮ ਵੱਧ ਤੋਂ ਵੱਧ 5000 ਰੁਪਏ ਹੈ। ਧਾਰਾ 337 (125 (ੳ)), ਅਤੇ 338 (125 (ਬ)) ਦੋਨੋਂ ਹੀ ਪਛਾਣਯੋਗ ਅਪਰਾਧ **(Cognizable offence)** ਹਨ। ਇਹਨਾਂ ਧਾਰਵਾਂ ਵਿੱਚ ਕਿਸੇ ਦੀ ਜ਼ਿੰਦਗੀ ਨੂੰ ਖਤਰੇ ਵਿੱਚ ਪਾਉਣਾ। ਇਸ ਲਈ 337 (125(ੳ)) ਅਧੀਨ 6 ਮਹੀਨੇ ਤੱਕ ਕੈਦ ਤੇ 2500 ਰੁਪਏ ਜੁਰਮਾਨਾ ਜਾਂ ਦੋਨੋਂ। ਧਾਰਾ 338 (125 (ਬ)) ਅਧੀਨ ਤਿੰਨ ਸਾਲ ਤੱਕ ਕੈਦ ਤੇ 10000 ਰੁਪਏ ਜੁਰਮਾਨਾ ਜਾਂ ਦੋਨੋਂ। ਜੇ ਇਲਾਜ ਦਾ ਖਰਚਾ ਲੈਣਾ ਹੈ ਤਾਂ ਉਸ ਲਈ ਅਲੱਗ ਕੇਸ ਸਿਵਲ ਰਿਟ ਪਟੀਸ਼ਨ ਪਾਉਣੀ ਪਾਊਗੀ।

14 ਨਵੰਬਰ, 2023 ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇੱਕ ਫੈਸਲਾ ਦਿੱਤਾ ਹੈ ਜਿਸ ਮੁਤਾਬਕ ਜੇ ਕਿਸੇ ਇਨਸਾਨ ਨੂੰ ਅਵਾਰਾ ਕੁੱਤਾ ਕੱਟਦਾ ਹੈ ਤਾਂ ਉਹ ਸਰਕਾਰ ਤੋਂ ਮੁਆਵਜਾ ਲੈਣ ਦਾ ਹੱਕਦਾਰ ਹੈ। ਮੁਆਵਜੇ ਦੀ ਰਾਸ਼ੀ ਇਸ ਤਰ੍ਹਾਂ ਤਹਿ ਕੀਤੀ ਹੈ। ਜੇ ਕੁੱਤੇ ਨੇ ਇੱਕ ਜਗ੍ਹਾ ਦੰਦ ਮਾਰੇ ਤਾਂ ਘੱਟੋ ਘੱਟ 10000 ਰੁਪਏ ਜੇ ਇੱਕ ਤੋਂ ਜਿਆਦਾ ਜਗ੍ਹਾ ਦੰਦ ਮਾਰੇ ਤਾਂ ਉਹਨਾਂ ਨੂੰ 10000 ਨਾਲ ਗੁਣਾ ਕਰ ਲਵੋ। ਜੇ ਕੁੱਤੇ ਦੇ ਦੰਦ 2 ਐਮ.ਐਮ ਤੋਂ ਵੱਧ ਡੂੰਘਾਈ ਤੱਕ ਚਲੇ ਗਏ ਤਾਂ ਰਾਸ਼ੀ 20000 ਹੋ ਜਾਵੇਗੀ। ਕੁੱਲ ਰਾਸ਼ੀ ਕਿੰਨੀ ਮਿਲਣੀ ਹੈ ਇਹ ਜਿਲੇ ਦੇ ਡਿਪਟੀ ਕਮਿਸ਼ਨਰ ਅਧੀਨ ਬਣੀ ਇੱਕ ਕਮੇਟੀ ਡਾਕਟਰ ਦੀ ਰਿਪੋਰਟ ਦੇ ਅਧਾਰ ਤੇ ਤਹਿ ਕਰੇਗੀ। ਭਾਵ ਕੁੱਤੇ ਦੇ ਕੱਟੇ ਦਾ ਇਲਾਜ ਸਰਕਾਰੀ ਹਸਪਤਾਲ ਤੋਂ ਕਰਵਾਓ ਫਿਰ ਇਹ ਸਾਰਾ ਰਿਕਾਰਡ ਲਗਾ ਕਿ ਡਿਪਟੀ ਕਮਿਸ਼ਨਰ ਦਫਤਰ ਵਿੱਚ ਪਹੁੰਚ ਕਰੋ। ਇਸ ਤੇ ਅਮਲੀ ਰੂਪ ਵਿੱਚ ਪ੍ਰਸ਼ਾਸਨ ਦੇ ਕੰਨ ਤੇ ਜੂੰ ਨਹੀਂ ਸਰਕੀ। ਕੀ ਇਨਸਾਨ ਦੀ ਜਿੰਦਗੀ ਦਾ ਮੁੱਲ ਕੁੱਝ ਹਜ਼ਾਰ ਦਾ ਮੁਆਫਜਾ ਹੈ, ਜਿਹੜਾ 1-2 ਹਜਾਰ ਮਿਉਨਸੀਪਲ ਕਮੇਟੀ ਫਤਿਹਗੜ੍ਹ ਸਾਹਿਬ ਦੇ ਰਹੀ ਹੈ।

**ਨਿਚੋੜ:-** ਲੋਕਾਂ ਨੂੰ ਰਲ ਕੇ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਜਿਹੜੈ ਪਾਲਤੂ ਕੁੱਤੇ ਹਨ ਉਹਨਾਂ ਨੂੰ ਮਾਲਕ ਟੱਟੀ ਲਿਫਾਫੇ ਵਿੱਚ ਕਰਵਾਉਣ ਅਤੇ ਜਿਹੜੇ ਅਵਾਰਾ ਹਨ ਉਹਨਾਂ ਲਈ ਸਰਕਾਰ ਗਊਸ਼ਾਲਾ ਵਾਂਗ ਅਹਾਤੇ ਬਣਾ ਕੇ ਉਹਨਾਂ ਵਿੱਚ ਛੱਡ ਦੇਣ। ਜਿਹੜੀਆਂ ਸੁਸਾਇਟੀਆਂ ਇਸ ਦਾ ਵਿਰੋਧ ਕਰਦੀਆਂ ਹਨ ਉਹ ਆਪਣੇ ਖਰਚੇ ਤੇ ਇਹਨਾਂ ਲਈ ਜਮੀਨ ਖਰੀਦ ਕੇ ਪਾਰਕ ਬਣਾਉਣ ਅਤੇ ਉਹਨਾਂ ਵਿੱਚ ਛੱਡ ਕੇ ਸੇਵਾ ਕਰਨਾ। ਜਿਹੜੇ ਕੁੱਤੇ ਦੇ ਮੂੰਹ ਨੂੰ ਇੱਕ ਵਾਰ ਇਨਸਾਨ ਦਾ ਖੂਨ ਲੱਗ ਗਿਆ ਉਹ ਆਦਮ ਖੋਰ ਬਣ ਜਾਂਦਾ ਹੈ। ਮਹਿਲਾਂ ਵਿੱਚ ਰਹਿਣ ਵਾਲਿਆਂ ਨੂੰ ਅਤੇ ਕਾਰਾਂ ਵਿੱਚ ਹੀ ਘਰੋਂ ਬਾਹਰ ਨਿਕਲਣ ਵਾਲਿਆਂ ਨੂੰ ਇਸ ਗੱਲ ਦਾ ਸ਼ਾਇਦ ਹੀ ਪਤਾ ਹੋਵੇ।

* * * * * *

# ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਕਰਮਜੀਤ ਮੀਨੀਆ ਦਾ ਗੀਤ ਜੁੱਤੀ ਲਾਹੌਰ ਦੀ ਰਿਲੀਜ



ਪੰਜਾਬੀ ਸਾਹਿਤ ਸਭਾ ਦੇ ਮੈਂਬਰ ਗੀਤ ਦਾ ਪੋਸਟਰ ਰਿਲੀਜ ਕਰਦੇ ਹੋਏ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਪੰਜਾਬੀ ਸਾਹਿਤ ਸਭਾ ਗਲਾਸਗੋ, ਜੋ ਪੰਜਾਬੀ ਸਾਹਿਤ, ਕਲਾ, ਗਾਇਕੀ, ਗੀਤਕਾਰੀ ਵਿੱਚ ਸਾਫ ਸੁਥਰਾ ਯੋਗਦਾਨ ਪਾਉਣ ਲਈ ਨਵੇਂ ਪੁਰਾਣੇ ਕਲਾਕਾਰਾਂ ਦੀ ਹੌਸਲਾ ਅਫਜਾਈ ਕਰਦੀ ਰਹਿੰਦੀ ਹੈ। ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਭਰਵਾਂ ਇਕੱਠ ਕਰਕੇ ਗਲਾਸਗੋ ਦੇ ਪ੍ਰਸਿੱਧ ਗਾਇਕ ਅਤੇ ਰੇਡੀਓ ਪੇਸ਼ਕਾਰ ਕਰਮਜੀਤ ਮੀਨੀਆ ਦਾ ਸੱਭਿਆਚਾਰਕ ਗੀਤ 'ਜੁੱਤੀ ਲਹੌਰ ਦੀ' ਰਿਲੀਜ ਕੀਤਾ ਗਿਆ। ਇਸ ਗੀਤ ਨੂੰ ਲਿਖਿਆ ਤੇ ਗਾਇਆ ਕਰਮਜੀਤ ਮੀਨੀਆ ਨੇ ਹੈ। ਸੰਗੀਤਬੱਧ ਡੀ. ਗਿੱਲ ਨੇ ਕੀਤਾ ਹੈ ਅਤੇ ਫ਼ਿਲਮਾਕਣ ਸੋਨੀ ਸੋਹਲ, ਅਰਸ਼ਦੀਪ ਮੀਨੀਆ ਨੇ ਕੀਤਾ ਹੈ। ਗੀਤ ਦੇ ਨਿਰਮਾਤਾ ਤੇਜ਼ ਰਿਕਾਰਡ ਪ੍ਰੋਡੱਕਸ਼ਨ ਹਨ। ਇਸ ਗੀਤ ਨੂੰ ਪਹਿਲੇ ਦਿਨ ਤੋ ਹੀ ਸੋਸ਼ਲ ਮੀਡੀਆ ਯੂਟਿਊਬ, ਫੇਸਬੁੱਕ, ਇੰਸਟਾਗ੍ਰਾਮ 'ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਪ੍ਰਧਾਨ ਦਿਲਾਵਰ ਸਿੰਘ ਨੇ ਕਿਹਾ ਕਿ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਵਿੱਚ ਇਸ ਤਰ੍ਹਾਂ ਦੇ ਸੱਭਿਆਚਾਰਕ ਗੀਤ ਗਾਏ ਜਾ ਰਹੇ ਹਨ ਅਤੇ ਅੱਜ ਕੱਲ ਹਿੰਸਾ, ਨਸ਼ਿਆਂ ਵਾਲੇ ਗੀਤਾਂ ਦਾ ਰਾਹ ਰੋਕਣ ਲਈ ਜ਼ਰੂਰੀ ਹਨ। ਸਾਡਾ ਫਰਜ਼ ਬਣਦਾ ਹੈ ਕਿ ਚੰਗੇ ਗੀਤ ਗਾਉਣ ਲਈ ਕਲਾਕਾਰਾਂ ਦੀ ਹੌਸਲਾ ਅਫਜਾਈ ਕਰੀਏ। ਇਸ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਦਿਲਬਾਗ ਸਿੰਘ ਸੰਧੂ, ਦਲਜੀਤ ਦਿਲਬਰ, ਡਾ: ਇੰਦਰਜੀਤ ਸਿੰਘ, ਕਮਲਜੀਤ ਮਿਨਹਾਸ, ਤਰਲੋਚਨ ਮੁਠੱਡਾ, ਅਮਨਦੀਪ ਅਮਨ, ਸੁਖਦੇਵ ਰਾਹੀ, ਅਮਰ ਮੀਨੀਆ, ਗੁਰਦੇਵ ਸਿੰਘ, ਜਗਦੀਸ਼ ਸਿੰਘ, ਚਰਨਜੀਤ ਕੌਰ ਅਤੇ ਗਲਾਸਗੋ ਦੇ ਉੱਘੇ ਕਾਰੋਬਾਰੀ ਜਸਵਿੰਦਰ ਕੁਮਾਰ, ਸੁੱਖੀ ਦੁਸਾਂਝ, ਇਕਬਾਲ ਸਿੰਘ ਕਲੇਰ, ਜਸਵਿੰਦਰ ਜੱਸਾ ਏਅਰ, ਗਾਇਕ ਸੰਤੋਖ ਸੋਹਲ, ਗੁਰਮੀਤ ਸਿੰਘ ਹਿੰਮਤਪੁਰਾ, ਪ੍ਰਿੰਸ ਸਹਿਗਲ, ਸਰਦਾਰਾ ਸਿੰਘ ਜੰਡੂ, ਹਰਮਨ ਸਿੰਘ, ਹਰਜਿੰਦਰ ਕੌਰ, ਬਲਵੰਤ ਕਲੇਰ, ਲਸ਼ਕਰ ਸਿੰਘ, ਰਜਨੀ ਅਤੇ ਪੰਜਾਬੀ ਗਿੱਧਾ ਗਰੁੱਪ ਗਲਾਸਗੋ ਦੀ ਅੰਮ੍ਰਿਤਾ ਕੌਰ ਦੀ ਅਗਵਾਈ ਵਾਲੀ ਟੀਮ ਮੌਜੂਦ ਸਨ। ਜਿਕਰਯੋਗ ਹੈ ਕਿ ਕਰਮਜੀਤ ਮੀਨੀਆ ਦੇ ਇਸ ਤੋਂ ਪਹਿਲਾਂ ਬਾਬਾ ਨਾਨਕ, ਇਨਕਲਾਬੀ ਯੋਧੇ, ਕੁੜੀਆਂ, ਘਰ ਦਾ ਨਕਸ਼ਾ, ਚਮਕੀਲੇ ਤੋਂ ਸਿੱਧੂ ਮੂਸੇ ਵਾਲਾ ਆਦਿ ਗੀਤ ਕਾਫੀ ਸਲਾਹੇ ਗਏ ਹਨ।


## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ-ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 10 ਮਾਰਚ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 10th March 2025**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

**President: Mrs Manjit Kaur - 01922 641040**
**Vice President: Ranjit Singh - 07861 432505**
**Email:gurdwara.pleck@gmail.com**

# ਵਿਦੇਸ਼ਾਂ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਪ੍ਰਸਾਰ

ਪ੍ਰੋ. ਕੁਲਬੀਰ ਸਿੰਘ



ਅੱਜ ਬਹੁਤ ਸਾਰੀਆਂ ਸੰਸਥਾਵਾਂ, ਬਹੁਤ ਸਾਰੇ ਵਿਅਕਤੀ ਵਿਸ਼ੇਸ਼ ਦੇਸ਼ ਵਿਦੇਸ਼ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਵਿਚ ਲੱਗੇ ਹੋਏ ਹਨ। ਪੂਰੇ ਵਿਸ਼ਵ ਵਿਚ 15 ਕਰੋੜ ਦੇ ਕਰੀਬ ਲੋਕ ਪੰਜਾਬ ਬੋਲੀ ਬੋਲਦੇ ਹਨ। ਸੱਭ ਤੋਂ ਵੱਧ ਪੰਜਾਬੀ ਬੋਲੀ ਬੋਲਣ ਵਾਲੇ ਪਾਕਿਸਤਾਨ ਵਿਚ ਹਨ। ਦੂਸਰਾ ਨੰਬਰ ਭਾਰਤ ਦਾ ਹੈ। ਤੀਸਰਾ ਕੈਨੇਡਾ ਦਾ। ਚੌਥਾ ਇੰਗਲੈਂਡ ਦਾ। ਪੰਜਵਾਂ ਅਮਰੀਕਾ ਦਾ ਅਤੇ ਛੇਵਾਂ ਆਸਟਰੇਲੀਆ ਦਾ। ਇੰਗਲੈਂਡ ਵਿਚ ਪੰਜਾਬੀ ਦਾ ਨੰਬਰ ਚੌਥਾ ਤੇ ਆਸਟਰੇਲੀਆ ਵਿਚ ਪੰਜਵਾਂ ਹੈ। ਪੰਜਾਬੀ ਦੁਨੀਆਂ ਭਰ ਵਿਚ ਸੱਭ ਤੋਂ ਵੱਧ ਬੋਲੀ ਜਾਣ ਵਾਲੀ ਨੌਵੀਂ ਭਾਸ਼ਾ ਹੈ।

ਬੀਤੇ ਦਿਨੀਂ ਡੀ ਡੀ ਪੰਜਾਬੀ ਨੇ ਆਪਣੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਤਹਿਤ ਕੈਨੇਡਾ ਤੋਂ ਆਏ ਡਾ. ਦਲਬੀਰ ਸਿੰਘ ਕਥੂਰੀਆ ਨਾਲ 'ਵਿਦੇਸ਼ਾਂ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਪ੍ਰਸਾਰ' ਵਿਸ਼ੇ 'ਤੇ ਵਿਸਥਾਰਤ ਗੱਲਬਾਤ ਕੀਤੀ। ਬਤੌਰ ਸੰਚਲਕ ਸ੍ਰੀ ਸ਼ੁਕਰਗੁਜਾਰ ਸਿੰਘ ਮੌਜੂਦ ਸਨ ਅਤੇ ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਸ੍ਰੀ ਸੁਖਵਿੰਦਰ ਕੁਮਾਰ ਸਨ।

ਡਾ. ਕਥੂਰੀਆ ਨੇ ਕਿਹਾ ਕਿ ਅਸੀਂ ਮਾਂ ਬੋਲੀ ਦਾ ਕਰਜ਼ ਕਦੇ ਵੀ ਉਤਾਰ ਨਹੀਂ ਸਕਦੇ ਪਰ ਪੰਜਾਬ ਵਿਚ ਬੱਚੇ ਮਾਂ ਬੋਲੀ ਤੋਂ ਦੂਰ ਜਾ ਰਹੇ ਹਨ। ਇਸ ਵਿਚ ਬੱਚਿਆਂ ਨਾਲੋਂ ਮਾਂ ਬਾਪ ਦੀ ਭੂਮਿਕਾ ਵਧੇਰੇ ਹੈ।

ਇਹ ਵੀ ਸਹੀ ਹੈ ਕਿ ਸਮੇਂ ਨਾਲ ਸੱਭ ਕੁਝ ਬਦਲ ਰਿਹਾ ਹੈ। ਇਸ ਦਾ ਪ੍ਰਭਾਵ ਸਾਡੀ ਭਾਸ਼ਾ 'ਤੇ ਵੀ ਪਿਆ ਹੈ। ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਪਹਿਲਾਂ ਪੰਜਾਬੀ ਬੋਲੀ ਨਾਲ ਜੋੜਨਾ ਪਵੇਗਾ। ਉਨ੍ਹਾਂ ਕਿਹਾ ਕਿ ਦੁਨੀਆਂ ਦੀਆਂ ਜਿੰਨੀਆਂ ਮਰਜ਼ੀ ਭਾਸ਼ਾਵਾਂ ਸਿੱਖੋ ਪਰ ਮਾਂ ਬੋਲੀ ਨੂੰ ਉਸਦਾ ਪਹਿਲਾ ਸਥਾਨ ਜ਼ਰੂਰ ਦਿਓ।

ਪਰਵਾਸੀ ਪੰਜਾਬੀ ਭਾਵੇਂ ਆਪਣੇ ਮੁਲਕ ਤੋਂ ਦੂਰ ਵਿਦੇਸ਼ਾਂ ਵਿਚ ਵੱਸਦੇ ਹਨ ਪਰ ਉਨ੍ਹਾਂ ਦਾ ਆਪਣੇ ਮੁਲਕ, ਆਪਣੇ ਰਾਜ, ਆਪਣੀ ਭਾਸ਼ਾ ਨਾਲ ਅੰਤਾਂ ਦਾ ਮੋਹ ਹੈ। ਪਰ ਦੁਨੀਆਂ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਲੋਪ ਹੋ ਗਈਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਦੇਸ਼ ਵਿਦੇਸ਼ ਵਿਚ ਪੰਜਾਬੀ ਬੋਲੀ ਦਾ ਲਗਾਤਾਰ ਪ੍ਰਚਾਰ ਪ੍ਰਸਾਰ ਕਰਨਾ ਚਾਹੀਦਾ ਹੈ।

ਵਧੇਰੇ ਧਿਆਨ ਨੌਜਵਾਨਾਂ ਵੱਲ ਦੇਣ ਦੀ ਲੋੜ ਹੈ। ਇਸ ਮਾਮਲੇ ਵਿਚ ਪਰਵਾਸੀ ਪੰਜਾਬੀ, ਪੰਜਾਬ ਦੇ ਪੰਜਾਬੀਆਂ ਨਾਲੋਂ ਅੱਗੇ ਹਨ। ਉਥੇ ਘਰਾਂ ਵਿਚ ਮਾਪੇ ਬੱਚਿਆਂ ਨਾਲ ਪੰਜਾਬੀ ਹੀ ਬੋਲਦੇ ਹਨ। ਪੰਜਾਬ ਵਿਚ ਅਜਿਹਾ ਨਹੀਂ ਹੈ।

ਪੰਜਾਬੀ ਦੀ ਵਿਦੇਸ਼ਾਂ ਵਿਚ ਵੀ ਓਨੀ ਹੀ ਲੋੜ ਹੈ। ਕੈਨੇਡਾ ਦੇ ਸ਼ਹਿਰ ਬਰੈਂਪਟਨ, ਸਰੀ, ਵੈਨਕੂਵਰ ਵਿਚ ਪੰਜਾਬੀਆਂ ਦਾ ਸਾਰਾ ਕਾਰੋਬਾਰ ਪੰਜਾਬੀ ਬੋਲੀ ਵਿਚ ਹੁੰਦਾ ਹੈ। ਕਿਉਂ ਕਿ ਉਥੇ ਮਾਲਕ, ਖਰੀਦਦਾਰ, ਕਰਮਚਾਰੀ ਸਾਰੇ ਪੰਜਾਬੀ ਹਨ। ਡਾ. ਕਥੂਰੀਆ ਨੇ ਅਖੀਰ ਵਿਚ ਕਿਹਾ ਕਿ ਜੇਕਰ ਤੁਹਾਨੂੰ ਆਪਣੀ ਭਾਸ਼ਾ ਨਹੀਂ ਆਉਂਦੀ ਤਾਂ ਤੁਸੀਂ ਕੋਈ ਹੋਰ ਭਾਸ਼ਾ ਵੀ



ਚੰਗੀ ਤਰ੍ਹਾਂ ਨਹੀਂ ਸਿੱਖ ਸਕਦੇ। ਕੈਨੇਡਾ ਵਿਚ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ, ਪੰਜਾਬੀ ਮੇਲੇ ਲਗਦੇ ਹਨ, ਵਿਆਹ-ਸ਼ਾਦੀਆਂ ਪੰਜਾਬੀ ਮਾਹੌਲ ਅਨੁਸਾਰ ਹੁੰਦੀਆਂ ਹਨ।

## ਟਰੰਪ ਅਤੇ ਟਿੱਕ-ਟਾਕ

19 ਜਨਵਰੀ ਨੂੰ ਕਾਨੂੰਨ ਅਨੁਸਾਰ ਐਪਲ ਇੰਕ ਅਤੇ ਗੂਗਲ ਨੇ ਅਮਰੀਕਾ ਵਿਚ ਆਪਣੇ ਐਪ ਸਟੋਰ ਵਿਚੋਂ ਟਿੱਕ-ਟਾਕ ਨੂੰ ਹਟਾ ਦਿੱਤਾ। ਇਸ ਤੋਂ ਕੁਝ ਹੀ ਘੰਟੇ ਪਹਿਲਾਂ ਟਿੱਕ-ਟਾਕ' ਨੇ 17 ਕਰੋੜ ਅਮਰੀਕੀਆਂ ਲਈ ਸੇਵਾਵਾਂ ਰੋਕ ਦਿੱਤੀਆਂ ਸਨ। ਬੀਤੇ ਸਾਲ ਰਾਸ਼ਟਰਪਤੀ ਜੋ ਬਾਈਡਨ ਨੇ ਨਵੇਂ ਕਾਨੂੰਨ 'ਤੇ ਦਸਤਖ਼ਤ ਕੀਤੇ ਸਨ। ਬੀਤੇ ਦਿਨੀਂ ਟਰੰਪ ਨੇ ਸੰਕੇਤ ਦਿੱਤੇ ਸਨ ਕਿ ਅਹੁਦਾ ਸੰਭਾਲਣ ਬਾਅਦ ਉਹ ਟਿੱਕ-ਟਾਕ ਨੂੰ ਕਾਨੂੰਨ ਤੋਂ 90 ਦਿਨ ਲਈ ਰਾਹਤ ਦੇ ਸਕਦੇ ਹਨ। ਇਸ ਨਾਲ ਅਮਰੀਕਾ ਵਿਚ ਟਿੱਕ-ਟਾਕ ਵਰਤਣ ਵਾਲਿਆਂ ਵਿਚ ਖਸ਼ੀ ਦੀ ਲਹਿਰ ਦੌੜ ਗਈ ਹੈ। ਫੈਸਲਾ ਕਰਦੇ ਵਕਤ ਟਰੰਪ ਨੇ 90 ਦੀ ਥਾਂ 70 ਦਿਨਾਂ ਦੀ ਰਾਹਤ ਦਿੱਤੀ ਹੈ।

## ਟਰੰਪ ਅਤੇ ਮਸਕ

ਐਲਨ ਮਸਕ ਕਦੇ ਡੋਨਾਲਡ ਟਰੰਪ ਦਾ ਆਲੋਚਕ ਰਿਹਾ ਹੈ। ਪਰੰਤੂ ਸਮੇਂ ਨਾਲ ਚੋਣਾਂ ਵਿਚ ਉਸਦਾ ਵੱਡਾ ਪ੍ਰਚਾਰਕ ਬਣ ਗਿਆ। ਟਰੰਪ ਦੀ ਸ਼ਾਨਦਾਰ ਜਿੱਤ ਵਿਚ ਮਸਕ ਦੀ ਅਹਿਮ ਭੂਮਿਕਾ ਰਹੀ ਹੈ। ਦੋਵੇਂ ਇਕ ਦੂਸਰੇ ਦੀ ਖੁਲ੍ਹ ਕੇ ਪ੍ਰਸੰਸਾ ਕਰ ਰਹੇ ਹਨ। ਟਰੰਪ ਦੀ ਜਿੱਤ ਤੋਂ ਬਾਅਦ ਮਸਕ ਨੇ ਕਿਹਾ ਸੀ, ?‍ਭਵਿੱਖ ਸ਼ਾਨਦਾਰ ਹੋਣ ਵਾਲਾ ਹੈ।" ਇਸ ਤੋਂ ਪਹਿਲਾਂ 2016 ਅਤੇ 2020 ਦੀਆਂ ਚੋਣਾਂ ਵਿਚ ਉਸਨੇ ਹਿਲੇਰੀ ਕਲਿੰਟਨ ਅਤੇ ਜੋ ਬਾਈਡਨ ਦੀ ਮਦਦ ਕੀਤੀ ਸੀ।

ਟਰੰਪ ਨੇ ਐਲਨ ਮਸਕ ਨੂੰ ਸਰਕਾਰੀ ਵਿਭਾਗ ਦਾ ਮੁਖੀ ਬਣਾਉਂਦਿਆਂ ਕਿਹਾ ਕਿ ਇਹ ਮੇਰੇ ਪ੍ਰਸਾਸਨ ਲਈ ਸਰਕਾਰੀ ਨੌਕਰਸ਼ਾਹੀ ਨੂੰ ਖ਼ਤਮ ਕਰਨ, ਵਾਧੂ ਨਿਯਮਾਂ ਨੂੰ ਘਟਾਉਣ, ਫਜ਼ੂਲ ਖਰਚ ਵਿਚ ਕਟੌਤੀ ਕਰਨ ਅਤੇ ਸੰਘੀ ਏਜੰਸੀਆਂ ਦੇ ਪੁਨਰਗਠਨ ਲਈ ਰਸਤਾ ਬਣਾਉਣਗੇ।

## ਟਰੰਪ ਅਤੇ ਜੁਕਰਬਰਗ

ਦੁਨੀਆਂ ਦੇ ਵੱਡੇ ਆਈ ਟੀ ਆਗੂ ਟਰੰਪ ਦੀ ਜਿੱਤ ਬਾਅਦ ਉਸ ਨਾਲ ਦੋਸਤੀ ਵਧਾਉਣ ਦੀ ਕੋਸ਼ਿਸ਼ ਵਿਚ ਹਨ। ਜੁਕਰਬਰਗ ਇਸ ਵਿਚ ਕਾਮਯਾਬ ਹੋ ਗਏ ਹਨ। ਇਸਤੇ ਹੈਰਾਨੀ ਪ੍ਰਗਟ ਕਰਦੇ ਹੋਏ ਟਰੰਪ ਨੇ ਕਿਹਾ ਪਿਛਲੀ ਵਾਰ ਹਰ ਕੋਈ ਮੇਰੇ ਨਾਲ ਲੜ ਰਿਹਾ ਸੀ। ਇਸ ਵਾਰ ਹਰ ਕੋਈ ਮੇਰਾ ਮਿੱਤਰ ਬਣਨਾ ਚਾਹੁੰਦਾ ਹੈ। ਮੈਨੂੰ ਸਮਝ ਨਹੀਂ ਆ ਰਹੀ ਕਿ ਮੇਰਾ ਵਿਅਕਤਿਤਵ ਬਦਲ ਗਿਆ ਹੈ ਜਾਂ ਕੋਈ ਹੋਰ ਕਾਰਨ ਹਨ ?"

ਜੁਕਰਬਰਗ ਨੇ ਟਰੰਪ ਦੇ ਸਹੁੰ ਚੁੱਕ ਸਮਾਗਮ ਲਈ ਵੱਡੀਆਂ ਰਕਮਾਂ ਵੀ ਦਿੱਤੀਆਂ ਹਨ। ਨਤੀਜੇ ਵਜੋਂ ਟਰੰਪ ਨੇ ਉਸਨੂੰ ਹੋਸਟ ਦੀ ਜ਼ਿੰਮੇਵਾਰੀ ਸੌਂਪੀ। ਨਵੰਬਰ ਦੇ ਅਖੀਰ ਵਿਚ ਡੋਨਾਲਡ ਟਰੰਪ ਨੇ ਰਾਤ ਦੇ ਖਾਣੇ ਲਈ ਜੁਕਰਬਰਗ ਨੂੰ ਸੱਦਿਆ ਸੀ। ਉਹ ਵੀ ਦਿਨ ਸਨ ਜਦ ਟਰੰਪ ਨੇ ਜੁਕਰਬਰਗ ਨੂੰ ਜੇਲ੍ਹ ਭੇਜਣ ਦੀ ਧਮਕੀ ਦੇ ਦਿੱਤੀ ਸੀ।

## ਟਰੰਪ ਦਾ ਮੀਡੀਆ ਕਾਰੋਬਾਰ

ਟਰੰਪ ਮੀਡੀਆ ਅਤੇ ਟੈਕਨਾਲੋਜੀ ਗਰੁੱਪ ਵੱਲੋਂ 'ਟਰੁੱਥ ਸੋਸ਼ਲ' ਨਾਂ ਦਾ ਸੋਸ਼ਲ ਮੀਡੀਆ ਪਲੇਟਫਾਰਮ ਚਲਾਇਆ ਜਾ ਰਿਹਾ ਹੈ। ਇਸਦੀ ਸ਼ੁਰੂਆਤ ਚਾਰ ਸਾਲ ਪਹਿਲਾਂ 2021 ਵਿਚ ਕੀਤੀ ਗਈ ਸੀ। ਅਮਰੀਕਾ ਵਿਚ ਇਸਨੂੰ ਟਵਿੱਟਰ ਅਤੇ ਫੇਸਬੁਕ ਦਾ ਬਦਲ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਨੇਕਾਂ ਔਕੜਾਂ ਪਾਰ ਕਰਦਿਆਂ 'ਟਰੁੱਥ ਸੋਸ਼ਲ' ਅੱਜ ਅਮਰੀਕਾ ਵਿਚ ਕਾਫ਼ੀ ਚਰਚਿਤ ਹੈ। ਇਸ ਨੂੰ 'ਟਵਿੱਟਰ ਕਲੋਨ' ਵੀ ਕਿਹਾ ਜਾਂਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ 'ਟਰੁੱਥ ਸੋਸ਼ਲ' ਦੀ ਆਮਦਨ ਅੱਜ ਮਸਕ ਦੇ 'ਐਕਸ' ਨਾਲੋਂ ਵੱਧ ਹੈ।

# ਨਬਾਲਗ ਨਾਲ ਨਜਾਇਜ਼ ਸਬੰਧਾਂ ਦੇ ਮਾਮਲੇ ਵਿਚ ਭਾਰਤੀ ਨੂੰ 30 ਸਾਲ ਕੈਦ ਤੇ 50 ਹਜਾਰ ਡਾਲਰ ਜੁਰਮਾਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਡਿਸਟ੍ਰਿਕਟ ਜੱਜ ਜੌਹਨ ਆਰ ਐਡਮਜ ਵੱਲੋਂ ਨਬਾਲਗ ਨਾਲ ਨਜਾਇਜ਼ ਸਬੰਧ ਬਣਾਉਣ ਤੇ ਆਪਣੇ ਕੋਲ ਜਿਨਸੀ ਸ਼ੋਸ਼ਣ ਸਮਗਰੀ ਰਖਣ ਦੇ ਮਾਮਲੇ ਵਿਚ ਸੋਮਈਆ ਰੁਦਰਾ ਨਾਮੀ 42 ਸਾਲਾ ਭਾਰਤੀ ਨੂੰ 30 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਸੋਮਈਆ ਵਾਈਟਹਾਲ, ਪੈਨਸਿਲਵਾਨੀਆ ਦਾ ਰਹਿਣ ਹੈ। ਇਹ ਐਲਾਨ ਅਮਰੀਕੀ ਨਿਆਂ ਵਿਭਾਗ ਦੁਆਰਾ ਕੀਤਾ ਗਿਆ ਹੈ। ਜੱਜ ਨੇ ਕੈਦ ਕੱਟਣ ਉਪਰੰਤ ਉਸ ਉਪਰ 10 ਸਾਲ ਲਈ ਨਿਗਰਾਨੀ ਰਖਣ ਦਾ ਆਦੇਸ਼ ਵੀ ਦਿੱਤਾ ਹੈ। ਇਸ ਤੋਂ ਇਲਾਵਾ 50 ਹਜਾਰ ਡਾਲਰ ਜੁਰਮਾਨਾ ਤੇ 17 ਹਜਾਰ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਹੈ। ਅਦਾਲਤੀ ਦਸਤਾਵੇਜ਼ ਅਨੁਸਾਰ 2023 ਵਿਚ ਰੁਦਰਾ ਦੀ "ਕਿਸ ਕਿਸ" ਨਾਮੀ ਐਪ ਉਪਰ 14 ਸਾਲਾ ਲੜਕੀ ਨਾਲ ਜਾਣ ਪਛਾਣ ਹੋਈ ਸੀ। ਇਸ ਤੋਂ ਬਾਅਦ ਉਹ ਲੜਕੀ ਨਾਲ ਵੀਡੀਓ ਫੋਨ ਰਾਹੀਂ ਗੱਲਬਾਤ ਕਰਦਾ ਰਿਹਾ ਤੇ ਫੋਨ ਉਪਰ ਸੁਨੇਹੇ ਭੇਜਦਾ ਰਿਹਾ। ਨਵੰਬਰ 2023 ਦੇ ਆਖਰ ਵਿਚ ਉਹ ਲੜਕੀ ਨੂੰ ਨਿੱਜੀ ਤੌਰ 'ਤੇ ਮਿਲਣ ਲਈ ਪੈਨਸਿਲਵਾਨੀਆ ਤੋਂ ਓਹੀਓ ਗਿਆ। ਉਸ ਨੇ ਮੰਨਿਆ ਕਿ ਉਹ ਲੜਕੀ ਨੂੰ ਹੋਟਲ ਵਿਚ ਲੈ ਕੇ ਗਿਆ ਜਿਥੇ ਉਸ ਨੇ ਉਸ ਨਾਲ ਨਜਾਇਜ਼ ਸਰੀਰਕ ਸਬੰਧ ਬਣਾਏ। ਲੜਕੀ ਦੇ ਪਰਿਵਾਰ ਵੱਲੋਂ ਕੀਤੀ ਸ਼ਿਕਾਇਤ ਤੋਂ ਬਾਅਦ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੁਆਰਾ ਮਾਮਲੇ ਦੀ ਜਾਂਚ ਪੜਤਾਲ ਉਪਰੰਤ ਰੁਦਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

# ਰਾਸ਼ਟਰਪਤੀ ਟਰੰਪ ਨੂੰ ਸੋਸ਼ਲ ਮੀਡੀਆ ਉਪਰ ਜਾਨੋ ਮਾਰਨ ਦੀ ਧਮਕੀਆਂ ਦੇਣ ਵਾਲਾ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੋਸ਼ਲ ਮੀਡੀਆ ਉਪਰ ਕਥਿੱਤ ਤੌਰ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਫਲੋਰਿਡਾ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਵੈਸਟ ਪਾਮ ਬੀਚ ਪੁਲਿਸ ਵਿਭਾਗ ਦੇ ਮੁਖੀ ਟੋਨੀ ਅਰਾਜੋ ਨੇ ਕਿਹਾ ਹੈ ਕਿ 46 ਸਾਲਾ ਸ਼ਾਨਨ ਐਟਕਿਨਸ ਨੂੰ ਟਰੰਪ ਨੂੰ ਧਮਕੀਆਂ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਨਾਂ ਕਿਹਾ ਕਿ ਕੁਝ ਦਿਨ ਪਹਿਲਾਂ ਐਫ ਬੀ ਆਈ ਨੂੰ ਓਕੀਚੋਬੀ, ਫਲੋਰਿਡਾ ਵਾਸੀ ਇਕ ਵਿਅਕਤੀ ਨੇ ਸੂਹ ਦਿੱਤੀ ਸੀ ਕਿ ਐਟਕਿਨਸ ਸੋਸ਼ਲ ਮੀਡਆ ਉਪਰ ਰਾਸ਼ਟਰਪਤੀ ਨੂੰ ਜਾਨੋ ਮਾਰਨ ਲਈ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਪੋਸਟਾਂ ਪਾ ਰਿਹਾ ਹੈ। ਪੁਲਿਸ ਮੁਖੀ ਨੇ ਕਿਹਾ ਕਿ ਪਾਮ ਬੀਚ ਡੀਟੈਕਟਿਵ ਵਿਭਾਗ ਨੇ ਜਾਂਚ ਪੜਤਾਲ ਕੀਤੀ ਤਾਂ ਐਟਕਿਨਸ ਦੁਆਰਾ ਪਾਈਆਂ ਕਈ ਪੋਸਟਾਂ ਮਿਲੀਆਂ ਜਿਨਾਂ ਵਿਚ ਟਰੰਪ ਨੂੰ ਖਤਮ ਕਰਨ ਦੀ ਧਮਕੀ ਦਿੱਤੀ ਗਈ ਸੀ।

# ਪੁਸਤਕ 'ਪੰਜ-ਆਬ ਦੇ ਸ਼ਾਹ ਅਸਵਾਰ' ਦਾ ਮੁਖਬੰਦ

ਪ੍ਰਿੰ. ਸਰਵਣ ਸਿੰਘ



ਖੇਡ ਮੈਦਾਨਾਂ 'ਚ ਧੂੜਾਂ ਪੁੱਟਦੇ 'ਪੰਜ-ਆਬ ਦੇ ਸ਼ਾਹ ਅਸਵਾਰਾਂ' ਬਾਰੇ ਇਹ ਪੁਸਤਕ ਲਿਖਣ ਵਾਲਾ ਨਵਦੀਪ ਸਿੰਘ ਗਿੱਲ ਖੁਦ ਖੇਡ ਲੇਖਣੀ ਦਾ ਸ਼ਾਹਸਵਾਰ ਹੈ। ਉਹਦੀ ਕਲਮ ਵੀ ਸ਼ਾਹਸਵਾਰਾਂ ਵਾਂਗ ਧੂੜਾਂ ਪੁੱਟਦੀ ਆ ਰਹੀ ਹੈ। ਉਸ ਨੇ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ' ਨਾਂ ਦੀ ਪ੍ਰਥਮ ਪੁਸਤਕ ਤੋਂ ਲੈ ਕੇ 'ਸ਼ਾਹ ਅਸਵਾਰ ਪੰਜ-ਆਬ ਦੇ' ਤਕ 14 ਪੁਸਤਕਾਂ ਲਿਖ ਧਰੀਆਂ ਹਨ ਜਿਨ੍ਹਾਂ ਵਿੱਚੋਂ 13 ਪੁਸਤਕਾਂ ਨਿਰੋਲ ਖੇਡਾਂ ਖਿਡਾਰੀਆਂ ਬਾਰੇ ਹੀ ਹਨ। ਜਿਸ ਰਫ਼ਤਾਰ ਨਾਲ ਨਵਦੀਪ ਲਿਖ ਰਿਹੈ, ਮੈਨੂੰ ਲੱਗਦੈ ਖੇਡਾਂ ਖਿਡਾਰੀਆਂ ਬਾਰੇ ਮੇਰਾ ਹੁਣ ਤਕ 27 ਖੇਡ ਪੁਸਤਕਾਂ ਲਿਖਣ ਦਾ ਰਿਕਾਰਡ ਇਹ ਨੌਜੁਆਨ ਖੇਡ ਲੇਖਕ ਮਾਤ ਪਾ ਦੇਣ ਦੇ ਪੂਰਾ ਸਮਰੱਥ ਹੈ। ਇਹ ਵੱਖਰੀ ਗੱਲ ਹੈ ਕਿ ਮੇਰੇ ਜੀਂਦੇ ਜੀਅ ਪਾਵੇ ਜਾਂ ਬਾਅਦ ਵਿਚ। ਮੇਰੀਆਂ ਸ਼ੁਭ ਇਛਾਵਾਂ ਉਹਦੇ ਨਾਲ ਹਨ। ਕਹਾਵਤ ਵੀ ਹੈ ਕਿ ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ!

ਨਵਦੀਪ ਉਦੋਂ ਬਰਨਾਲੇ ਕਾਲਜ ਵਿੱਚ ਪੜ੍ਹਦਾ ਸੀ ਜਦੋਂ ਮੇਰੀ ਕਿਤਾਬ 'ਪੰਜਾਬੀ ਖਿਡਾਰੀ' ਪੜ੍ਹ ਬੈਠਾ ਜੋ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਸੀ। ਉਦੋਂ ਤੋਂ ਉਹ ਮੇਰੀਆਂ ਖੇਡ ਲਿਖਤਾਂ ਦਾ ਪੱਕਾ ਪਾਠਕ ਹੈ। ਇਸ ਗੱਲ ਦਾ ਮੈਨੂੰ ਤਦ ਪਤਾ ਲੱਗਾ ਜਦੋਂ ਉਹ ਪੰਜਾਬੀ ਭਵਨ ਲੁਧਿਆਣੇ ਦੇ ਕਿਸੇ ਸਮਾਗਮ ਵਿਚ ਮੈਨੂੰ ਮਿਲਣ ਆਇਆ। ਉਥੇ ਉਹ ਮਿਲਦਾ ਹੀ ਮੇਰੇ ਗੋਡਿਆਂ ਵੱਲ ਝੁਕਿਆ ਜਿਵੇਂ ਪੰਜਾਬੀ ਸਭਿਆਚਾਰ ਅਨੁਸਾਰ ਛੁਟੇਰੇ ਵਡੇਰਿਆਂ ਦਾ ਆਦਰ ਮਾਣ ਕਰਦੇ ਹਨ। ਪਹਿਲੀ ਮਿਲਣੀ ਨਾਲ ਹੀ ਉਸ ਨੇ ਮੈਨੂੰ 'ਗੁਰੂ ਜੀ' ਕਹਿੰਦਿਆਂ ਗੁਰੂ ਧਾਰਨ ਕਰ ਲਿਆ। ਫਿਰ ਚੇਲਾ ਬਣਨ ਤੇ ਸਾਬਤ ਕਰਨ ਲਈ ਮੇਰੀਆਂ ਖੇਡ ਲਿਖਤਾਂ ਉਹ ਮੂੰਹ ਜ਼ੁਬਾਨੀ ਸੁਣਾਉਣ ਲੱਗ ਪਿਆ। ਕਹਿੰਦਾ, ਮੈਂ ਤਾਂ ਸਾਰੀ ਕਿਤਾਬ ਕੰਠ ਕਰੀ ਫਿਰਦਾਂ! ਜਿਥੋਂ ਮਰਜ਼ੀ ਸੁਆਲ ਪੁੱਛੋ? ਮੈਂ ਧਿਆਨ ਨਾਲ ਉਹਦੇ ਵੱਲ ਵੇਖਿਆ। ਗੋਲ਼ ਅੱਖਾਂ, ਗੋਲ਼ ਮੂੰਹ ਤੇ ਗੋਲ਼ ਮਟੋਲ਼ ਹੀ ਜੁੱਸਾ। ਚਾਅ ਤੇ ਉਤਸ਼ਾਹ ਨਾਲ ਭਰੀ ਬੋਲ-ਬਾਣੀ। ਮਾਲਵੇ ਦਾ ਬਰਨਾਲਵੀ ਉਚਾਰਣ। ਜਮਾਂ ਘਰ ਦਾ ਮੁੰਡਾ ਲੱਗਾ। ਇੰਜ ਬਣਿਆ ਉਹ ਮੇਰਾ ਮੱਲੋਮੱਲੀ ਦਾ ਚੇਲਾ। ਤੇ ਚੇਲਾ ਨਿਕਲਿਆ ਵੀ ਸਿਰੇ ਦਾ ਅਫ਼ਲਾਤੂਨ।

ਉਹ ਆਪਣੀ ਪਹਿਲੀ ਪੁਸਤਕ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ' ਪ੍ਰਕਾਸ਼ਿਤ ਕਰਵਾਉਣ ਨਾਲ ਹੀ ਪੰਜਾਬੀ ਖੇਡ ਸਾਹਿਤ ਦੇ ਅੰਬਰ ਦਾ ਤਾਰਾ ਬਣ ਗਿਆ। ਫਿਰ ਉਸ ਨੇ ਦੋਹਾ ਦੀਆਂ ਏਸ਼ਿਆਈ ਖੇਡਾਂ-2006 ਅਖ਼ਬਾਰਾਂ ਲਈ ਕਵਰ ਕਰ ਕੇ 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ' ਪੁਸਤਕ ਛਪਵਾਈ ਤੇ ਬੀਜਿੰਗ ਦੀਆਂ ਓਲੰਪਿਕ ਖੇਡਾਂ-2008 ਕਵਰ ਕਰ ਕੇ 'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਲਿਖੀ। 'ਨੌਲੱਖਾ ਬਾਗ਼' ਪੁਸਤਕ ਦੇ ਪ੍ਰਕਾਸ਼ਨ ਨੇ ਉਹਦੀ ਹੋਰ ਵੀ ਧੰਨ-ਧੰਨ ਕਰਵਾ



ਦਿੱਤੀ ਜੋ ਪੰਜਾਬ ਦੇ ਨੌਂ ਪ੍ਰਸਿੱਧ ਕਲਾਕਾਰਾਂ ਤੇ ਸਾਹਿਤਕਾਰਾਂ ਦੇ ਸ਼ਬਦ ਚਿੱਤਰਾਂ ਨਾਲ ਭਰਪੂਰ ਸੀ। ਉਹਦੇ ਨਾਲ ਉਹ ਹੋਰ ਵੀ ਪ੍ਰਸਿੱਧ ਹੋ ਗਿਆ। ਅਗਲੀ ਪੁਸਤਕ ਏਸ਼ੀਆ ਦੇ ਸਰਵੋਤਮ ਅਥਲੀਟ ਤੇ ਓਲੰਪਿਕ ਖੇਡਾਂ ਟੋਕੀਓ-1964 'ਚ ਨਾਮਣਾ ਖੱਟਣ ਵਾਲੇ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ 'ਉਡਣਾ ਬਾਜ਼' ਲਿਖੀ ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਇਨਾਮ ਜੇਤੂ ਪੁਸਤਕ ਦਾ ਪੁਰਸਕਾਰ ਦੇ ਕੇ ਵਡਿਆਇਆ। ਇੰਜ ਉਹ ਪੰਜਾਬੀ ਖੇਡ ਸਾਹਿਤ ਦਾ ਮਾਨਤਾ ਪ੍ਰਾਪਤ ਖੇਡ ਲੇਖਕ ਬਣ ਗਿਆ ਅਤੇ ਖੇਡ ਹਲਕਿਆਂ 'ਚ ਉਸ ਨੂੰ ਮੇਰਾ ਵਾਰਸ ਕਿਹਾ ਜਾਣ ਲੱਗ ਪਿਆ।

ਮੈਨੂੰ ਖੁਸ਼ੀ ਹੈ ਕਿ ਪੰਜਾਬੀ ਖੇਡ ਸਾਹਿਤ ਰਚਣ ਵਾਲੇ ਹੁਣ ਦਰਜਨਾਂ ਖੇਡ ਲੇਖਕ ਹਨ ਜਿਨ੍ਹਾਂ ਬਾਰੇ ਮੈਂ ਚਾਰ ਪੁਸਤਕਾਂ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਲਿਖੀਆਂ ਹਨ। ਹੁਣ ਤਾਂ ਪੰਜਾਬੀ ਖੇਡ ਸਾਹਿਤ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਵੀ ਲਿਖੇ ਜਾਣ ਲੱਗੇ ਹਨ। ਯੂਨੀਵਰਸਿਟੀਆਂ ਐਮਫਿਲ ਤੇ ਪੀਐਚਡੀ ਦੀਆਂ ਡਿਗਰੀਆਂ ਦੇਣ ਲੱਗੀਆਂ ਹਨ। ਉਹ ਵੀ ਸਮਾਂ ਸੀ ਜਦੋਂ ਪੰਜਾਬੀ 'ਚ ਖੇਡਾਂ ਖਿਡਾਰੀਆਂ ਬਾਰੇ ਲਿਖਣ ਵਾਲਿਆਂ ਨੂੰ ਲੇਖਕ ਅਥਵਾ 'ਸਾਹਿਤਕਾਰ' ਨਹੀਂ ਸੀ ਮੰਨਿਆ ਜਾਂਦਾ ਸਗੋਂ ਉਨ੍ਹਾਂ ਦਾ ਮਖੌਲ ਉਡਾਇਆ ਜਾਂਦਾ ਸੀ। ਸਾਨੂੰ ਕਹਿਣਾ ਪੈਂਦਾ ਸੀ, ਅਸੀਂ ਕਦੋਂ ਕਹਿਨੇ ਆਂ ਕਿ ਸਾਨੂੰ 'ਸਾਹਿਤਕਾਰ' ਕਹੋ? ਚਲੋ ਸਾਨੂੰ 'ਸਿਹਤਕਾਰ' ਹੀ ਸਮਝ ਲਵੋ!

ਪੰਜਾਬੀ ਵਿਚ ਹੁਣ ਤਕ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਛਪ ਚੁੱਕੀਆਂ ਹਨ। ਗੀਤ, ਕਵਿਤਾਵਾਂ, ਕਹਾਣੀਆਂ, ਨਾਵਲ, ਰੇਖਾ ਚਿੱਤਰ, ਸ਼ਬਦ ਚਿੱਤਰ, ਜੀਵਨੀਆਂ, ਸਵੈਜੀਵਨੀਆਂ, ਸਫ਼ਰਨਾਮੇ, ਤਬਸਰੇ, ਖੇਡ ਇਤਿਹਾਸ, ਅਨੁਵਾਦ ਤੇ ਅੱਖੀਂ ਡਿੱਠੇ ਸੈਂਕੜੇ ਖੇਡ ਮੇਲਿਆਂ ਦੇ ਨਜ਼ਾਰੇ, ਸਭ ਕੁਝ ਹੈ। ਦਰਜਨ ਕੁ ਕਿਤਾਬਾਂ ਤਾਂ 'ਕੱਲੀ ਕਬੱਡੀ ਬਾਰੇ ਹੀ ਛਪ ਚੁੱਕੀਆਂ ਹਨ। ਸੌ ਤੋਂ ਵੱਧ ਪੰਜਾਬ ਦੀਆਂ ਦੇਸੀ ਖੇਡਾਂ ਤੇ ਨਵੀਆਂ ਬਾਲ ਖੇਡਾਂ ਦਾ ਵੇਰਵਾ ਤੇ ਵਿਸਥਾਰ ਛਪ ਚੁੱਕੈ। ਖੇਡਾਂ ਤੇ ਖਿਡਾਰੀਆਂ ਬਾਰੇ ਜਿੰਨਾ ਕੁਝ ਪੰਜਾਬੀ 'ਚ ਲਿਖਿਆ ਗਿਐ ਸ਼ਾਇਦ ਹੀ ਕਿਸੇ ਹੋਰ ਭਾਰਤੀ ਭਾਸ਼ਾ 'ਚ ਲਿਖਿਆ ਗਿਆ ਹੋਵੇ। ਪਰ ਸਾਡੇ ਕਹਿੰਦੇ ਕਹਾਉਂਦੇ ਆਲੋਚਕਾਂ ਨੇ ਅਜੇ ਗੌਲਿਆ ਨਹੀਂ। ਅਸੀਂ ਘਰ ਦੇ ਜੋਗੀ 'ਜੋਗੜੇ' ਜੁ ਹੋਏ!

ਪਿਛਲੇ ਦੋ ਕੁ ਸਾਲਾਂ ਤੋਂ ਤਾਂ ਕਲਮ ਦੇ ਸ਼ਾਹਸਵਾਰ ਨਵਦੀਪ ਗਿੱਲ ਨੇ ਖੇਡ ਪੁਸਤਕਾਂ ਲਿਖਣ ਦੀ ਝੜੀ ਹੀ ਲਾ ਦਿੱਤੀ ਹੈ। ਉਸ ਨੇ ਫਰਾਟਾ ਦੌੜਾਂ ਲਾਉਂਦਿਆਂ 'ਫਰਾਟਾ ਕਿੰਗ ਓਸੈਨ ਬੋਲਟ', 'ਟੋਕੀਓ ਓਲਿੰਪਕਸ ਦੇ ਸਾਡੇ ਹਾਕੀ ਸਿਤਾਰੇ', 'ਸੁਨਹਿਰੀ ਨਿਸ਼ਾਨਚੀ ਅਭਿਨਵ ਬਿੰਦਰਾ', 'ਗੋਲਡਨ ਬੁਆਏ ਨੀਰਜ ਚੋਪੜਾ', 'ਹਾਕੀ ਦਾ ਜਾਦੂਗਰ ਧਿਆਨ ਚੰਦ', 'ਬੈਡਮਿੰਟਨ ਦੀ ਰਾਣੀ ਪੀਵੀ ਸਿੰਧੂ', 'ਮਹਿਲਾ ਬੈਡਮਿੰਟਨ ਦੀ ਝੰਡਾਬਰਦਾਰ ਸਾਇਨਾ ਨੇਹਵਾਲ', 'ਟੈਨਿਸ ਦੀ ਰਾਣੀ ਸੇਰੈਨਾ ਵਿਲੀਅਮਜ਼' ਤੇ ਹੱਥਲੀ ਪੁਸਤਕ 'ਪੰਜ-ਆਬ ਦੇ ਸ਼ਾਹ ਅਸਵਾਰ' ਲਿਖੀਆਂ ਹਨ।

ਇਸ ਪੁਸਤਕ ਵਿਚ 15 ਖਿਡਾਰੀ ਚੜ੍ਹਦੇ ਪੰਜਾਬ ਦੇ ਤੇ 15 ਖਿਡਾਰੀ ਲਹਿੰਦੇ ਪੰਜਾਬ ਦੇ ਸ਼ਾਮਲ ਕੀਤੇ ਗਏ ਹਨ। ਉਨ੍ਹਾਂ 'ਚ ਵਧੇਰੇ ਖਿਡਾਰੀ ਹਾਕੀ ਤੇ ਕ੍ਰਿਕਟ ਦੇ ਹਨ ਤੇ ਕੁਝ ਅਥਲੀਟ ਤੇ ਹੋਰਨਾਂ ਖੇਡਾਂ ਦੇ ਹਨ। ਪੰਜਾਬ ਸੱਚਮੁੱਚ ਖਿਡਾਰੀਆਂ ਦੀ ਧਰਤੀ ਹੈ। ਪੰਜਾਬੀ ਜਿੰਨੇ ਜ਼ੋਰ ਨਾਲ ਹਲ ਵਾਹੁੰਦੇ ਰਹੇ ਉਨੇ ਹੀ ਜ਼ੋਰ ਨਾਲ ਖੇਡਦੇ ਵੀ ਰਹੇ। ਜਿੰਨੇ ਚਾਅ ਨਾਲ ਮੇਲੇ ਵੇਖਦੇ ਉਨੇ ਹੀ ਚਾਅ ਨਾਲ ਛਿੰਝਾਂ ਤੇ ਟੂਰਨਾਮੈਂਟ। ਪੰਜਾਬ ਦੇ ਜੰਮੇ ਰੁਸਤਮੇ ਹਿੰਦ ਹੀ ਨਹੀਂ ਰੁਸਤਮੇ ਜ਼ਮਾਂ ਵੀ ਬਣਦੇ ਰਹੇ। ਗਾਮੇ, ਗੁਲਾਮ, ਕਿੱਕਰ ਸਿੰਘ ਤੇ ਦਾਰੇ ਹੋਰਾਂ ਦੀਆਂ ਮਾਰੀਆਂ ਮੱਲਾਂ ਦਾ ਕੋਈ ਅੰਤ ਨਹੀਂ।

ਮੇਰੀ ਚਿਰੋਕਣੀ ਰੀਝ ਸੀ ਕਿ ਮੈਂ ਕਦੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਓਲੰਪੀਅਨਾਂ ਅਤੇ ਮੰਨੇ ਦੰਨੇ ਖਿਡਾਰੀਆਂ ਬਾਰੇ ਪੁਸਤਕ ਲਿਖਾਂ ਜੋ ਮੇਰੇ ਪੁੱਤਰਾਂ ਵਰਗੇ ਬਰਖੁਰਦਾਰ ਨਵਦੀਪ ਗਿੱਲ ਨੇ ਲਿਖ ਕੇ ਪੂਰੀ ਕਰ ਦਿੱਤੀ ਹੈ। ਇਹ ਪੁਸਤਕ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪਾਠਕਾਂ ਲਈ ਤੋਹਫ਼ਾ ਹੋਵੇਗੀ। ਨਵਦੀਪ ਬੁਨਿਆਦੀ ਤੌਰ 'ਤੇ ਬੇਹੱਦ ਉਤਸ਼ਾਹੀ, ਸੁਹਿਰਦ ਤੇ ਹਿੰਮਤੀ ਲੇਖਕ ਹੈ। ਪੰਜ-ਆਬਾਂ ਨੂੰ ਜੋੜਦੀ ਇਹ ਪੁਸਤਕ ਲਿਖਣ ਲਈ ਮੈਂ ਉਸ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਦੁਆ ਕਰਦਾਂ ਕਿ ਉਹਦੀ ਕਲਮ ਚੜ੍ਹਦੇ-ਲਹਿੰਦੇ ਪੰਜਾਬ, ਹਿੰਦ-ਪਾਕਿ ਤੇ ਦੇਸਾਂ-ਪ੍ਰਦੇਸਾਂ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਲਗਾਤਾਰ ਚਲਦੀ ਰਹੇ।

## ਧਾਮੀ ਸਾਹਬ, ਵਿਸ ਨਾ ਘੋਲ਼ੋ! ਫੁੰਕਾਰਾ ਮਾਰੋ ਫੁੰਕਾਰਾ!!



ਸੰਨ 1999 ਤੋਂ ਬਾਅਦ ਮੈਂ ਇਕ ਵਾਰ ਦਲ ਖਾਲਸਾ ਵਾਲ਼ੇ ਭਾਈ ਹਰਚਰਨਜੀਤ ਸਿੰਘ ਧਾਮੀ ਹੁਣਾ ਦੇ ਸੱਦੇ 'ਤੇ ਇਕ ਰਾਤਰੀ ਦੀਵਾਨ ਵਿਚ ਹਾਜਰੀ ਭਰਨ ਲਈ ਹੁਸ਼ਿਆਰ ਪੁਰ ਲਾਗੇ ਉਨ੍ਹਾਂ ਦੇ ਘਰੇ ਰਾਤ ਰਿਹਾ ਸਾਂ।

ਦੀਵਾਨ ਵਾਲਾ ਪਿੰਡ ਮੌਜੂਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਧਾਮੀ ਸਾਹਬ ਦੇ ਹਲਕੇ ਵਿਚ ਵਾਕਿਆ ਸੀ, ਇਸ ਕਰਕੇ ਦੋਵੇਂ ਧਾਮੀ ਅਤੇ ਮੈਂ ਇੱਕੋ ਗੱਡੀ ਵਿਚ ਉਸ ਪਿੰਡ ਗਏ ਅਤੇ ਵਾਪਸ ਆਏ ਸਾਂ।


ਰਾਹ ਵਿਚ ਹੁਣ ਵਾਲ਼ੇ ਪ੍ਰਧਾਨ ਧਾਮੀ ਸਾਹਬ ਨੇ ਮੇਰੇ ਇਕ ਮੈਂਬਰ ਮਿੱਤਰ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ ਅਖੇ ਦੁਪਾਲ ਪੁਰੀ ਜੀ ਤੁਹਾਡਾ ਮਿੱਤਰ ਫਲਾਣੀ ਰੈਲੀ ਵਿਚ ਨਾਹਰੇ ਮਾਰਦਾ ਸੀ-

'ਬਾਦਲ ਸਾਬ੍ਹ ਤੇਰੀ ਸੋਚ 'ਤੇ
ਪਹਿਰਾ ਦਿਆਂ ਗੇ ਠੋਕ ਕੇ !'

'ਹਾ...ਹਾ...ਹਾ...ਹਾ' ਧਾਮੀ ਜੀ ਹੱਸਦਿਆਂ ਕਹਿੰਦੇ-

"ਮੈਖਿਆਂ ਫਲਾਣਾ ਸਿਆਂ, ਤੂੰ ਹੀ ਬਾਦਲ ਮਗਰ 'ਪਹਿਰਾ' ਦੇਈ ਜਾਹ, ਆਪਾਂ ਤਾਂ ਨੀ ਉਹਦਾ ਪ੍ਰਛਾਵਾਂ ਵੀ ਲੈਂਦੇ ਭਰਾਵਾ !"

...ਹੁਣ ਪਿਛਲੇ ਕਈ ਦਿਨਾਂ ਤੋਂ ਉਹ ਕੁੱਟੇ-ਮਿੱਧੇ ਪਏ ਸੱਪ ਵਾਂਗ ਅੰਦਰੋ ਅੰਦਰ ਵਿਸ ਜਿਹੀ ਘੋਲ਼ੀ ਜਾ ਰਹੇ ਹਨ ! ਸੋ ਮੈਂ ਸੋਚਿਆ ਕਿ ਮਾਨਯੋਗ ਧਾਮੀ ਜੀ ਨੂੰ ਉਨ੍ਹਾਂ ਦਾ ਪੁਰਾਣਾ ਬਚਨ ਚੇਤੇ ਕਰਾ ਕੇ ਸਲਾਹ ਦਿਆਂ ਕਿ ਭਰਾ ਜੀ ਵਿਸ ਘੋਲਣੀ ਛੱਡ ਕੇ ਫੁੰਕਾਰਾ ਮਾਰੋ ਫੁੰਕਾਰਾ! ਨਹੀਂ ਤਾਂ ਤੁਸੀਂ ਕੌਮੀ ਇਤਿਹਾਸ ਵਿੱਚ 'ਮੱਕੜ' ਅਤੇ 'ਗੁਰਬਚਨ ਸਿੰਘ' ਵਾਂਗ ਹੀ ਅੰਕਿਤ ਕੀਤੇ ਜਾਉਗੇ !!



ਤੁਹਾਡਾ ਸ਼ੁਭਚਿੰਤਕ ਤੇ ਪੁਰਾਣਾ ਮਿੱਤਰ

ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
(ਹਾਲ ਵਾਸੀ ਕੈਲੇਫੋਰਨੀਆਂ, ਯੂ.ਐੱਸ.ਏ)
001-408-915-1268 tsdupalpuri@yahoo.com

# ਕਾਵਿ-ਕਿਆਰੀ

## ਕਵਿਤਾ ਜਾਤ

ਮਾਣ ਹੈ ਸਾਨੂੰ
ਬ੍ਰਾਹਮਣ ਸਮਾਜ ਨੂੰ
ਚੰਦਰ ਸ਼ੇਖਰ 'ਆਜ਼ਾਦ' ਉੱਤੇ
ਕਿਉਂਜੋ ਅਸਲੋਂ ਉਹ
ਤਿਵਾੜੀ ਸੀ
ਚੰਦਰ ਸ਼ੇਖਰ ਤਿਵਾੜੀ
ਇਕ ਬ੍ਰਾਹਮਣ
ਦੇਸ ਲਈ ਜੋ
ਹੋਇਆ ਕੁਰਬਾਨ
ਹੈ ਗੌਰਵ
ਬ੍ਰਾਹਮਣ ਸਮਾਜ ਦਾ।

ਪਰ ਭੁੱਲ ਗਏ?
ਉਸ ਗ਼ੱਦਾਰ ਨੂੰ?
ਵੀਰ ਭੱਦਰ ਨੂੰ
ਜਿਸ ਕੀਤੀ ਸੀ ਮੁਖ਼ਬਰੀ
ਜਾ ਦੱਸਿਆ ਸੀ ਗੋਰਿਆਂ
ਚੰਦਰ ਸ਼ੇਖਰ ਆਜ਼ਾਦ ਦੇ
ਅਲਫ੍ਰੈਡ ਪਾਰਕ 'ਚ ਹੋਣ ਬਾਰੇ
ਘੇਰ ਜਿੱਥੇ ਆਜ਼ਾਦ ਨੂੰ
ਕੀਤਾ ਸੀ ਸ਼ਹੀਦ।
ਉਹ ਵੀਰ ਭੱਦਰ ਵੀ
ਤਿਵਾੜੀ ਸੀ
ਵੀਰ ਭੱਦਰ ਤਿਵਾੜੀ
ਬ੍ਰਾਹਮਣ ਸਮਾਜ ਦਾ ਹੀ ਅੰਗ।



ਅਜ਼ਾਦ ਤੇ ਵੀਰ ਭੱਦਰ
ਦੋਵੇਂ ਹੀ ਸਨ
ਬ੍ਰਾਹਮਣ ਸਮਾਜ ਦੇ ਅੰਗ
ਪਰ ਦੋਵਾਂ ਦੀ
ਕੀ ਸੀ ਜਾਤ?
ਇਕ ਸ਼ਹੀਦ
ਇਕ ਗ਼ੱਦਾਰ
ਬੱਸ।--ਰੰਜੀਵਨ ਸਿੰਘ

## ਕਵਿਤਾ



ਕੰਮ ਕਰਨ ਦਾ ਬਲ ਤੂੰ ਬਖਸ਼ੀਂ
ਰੋਟੀ ਆਪ ਕਮਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਮੰਗਣ ਦੀ ਨਾ ਨੌਬਤ ਆਵੇ
ਜ਼ਿੰਦਗੀ ਅੱਗੇ ਲਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਸਬਰ ਤੇ ਛਮਤਾ ਦੇ ਦੇ ਬੱਸ ਤੂੰ
ਦੁੱਖ ਵੀ ਹੱਸ ਹੰਢਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਬੱਸ ਮੰਜੇ ਤੇ ਨਾ ਬੈਣਾ ਪੈ ਜਾਏ
ਖੁਸ਼ੀਆਂ ਨਾਲ ਰਲਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਮਹਿੰਗੇ ਦਾ ਨਾ ਸ਼ੋਂਕ ਕੋਈ ਸਾਨੂੰ
ਸਸਤਾ ਵੀ ਹੰਢਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਨਸੇ ਵੇਚਣ ਦੀ ਨੌਬਤ ਨਾ ਆਵੇ
ਹੁਨਰਾਂ ਨੂੰ ਅਜਮਾ ਲਾਂ ਗੇ
ਹੱਥ ਪੈਰ ਰੱਬਾ ਚਲਦੇ ਰੱਖੀਂ
ਮਿਹਨਤ ਕਰ ਕੇ ਖਾ ਲਾਂ ਗੇ

ਲੇਖਕ – ਸੁਖਬੀਰ ਸਿੰਘ (JSR)

## ਪਿੰਡ ਦੀ ਮੌਜ



ਤਰਲੋਚਨ ਸਿੰਘ ਚੰਨ ਜੰਡਿਆਲਵੀ



ਵਤਨੀਂ ਵਸਦੇ ਮਾਂ ਪਿਓ ਜਾਏ, ਵਿੱਚ ਪ੍ਰਦੇਸਾਂ ਯਾਰ!
ਪਾਪੀ ਪੇਟ ਦੀ ਖਾਤਰ ਰੱਬਾ ! ਛੱਡੇ ਸੀ ਘਰ ਬਾਰ !
ਹਾਏ ਓਏ ਨਹੀਂ ਭੁੱਲਦੀ, ਪਿੰਡ ਦੀ ਮੌਜ ਬਹਾਰ !

ਝੂੰਮਰ ਪੌਂਦੀਆਂ ਫਸਲਾਂ ਜਿੱਥੇ, ਸੋਨ ਸੁਨੈਹਿਰੀ ਸ਼ਾਮਾਂ।
ਕੁਦਰਤ ਕਾਦਰ ਵੇਖ ਸੁਹੱਪਣ, ਝੁਕ ਝੁਕ ਕਰਨ ਸਲਾਮਾਂ।
ਤੀਆਂ ਗਿੱਧੇ ਛਿੰਜਾਂ ਭੰਗੜੇ, ਡੁੱਲ੍ਹ ਡੁੱਲ੍ਹ ਪਵੇ ਪਿਆਰ !
ਹਾਏ ਓਏ ਨਹੀਂ ਭੁੱਲਦੀ, ਪਿੰਡ ਦੀ ਮੌਜ ਬਹਾਰ !


ਵਤਨਾਂ ਦੀ ਅੱਖ ਦੁਖਦੀ ਹੋਵੇ, ਮੈਂ ਅੱਖ ਲਾਲੀ ਰੜਕੇ ।
ਮੰਦੜੀ ਖਬਰ ਮਿਲੇ ਜੇ ਮੈਨੂੰ, ਰਾਤ ਦਿਨੇ ਦਿਲ ਧੜਕੇ ।
ਆਪਾਂ ਨੂੰ ਤਾਂ ਮੋਹ ਮਿੱਟੀ ਦਾ, ਕਿਸੇ ਦਾ ਕੀ ਇਤਬਾਰ !
ਹਾਏ ਓਏ ਨਹੀਂ ਭੁੱਲਦੀ, ਪਿੰਡ ਦੀ ਮੌਜ ਬਹਾਰ !

ਵਸਦਾ ਰਹੇ ਪੰਜਾਬ ਪਿਆਰਾ, ਵਧੇ ਪੰਜਾਬੀ ਬੋਲੀ ।
ਮਾਖਿਓਂ ਮਿੱਠੀ ਰਮਜ਼ ਏਸਦੀ, ਮੈਂ ਸਦਕੇ ਮੈਂ ਘੋਲੀ ।
ਹੱਕ ਸੱਚ ਦਾ ਹੋਕਾ ਦਿੰਦੇ, ਪੀਰ ਗੁਰੂ ਅਵਤਾਰ !
ਹਾਏ ਓਏ ਨਹੀਂ ਭੁੱਲਦੀ, ਪਿੰਡ ਦੀ ਮੌਜ ਬਹਾਰ !

ਕਿਹੜੇ ਮੂੰਹ 'ਨਾ ਭੁੱਲਾਂ ਮਿਤਰੋ, ਮਾਂ ਤੋਂ ਲੋਰੀਆਂ ਲਈਆਂ।
ਪਿੱਪਲ ਵਿਹੜੇ, ਖੇਡਦਿਆਂ ਨੂੰ ਘਰੀਂ ਅਵਾਜ਼ਾਂ ਪਈਆਂ।
'ਚੰਨ ਜੰਡਿਆਲਵੀ' ਫਿਰੇ ਢੂੰਡਦਾ, ਬਚਪਨ ਦੇ ਦਿਨ ਚਾਰ !
ਹਾਏ ਓਏ ਨਹੀਂ ਭੁੱਲਦੀ, ਪਿੰਡ ਦੀ ਮੌਜ ਬਹਾਰ !

## ਟੱਪੇ

ਰੋਟੀ ਤਵੇ ਤੇ ਪਾਈ ਹੋਈ ਏ,
ਸਾਨੂੰ ਇਕ ਵਾਰੀ ਕਹਿ ਲੈਣ ਦੇ
ਜਿਹੜੀ ਗੱਲ ਬੁੱਲ੍ਹਾਂ ਤੇ ਆਈ ਹੋਈ ਏ।
ਫੁੱਲ ਲੱਗ ਗਏ ਨੇ ਕਿੱਕਰਾਂ ਨੂੰ,
ਉਹ ਕਿਹੜਾ ਸੁਖੀ ਵਸਦੇ
ਜੋ ਚਲੇ ਗਏ ਧੋਖਾ ਦੇ ਕੇ ਮਿੱਤਰਾਂ ਨੂੰ।
ਬੇਰ ਲੱਗ ਗਏ ਨੇ ਬੇਰੀਆਂ ਨੂੰ,
ਕੋਈ ਵਿਰਲਾ ਹੀ ਝੱਲ ਸਕਦਾ
ਹਿਜਰ ਦੀਆਂ ਤੇਜ਼ ਹਨੇਰੀਆਂ ਨੂੰ।
ਨਹਿਰ 'ਚ ਰਿਹਾ ਨਾ ਪਾਣੀ ਥੋੜ੍ਹਾ ਵੀ,
ਕਹਿੰਦੇ ਜੇ ਪਿਆਰ ਸਿਰੇ ਚਾੜ੍ਹਨਾ
ਝੱਲਣਾ ਪੈਂਦਾ ਕੁਝ ਚਿਰ ਦਾ ਵਿਛੋੜਾ ਵੀ।
ਬੂਰ ਪਿਆ ਏ ਅੰਬਾਂ ਦੇ ਬੂਟਿਆਂ ਨੂੰ,
ਸੱਚਿਆਂ ਦੀ ਹੋਵੇ ਕਦਰ ਬਥੇਰੀ
ਕੋਈ ਇੱਥੇ ਪੁੱਛੇ ਨਾ ਝੂਠਿਆਂ ਨੂੰ।
ਆਕਾਸ਼ ਭਰਿਆ ਪਿਆ ਏ ਤਾਰਿਆਂ ਨਾਲ,
ਕੌੜਾ ਬੋਲ ਕੇ ਸੜੀ ਨਾ ਜਾ ਐਵੇਂ
ਮਿੱਠਾ ਬੋਲ ਬੰਦਿਆ ਸਾਰਿਆਂ ਨਾਲ।
ਸੜਕ 'ਚ ਟੋਏ ਪੈ ਗਏ ਨੇ,
ਦਿਨ-ਰਾਤ ਮੰਗੀਏ ਖ਼ੈਰ ਉਨ੍ਹਾਂ ਦੀ
ਜਿਹੜੇ ਸਾਡਾ ਚੈਨ ਲੈ ਗਏ ਨੇ।



ਮਹਿੰਦਰ ਸਿੰਘ ਮਾਨ

ਕਾਵਿ-ਵਿਅੰਗ

## ਲਾ ਦਿਉ ਇਕ ਪਾਸੇ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਚਮਚਾਗਿਰੀ ਇਕ ਟੱਬਰ ਦੀ ਕਰੀ ਜਾਂਦੇ
ਹਾਮੀ 'ਵਿਰਸੇ ਰਵਾਇਤਾਂ' ਦੇ ਇਕ ਪਾਸੇ।
'ਆਕੀ' ਹਾਰੀ ਲੜਾਈ ਹੀ ਲੜ ਰਹੇ ਐ
ਸ਼ਾਨੇ-ਤਖਤ ਲਈ ਲੜਦੇ ਨੇ ਇਕ ਪਾਸੇ।
'ਆਈ.ਟੀ ਸੈੱਲ' ਵਾਲ਼ੇ ਪੱਖ ਪੂਰ ਰਹੇ ਨੇ
ਸੱਚੀ ਧਿਰ ਲਈ ਪੰਥਕ ਹਨ ਇਕ ਪਾਸੇ।
ਕਿਹੜੇ ਸਾਂਭਣੇ 'ਸੁੱਟ ਦੇਣੇ' ਢੇਰ ਕਿਹੜੇ
ਕਰ ਹੀ ਦੇਣੇ 'ਇਤਿਹਾਸ' ਨੇ ਇਕ ਪਾਸੇ।
ਕਰਿਆ ਦਲ ਦਾ ਬੜਾ ਨੁਕਸਾਨ ਜਿਸਨੇ
ਕਰ ਦਿਉ ਉਹਨੂੰ 'ਨਿਖੇੜ' ਕੇ ਇਕ ਪਾਸੇ।
ਕਿਉਂ 'ਪਾਣੀ ਵਿਚ ਪਾਈ ਮਧਾਣੀ' ਹੋਈ ਐ
ਸਿੰਘ ਜੀ 'ਗੱਲ ਨਿਬੇੜੋ' ਹੁਣ ਇਕ ਪਾਸੇ !

## ਡੌਨਲਡ ਡੰਕਾ

ਡੌਨਲਡ ਦਾ ਡੰਕਾ ਗੂੰਜ ਗਿਆ, ਹੈ ਸਾਰੇ ਪਾਸੇ,
ਸਹੇੜੇਗਾ ਇਹ ਲੋਕਾਂ ਲਈ, ਹੁਣ ਨਵੇਂ ਸਿਆਪੇ।

ਡੌਨਲਡ ਦੀ ਹੁਣ ਡੌਲਰ 'ਤੇ, ਹੋ ਗਈ ਸਰਦਾਰੀ,
ਡੋਲ ਜਾਵੇਗੀ ਦੁਨੀਆ ਦੀ, ਹੁਣ ਮਾਇਆ ਸਾਰੀ।

ਗਰਮ ਖਿਆਲੀ ਮੁਜਰਮ, ਮਾਰਦੇ ਨਾਹਰੇ ਮੱਘੇ,
ਆਜ਼ਾਦ ਹੋ ਕੇ ਉਹ ਆਕੜ ਗਏ, ਹੁਣ ਸ਼ਰੀਫਾਂ ਅੱਗੇ।

ਹਿੰਮਤ ਨਹੀਂ ਹੁਣ ਕਿਸੇ ਦੀ, ਜੋ ਗੱਲ ਨਾ ਮੰਨੇ,
ਲੀਡਰ ਦੁਨੀਆ ਦੇ ਕੰਬਦੇ, ਕਈ ਮੰਨੇ ਪ੍ਰਮੰਨੇ।

ਸੁਪਨੇ ਪਸਤ ਸਭ ਹੋ ਗਏ, ਸ਼ਰਨਾਰਥੀਆਂ ਦੇ,
ਰਸਤੇ ਸੀਲ ਨੇ ਹੁਣ ਜਾਅਲੀ, ਵਿਦਿਆਰਥੀਆਂ ਦੇ।

ਸਰਹੱਦਾਂ ਉੱਤੇ ਹਾਹਾਕਾਰ, ਹੈ ਸਾਰੇ ਪਾਸੇ,
ਮਾਰ ਦੁਹੱਥੜ ਕਰਨ ਡੰਕੀ, ਟਰੰਪ ਦੇ ਸਿਆਪੇ।

ਕਾਹਲੀ ਦੇ ਵਿੱਚ ਪੈਦਾ, ਹੋ ਗਏ ਹਜ਼ਾਰਾਂ ਬੱਚੇ,
ਨਹੀਂ ਯਕੀਨ ਕਿਸੇ ਨੂੰ, ਟਰੰਪ ਕੱਢੇ ਜਾਂ ਰੱਖੇ।

ਮੰਗਲ ਗ੍ਰਹਿ ਤੇ ਝੁੱਲੇਗਾ, ਅਮਰੀਕਾ ਦਾ ਝੰਡਾ,
ਅਮਰੀਕਾ ਸਾਰਾ ਹੋ ਜਾਵੇਗਾ, ਹੁਣ ਸੋਨੇ ਰੰਗਾ।

ਡੌਨਲਡ ਟਰੰਪ ਚਲਾਵੇਗਾ, ਹੁਣ ਆਪਣਾ ਸਿੱਕਾ,
ਢਾਵੇਗਾ ਉਹ ਜ਼ੋਰ ਨਾਲ, ਆਪਣਾ ਹਰ ਅੜਿੱਕਾ।

ਮਸਕ ਵੀ ਆਪਣੀ ਚਾਲ ਚੱਲ ਗਿਆ, ਲਾ ਕੇ ਮਸਕਾ,
ਅਮੀਰ ਹੋਰ ਹੋ ਗਿਆ ਦੁੱਗਣਾ, ਕਰਕੇ ਸੌਦਾ ਸਸਤਾ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

* * * * * * *

# ਰਾਸ਼ੀਫਲ ਦੀਆਂ ਭਵਿੱਖਬਾਣੀਆਂ

## ਹਾਸ ਵਿਅੰਗ

ਸੰਤੋਸ਼ ਸ੍ਰੀਵਾਸਤਵ

ਅਸੀਂ ਅਖ਼ਬਾਰ ਵਿਚ ਸਭ ਤੋਂ ਪਹਿਲਾਂ ਰਾਸ਼ੀਫਲ ਪੜ੍ਹਦੇ ਹਾਂ, ਫਿਰ ਮੌਸਮ ਦਾ ਹਾਲ ਦੇਖਦੇ ਹਾਂ। ਉਸ ਮਗਰੋਂ ਹੀ ਘਰੋਂ ਨਿਕਲਦੇ ਹਾਂ। ਉਸ ਦਿਨ ਰਾਸ਼ੀਫਲ ਵਿਚ ਲਿਖਿਆ ਸੀ, ਦਿਨ ਖਰਾਬ ਲੰਘੇਗਾ, ਬੱਚ ਕੇ ਰਹਿਣਾ ਤੇ ਮੌਸਮ ਬਾਰੇ ਦੱਸਿਆ ਸੀ ਕਿ ਅੱਜ ਬੱਦਲ ਗਰਜਣ ਨਾਲ ਹਲਕੀ ਬਾਰਿਸ਼ ਵੀ ਹੋਵੇਗੀ। ਪਰ ਸਵੇਰ ਤੋਂ ਸ਼ਾਮ ਹੋ ਗਈ। ਨਾ ਕੁਝ ਗਰਜਿਆ ਤੇ ਨਾ ਕੁਝ ਵਰ੍ਹਿਆ ਪਰ ਸ਼ਾਮ ਨੂੰ ਘਰ ਵਿਚ ਕਦਮ ਰੱਖਦਿਆਂ ਹੀ ਸ਼੍ਰੀਮਤੀ ਜੀ ਜ਼ਰੂਰ ਗਰਜੀ, "ਥੋਨੂੰ ਤਾਂ ਕੌਡੀ ਭਰ ਦੀ ਵੀ ਅਕਲ ਨੀਂ। ਤੁਹਾਡੇ ਕੋਲੋਂ ਤਾਂ ਅਕਲਮੰਦ ਰਮਾਬਾਈ ਐ।"

ਰਮਾਬਾਈ ਮੇਮਸਾਬ੍ਹ ਦੇ ਮੂੰਹੋਂ ਆਪਣੀ ਤਾਰੀਫ ਸੁਣ ਕੇ ਖੁਸ਼ੀ ਨਾਲ ਫੁੱਲ ਕੇ ਕੁੱਪਾ ਹੋ ਰਹੀ ਸੀ ਤੇ ਸਾਡੇ ਵੱਲ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਅਸੀਂ ਕੁਝ ਸਮਝਦੇ ਇਸ ਤੋਂ ਪਹਿਲਾਂ ਹੀ ਰਮਾਬਾਈ ਨੇ ਤਿੜਦਿਆਂ ਕਿਹਾ, "ਸਾਬ੍ਹ, ਕੱਲ ਜਿਹੜੀ ਸਾੜ੍ਹੀ ਤੁਸੀਂ ਲਿਆਏ ਸੀ, ਅੱਜ ਮੇਮਸਾਬ੍ਹ ਉਸ ਨੂੰ ਪਹਿਨ ਕੇ ਆਪਣੀਆਂ ਸਹੇਲੀਆਂ ਨੂੰ ਮਿਲਣ ਗਈ ਸੀ। ਮੇਮਸਾਬ੍ਹ ਨੇ ਜਦੋਂ ਉਨ੍ਹਾਂ ਨੂੰ ਦੱਸਿਆ ਕਿ ਇਹ ਢਾਈ ਹਜ਼ਾਰ ਦੀ ਹੈ ਤਾਂ ਮਿਸਿਜ਼ ਸ਼ਰਮਾ ਤੁਰੰਤ ਬੋਲੀ, "ਇਹ ਤਾਂ ਸੜਕਛਾਪ ਸੇਲ 'ਚ 350 ਰੁਪਏ ਦੀ ਮਿਲ ਰਹੀ ਸੀ। ਫਿਰ ਮਿਸਿਜ਼ ਸ਼ਰਮਾ ਨੇ ਤੁਹਾਨੂੰ ਖ਼ਰੀਦਦੇ ਵੀ ਦੇਖਿਆ ਸੀ। ਹੁਣ ਮੇਮਸਾਬ੍ਹ ਦੀ ਤਾਂ ਬੇਇੱਜ਼ਤੀ ਹੋ ਗਈ....।"

ਮੈਂ ਸੋਚ ਰਿਹਾ ਸੀ ਕਿ ਇੰਨੇ ਵੱਡੇ-ਵੱਡੇ ਘਪਲੇ ਹੋ ਰਹੇ ਹਨ। ਜਨਤਾ ਚੀਕ ਰਹੀ ਐ ਪਰ ਘਪਲੇਬਾਜ਼ਾਂ ਦੀਆਂ ਸ਼੍ਰੀਮਤੀਆਂ ਹਮੇਸ਼ਾ ਕਹਿੰਦੀਆਂ ਹਨ ਕਿ ਉਨ੍ਹਾਂ ਦੇ ਪਤੀ ਬਿਲਕੁਲ ਨਿਰਦੋਸ਼ ਹਨ ਪਰ ਮੇਰੀ ਸ਼੍ਰੀਮਤੀ ਤਾਂ....ਹਾਏ ਮੇਰਿਆ ਰੱਬਾ ਪੂਰੀ ਛੁਰੀ ਐ ਛੁਰੀ। ਜਦੋਂ ਤਕ ਸਾਰੀਆਂ ਪਰਤਾਂ ਨਾ ਖੁਰਚ ਦੇਵੇ, ਉਦੋਂ ਤਕ ਇਸ ਨੂੰ ਚੈਨ ਨਹੀਂ ਮਿਲਦਾ।



ਅਗਲੇ ਦਿਨ ਦੇ ਅਖ਼ਬਾਰ ਵਿਚ ਮੌਸਮ ਬਾਰੇ ਲਿਖਿਆ ਸੀ ਕਿ ਅਸਮਾਨ ਸਾਫ ਰਹੇਗਾ ਤੇ ਰਾਸ਼ੀਫਲ ਵਿਚ ਭਵਿੱਖਬਾਣੀ ਸੀ ਕਿ ਜੇਬ ਹਲਕੀ ਰਹੇਗੀ। ਮੈਂ ਸੋਚ ਰਿਹਾ ਸੀ ਕਿ ਚਲੋ ਅੱਜ ਦਾ ਦਿਨ ਚੰਗਾ ਲੰਘੇਗਾ। ਸਭ ਕੁਝ ਸਾਫ ਤੇ ਹਲਕਾ ਰਹੇਗਾ ਪਰ ਆਫਿਸ ਜਾਂਦੇ ਸਮੇਂ ਪੈਂਟ ਦੀਆਂ ਜੇਬਾਂ ਫਰੋਲੀਆਂ ਤਾਂ ਪਤਾ ਲੱਗਾ ਕਿ ਉਹ ਤਾਂ ਪਹਿਲਾਂ ਹੀ ਹਲਕੀਆਂ ਕਰ ਦਿੱਤੀਆਂ ਗਈਆਂ।

ਜਦੋਂ ਮੈਂ ਇਹ ਗੱਲ ਸ਼੍ਰੀਮਤੀ ਨੂੰ ਦੱਸੀ ਤਾਂ ਉਹ ਕਹਿਣ ਲੱਗੀ, "ਉਹ ਹੋ, ਜੇਬਾਂ ਹੀ ਤਾਂ ਹਲਕੀਆਂ ਹੋਈਆਂ ਨੇ। ਗਲਾ ਤਾਂ ਸਲਾਮਤ ਐ ਨਾ ? ਅੱਜਕਲ ਕੀ ਸਾਫ ਹੋ ਜਾਵੇ ਤੇ ਕੀ ਹੌਲਾ ਹੋ ਜਾਵੇ, ਕੁਝ ਨਹੀਂ ਕਹਿ ਸਕਦੇ। ਗਲ 'ਤੋਂ ਗਾਨੀ ਸਾਫ ਹੋ ਜਾਂਦੀ ਹੈ, ਦਫ਼ਤਰਾਂ ਤੋਂ ਫਾਈਲਾਂ ਹਲਕੀਆਂ ਹੋ ਜਾਂਦੀਆਂ ਨੇ। ਚਲੋ, ਕੋਈ ਗੱਲ ਨਹੀਂ, ਹੁਣ ਤੁਸੀਂ ਆਫਿਸ ਵਿਚ ਚਾਹ ਨਾ ਪੀਣਾ ਤੇ ਆਫਿਸ ਪੈਦਲ ਜਾਣਾ। ਸਭ ਠੀਕ ਹੋ ਜੂ।"

ਮੈਂ ਆਪਣੀ ਪ੍ਰੇਸ਼ਾਨੀ ਘਟਾਉਣ ਲਈ ਇਕ ਦਿਨ ਟੀ. ਵੀ. ਚੈਨਲ 'ਤੇ ਬਾਬਾ ਜੀ ਨੂੰ ਫੋਨ ਲਗਾਇਆ ਤੇ ਕਿਹਾ, "ਬਾਬਾ ਜੀ, ਹਰ ਭਵਿੱਖਬਾਣੀ ਮੇਰੇ ਖਿਲਾਫ ਜਾਂਦੀ ਐ ਪਰ ਸ਼੍ਰੀਮਤੀ ਜੀ ਦੇ ਪੱਖ ਵਿਚ....ਮੈਂ ਤਾਂ ਹਰ ਗੱਲ 'ਤੇ ਮੂੰਹ ਦੀ ਖਾ-ਖਾ ਕੇ ਪ੍ਰੇਸ਼ਾਨ ਹੋ ਗਿਆ ਹਾਂ....ਕੋਈ ਉਪਾਅ ਦੱਸੋ।"

ਬਾਬਾ ਜੀ ਨੇ ਫੌਰਨ ਆਪਣਾ ਕੰਪਿਊਟਰ ਖੋਲ੍ਹਿਆ। ਮੇਰਾ ਨਾਂ, ਜਨਮ ਮਿਤੀ ਪੁੱਛੀ ਤੇ ਫਿਰ ਪਟਾਰਾ ਖੋਲ੍ਹਦਿਆਂ ਕਿਹਾ, "ਤੁਹਾਡੀ ਸ਼ਾਦੀ ਲਈ ਜਦੋਂ ਲੜਕੀ ਲੱਭੀ ਜਾ ਰਹੀ ਸੀ, ਉਸ ਸਮੇਂ ਰਾਹੂ ਦੀ ਸਿੱਧੀ ਦ੍ਰਿਸ਼ਟੀ ਤੁਹਾਡੇ ਉੱਪਰ ਸੀ ਪਰ ਜਦੋਂ ਸ਼ਾਦੀ ਦੀਆਂ ਰਸਮਾਂ ਚੱਲ ਰਹੀਆਂ ਸਨ, ਉਸ ਸਮੇਂ ਕੇਤੂ ਦੀ ਦ੍ਰਿਸ਼ਟੀ ਤੇ ਸ਼ਾਦੀ ਤੋਂ ਬਾਅਦ ਤੋਂ ਸ਼ਨੀ ਦੀ ਦਸ਼ਾ ਚੱਲ ਰਹੀ ਹੈ ਇਸ ਲਈ ਤੁਹਾਡੀ ਸ਼੍ਰੀਮਤੀ ਉੱਚੇ ਸਥਾਨ 'ਤੇ ਬਿਰਾਜਮਾਨ ਹੈ ਤੇ ਤੁਸੀਂ ਨਿਮਨ ਸਥਾਨ 'ਤੇ। ਖ਼ੈਰ, ਤੁਸੀਂ ਪ੍ਰੇਸ਼ਾਨ ਨਾ ਹੋਵੋ, ਬਸ ਥੋੜ੍ਹੇ ਜਿਹੇ ਉਪਾਅ ਕਰਨੇ ਹੋਣਗੇ। ਸਵੇਰੇ-ਸਵੇਰੇ ਆਪਣੇ ਹੱਥੀਂ ਚਾਰ ਰੋਟੀਆਂ ਕਾਲੀ ਗਊ ਨੂੰ ਖਵਾਇਆ ਕਰੋ।

ਉਸ ਤੋਂ ਇਲਾਵਾ ਤੁਹਾਨੂੰ 'ਸ਼੍ਰੀਮਤੀ ਰੱਖਿਆ ਲਾਕੇਟ' ਪਹਿਨਣਾ ਹੋਵੇਗਾ ਤੇ ਉਸ ਨੂੰ ਖ਼ਰੀਦਣ ਲਈ ਕਾਲ ਕਰਨਾ। ਇਸ ਦੀ ਕੀਮਤ ਹੈ ਪੰਜ ਹਜ਼ਾਰ ਰੁਪਏ, ਜੇ ਤੁਸੀਂ ਕਾਲ ਕਰੋਗੇ ਤਾਂ ਇਹ ਤੁਹਾਨੂੰ ਕੇਵਲ ਚਾਰ ਹਜ਼ਾਰ ਰੁਪਏ ਵਿਚ ਮਿਲ ਜਾਵੇਗਾ ਟਿੰਗ ਟਾਂਗ....।"

ਬਾਬਾ ਜੀ ਨਾਲ ਮੇਰੀਆਂ ਗੱਲਾਂ ਰਮਾਬਾਈ ਨੇ ਸੁਣ ਲਈਆਂ ਸਨ ਤੇ ਉਸ ਨੇ ਸ਼੍ਰੀਮਤੀ ਜੀ ਨੂੰ ਸਭ ਕੁਝ ਦੱਸ ਦਿੱਤਾ।

ਇਕ ਦਿਨ ਮੈਂ ਬਾਬਾ ਜੀ ਨੂੰ ਫੋਨ 'ਤੇ ਦੱਸਿਆ, "ਬਾਬਾ ਜੀ, ਤੁਹਾਡੇ ਉਪਾਅ ਦਾ ਕੋਈ ਅਸਰ ਵਿਖਾਈ ਨਹੀਂ ਦਿੰਦਾ। ਬੀਮਾਰੀ ਦਾ ਇਲਾਜ ਹੋਣ ਦੀ ਬਜਾਏ ਉਹ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਐ।"

ਬਾਬਾ ਜੀ ਕਹਿਣ ਲੱਗੇ, "ਬੇਟਾ, ਮੰਗਲ 'ਤੇ ਸ਼ਨੀ ਦੀ ਦ੍ਰਿਸ਼ਟੀ ਪੈਣ ਨਾਲ ਪਤਨੀ ਪ੍ਰਲਯ ਯੋਗ ਸ਼ੁਰੂ ਹੋ ਗਿਆ ਹੈ ਇਸ ਲਈ ਰੱਖਿਆ ਲਾਕੇਟ ਦੇ ਨਾਲ-ਨਾਲ ਸ਼੍ਰੀਮਤੀ ਜੀ ਪ੍ਰਲਯ ਨਾਸ਼ਕ ਲਾਕੇਟ ਵੀ ਪਹਿਨਣਾ ਹੋਵੇਗਾ। ਇਸ ਦੀ ਕੀਮਤ ਬਸ ਦਸ ਹਜ਼ਾਰ ਰੁਪਏ....।"

ਇਕ ਦਿਨ ਫਿਰ ਮੈਂ ਬਾਬਾ ਜੀ ਨੂੰ ਦੱਸਿਆ, "ਬਾਬਾ ਜੀ, ਕੋਈ ਫ਼ਰਕ ਨਹੀਂ ਪਿਆ....।"

ਇਸ 'ਤੇ ਬਾਬਾ ਜੀ ਬੋਲੇ, "ਬੇਟਾ, ਤੂੰ ਤਾਂ ਸ਼੍ਰੀਮਤੀ ਜੀ ਦੇ ਯੋਗ ਤੋਂ ਪ੍ਰੇਸ਼ਾਨ ਐਂ ਪਰ ਮੇਰੇ ਪਿੱਛੇ ਤਾਂ ਸ਼੍ਰੀਮਤੀ ਜੀ ਮਹਾਰੋਗ ਪਿਆ ਹੋਇਐ....।"

ਮੈਂ ਬਾਬਾ ਜੀ ਨੂੰ ਕਿਹਾ, "ਮੈਂ ਕੁਝ ਸਮਝਿਆ ਨਹੀਂ।"

ਉਦੋਂ ਹੀ ਮੇਰੀ ਸ਼੍ਰੀਮਤੀ ਆ ਗਈ ਤੇ ਕਹਿਣ ਲੱਗੀ, "ਬਾਬਾ, ਤੂੰ ਮੇਰੇ ਸਿੱਧੇ-ਸਾਧੇ ਪਤੀ ਨੂੰ ਭੜਕਾ ਰਿਹੈਂ.....ਕਹਿਣ ਨੂੰ ਤਾਂ ਔਰਤਾਂ ਅੰਧਵਿਸ਼ਵਾਸੀ ਹੁੰਦੀਆਂ ਨੇ.....ਪਰ ਮੈਨੂੰ ਲੱਗ ਰਿਹੈ ਮਰਦ ਸਾਥੋਂ ਜ਼ਿਆਦਾ ਅੰਧਵਿਸ਼ਵਾਸੀ ਨੇ। ਸ਼੍ਰੀਮਤੀ ਰੱਖਿਆ ਲਾਕੇਟ ਦੀ ਮੇਰੇ ਪਤੀ ਨੂੰ ਨਹੀਂ, ਤੈਨੂੰ ਜ਼ਿਆਦਾ ਲੋੜ ਐ, ਜ਼ਰਾ ਪਿੱਛੇ ਮੁੜ ਕੇ ਵੇਖ ਲੈ।"

ਬਾਬਾ ਜੀ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਸਟੂਡੀਓ ਵਿਚ ਬਾਬਾ ਜੀ ਦੇ ਪਿੱਛੇ ਉਨ੍ਹਾਂ ਦੀ ਸ਼੍ਰੀਮਤੀ ਜੀ ਵੇਲਣਾ ਲਈ ਖੜ੍ਹੀ ਸੀ। ਹੁਣ ਤਾਂ ਬਾਬਾ ਜੀ ਦਾ ਚਿਹਰਾ ਦੇਖਣ ਵਾਲਾ ਸੀ।

# ★ ਮਿੰਨੀ ਕਹਾਣੀਆਂ ★

## ਜ਼ਿੰਦਗੀ ਦੇ ਰਚਣਹਾਰੇ

ਦੋ ਦਿਨ ਹੋ ਗਏ ਸਨ ਕਮਲਾ ਸਾਡੇ ਘਰ ਝਾੜੂ ਪੋਚਾ ਲਾਉਣ ਨਹੀਂ ਆਈ। ਪਹਿਲਾਂ ਕਦੇ ਅਜਿਹਾ ਨਹੀਂ ਹੋਇਆ ਸੀ, ਮੀਂਹ ਆਵੇ-ਹਨੇਰੀ ਆਵੇ, ਉਹ ਸਵੇਰੇ ਛੇ ਵੱਜਦੇ ਨੂੰ ਸਾਡੇ ਘਰ ਦੇ ਦਰਵਾਜ਼ੇ 'ਤੇ ਦਸਤਕ ਦੇ ਦਿੰਦੀ ਸੀ। ਕਈ ਵਾਰ ਮੈਂ ਉਸ ਨੂੰ ਕਿਹਾ ਸੀ ਕਿ ਇੰਨੀ ਜਲਦੀ ਆਉਣ ਦੀ ਕੀ ਲੋੜ ਹੈ। ਥੋੜ੍ਹਾ ਦਿਨ ਚੜ੍ਹ ਲੈਣ ਦਿਆ ਕਰ, ਪਰ ਉਹ ਕਹਿੰਦੀ, "ਬੀਬੀ ਜੀ ਏਧਰ ਘਰਾਂ ਦਾ ਨਿਬੇੜ ਕੇ ਬੱਚਿਆਂ ਨੂੰ ਵੀ ਸਕੂਲ ਭੇਜਣਾ ਹੁੰਦਾ ਏ, ਨਾਲੇ ਫਿਰ ਦਿਨੇ ਕੋਈ ਹੋਰ ਛੋਟਾ-ਮੋਟਾ ਕੰਮ ਕਰਨ ਨੂੰ ਮਿਲ ਜਾਂਦਾ।"

ਮੈਂ ਹੈਰਾਨ ਸੀ ਕਿ ਸਾਰਾ ਦਿਨ ਉਹ ਕਿਵੇਂ ਲੋਕਾਂ ਦੇ ਘਰਾਂ 'ਚ ਕੁਝ ਨਾ ਕੁਝ ਕਰਦੀ ਰਹਿੰਦੀ ਹੈ, ਥੱਕਦੀ ਨਹੀਂ, ਅੱਕਦੀ ਨਹੀਂ। ਕੋਈ ਬਹਾਨਾ ਨਹੀਂ। ਬੱਚੇ ਵੀ ਪੜ੍ਹਾ ਰਹੀ ਹੈ ਸ਼ਾਇਦ ਬੱਚਿਆਂ ਨੂੰ ਪੜ੍ਹਾਉਣ ਲਈ ਹੀ ਸਾਰਾ ਦਿਨ ਮਸ਼ੀਨ ਬਣੀ ਰਹਿੰਦੀ ਹੈ। ਮੈਨੂੰ ਉਸ ਦੇ ਨਾ ਆਉਣ ਕਾਰਨ ਥੋੜ੍ਹੀ ਚਿੰਤਾ ਹੋਣ ਲੱਗੀ ਸੀ, ਪਰ ਤੀਜੇ ਦਿਨ ਫਿਰ ਉਸ ਨੇ ਦਰਵਾਜ਼ੇ 'ਤੇ ਆ ਦਸਤਕ ਦਿੱਤੀ। ਅੱਖਾਂ ਸੁੱਜੀਆਂ ਹੋਈਆਂ ਸਨ, ਜਿਵੇਂ ਪਿਛਲੇ ਦੋ ਦਿਨ ਸਿਰਫ਼ ਰੋ ਹੀ ਰਹੀ ਹੋਵੇ, ਮੈਂ ਆਉਂਦੀ ਨੂੰ ਹੀ ਨਾ ਆਉਣ ਦਾ ਕਾਰਨ ਪੁੱਛਿਆ।

ਉਸ ਨੇ ਹੌਲੀ-ਹੌਲੀ ਦੱਸਿਆ, "ਬੀਬੀ ਜੀ, ਮੇਰੀ ਛੋਟੀ ਭੈਣ ਪਰਸੋਂ ਨਹਿਰ 'ਚ ਛਾਲ ਮਾਰ ਕੇ ਮਰ ਗਈ। ਬੇਚਾਰੀ।" ਘਰ ਵਾਲਾ ਨਸ਼ਈ ਸੀ। ਰੋਜ਼ ਦੀ ਭੁੱਖਮਰੀ ਜਰ ਨਾ ਸਕੀ। ਆਪਣਾ ਢਿੱਡ ਤਾਂ ਕੋਈ ਬੰਨ੍ਹ ਲਵੇ, ਪਰ ਜੁਆਕ ਭੁੱਖੇ ਨਹੀਂ ਦੇਖੇ ਜਾਂਦੇ...। ਉਹ ਫਿਰ ਰੋਣ ਲੱਗੀ ਹੈ, ਮੈਂ ਉਸ ਨੂੰ ਦਿਲਾਸਾ ਦੇਣ ਲੱਗੀ। ਕੁਝ ਦੇਰ ਬਾਅਦ ਮੈਂ ਕਿਹਾ, "ਤੇਰੀ ਹਾਲਤ ਵੀ ਉਸ ਵਰਗੀ ਹੀ ਹੈ, ਤੂੰ ਕਿੰਨੀ ਮਿਹਨਤ ਕਰਦੀ ਹੈ, ਉਹ ਵੀ ਮਿਹਨਤ ਕਰਦੀ ਬੱਚੇ ਪਾਲਦੀ।"

"ਬੱਸ ਬੀਬੀ ਏਨਾ ਤਾਂ ਚੰਦਰੀ ਨੇ ਸੋਚਿਆ ਹੀ ਨਹੀਂ... ਜਿਉਣਾ ਏਨਾ ਔਖਾ ਵੀ ਨਹੀਂ ਹੁੰਦਾ।" ਕਹਿੰਦੀ ਹੋਈ ਉਹ ਝਾੜੂ ਫੇਰਨ ਲੱਗੀ।

"ਜਿਊਣਾ ਏਨਾ ਔਖਾ ਵੀ ਨਹੀਂ ਹੁੰਦਾ। ਮੈਨੂੰ ਲੱਗਿਆ ਕਮਲਾ ਜਿਵੇਂ ਉਹਨਾਂ ਵਿਰਲੇ ਲੋਕਾਂ 'ਚੋਂ ਹੋਵੇ, ਜੋ ਆਪਣੀ ਕਿਸਮਤ ਆਪ ਬਣਾਉਣ 'ਚ ਲੱਗੇ ਹੋਏ ਹਨ, ਜਿਨ੍ਹਾਂ ਨੇ ਆਪਣੀ 'ਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਬਣਾਉਣ ਲਈ ਮੌਜੂਦਾ ਹਾਲਤਾਂ ਨਾਲ ਜੰਗ ਛੇੜ ਰੱਖੀ ਹੋਵੇ।

-ਕੁਲਵਿੰਦਰ ਕੌਸ਼ਲ

## ਜੁੱਤੀਆਂ ਪੁਆ ਦਿਓ

ਹਰਜੀਤ ਇੱਕ ਸਥਾਨਕ ਅਖ਼ਬਾਰ ਦਾ ਪੱਤਰਕਾਰ ਸੀ। ਪੱਤਰਕਾਰੀ ਦੀ ਆੜ ਵਿੱਚ ਉਹਦੀ ਵੱਡੇ-ਵੱਡੇ ਅਫ਼ਸਰਾਂ ਨਾਲ ਚੰਗੀ ਜਾਣ-ਪਛਾਣ ਸੀ। ਕਦੇ ਐਸਡੀਐਮ ਨੂੰ ਮਿਲ ਰਿਹੈ, ਕਦੇ ਤਸੀਲਦਾਰ ਨੂੰ। ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ-ਅਧਿਆਪਕ ਤਾਂ ਇੱਕ ਤਰ੍ਹਾਂ ਨਾਲ ਉਹਦੇ ਯਾਰ-ਬੇਲੀ ਹੀ ਸਨ। ਇਨ੍ਹਾਂ ਥਾਂਵਾਂ ਤੇ ਉਹ ਲੰਘਦਾ-ਟੱਪਦਾ ਗੇੜਾ ਮਾਰਦਾ ਰਹਿੰਦਾ ਤੇ ਚਾਹ-ਪਾਣੀ ਤੋਂ ਬਿਨਾਂ ਨਾ ਆਉਂਦਾ। ਜਿਸ ਸਕੂਲ ਤੋਂ ਉਹ ਪੜ੍ਹਿਆ ਸੀ, ਉਹਦੇ ਮੁਖੀ ਨਾਲ ਉਹਦਾ ਖਾਸ ਉਠਣ-ਬੈਠਣ ਸੀ। ਹਰੇਕ ਸੰਬੰਧਿਤ ਮਹਿਕਮੇ ਦੀ ਸੱਚੀ-ਝੂਠੀ ਖਬਰ ਲਾਉਣ ਲਈ ਉਹ ਮਹਿਕਮੇ ਤੋਂ ਕੋਈ ਨਾ ਕੋਈ ਚੀਜ਼ ਜਾਂ ਰੁਪਏ ਪੈਸੇ ਜ਼ਰੂਰ ਲੈਂਦਾ।

ਮਹਿਕਮੇ ਵਾਲਿਆਂ ਨੇ ਕਿਹੜਾ ਆਪਣੀ ਜੇਬ 'ਚੋਂ ਦੇਣੇ ਹੁੰਦੇ, ਦਫ਼ਤਰ ਵੱਲੋਂ ਦਿਵਾ ਦਿੰਦੇ। ਸੰਸਥਾਵਾਂ ਲਈ ਇਹੋ ਬਹੁਤ ਸੀ ਕਿ ਉਨ੍ਹਾਂ ਦੀਆਂ ਖਬਰਾਂ ਲੱਗ ਰਹੀਆਂ ਸਨ ਤੇ ਇਲਾਕੇ ਵਿੱਚ ਉਨ੍ਹਾਂ ਦਾ ਨਾਂ ਬਣ ਰਿਹਾ ਸੀ। ਇਵੇਂ ਹੀ ਇੱਕ ਵਾਰ ਉਹਨੇ ਸਕੂਲ ਦੇ ਪ੍ਰਿੰਸੀਪਲ ਨੂੰ ਬੇਨਤੀ ਕੀਤੀ, "ਜਨਾਬ, ਐਤਕੀ ਮੈਨੂੰ ਬੂਟ ਲੈ ਦਿਓ! ਆਹ ਵੇਖੋ, ਤੁਹਾਡੇ ਕੋਲ ਗੇੜੇ ਮਾਰ-ਮਾਰ ਕੇ ਮੇਰੀਆਂ ਜੁੱਤੀਆਂ ਘਸ ਗਈਆਂ ਨੇ...।" ਪ੍ਰਿੰਸੀਪਲ ਨੇ ਕਲਰਕ ਨੂੰ ਅਵਾਜ਼ ਮਾਰੀ, "ਓ ਸੁਖਦੇਵ ਯਾਰ, ਜਾਹ ਅੱਜ ਇਹਦੇ ਜੁੱਤੀਆਂ ਪੁਆ ਹੀ ਲਿਆ।"-ਪ੍ਰੋ. ਨਵ ਸੰਗੀਤ ਸਿੰਘ

# ਆਖ਼ਰ ਕਿਸਾਨ ਅੰਦੋਲਨ ਕਿਉਂ ਕਰ ਰਹੇ ਹਨ ?

ਜੰਗਵੀਰ ਸਿੰਘ ਚੌਹਾਨ

• • •



ਦੇਸ਼ ਦਾ ਢਿੱਡ ਭਰਨ ਵਾਲਾ ਕਿਸਾਨ ਅੱਜ ਸੜਕਾਂ 'ਤੇ ਬੈਠ ਕੇ ਮੁਜ਼ਾਹਰੇ ਤੇ ਧਰਨੇ ਲਾਉਣ ਜੋਗਾ ਹੀ ਰਹਿ ਗਿਆ ਹੈ। ਦੇਸ਼ ਨੂੰ ਆਜ਼ਾਦ ਹੋਇਆਂ 77 ਵਰ੍ਹੇ ਹੋ ਗਏ, ਪਰੰਤੂ ਅੱਜ ਵੀ ਗ਼ੁਲਾਮੀ ਵਾਲਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਸਰਕਾਰ ਨੇ ਜ਼ਰੂਰੀ ਵਸਤੂਆਂ ਬਾਰੇ ਕਾਨੂੰਨ 1955 (Essential Commodity Act AIEE) 'ਚ ਪਾਸ ਕੀਤਾ ਸੀ। ਜਵਾਹਰ ਲਾਲ ਨਹਿਰੂ ਦੀ ਕੈਬਨਿਟ 'ਚ ਖੁਰਾਕ ਮੰਤਰੀ ਰਫ਼ੀ ਅਹਿਮਦ ਕਿਦਵਾਨੀ ਨੇ ਜ਼ਰੂਰੀ ਵਸਤੂਆਂ ਬਾਰੇ ਨਵੇਂ ਬਣਾਏ ਜਾਣ ਵਾਲੇ ਕਾਨੂੰਨ 'ਤੇ 1952 'ਚ ਕੰਮ ਸ਼ੁਰੂ ਕੀਤਾ ਸੀ, ਤਾਂ ਜੋ ਦੇਸ਼ ਦੇ ਲੋਕਾਂ ਨੂੰ ਅਨਾਜ ਦੀ ਖਰੀਦ ਸੰਬੰਧੀ ਵਪਾਰੀਆਂ ਹੱਥੋਂ ਹੋਣ ਵਾਲੀ ਲੁੱਟ-ਖ਼ਸੁੱਟ ਤੋਂ ਬਚਾਇਆ ਜਾ ਸਕੇ। ਇਹ ਐਕਟ 1955 'ਚ ਪਾਸ ਹੋ ਕੇ ਲਾਗੂ ਹੋ ਗਿਆ ਸੀ, ਜੋ ਇਸ ਲਈ ਬਣਾਇਆ ਗਿਆ ਸੀ, ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੇ ਸਾਲਾਂ 'ਚ ਭਾਰਤ ਵਿਚ ਅਨਾਜ ਦੀ ਕਮੀ ਸਿਖਰਾਂ 'ਤੇ ਸੀ। ਭਾਰਤ ਨੂੰ ਅਨਾਜ ਲਈ ਦੂਜੇ ਦੇਸ਼ਾਂ ਅੱਗੇ ਹੱਥ ਫੈਲਾਉਣੇ ਪੈਂਦੇ ਸਨ। ਵਪਾਰੀ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਕਰਕੇ ਇਸ ਨੂੰ ਮਹਿੰਗੇ ਭਾਅ 'ਤੇ ਵੇਚ ਦਿੰਦੇ ਸਨ, ਸਰਕਾਰ ਦਾ ਕੋਈ ਕੰਟਰੋਲ ਨਹੀਂ ਸੀ। ਨਵੇਂ ਬਣੇ ਕਾਨੂੰਨ ਨਾਲ ਲੋਕਾਂ ਦੀ ਲੁੱਟ-ਖਸੁੱਟ ਬੰਦ ਹੋਈ। ਦੇਸ਼ 'ਚ ਅਨਾਜ ਦੀ ਪੈਦਾਵਾਰ ਵਧਾਉਣ ਲਈ ਪੰਜਾਬ ਨੇ ਸਭ ਤੋਂ ਮੂਹਰੇ ਹੋ ਕੇ ਹਰੀ ਕ੍ਰਾਂਤੀ ਲਿਆਉਣ 'ਚ ਯੋਗਦਾਨ ਪਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ ਸੀ, ਪਰ ਇਹ ਸਭ ਭੁਲਾ ਕੇ ਮੌਜੂਦਾ ਸਰਕਾਰ ਕਿਸਾਨਾਂ ਨੂੰ ਖ਼ਤਮ ਕਰਨ ਦੇ ਰਾਹ ਪੈ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ 5 ਸਾਲ ਪਹਿਲਾਂ 3 ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਵਪਾਰੀਆਂ ਹੱਥ ਸੌਂਪਣ ਦੀ ਕੋਝੀ ਕੋਸ਼ਿਸ਼ ਕੀਤੀ ਸੀ, ਤਾਂ ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਵਲੋਂ ਦਿੱਲੀ ਦੀਆਂ ਸਰਹੱਦਾਂ 'ਤੇ ਕਰੀਬ ਸਵਾ ਸਾਲ ਤੱਕ ਚਲਾਏ ਸੰਘਰਸ਼ ਤੋਂ ਬਾਅਦ ਕੇਂਦਰ ਨੇ ਵਿਵਾਦਤ ਖੇਤੀ ਕਾਨੂੰਨ ਵਾਪਸ ਲੈ ਲਿਆ ਸੀ।

ਪਿਛਲੇ ਦਿਨੀਂ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਭਾਰਤੀ ਖੇਤੀ ਖੋਜ ਪਰਿਸ਼ਦ ਦੇ ਇਕ ਸਮਾਗਮ 'ਚ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਸਾਹਮਣੇ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਸੰਬੰਧੀ ਕਿਸਾਨਾਂ ਦੀ ਮੰਗ 'ਤੇ ਹਾਂ-ਪੱਖੀ ਵਿਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਸਾਡੀ ਮਾਨਸਿਕਤਾ ਸਾਕਾਰਾਤਮਕ ਹੋਣੀ ਚਾਹੀਦੀ ਹੈ। ਸਾਨੂੰ ਇਹ ਸੋਚ ਕੇ ਰੁਕਾਵਟਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ ਕਿ ਕਿਸਾਨਾਂ ਨੂੰ ਐੱਮ.ਐੱਸ.ਪੀ. ਦੇਣ ਦੇ ਮਾੜੇ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਦੂਰ ਭਜਾਉਣ ਦੀ ਬਜਾਏ ਇਨ੍ਹਾਂ ਨੂੰ ਗਲੇ ਲਗਾਉਣ ਦੀ ਲੋੜ ਹੈ। ਉਪ ਰਾਸ਼ਟਰਪਤੀ ਨੇ ਚੌਹਾਨ ਨੂੰ ਸਵਾਲ ਕੀਤਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਿਉਂ ਨਹੀਂ ਕਰ ਰਹੀ? ਆਖਿਰ ਕਿਸਾਨ ਐੱਮ.ਐੱਸ.ਪੀ. ਦੇ ਕਾਨੂੰਨੀ ਅਧਿਕਾਰ ਦੀ ਮੰਗ ਕਿਉਂ ਕਰ ਰਹੇ ਹਨ?




**ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਰਿੱਟ ਪਟੀਸ਼ਨ ਨੰਬਰ 18969/ 2014 ਵਿੱਚ ਪੇਸ਼ ਦਸਤਾਵੇਜ਼ ਪੰਨਾ ਨੰਬਰ 55 ਤੋਂ 66 ਤੱਕ ਤੋਂ ਪਤਾ ਲੱਗਦਾ ਹੈ ਕਿ ਫ਼ਸਲ ਦੀ ਲਾਗਤ ਕਿੰਨੀ ਹੈ ਅਤੇ ਐੱਮ. ਐੱਸ. ਪੀ. ਉਸ ਤੋਂ 300 ਤੋਂ 400 ਰੁਪਏ ਪ੍ਰਤੀ ਕੁਇੰਟਲ ਘੱਟ ਹੈ। ਖੇਤੀ ਤੇ ਖੇਤੀ ਮੰਡੀਕਰਨ ਦੋਵੇਂ ਸਟੇਟ ਸਬਜੈਕਟ (ਸੂਬਿਆਂ ਦੇ ਵਿਸ਼ੇ) ਹਨ, ਭਾਰਤ ਨੂੰ ਇਸ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਦਾ ਮਾਰਕੀਟਿੰਗ ਸਿਸਟਮ ਬਹੁਤ ਵਧੀਆ ਹੈ, ਕੇਂਦਰ ਸਰਕਾਰ ਨੇ ਜਿਹੜਾ ਨਵਾਂ ਮਾਰਕੀਟਿੰਗ ਡਰਾਫਟ ਸੂਬਿਆਂ ਨੂੰ ਭੇਜਿਆ, ਉਸ ਤੋਂ ਸਪੱਸ਼ਟ ਹੈ ਕਿ ਅਜੇ ਵੀ ਕੇਂਦਰ ਦੀ ਨੀਅਤ ਇਥੇ ਕਾਰਪੋਰੇਟ ਐਗਰੀਕਲਚਰ ਲੈ ਕੇ ਆਉਣ ਦੀ ਹੈ।**

ਦੇਸ਼ 'ਚ ਪੰਜ ਏਕੜ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦੇ ਕਿਸਾਨਾਂ ਦੀ ਗਿਣਤੀ 86 ਫ਼ੀਸਦੀ ਹੈ, ਇਨ੍ਹਾਂ ਨੂੰ ਯਕੀਨਨ ਮੰਡੀ ਲਈ ਐੱਮ.ਐੱਸ.ਪੀ. ਦੀ ਜ਼ਰੂਰਤ ਹੈ। ਛੋਟੇ ਕਿਸਾਨਾਂ ਕੋਲ ਭੰਡਾਰਨ ਦੀ ਸਹੂਲਤ ਨਾ ਹੋਣ ਕਾਰਨ ਅਤੇ ਅਗਲੀ ਫ਼ਸਲ ਦੀ ਕਾਸ਼ਤ ਲਈ ਸੀਮਤ ਸਮਾਂ ਹੋਣ ਕਾਰਨ ਉਨ੍ਹਾਂ ਨੂੰ ਫ਼ਸਲਾਂ ਦੀ ਵਾਢੀ ਦੇ ਨਾਲ ਹੀ ਮੰਡੀ ਵਿੱਚ ਫ਼ਸਲ ਵੇਚਣੀ ਪੈਂਦੀ ਹੈ ਐੱਮ.ਐੱਸ.ਪੀ. ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਫ਼ਸਲ ਦਾ ਭਾਅ ਉਨ੍ਹਾਂ ਦੇ ਲਾਗਤ ਮੁੱਲ ਨਾਲੋਂ ਵੀ ਘੱਟ ਮਿਲਦਾ ਹੈ। ਐੱਮ.ਐੱਸ.ਪੀ. ਜਿਹੀ ਸੁਰੱਖਿਅਤ ਪ੍ਰਣਾਲੀ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਗਾਰੰਟੀਸ਼ੁਦਾ ਕੀਮਤ ਮਿਲੇਗੀ, ਇਹ ਕਾਨੂੰਨੀ ਗਾਰੰਟੀ ਕਿਸਾਨਾਂ ਨੂੰ ਵਾਜਬ ਤੇ ਸਥਿਰ ਕੀਮਤ ਪ੍ਰਦਾਨ ਕਰਕੇ ਵਿਚੋਲਿਆਂ ਦੁਆਰਾ ਹੁੰਦੀ ਲੁੱਟ ਤੋਂ ਵੀ ਬਚਾਵੇਗੀ। ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ ਸਿਰਫ ਕੁਝ ਖੇਤਰਾਂ ਤੇ ਕੁਝ ਫ਼ਸਲਾਂ ਤੱਕ ਹੀ ਸੀਮਤ ਹੋਣ ਕਰਕੇ ਕਿਸਾਨਾਂ ਨੂੰ ਕਣਕ, ਝੋਨੇ, ਗੰਨੇ ਦੀ ਖੇਤੀ ਤੋਂ ਇਲਾਵਾ ਹੋਰ ਫ਼ਸਲਾਂ ਦੀ ਖੇਤੀ ਕਰਨ 'ਤੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਆਪਣੇ ਹੀ ਰਾਸ਼ਟਰੀ ਕਿਸਾਨ ਕਮਿਸ਼ਨ ਦੀ ਰਿਪੋਰਟ, ਜਿਸ ਨੂੰ ਸਵਾਮੀਨਾਥਨ ਰਿਪੋਰਟ ਕਹਿੰਦੇ ਹਨ, ਦੁਆਰਾ ਸਿਫ਼ਾਰਸ਼ ਕੀਤੇ ਸੀ 2+50% ਫਾਰਮੂਲੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਕੇ ਲਾਗੂ ਨਹੀਂ ਕਰ ਰਹੀ। ਐੱਮ.ਐੱਸ.ਪੀ. ਤੈਅ ਕਰਨ ਦੇ ਤਿੰਨ ਫਾਰਮੂਲੇ ਹਨ- ਪਹਿਲੇ ਨੰਬਰ 'ਤੇ ਏ 2 ਫਾਰਮੂਲਾ ਹੈ, ਜੋ ਕਿਸਾਨ ਦੀ ਲਾਗਤ (ਖੇਤ ਵਾਹੁਣ, ਬੀਜਣ, ਬੀਜ, ਤੇਲ ਤੇ ਮਸ਼ੀਨਾਂ ਦੇ ਕਿਰਾਏ 'ਤੇ ਹੁੰਦੇ ਖਰਚ)'ਤੇ ਅਧਾਰਿਤ ਹੈ, ਦੂਜਾ ਏ2+ਐਫ ਭਾਵ ਏ 2+ ਫੈਮਲੀ ਲੇਬਰ ਜਿਸ ਵਿੱਚ ਨਕਦ ਖਰਚਿਆਂ ਤੋਂ ਇਲਾਵਾ ਪਰਿਵਾਰ ਦੀ ਮਿਹਨਤ ਵੀ ਜੋੜੀ ਜਾਂਦੀ ਹੈ ਅਤੇ ਤੀਜਾ ਸੀ 2 - ਕਾਸਟ ਸਬ ਜਿਸ ਵਿਚ ਨਕਦ ਕੀਤਾ ਖ਼ਰਚਾ+ਪਰਿਵਾਰਕ ਮਿਹਨਤ+ਜ਼ਮੀਨ ਦਾ ਠੇਕਾ ਜਾਂ ਜ਼ਮੀਨ ਦੀ ਕਿਸ਼ਤ 'ਤੇ ਬਣਦਾ ਵਿਆਜ ਸੰਦਾਂ ਦੀ ਘਸਾਈ ਤੇ ਨਵੀਆਂ ਤਕਨੀਕਾਂ ਨਾਲ ਸੰਦਾਂ ਦਾ ਬਦਲਾਅ ਆਦਿ ਸ਼ਾਮਿਲ ਹੈ। ਕੇਂਦਰ ਸਰਕਾਰ ਸਿਰਫ ਏ2 ਨੂੰ ਗਿਣਦਿਆਂ ਐੱਮ.ਐੱਸ.ਪੀ. ਦਾ ਐਲਾਨ ਕਰਦੀ ਹੈ ਤੇ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਵੱਧ ਤੋਂ ਵੱਧ ਏ2+ ਫੈਮਲੀ ਲੇਬਰ ਗਿਣਦੀ ਹੈ, ਪਰ ਸੀ 2 ਦੇਣ ਵਾਸਤੇ ਬਿਲਕੁਲ ਵੀ ਤਿਆਰ ਨਹੀਂ ਹੈ, ਜਦਕਿ ਸਵਾਮੀਨਾਥਨ ਰਿਪੋਰਟ ਵਿੱਚ ਤਾਂ ਸੀ2+ 50 ਫੀਸਦੀ ਮੁਨਾਫ਼ਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਮੋਦੀ ਨੇ ਚੋਣਾਂ ਜਿੱਤਣ 'ਤੇ ਸਭ ਤੋਂ ਪਹਿਲਾਂ ਇਹ ਕੰਮ ਕਰਨ ਦਾ ਵਾਅਦਾ ਕੀਤਾ ਸੀ। ਵਾਅਦਾ ਪੂਰਾ ਕਰਨ ਦੀ ਬਜਾਏ ਕਿਸਾਨਾਂ ਵਲੋਂ ਦਾਇਰ ਇੱਕ ਜਨਹਿੱਤ ਪਟੀਸ਼ਨ ਦੇ ਜਵਾਬ ਵਿੱਚ ਕੇਂਦਰ ਨੇ ਸੁਪਰੀਮ ਕੋਰਟ 'ਚ ਦਿੱਤੇ ਹਲਫੀਆ ਬਿਆਨ 'ਚ ਕਿਹਾ ਕਿ ਸਵਾਮੀਨਾਥਨ ਰਿਪੋਰਟ ਲਾਗੂ ਕਰਨਾ ਸਰਕਾਰ ਵਾਸਤੇ ਸੰਭਵ ਨਹੀਂ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਰਿੱਟ ਪਟੀਸ਼ਨ ਨੰਬਰ 18969/ 2014 ਵਿੱਚ ਪੇਸ਼ ਦਸਤਾਵੇਜ਼ ਪੰਨਾ ਨੰਬਰ 55 ਤੋਂ 66 ਤੱਕ ਤੋਂ ਪਤਾ ਲੱਗਦਾ ਹੈ ਕਿ ਫ਼ਸਲ ਦੀ ਲਾਗਤ ਕਿੰਨੀ ਹੈ ਅਤੇ ਐੱਮ.ਐੱਸ.ਪੀ. ਉਸ ਤੋਂ 300 ਤੋਂ 400 ਰੁਪਏ ਪ੍ਰਤੀ ਕੁਇੰਟਲ ਘੱਟ ਹੈ। ਖੇਤੀ ਤੇ ਖੇਤੀ ਮੰਡੀਕਰਨ ਦੋਵੇਂ ਸਟੇਟ ਸਬਜੈਕਟ (ਸੂਬਿਆਂ ਦੇ ਵਿਸ਼ੇ) ਹਨ, ਭਾਰਤ ਨੂੰ ਇਸ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਦਾ ਮਾਰਕੀਟਿੰਗ ਸਿਸਟਮ ਬਹੁਤ ਵਧੀਆ ਹੈ, ਕੇਂਦਰ ਸਰਕਾਰ ਨੇ ਜਿਹੜਾ ਨਵਾਂ ਮਾਰਕੀਟਿੰਗ ਡਰਾਫਟ ਸੂਬਿਆਂ ਨੂੰ ਭੇਜਿਆ, ਉਸ ਤੋਂ ਸਪੱਸ਼ਟ ਹੈ ਕਿ ਅਜੇ ਵੀ ਕੇਂਦਰ ਦੀ ਨੀਅਤ ਇਥੇ ਕਾਰਪੋਰੇਟ ਐਗਰੀਕਲਚਰ ਲੈ ਕੇ ਆਉਣ ਦੀ ਹੈ। ਹਿਮਾਚਲ ਦੀ ਫਲ ਮਾਰਕੀਟ ਵਿੱਚ ਅਡਾਨੀ ਨੇ 'ਇੰਟਰ' ਕੀਤਾ ਹੈ, ਉਸ ਨੇ ਪਹਿਲਾਂ ਆਪਣੇ 'ਕੰਪੀਟੀਟਰਾਂ' ਨੂੰ ਖਤਮ ਕਰਨ ਦੇ ਫਾਰਮੂਲੇ ਤਹਿਤ 'ਮਨੋਪਲੀ' ਬਣਾਉਣ ਲਈ ਮਾਰਕੀਟ ਵਿੱਚ ਸੇਬ ਦਾ ਰੇਟ ਡਬਲ ਕਰ ਦਿੱਤਾ ਤਾਂ ਕਿਸਾਨ ਉਧਰ ਨੂੰ ਭੱਜ ਪਏ। ਕਿਸਾਨ ਤਾਂ ਫ਼ਸਲ ਦਾ ਰੇਟ 5 ਰੁਪਏ ਵੱਧ ਮਿਲਣ 'ਤੇ ਉਧਰ ਨੂੰ ਤੁਰ ਪੈਂਦਾ ਹੈ, ਦੋ ਸਾਲ ਰੇਟ ਵਧਾ ਦਿੱਤੇ ਤੇ ਜਦੋਂ ਉਸ ਦੇ ਕੰਪੀਟੀਟਰ ਵਿੱਚੋਂ ਨਿਕਲਦੇ ਗਏ ਤਾਂ ਤੀਜੇ ਸਾਲ ਫ਼ਸਲ ਆਈ ਤਾਂ ਸਥਾਨਕ ਵਪਾਰੀ ਨਾ ਹੋਣ ਕਰਕੇ ਸੇਬਾਂ ਦੀ ਕੀਮਤ ਡਿੱਗ ਕੇ 1/3 ਰਹਿ ਗਈ। ਹੁਣ ਉਥੇ ਦੇ ਕਿਸਾਨ ਪਿੱਟਦੇ ਹਨ ਕਿ ਅਡਾਨੀ ਸੇਬ ਸਸਤਾ ਲੈ ਕੇ 10 ਗੁਣਾ ਵੱਧ ਰੇਟ 'ਤੇ ਵੇਚਦਾ ਹੈ। ਇਹੋ ਕੁਝ ਕਿਸਾਨਾਂ ਨਾਲ ਹੋਣ ਵਾਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਜਲਦੀ ਮੰਨ ਲਵੇ।

-ਸੂਬਾ ਪ੍ਰਧਾਨ ਦੁਆਬਾ ਕਿਸਾਨ ਕਮੇਟੀ ਪੰਜਾਬ
ਪਿੰਡ ਰਸੂਲਪੁਰ, ਟਾਂਡਾ ਉੜਮੁੜ 144212
ਜ਼ਿਲ੍ਹਾ ਹੁਸ਼ਿਆਰਪੁਰ ਮੋ.7305000003

# ਸੋਸ਼ਲ ਮੀਡੀਆ ਦੇ ਬਹੁਤ ਤੇਜੀ ਨਾਲ ਪਸਾਰੇ ਨੇ ਪਾਠਕਾਂ ਦੀ ਰੁਚੀ ਕਿਤਾਬਾਂ ਪੜ੍ਹਨ ਵਿੱਚ ਘਟਾਈ

ਬਲਵਿੰਦਰ ਪਾਲ ਸਿੰਘ

## ✪ ਮਨੋਵਿਗਿਆਨਕ ਸਾਹਿਤਕਾਰ ਡਾਕਟਰ ਸਿਮਰਜੀਤ ਕੌਰ ਬਰਾੜ ਸਿੰਮੀ ਨਾਲ ਗੱਲਬਾਤ ✪ ਲੇਖਕਾ ਦੀਆਂ ਕਹਾਣੀਆਂ ਦਾ ਬਿਰਤਾਂਤ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਮਨੁੱਖੀ ਰਿਸ਼ਤੇ ਵੀ ਡਿਸਪੋਜ਼ਲ ਹੋ ਗਏ

ਡਾਕਟਰ ਸਿਮਰਜੀਤ ਕੌਰ ਬਰਾੜ ਸਿੰਮੀ ਮਨੋਵਿਗਿਆਨ ਐਜੂਕੇਸ਼ਨ ਵਿਚ ਪੀਐਚਡੀ ਹਨ। ਉਨ੍ਹਾਂ ਐਮ ਐਡ ਵੀ ਕੀਤੀ ਹੋਈ ਹੈ। ਦਸ਼ਮੇਸ਼ ਕਾਲਜ ਆਫ ਐਜੂਕੇਸ਼ਨ ਬਾਦਲ ਬਠਿੰਡਾ ਵਿਚ ਉਹ ਪ੍ਰੋਫੈਸਰ ਹਨ।ਉਨ੍ਹਾਂ ਦੀਆਂ ਰਚਨਾਵਾਂ ਕਵਿਤਾਵਾਂ ਕਹਾਣੀਆਂ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਰਚੀਆਂ ਹੁੰਦੀਆਂ ਹਨ। ਉਨ੍ਹਾਂ ਦੀ "ਕਸੂਰਵਾਰ ਕੌਣ" ਕਹਾਣੀ ਨੂੰ ਤੀਸਰਾ ਮਨਜੀਤ ਸਿੰਘ ਬਿਲਿੰਗ ਯਾਦਗਾਰੀ ਕਹਾਣੀ ਪੁਰਸਕਾਰ-2021 ਮਿਲਿਆ ਸੀ, ਕਹਾਣੀ "ਸਿੱਲੀਆਂ ਪਲਕਾਂ" ਨੂੰ ਦੂਜਾ ਕਲਾਕਾਰ ਸੰਗਮ ਕਹਾਣੀ ਪੁਰਸਕਾਰ-2021 ਮਿਲਿਆ ਸੀ। ਕਲਾਕਾਰ ਸਾਹਿਤਕ ਅਦਾਰਾ ਬਰਨਾਲਾ ਨੇ ਡਾਕਟਰ ਸਿਮਰਜੀਤ ਕੌਰ ਬਰਾੜ ਨੂੰ 2018 ਵਿੱਚ "ਭਾਈ ਘਨੱਈਆ ਜੀ ਨਿਸ਼ਕਾਮ ਸੇਵਾ ਐਵਾਰਡ" ਨਾਲ ਸਨਮਾਨਿਤ ਕੀਤਾ ਸੀ। 2022 ਵਿੱਚ ਲੇਖਕਾ ਨੂੰ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਆਯੋਜਿਤ ਕਹਾਣੀ ਪ੍ਰੋਗਰਾਮ ਵਿੱਚ "ਵਾਰਿਸ" ਕਹਾਣੀ ਲਈ "ਮਾਲਵਾ ਖੇਤਰ ਦੇ ਨਵੇਂ ਪੋਚ ਦੇ ਪੰਜਾਬੀ ਕਹਾਣੀਕਾਰ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ ! 2018 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸਾਲਾਨਾ ਪਬਲਿਸ਼ ਕੀਤੇ ਜਾਂਦੇ ਮੈਗਜ਼ੀਨ "ਜਵਾਂ ਤਰੰਗ" ਦੇ ਪੰਜਾਬੀ ਐਡੀਸ਼ਨ ਲਈ ਸੰਪਾਦਕ ਦੀ ਸਫਲ ਭੂਮਿਕਾ ਨਿਭਾਉਣ ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਸਨਮਾਨਿਤ ਕੀਤਾ ਗਿਆ ਸੀ। 2020 ਵਿੱਚ ਜਸਵੀਰ ਰਾਣਾ ਦੇ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' 'ਤੇ "ਜਸਵੀਰ ਰਾਣਾ ਦੀ ਨਾਵਲ ਵਿਧੀ ਤੇ ਦ੍ਰਿਸ਼ਟੀ" ਪੁਸਤਕ ਸੰਪਾਦਿਤ ਕੀਤੀ ਸੀ। 'ਮਿੱਟੀ ਦੇ ਮੋਰ', 'ਸਮੁੰਦਰ ਦਾ ਆਦਮੀ', 'ਕਾਸ਼ਨੀ ਸ਼ਰਾਰਤ ਵਾਲੀ ਕੁੜੀ', 'ਖੁੱਲ੍ਹ ਜਾ ਸਿੰਮ ਸਿੰਮ', 'ਤੂੰ ਸੰਪੂਰਨ ਹੈਂ', 'ਮੇਰਾ ਯਕੀਨ ਕਰੀਂ', 'ਇੱਥੋਂ ਰੇਗਿਸਤਾਨ ਦਿਸਦਾ ਹੈ" ਆਦਿ ਕਿਤਾਬਾਂ ਦੀ ਸਮੀਖਿਆ (ਬੁੱਕ ਰਿਵਿਊ) ਦਾ ਕਾਰਜ ਵੀ ਕੀਤਾ ਸੀ।

ਸਿਮਰਜੀਤ ਕੌਰ ਜਿਥੇ ਸ਼ਾਇਰਾ ਹੈ ,ਉਥੇ ਉੱਘੀ ਕਹਾਣੀਕਾਰ ਵੀ ਹੈ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਦਾ ਕੰਮ ਵੀ ਕਰਦੀ ਹੈ। ਡਾਕਟਰ ਸਿਮਰਜੀਤ ਕੌਰ ਅਜਿਹੀ ਕਹਾਣੀਕਾਰ ਹੈ ਜੋ ਮਿੱਥ ਕੇ ਕਹਾਣੀ ਨਹੀਂ ਲਿਖਦੀ। ਉਹ ਕਿਤੋਂ ਵੀ ਕਹਾਣੀ ਸ਼ੁਰੂ ਕਰਕੇ ਕਿਤੇ ਵੀ ਛੱਡ ਸਕਦੀ ਹੈ। ਉਸ ਦੀਆਂ ਕਹਾਣੀਆਂ ਆਮ ਤੌਰ 'ਤੇ ਖੁੱਲ੍ਹੇ ਅੰਤ ਵਾਲੀਆਂ ਹੁੰਦੀਆਂ ਹਨ। ਪਾਠਕ ਨੂੰ ਅੰਤ ਵਿੱਚ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ। ਉਸ ਵਲੋਂ ਪੰਜਾਬ ਦੀ ਹਸਤੀ ਨਾਲ ਜੁੜੀ ਠੇਠ ਭਾਸ਼ਾ ਦੀ ਪ੍ਰਮਾਣਿਕ ਵਰਤੋਂ ਅਤੇ ਸੰਵਾਦ ਜੁਗਤ ਰਾਹੀਂ ਪੈਦਾ ਹੋਈ ਨਾਟਕੀਅਤਾ ਉਸਦੀ ਕਹਾਣੀ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਵਿਦਵਾਨ ਲੇਖਕਾ ਨੇ ਆਪਣੀਆਂ ਕਹਾਣੀਆਂ 'ਚ ਸਮਕਾਲੀ ਮਨੋਵਿਗਿਆਨਕ ਤੇ ਸਮਾਜੀ ਹਾਲਾਤਾਂ ਅਤੇ ਉਨ੍ਹਾਂ ਦੇ ਚੰਗੇ-ਮਾੜੇ ਪ੍ਰਭਾਵਾਂ ਦਾ ਬਿਰਤਾਂਤ ਬੜੇ ਸਰਲ ਤੇ ਸਹਿਜਤਾ ਭਰੇ ਢੰਗ ਨਾਲ ਕੀਤਾ ਹੈ। ਅਜੋਕੇ ਮਨੁੱਖੀ ਜੀਵਨ ਵਿਚ ਪ੍ਰਬਲ ਮਾਨਸਿਕ, ਸਮਾਜਿਕ ਤੇ ਸਭਿਆਚਾਰਕ ਹਾਲਾਤਾਂ ਤੇ ਮਸਲਿਆਂ ਦੀ ਗੰਭੀਰਤਾ ਨੂੰ ਸੁਖੈਨਤਾ ਨਾਲ ਸਮਝਣ ਵਾਸਤੇ ਉਸ ਵਲੋਂ ਰਚੇ ਕਹਾਣੀ ਸੰਗ੍ਰਹਿ ਸ਼ਲਾਘਾ ਯੋਗ ਉੱਦਮ ਹੈ, ਜੋ ਕਿ ਅਜੋਕੇ ਮਨੁੱਖ ਦੇ ਮਾਨਸਿਕ ਦਵੰਦਾਂ, ਸਮਾਜਿਕ ਤੇ ਸਭਿਆਚਾਰਕ ਸਰੋਕਾਰਾਂ ਦੀ ਪੇਸ਼ਕਾਰੀ ਕਰਦੇ ਹਨ।

ਵਿਦਵਾਨ ਲੇਖਕਾ ਡਾਕਟਰ ਸਿਮਰਜੀਤ ਕੌਰ ਸਿੰਮੀ ਸਮਾਜ ਵਿੱਚ ਦੁਖਾਂਤਕ ਦਸ਼ਾ ਵਿਚ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਪ੍ਰਤੀ ਚਿੰਤਿਤ ਹੈ। ਉਹ ਸਮਾਜ ਦੀ ਅਜਿਹੀ ਸਥਿਤੀ ਲਈ ਜ਼ਿੰਮੇਵਾਰ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਨਜ਼ਰ ਆਉਂਦੀ ਹੈ। ਸਿਮਰਜੀਤ ਕੌਰ ਦੀਆਂ ਜਿਆਦਾਤਰ ਕਹਾਣੀਆਂ ਵਿੱਚ ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਵਿਚ ਦਿਨੋਂ-ਦਿਨ ਵਧ ਰਹੀ ਅਪਰਾਧਿਕ ਪ੍ਰਵਿਰਤੀ ਵਸਤੂਗਤ ਰੂਪ ਵਿੱਚ ਪੇਸ਼ ਹੋਈ ਹੈ। ਅਪਰਾਧਿਕ ਪ੍ਰਵਿਰਤੀ ਦੇ ਜ਼ਿੰਦਗੀ ਵਿੱਚ ਬੇਲੋੜੇ ਦਖ਼ਲ ਕਾਰਨ ਪਵਿੱਤਰਤਾ, ਪਾਕੀਜ਼ਗੀ, ਪਿਆਰ, ਆਪਸੀ ਰਿਸ਼ਤਿਆਂ ਵਿੱਚ ਵਫਾਦਾਰੀ ਦੀ ਤਾਸੀਰ ਮੂਲੋਂ ਹੀ ਖਾਰਜ ਹੋ ਗਈ ਹੈ। ਮਾਨਵੀ ਰਿਸ਼ਤਿਆਂ ਵਿੱਚ ਹੋ ਰਹੇ ਅਪਰਾਧੀਕਰਣ ਦੀਆਂ ਸਾਰੀਆਂ ਪਰਤਾਂ ਉਸਦੀਆਂ ਕਹਾਣੀਆਂ ਵਿੱਚ ਕਥਾ-ਵਸਤੂ ਦੇ ਰੂਪ ਵਿੱਚ ਉੱਭਰਦੀਆਂ ਹਨ।ਅੱਜ ਦਾ ਮਨੁੱਖ ਖੁਦ ਹੀ ਆਪਣੀ ਕਿਰਦਾਰਕੁਸ਼ੀ ਕਰਕੇ ਮਾਇਆ, ਲੋਭ, ਲਾਲਚ, ਬੇਵਿਸ਼ਵਾਸੀ, ਬੇ-ਵਸਾਹੀ ਅਤੇ ਬੇਵਫਾਈ ਦੀ ਪਰਿਕਰਮਾ ਕਰਦਾ ਵਰਜਿਤ ਰਿਸ਼ਤਿਆਂ ਦਾ ਰਾਹੀਂ ਬਣ ਰਹੀ ਜ਼ਿੰਦਗੀ ਦੀ ਜੇਲ੍ਹ ਵਿੱਚ ਆਪਣੇ-ਆਪਣੇ ਹਿੱਸੇ ਦੀ ਉਮਰ ਕੈਦ ਹੰਢਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਕੈਦ ਵਿੱਚੋਂ ਬਾਹਰ ਨਿਕਲਣ ਲਈ ਜਿਨ੍ਹਾਂ ਉਹ ਛਟਪਟਾਉਂਦਾ ਹੈ, ਓਨਾ ਹੀ ਇਸ ਵਿੱਚ ਡੂੰਘਾ ਫਸਦਾ ਜਾਂਦਾ ਹੈ। ਮਨ ਚਾਹੇ ਸੁਪਨਿਆਂ ਦੀ ਜ਼ਿੰਦਗੀ ਜਿਉਣ ਦੀ ਖਾਹਿਸ਼ ਲੈ ਕੇ ਕੇ ਚੱਲੇ ਇਨ੍ਹਾਂ ਮਨੁੱਖਾਂ ਨੂੰ ਮਿਲੀ ਜ਼ਿੰਦਗੀ ਦੀ ਉਮਰ ਕੈਦ ਉਨ੍ਹਾਂ ਦੀ ਹੋਣੀ ਬਣ ਜਾਂਦੀ ਹੈ। ਸਿਮਰਜੀਤ ਦੀਆਂ ਕਹਾਣੀਆਂ ਇਹ ਬਿਰਤਾਂਤ ਪੇਸ਼ ਕਰਦੀਆਂ ਹਨ ਕਿ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਮਨੁੱਖੀ ਰਿਸ਼ਤੇ ਵੀ ਡਿਸਪੋਜ਼ਲ ਹੋ ਗਏ ? ਕਿਉਂ ਮਨੁੱਖ ਨੇ "ਯੂਜ ਐਂਡ ਥ੍ਰੋ" ਦੀ ਨੀਤੀ ਨੂੰ ਰਿਸ਼ਤਿਆਂ ਤੇ ਵੀ ਵਰਤਣਾ ਸ਼ੁਰੂ ਕਰ ਦਿੱਤਾ ਤੇ ਰਿਸ਼ਤਿਆਂ ਦੀ ਪਾਕੀਜ਼ਗੀ ਹੀ ਖ਼ਤਮ ਕਰ ਦਿੱਤੀ।

ਪੰਜਾਬੀ ਰਹਿਤਲ ਨਾਲ਼ ਜੁੜੇ ਇਹੀ ਸਰੋਕਾਰ ਸਿਮਰਜੀਤ ਕੌਰ ਦੀ ਕਥਾ ਚੇਤਨਾ ਦਾ ਮੂਲ ਆਧਾਰ ਬਣਦੇ ਹਨ। ਉਸਦੀਆਂ ਕਹਾਣੀਆਂ ਦੇ ਪਾਤਰ ਆਮ ਕਰਕੇ ਯਥਾਰਥ ਦੀ ਜ਼ਮੀਨ ਤੇ ਆਪਣੇ ਆਸ-ਪਾਸ ਵਿਚਰਦੇ ਹੁੰਦੇ ਹਨ। ਲੇਖਕਾ ਜ਼ਿੰਦਗੀ ਦੇ ਯਥਾਰਥ ਵਿੱਚ ਕਲਪਨਾ ਦੇ ਰੰਗ ਮਿਲਾ ਕੇ ਕੈਨਵਸ ਤੇ ਸਦੀਵੀ ਸੱਚ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕਰਦੀ ਹੈ, ਜੋ ਕਿ ਉਸਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਹੋ ਨਿਬੜਦਾ ਹੈ।

ਡਾਕਟਰ ਸਿਮਰਜੀਤ ਕੌਰ ਬਰਾੜ ਸਿੰਮੀ ਦਾ ਪਹਿਲਾ ਕਹਾਣੀ ਸੰਗ੍ਰਹਿ "ਸੰਘਰਸ਼" ਹੈ ਜੋ ਕਿ ਚੇਤਨਾ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿੱਚ ਵੱਖ-ਵੱਖ ਵਿਸ਼ਿਆਂ ਦੀ ਵੰਨ



ਸੁਵੰਨਤਾ ਨੂੰ ਪੇਸ਼ ਕਰਦੀਆਂ 14 ਕਹਾਣੀਆਂ ਸ਼ਾਮਿਲ ਹਨ। ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਔਰਤ ਦੇ ਵੱਖ-ਵੱਖ ਰੂਪਾਂ ਵਿੱਚ ਗੁੰਝਲਦਾਰ ਪਰਿਸਥਿਤੀਆਂ ਵਿੱਚ ਸੰਘਰਸ਼ ਦੀ ਪੇਸ਼ਕਾਰੀ ਹੋਈ ਹੈ। ਇਹਨਾਂ ਕਹਾਣੀਆਂ ਦਾ ਮੁੱਖ ਸਰੋਕਾਰ ਔਰਤ ਦੀ ਦੁਖਾਂਤਕ ਸਮਾਜਿਕ ਸਥਿਤੀ ਦੀ ਬਿਆਨੀ ਹੈ।

ਦੂਜਾ ਕਹਾਣੀ ਸੰਗ੍ਰਹਿ "ਉਮਰ ਕੈਦ" ਹੈ। ਇਸ ਪੁਸਤਕ ਵਿੱਚ 9 ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਵਿੱਚ ਆਧੁਨਿਕ ਸਮੇਂ ਦਾ ਹਾਣੀ ਬਨਣ ਦੀ ਹੋੜ ਵਿੱਚ ਮਨੁੱਖ ਪਦਾਰਥਕ ਸੁਖਾਂ ਵਿੱਚੋਂ ਖੁਸ਼ੀਆਂ ਦੀ ਤਲਾਸ਼ ਕਰਨ ਲੱਗ ਪਿਆ, ਰਿਸ਼ਤਿਆਂ ਨੂੰ ਵੀ ਜਮਾਂ ਤੇ ਮਨਫੀ ਕਰ ਕੇ ਵੇਖਣ ਲੱਗ ਪਿਆ, ਨਫਾ ਨੁਕਸਾਨ ਵੇਖਣ ਲੱਗ ਪਿਆ, ਜਿਸ ਕਾਰਨ ਰਿਸ਼ਤਿਆਂ ਵਿੱਚ ਆਪਸੀ ਪਿਆਰ, ਵਫਾਦਾਰੀ, ਸਚਾਈ, ਰਿਸ਼ਤਿਆਂ ਦਾ ਨਿੱਘ ਖ਼ਤਮ ਹੋ ਗਿਆ ਹੈ, ਤੇ ਹਰ ਬੰਦੇ ਦੇ ਅੰਦਰ ਇੱਕ ਖਲਾਅ ਭਰ ਗਿਆ ਹੈ। ਰਿਸ਼ਤਿਆਂ ਵਿੱਚ ਬੇਈਮਾਨੀ, ਚੁਸਤ ਚਲਾਕੀਆਂ ਦੀ ਪ੍ਰਵਿਰਤੀ ਨੇ ਮਾਨਵੀ ਰਿਸ਼ਤਿਆਂ ਵਿੱਚ ਅਪਰਾਧੀਕਰਣ ਨੂੰ ਜਨਮ ਦਿੱਤਾ। ਇਸੇ ਕਾਰਨ ਅਜੋਕੇ ਸਮੇਂ ਇਕੱਲਤਾ ਦਾ ਦਰਦ ਹੰਢਾਉਂਦਾ ਮਨੁੱਖ ਆਪਣੇ ਆਲੇ-ਦੁਆਲੇ ਰਿਸ਼ਤਿਆਂ ਦੀ ਭੀੜ ਵਿੱਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ।ਉਸ ਦੇ ਆਸ-ਪਾਸ ਕੋਈ ਉਸ ਦੇ ਅਹਿਸਾਸ ਸੁਣਨ ਵਾਲਾ ਨਹੀਂ ਹੈ, ਜਿਸ ਕਾਰਨ ਉਹ ਡਿਪ੍ਰੈਸ਼ਨ, ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਿਹਾ ਏ ਅਤੇ ਕਿਤੇ ਨਾ ਕਿਤੇ ਸ਼ਾਇਦ ਇਸੇ ਕਾਰਨ ਉਹ ਅਪਰਾਧੀ ਪ੍ਰਵਿਰਤੀ ਦਾ ਧਾਰਨੀ ਬਣ ਰਿਹਾ ਏ।

ਇਹਨਾਂ ਪੁਸਤਕਾਂ ਤੋਂ ਇਲਾਵਾ 'ਕਸ਼ਮਕਸ਼', 'ਸੁਰਜੀਤ ਕਤਲ ਕਾਂਡ ਅਤੇ ਹੋਰ ਕਹਾਣੀਆਂ', 'ਜ਼ਿੰਦਗੀ ਦਾ ਰੁਦਨ', 'ਸੁੱਤੀ ਗਲੀ ਦਾ ਸ਼ੋਰ', 'ਚੁੱਪ ਦੀ ਆਵਾਜ਼', 'ਢਾਈ ਦਹਾਕੇ', 'ਮੇਰੀ ਧਰਤੀ ਮੇਰਾ ਅੰਬਰ', "ਸ਼ਬਦ ਸ਼ਬਦ ਪਰਵਾਜ਼" ਆਦਿ ਸੰਪਾਦਿਤ ਕਹਾਣੀ ਸੰਗ੍ਰਹਿ ਵਿੱਚ ਵੀ ਉਸਦੀਆਂ ਕਹਾਣੀਆਂ ਛਪੀਆਂ ਹਨ।

ਉਨ੍ਹਾਂ ਦੇ ਦਸਣ ਮੁਤਾਬਕ ਉਨ੍ਹਾਂ ਦੀ ਮਾਤਾ ਨੇ ਸਾਹਿਤ, ਧਰਮ ਵਿਦਾ ਨਾਲ ਜੋੜਿਆ ਜੋ ਕਿ ਆਪ ਅਧਿਆਪਕ ਸਨ। ਉਹ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਸਨ। ਉਨ੍ਹਾਂ ਦੀ ਆਪ ਸਾਹਿਤ ਪੜ੍ਹਨ, ਲਿਖਣ ਵਿੱਚ ਬਹੁਤ ਰੁਚੀ ਰਖਦੇ ਸਨ ਅਤੇ ਵੱਖ ਵੱਖ ਵਿਸ਼ਿਆਂ ਤੇ ਉਨ੍ਹਾਂ ਦੇ ਲੇਖ ਅਖਬਾਰਾਂ, ਪੰਜਾਬੀ ਮੈਗਜ਼ੀਨਾਂ ਅਤੇ ਸੰਪਾਦਿਤ ਪੁਸਤਕਾਂ ਵਿੱਚ ਛੱਪਦੇ ਰਹਿੰਦੇ ਸਨ। ਲੇਖਿਕਾ ਅਨੁਸਾਰ ਉਸਨੇ ਸੱਤ ਸਾਲ ਦੀ ਉਮਰ ਵਿੱਚ ਬਹੁਤ ਸਾਰੀਆਂ ਬਾਣੀਆਂ ਕੰਠ ਕਰ ਲਈਆਂ ਸਨ। ਉਸਨੇ ਗੁਰੂ ਗਰੰਥ ਸਾਹਿਬ ਦੇ ਫਲਸਫੇ ਆਪਣੇ ਜੀਵਨ ਦਾ ਮਾਰਗ ਬਣਾਇਆ ਹੋਇਆ ਹੈ। ਸਿਮਰਜੀਤ ਦੇ ਪਿਤਾ ਜੀ ਵੀ ਸਕੂਲ ਵਿੱਚ ਅਧਿਆਪਕ ਸਨ, ਉਹ ਵੀ ਸੀਨੀਅਰ ਸੈਕੰਡਰੀ ਸਕੂਲ, ਫ਼ਕਰਸਰ ਤੋਂ ਪ੍ਰਿੰਸੀਪਲ ਰਿਟਾਇਰ ਹੋਏ। ਮਾਪਿਆਂ ਦੇ ਸਿੱਖਿਆ ਦੇ ਖੇਤਰ ਵਿੱਚ ਹੋਣ ਕਰ ਕੇ ਘਰ ਵਿੱਚ ਪੜ੍ਹਨ ਦਾ ਮਾਹੌਲ ਸੀ। ਸਿਮਰਨਜੀਤ ਦਾ ਕਹਿਣਾ ਹੈ ਕਿ ਸਾਡੇ ਘਰ ਵਿੱਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਵੀ ਸੀ, ਜਿਸ ਵਿੱਚ ਪੰਜਾਬੀ ਸਾਹਿਤ ਦੀਆਂ ਬਹੁਤ ਕਿਤਾਬਾਂ ਸਨ। ਲੇਖਕਾ ਦੇ ਦਸਣ ਮੁਤਾਬਕ ਉਸਨੇ ਛੋਟੀ ਉਮਰੇ ਹੀ ਨਾਨਕ ਸਿੰਘ, ਜਸਵੰਤ ਕੰਵਲ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਸੁਰਜੀਤ ਪਾਤਰ, ਪਾਸ਼, ਸ਼ਿਵ ਕੁਮਾਰ ਬਟਾਲਵੀ ਆਦਿ ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਲਈਆਂ ਸਨ।

ਡਾਕਟਰ ਸਿਮਰਜੀਤ ਕੌਰ ਅਨੁਸਾਰ ਲੇਖਕਾ ਅਨੁਸਾਰ ਸਾਹਿਤ ਅਤੇ ਜੀਵਨ ਦਾ ਬਹੁਤ ਗਹਿਰਾ ਸੰਬੰਧ ਹੈ। ਸਮਾਜ ਵਿੱਚ ਆਰਥਿਕ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਘਟਨਾਵਾਂ ਜਦ ਮਨੁੱਖੀ ਭਾਵਨਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਇਸ ਦੀ ਪ੍ਰਤੀਕ੍ਰਿਆ ਵਜੋਂ ਸਾਹਿਤ ਦੀ ਸਿਰਜਨਾ ਹੁੰਦੀ ਹੈ। ਲੇਖਕਾ ਦਸਦੀ ਹੈ ਕਿ ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਮਿਲਾ ਕੇ ਸਦੀਵੀ ਸੱਚ ਦੀ ਪੇਸ਼ਕਾਰੀ ਕਰਦਾ ਹੈ। ਜਿਸ ਤਰ੍ਹਾਂ ਜਦ ਕਿਸਾਨੀ ਅੰਦੋਲਨ ਚੱਲਿਆ ਤਾਂ ਕਿਸਾਨੀ ਅੰਦੋਲਨ ਨਾਲ ਸੰਬੰਧਿਤ ਘਟਨਾਵਾਂ ਤੇ ਕਿੰਨਾ ਗੁਣਾਤਮਕ ਸਾਹਿਤ ਲਿਖਿਆ ਗਿਆ, ਜੋ ਆਉਣ ਵਾਲੀਆਂ ਸਦੀਆਂ ਤੱਕ ਉਸ ਸਮੇਂ ਦੇ ਹਾਲਾਤਾਂ ਦੀ ਬਿਆਨੀ ਕਰਦਾ ਰਹੇਗਾ।

ਡਾਕਟਰ ਸਿਮਰਜੀਤ ਕੌਰ ਚਿੰਤਤ ਹਨ ਕਿ ਸੋਸ਼ਲ ਮੀਡੀਆ ਦੇ ਬਹੁਤ ਤੇਜੀ ਨਾਲ ਪਸਾਰੇ ਨੇ ਪਾਠਕਾਂ ਦੀ ਰੁਚੀ ਕਿਤਾਬਾਂ ਪੜ੍ਹਨ ਵਿੱਚ ਘਟਾ ਦਿੱਤੀ ਹੈ। ਅੱਜ ਬਹੁਗਿਣਤੀ ਆਪਣਾ ਬਹੁਤ ਕੀਮਤੀ ਸਮਾਂ ਯੂਟਿਊਬ, ਫੇਸਬੁੱਕ, ਇੰਸਟਾਗਰਾਮ ਆਦਿ ਸੋਸ਼ਲ ਮੀਡੀਆ ਤੇ ਬਿਤਾਉਂਦੀ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਤੱਕ ਨਹੀਂ ਹੁੰਦਾ ਕਿ ਉਨ੍ਹਾਂ ਨੇ ਆਪਣਾ ਕਿੰਨਾ ਸਮਾਂ ਇੱਥੇ ਬਰਬਾਦ ਕਰ ਦਿੱਤਾ। ਸਾਡੀ ਯੁਵਾ ਪੀੜ੍ਹੀ ਨੂੰ ਸੁਚੇਤ ਹੋ ਕੇ ਤਕਨਾਲੋਜੀ ਦੀ ਸੁਯੋਗ ਵਰਤੋਂ ਕਰਨ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਅਜੋਕਾ ਯੁੱਗ ਕੰਪਿਊਟਰ ਤੇ ਤਕਨਾਲੋਜੀ ਦਾ ਯੁੱਗ ਹੈ। ਇਸ ਨੇ ਬੱਚਿਆਂ ਦੇ ਹੱਥਾਂ ਵਿੱਚੋਂ ਕਿਤਾਬਾਂ ਖੋਹ ਕੇ ਮੋਬਾਈਲ ਦੀ ਸਕਰੀਨ ਫੜਾ ਦਿੱਤੀ, ਪਰ ਇੱਕ ਹੱਥ ਵਿੱਚ ਜੇ ਮੋਬਾਈਲ ਹੈ ਤਾਂ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦੂਜੇ ਹੱਥ ਵਿੱਚ ਅਸੀਂ ਕਿਤਾਬਾਂ ਵੀ ਫੜਾ ਸਕੀਏ, ਕਿਉਂਕਿ ਜੇ ਮੋਬਾਈਲ ਗਿਆਨ ਦਾ ਸੋਮਾ ਹੈ, ਸਾਨੂੰ ਸਮੇਂ ਦਾ ਹਾਣੀ ਬਣਾਉਂਦਾ ਹੈ ਤਾਂ ਕਿਤਾਬਾਂ ਵੀ ਗਿਆਨ ਦਾ ਦੁਰਲੱਭ ਭੰਡਾਰ ਹਨ। ਸਾਨੂੰ ਵਿਦਿਆਰਥੀਆਂ ਦਾ ਕਿਤਾਬਾਂ ਦੇ ਨਾਲ ਵੀ ਰਿਸ਼ਤਾ ਜੋੜਨਾ ਪਵੇਗਾ। ਇਸ ਲਈ ਅਧਿਆਪਕ ਤੇ ਮਾਪੇ ਦੋਵੇਂ ਧਿਰਾਂ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ।

# ਅਲਗੋਜ਼ੇ ਨਾਲ ਗਾਉਣ ਵਾਲੇ ਗਾਇਕਾਂ ਵਿਚ ਆਲਮ ਲੁਹਾਰ ਦਾ ਵਿਸ਼ੇਸ਼ ਸਥਾਨ

// ਹਰਦਿਆਲ ਸਿੰਘ //

ਲਹਿੰਦੇ ਪੰਜਾਬ ਦੇ ਜੋੜੀ (ਅਲਗੋਜ਼ੇ) ਨਾਲ ਗਾਉਣ ਵਾਲੇ ਗਾਇਕਾਂ ਵਿਚ ਆਲਮ ਲੁਹਾਰ ਦਾ ਇਕ ਵੱਖਰਾ ਅਤੇ ਵਿਸ਼ੇਸ਼ ਸਥਾਨ ਹੈ। ਆਲਮ ਲੁਹਾਰ ਨੇ ਸਾਂਝੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਆਛ (ਨੇੜੇ ਕਸਬਾ ਕੋਟਲਾ ਅਰਬ ਅਲੀ ਖਾਨ) ਵਿਖੇ 22 ਅਗਸਤ 1928 ਨੂੰ ਮੁਸਲਮਾਨ ਲੁਹਾਰਾਂ ਦੇ ਘਰ ਜਨਮ ਲਿਆ। ਉਸ ਦੇ ਪਿਤਾ ਦਾ ਨਾਂਅ ਜੁੰਮਾ ਖਾਂ ਸੀ, ਜੋ ਲੁਹਾਰਾ ਕੰਮ ਕਰਦਾ ਸੀ। ਉਸ ਦੇ ਪਿੰਡ ਆਛ ਦੇ ਨੇੜੇ ਪਿੰਡ ਗੋਛ ਪੈਂਦਾ ਹੈ। ਇਸ ਕਰਕੇ ਆਮਤੌਰ 'ਤੇ ਆਛਗੋਛ ਬੋਲਿਆ ਜਾਂਦਾ ਹੈ ਆਲਮ ਦਾ ਪੂਰਾ ਨਾਂਅ ਮੁਹੰਮਦ ਆਲਮ ਸੀ ਉਸ ਨੇ ਰਸਮੀ ਤੌਰ 'ਤੇ ਕੋਈ ਸਕੂਲੀ ਵਿੱਦਿਆ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਕਿੱਧਰੋਂ ਕੋਈ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਉਸ ਸਮੇਂ ਪਿੰਡਾਂ ਵਿਚ ਨਵਾਬ ਘੁਮਾਰ ਦੀ ਗਾਇਕੀ ਦਾ ਬੋਲਬਾਲਾ ਸੀ ਅਤੇ ਗ੍ਰਾਮੋਫ਼ੋਨ ਦੇ ਤਵਿਆਂ ਵਿਚ ਵੀ ਉਸ ਦੀ ਆਵਾਜ਼ ਥਾਂ-ਥਾਂ ਗੂੰਜਦੀ ਸੀ। ਇਸ ਦਾ ਪ੍ਰਭਾਵ ਆਲਮ 'ਤੇ ਵੀ ਪਿਆ। ਨਵਾਬ ਘੁਮਾਰ ਦਾ ਪੜਪੋਤਰਾ ਫੈਸਲ ਘੁਮਾਰ ਤਾਂ ਕਹਿੰਦਾ ਹੈ ਕਿ ਆਲਮ ਸਾਹਿਬ ਨੇ ਮੇਰੇ ਪੜਦਾਦਾ ਤੋਂ ਸੰਗੀਤ ਦੀ ਸਿੱਖਿਆ ਲਈ। ਸਿੱਖਿਆ ਲਈ ਜਾਂ ਨਾ ਪਰੰਤੂ ਆਲਮ ਦੀ ਆਰੰਭਕ ਗਾਇਨ ਸ਼ੈਲੀ ਨਵਾਬ ਵਰਗੀ ਹੀ ਹੈ। ਬਚਪਨ ਤੋਂ ਹੀ ਉਸ ਦੀ ਰੁਚੀ ਗਾਇਕੀ ਵੱਲ ਹੋ ਗਈ ਸੀ। ਸੱਤ-ਅੱਠ ਸਾਲ ਦੀ ਉਮਰ ਵਿਚ ਸੱਥ ਵਿਚ ਬੈਠੇ ਵਡੇਰੀ ਉਮਰ ਦੇ ਬੰਦੇ ਉਸ ਤੋਂ ਗੀਤ ਸੁਣਦੇ। ਇਸ ਤਰ੍ਹਾਂ ਉਸ ਦਾ ਹੌਸਲਾ ਵਧਦਾ ਗਿਆ। 1940 ਵਿਚ ਆਲਮ ਦਾ ਪਰਿਵਾਰ 'ਲਾਲਾਮੂਸਾ' ਚਲਾ ਗਿਆ।

ਪਿੰਡਾਂ ਦੀਆਂ ਸੱਥਾਂ ਵਿਚ ਪ੍ਰਸਿੱਧੀ ਮਿਲਣ ਤੋਂ ਬਾਅਦ ਉਹ ਹੌਂਸਲਾ ਕਰਕੇ ਲਾਹੌਰ ਪਹੁੰਚ ਗਿਆ। ਉਥੋਂ ਦੀ ਫਲ ਮੰਡੀ ਵਿਚ ਜਾ ਕੇ ਗਾਉਣਾ ਸ਼ੁਰੂ ਕਰ ਦਿੰਦਾ। ਲੋਕ ਉਸ ਨੂੰ ਇਨਾਮ ਦਿੰਦੇ। ਇਥੇ ਹੀ ਉਸ ਨੂੰ ਰਿਕਾਰਡਿੰਗ ਕੰਪਨੀ ਦਾ ਇੱਕ ਅਧਿਕਾਰੀ ਮਿਲਿਆ। ਉਸ ਦੀ ਗਾਇਕੀ ਸੁਣ ਕੇ ਪੁੱਛਿਆ ਕਿ ਤਵਾ ਰਿਕਾਰਡ ਕਰਵਾਏਂਗਾ? ਇਸ ਤਰ੍ਹਾਂ 1941-42 ਦੌਰਾਨ ਤੇਰਾਂ ਕੁ ਸਾਲ ਦੀ ਉਮਰ ਵਿਚ ਆਲਮ ਦੀ ਪਹਿਲੀ ਰਿਕਾਰਡਿੰਗ ਹੋਈ ਜੋ ਐਚ.ਐਮ.ਵੀ. ਰਿਕਾਰਡਿੰਗ ਕੰਪਨੀ ਨੇ 'ਰੀਗਲ' ਲੇਵਲ ਅਧੀਨ ਰਿਲੀਜ਼ ਕੀਤੀ। ਤਵਾ ਨੰ: ਆਰ. ਐਲ. 3099 ਮਿਰਜ਼ੇ ਦੀ ਗਾਥਾ ਨਾਲ ਸੰਬੰਧਤ ਹੈ, ਜਿਸ ਦੇ ਬੋਲ ਹਨ 'ਸੁੱਤਾ ਮਿਰਜ਼ਾ ਉਠਿਆ', 'ਬੁਰਾ ਕੀਤਾ ਸਾਹਿਬਾਂ'। ਇਸ ਤੋਂ ਬਾਅਦ ਰਿਕਾਰਡਿੰਗ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਸ ਤੋਂ ਬਾਅਦ ਵੱਖ-ਵੱਖ ਕੰਪਨੀਆਂ, ਰੇਡੀਓ, ਟੈਲੀਵੀਜ਼ਨ ਅਤੇ ਫ਼ਿਲਮਾਂ ਵਿਚ ਉਸ ਦੀ ਆਵਾਜ਼ ਵਿਚ ਢੇਰਾਂ ਦੇ ਢੇਰ ਰਿਕਾਰਡਿੰਗ ਹੋਈ।

ਆਲਮ ਦੀ ਸਮੁੱਚੀ ਗਾਇਕੀ ਨੂੰ ਮੋਟੇ ਰੂਪ ਵਿਚ ਅਸੀਂ ਚਾਰ ਵਰਗਾਂ ਵਿਚ ਵੰਡ ਸਕਦੇ ਹਾਂ

ੳ) ਲੋਕ ਗਾਥਾਵਾਂ-ਪੂਰਨ, ਹੀਰ, ਮਿਰਜ਼ਾ, ਯੂਸਫ-ਜ਼ੁਲੈਖਾਂ, ਸੈਫੁਲਮਲੂਕ, ਢੋਲ ਸੰਮੀ, ਦੁੱਲਾ, ਪੀਰ ਮੁਰਾਦੀਆ ਆਦਿ।

ਅ) ਹੋਰ ਲੋਕ ਕਾਵਿ ਰੂਪ-ਟੱਪੇ, ਮਾਹੀਆ, ਬਾਰਾਂਮਾਹ, ਜੁਗਨੀ ਆਦਿ।

ੲ) ਪੰਜਾਬੀ ਗੀਤ-'ਵਾਜਾਂ ਮਾਰੀਆਂ, ਦਿਲ ਵਾਲਾ ਦੁੱਖੜਾ, ਹੁਣ ਕੀ ਮੇਰਾ ਜ਼ੋਰ ਨੀ ਗੁੱਡੀਏ, ਮੈਂ ਵਿਆਹ ਕਰਕੇ ਪਛਤਾਇਆ' ਆਦਿ।

ਸ) ਦੋਗਾਣੇ-ਦੋਗਾਣੇ ਜ਼ਿਆਦਾਤਰ ਲੋਕ ਕਾਵਿ ਵਿਚੋਂ ਹੀ ਲਏ ਗਏ ਹਨ। ਇਨ੍ਹਾਂ ਵਿਚ ਨਜ਼ੀਰ ਬੇਗ਼ਮ, ਬਾਲੀ ਜੱਟੀ ਆਦਿ ਔਰਤ ਗਾਇਕਾਵਾਂ ਨੇ ਉਸ ਦਾ ਸਾਥ ਦਿੱਤਾ ਹੈ।

ਇਥੇ ਅਸੀਂ ਆਲਮ ਦੀ ਉਸ ਗਾਇਕੀ ਦੀ ਹੀ ਚਰਚਾ ਕਰਾਂਗੇ ਜਿਹੜੀ ਲੋਕ ਗਾਥਾਵਾਂ ਨਾਲ ਸੰਬੰਧਿਤ ਵਿਸ਼ੇ ਅਧੀਨ ਆਉਂਦੀ ਹੈ, ਭਾਵ ਜੋ ਜੋੜੀ (ਅਲਗੋਜ਼ਿਆਂ) ਨਾਲ ਗਾਈ ਹੋਈ ਹੈ ਆਲਮ ਦੀ ਅਲਗੋਜ਼ਿਆਂ ਨਾਲ ਗਾਈ ਹੋਈ ਬਹੁਤ ਸਾਰੀ ਰਿਕਾਰਡਿੰਗ ਮਿਲਦੀ ਹੈ। ਪੂਰਨ, ਢੋਲ ਸੰਮੀ, ਮਿਰਜ਼ਾ, ਹੀਰ, ਦੁੱਲਾ ਆਦਿ ਲੋਕ ਗਾਥਾਵਾਂ ਤੋਂ ਇਲਾਵਾ ਜੁਗਨੀ, ਬਾਰਾਂਮਾਹ ਆਦਿ ਰਚਨਾਵਾਂ ਅਲਗੋਜ਼ਿਆਂ ਨਾਲ ਹੀ ਗਾਈਆਂ ਹੋਈਆਂ ਹਨ। ਇਸ ਸਾਰੀ ਰਿਕਾਰਡਿੰਗ ਵਿਚ ਆਲਮ ਦੀ ਇਕੱਲੇ ਦੀ ਹੀ ਆਵਾਜ਼ ਹੈ, ਉਸ ਦਾ ਕੋਈ 'ਪਾਛੂ' ਨਹੀਂ ਹੈ। ਚਿਮਟਾ ਉਸ ਦਾ ਪਸੰਦੀਦਾ ਸਾਜ਼ ਸੀ, ਜੋ ਮਹਿਬੂਬ ਵਾਂਗ ਹਮੇਸ਼ਾ ਉਸ ਦੇ ਨਾਲ ਰਿਹਾ।

ਜੋੜੀ 'ਤੇ ਆਲਮ ਦਾ ਸਾਥ ਵੱਖ-ਵੱਖ ਸਮੇਂ ਤੇ ਵੱਖ-ਵੱਖ ਜੋੜੀ ਵਾਦਕਾਂ ਵਲੋਂ ਦਿੱਤਾ ਗਿਆ ਹੈ। ਇਨ੍ਹਾਂ ਵਿਚ ਫ਼ਜ਼ਲ ਕਰੀਮ ਕਸਾਈ ਸਰਾਏ ਆਲਮਗੀਰ ਵਾਲਾ, ਚੌਧਰੀ ਅਬਦੁੱਲ ਗਨੀ ਲਾਇਲਪੁਰ ਵਾਲਾ, ਮੁਹੰਮਦ ਸ਼ਫੀ ਵਾੜੇ ਵਾਲਾ, ਰਹਿਮਾ ਨਾਈ ਅਲੀ ਚੱਕ ਵਾਲਾ, ਫਤੇ ਮੁਹੰਮਦ ਝੰਡੇਆਲ ਵਾਲਾ ਆਦਿ ਸ਼ਾਮਿਲ ਹਨ। ਫ਼ਜ਼ਲ ਕਰੀਮ ਕਸਾਈ ਨੇ ਜ਼ਿਆਦਾ ਸਾਥ ਨਿਭਾਇਆ ਹੈ।

ਆਲਮ ਨੇ ਆਪਣੀ ਰਿਕਾਰਡਿੰਗ ਵਿਚ ਰਚਨਾ ਦਾ ਆਰੰਭ ਖੂਬਸੂਰਤ ਪ੍ਰਸੰਗਾਂ ਦੀ ਪੇਸ਼ਕਾਰੀ ਨਾਲ ਕੀਤਾ ਹੋਇਆ ਹੈ। ਆਪਣੇ ਆਪ ਨੂੰ 'ਮਸ਼ਕੀਨ ਲੁਹਾਰ' ਆਖਦਾ ਹੋਇਆ ਉਹ ਬੜੇ ਸੰਖੇਪ ਵਿਚ ਕਾਵਿ ਨੁਮਾ ਵਾਰਤਕ ਰਾਹੀਂ ਰਚਨਾ ਦਾ ਸਾਰੰਸ਼ ਬਿਆਨ ਕਰਦਾ ਹੈ। ਵਿਸ਼ੇ ਨਾਲ ਸੰਬੰਧਤ ਇਕ ਤਸਵੀਰ ਸਰੋਤਿਆਂ ਦੀਆਂ ਅੱਖਾਂ ਅੱਗੇ ਰੂਪਮਾਨ ਹੋ ਜਾਂਦੀ ਹੈ। ਇਕ ਦੋ ਉਦਾਹਰਣਾਂ ਪੇਸ਼ ਹਨ-

"ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਗੁਰੂ ਨੇ ਕਿਹਾ ਚੇਲਿਆਂ ਨੂੰ, ਜਾਓ ਕਿਤੋਂ ਪਾਣੀ ਲਿਆਓ, ਮੈਂ ਛਿੰਝ ਕਰੂਲੀਆਂ ਕਰਕੇ ਰੱਬ ਰੱਬ ਕਰ ਲਾਂ। ਚੇਲਿਆਂ ਨੇ ਜਾ ਕੇ ਡੋਰੀਆਂ ਸੁੱਟੀਆਂ ਖੂਹ ਦੇ ਵਿਚ, ਅੱਗੋਂ ਪੂਰਨ ਦੀ ਲੋਥ ਵਿਚੋਂ ਅਵਾਜ਼ ਆਉਂਦੀ ਏ। ਚੇਲੇ ਉਹਨੂੰ ਕਿਵੇਂ ਬਾਹਰ ਕੱਢਦੇ ਨੇ? ਗੁਰੂ ਕਿਵੇਂ ਖੂਹ ਤੇ ਜਾ ਕੇ ਕੀ ਕਰਦੈ? ਹਲਾ ਬਈ, ਫ਼ਜ਼ਲ ਕਰੀਮ ਕਸਾਈਆ, ਸਰਾਏ ਆਲਮਗੀਰ ਵਾਲਿਆ, ਉਹ ਕੀ ਆਂਹਦੈ...?"

"ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਦੁੱਲਾ ਜੁਆਨ ਬਾਹਰੋਂ ਆਉਂਦਾ ਏ, ਮਾਤਾ ਲੱਧੀ ਉਹਨੂੰ ਮੱਤ ਲੱਗੀ ਦੇਣ ਉਹ ਕਿਹੜੀ ਮੱਤ ਦਿੰਦੀ ਐ? ਹਲਾ ਬਈ ਮੁਹੰਮਦ ਸ਼ਫੀ ਵਾੜੇ ਆਲਿਆ ਕੀ ਆਂਹਦੀ ਏ ਮਾਤਾ ਲੱਧੀ...?"

"ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ, ਪੀਰਾਂ ਦਿੱਤਾ ਬਾਰਾਂਮਾਹ ਲਿਖਦੈ, ਉਹ ਕਿਹੜੇ ਬਾਰਾਂ ਮਾਹ ਲਿਖਦੈ? ਹਲਾ ਬਈ ਚੌਧਰੀ ਅਬਦੁੱਲ ਗਨੀ ਲਾਇਲਪੁਰ ਆਲਿਆ, ਉਹ ਕੀ ਆਖਦੈ...?

ਪ੍ਰਸੰਗ ਤੋਂ ਬਾਅਦ ਜੋੜੀ ਦੇ ਨਾਲ ਦੂਸਰੇ ਸਾਜ਼ ਸ਼ੁਰੂ ਹੋ ਜਾਂਦੇ ਹਨ ਤੇ ਸਰੋਤੇ ਝੂਮਣ ਲੱਗ ਜਾਂਦੇ ਹਨ।

ਕਈ ਰਚਨਾਵਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਲਮ ਪਰੰਪਰਿਕ ਗਾਇਕਾਂ ਵਾਂਗ ਪ੍ਰਸੰਗ ਤੋਂ ਬਾਅਦ ਦੋ ਤੁਕੇ ਜਾਂ ਚੌ ਤੁਕੇ ਬੰਦਾਂ ਦਾ



ਪ੍ਰਯੋਗ ਕਰਦਾ ਹੈ। ਇਸ ਨਾਲ ਪ੍ਰਭਾਵ ਹੋਰ ਵਧ ਜਾਂਦਾ ਹੈ।

"ਮੈਨੂੰ ਸਭੇ ਪੀੜਾਂ ਨੇ ਮੰਦੀਆਂ,
ਪਰ ਬੁਰੀ ਭਾਈਆਂ ਦੀ ਪੀੜ।
ਪੁੱਤਰ ਮੋਏ ਨਾ ਭੁੱਲਦੇ ਆਲਮਾ,
ਭਾਵੇਂ ਹੋ ਕੇ ਮਰਨ ਫ਼ਕੀਰ।
ਖਾਧਿਆਂ ਤਾਮ ਨਾ ਰੱਜਦਾ,
ਠੱਲ੍ਹਿਆਂ ਨੀ ਰਹਿੰਦਾ ਨੀਰ।
ਕਾਹਨੂੰ ਭੈਣਾਂ ਨੇ ਜਿਉਂਦੀਆਂ,
ਵਿਛੜ ਜਾਣ ਜਿਨ੍ਹਾਂ ਦੇ ਵੀਰ। (ਮਿਰਜ਼ਾ)
"ਮਾਂ ਦੁੱਲੇ ਦੀ ਵਰਜਦੀ,
ਉਹਨੂੰ ਮੱਤਾਂ ਦੇ ਸਮਝਾ।
ਤੈਨੂੰ ਸ਼ੇਰਨੀ ਅੱਗੇ ਮੈਂ ਸੁਟਿਆ,
ਤੈਨੂੰ ਰੱਖਿਐ ਆਪ ਖੁਦਾ। (ਦੁੱਲਾ)

ਆਲਮ ਬੜੇ ਫ਼ਖ਼ਰ ਨਾਲ ਆਪਣੇ ਆਪ ਨੂੰ 'ਲੁਹਾਰ' ਅਖਵਾਉਂਦਾ ਸੀ। ਆਪਣੀਆਂ ਰਚਨਾਵਾਂ ਦੇ ਪ੍ਰਸੰਗ ਤਾਂ ਉਹ ਸ਼ੁਰੂ ਹੀ 'ਮਸ਼ਕੀਨ ਲੁਹਾਰ ਆਛਗੋਛੀ ਆਂਹਦੈ ਜੀ' ਤੋਂ ਕਰਦਾ ਹੈ। ਰਚਨਾਵਾਂ ਦੇ ਵਿਚ ਵਿਚ ਵੀ ਵਾਰ ਵਾਰ ਉਹ ਇਸ ਸ਼ਬਦ ਦੀ ਵਰਤੋਂ ਕਰਦਾ ਹੈ। ਕਿਤੇ ਕਿਤੇ ਤਾਂ ਉਸ ਨੇ ਲੁਹਾਰੇ ਕੰਮ ਦੀ ਵੀ ਸਰਾਹੁਣਾ ਕੀਤੀ ਹੈ। ਜੁਗਨੀ ਦੇ ਇਕ ਬੰਦ ਵਿਚ ਕਹਿੰਦਾ ਹੈ।

ਇਹ ਜਵਾਨੀ ਚਾਰ ਦਿਹਾੜੇ,
ਖੁਸ਼ੀਆਂ ਨਾਲ ਹੰਢਾਈਏ।
ਜ਼ਿੰਦਗੀ ਦਾ ਕੋਈ ਮਾਣ ਨਹੀਂ,
ਭਾਵੇਂ ਭਲਕੇ ਹੀ ਮਰ ਜਾਈਏ।
ਸੱਪਾਂ ਦੇ ਪੁੱਤਰ ਯਾਰ ਨੀ ਬਣਦੇ,
ਚੂਲੀਏ ਦੁੱਧ ਪਿਲਾਈਏ।
ਗਈ ਜਵਾਨੀ ਫੇਰ ਨੀ ਆਉਣੀ,
ਲੱਖ ਖੁਰਾਕਾਂ ਖਾਈਏ।
ਓ ਛੱਡ ਲੁਹਾਰਾ ਗਾਉਣ ਦਾ ਖਹਿੜਾ,
'ਤੇ ਸੰਨ੍ਹੀ ਥੋੜ੍ਹਾ ਵਾਹੀਏ।
ਓ ਸਾਈਂ ਮੇਰਿਆ ਜੁਗਨੀ... ...

1970 ਵਿਚ ਆਪਣੀ ਗਾਇਕੀ ਦੇ ਸਿਰ 'ਤੇ ਆਲਮ ਵਿਦੇਸ਼ਾਂ ਤੱਕ ਪਹੁੰਚਿਆ। ਜਿਥੇ ਉਸ ਨੇ ਪੰਜਾਬੀ ਸਰੋਤਿਆਂ ਦੇ ਨਾਲ ਨਾਲ ਵਿਦੇਸ਼ੀ ਸਰੋਤਿਆਂ ਨੂੰ ਵੀ ਪ੍ਰਭਾਵਿਤ ਕੀਤਾ। ਪੈਸਾ ਅਤੇ ਸ਼ੁਹਰਤ ਦੋਵੇਂ ਕਮਾਏ। ਉਸ ਨੇ ਇੰਗਲੈਂਡ, ਕੈਨੇਡਾ, ਨਾਰਵੇ, ਅਮਰੀਕਾ, ਜਰਮਨੀ ਆਦਿ ਦੇਸਾਂ ਵਿਚ ਆਪਣੀ ਗਾਇਕੀ ਦੀ ਧਾਕ ਜਮਾਈ।

ਗਾਇਕੀ ਸਦਕਾ ਹੀ ਆਲਮ ਦੀ ਪਾਕਿਸਤਾਨੀ ਪੰਜਾਬੀ ਫ਼ਿਲਮਾਂ ਤੱਕ ਪਹੁੰਚ ਹੋਈ। ਉਸ ਨੇ ਬਹੁਤ ਸਾਰੀਆਂ ਫ਼ਿਲਮਾਂ ਵਿਚ ਪਿੱਠਵਰਤੀ ਗਾਇਕ ਵਜੋਂ ਗਾਇਆ ਕੁੱਝ ਫ਼ਿਲਮਾਂ ਵਿਚ ਉਸ ਦੇ ਅਖਾੜੇ ਫ਼ਿਲਮਾਏ ਗਏ। ਬਾਅਦ ਵਿਚ ਉਸ ਨੇ ਕੁਝ ਫ਼ਿਲਮਾਂ ਦਾ ਨਿਰਮਾਣ ਵੀ ਕੀਤਾ।

ਆਲਮ ਦੇ ਗਾਏ ਅਨੇਕਾਂ ਗੀਤਾਂ ਵਿਚੋਂ ਕੁਝ ਇਕ ਦੇ ਮੁੱਖੜੇ ਇਸ ਪ੍ਰਕਾਰ ਹਨ-

"ਗੁਰੂ ਹੁਕਮ ਦਿੱਤਾ ਸੀ ਚੇਲਿਆਂ,
ਲਿਆਓ ਜਲ ਸ਼ਤਾਬ।
ਮੈਂ ਕਰ ਕੇ ਛਿੰਝ ਕਰੂਲੀਆਂ,
ਕਰਾਂ ਸਾਹਿਬ ਨੂੰ ਯਾਦ।
"ਚਿਮਨੀ ਬੇਗ਼ਮ ਚੜ੍ਹ ਪਈ,
ਉਸ ਕਰ ਲਈ ਧਾਅ ਓ ਧਾਅ।
ਉਹਦਾ ਪਹਿਲਾ ਡੇਰਾ ਸ਼ਾਹਦਰੇ,
ਦੂਜਾ ਦੂਲੇ ਦੀ ਬਾਰ ਵਿਚ ਲਾ।
"ਮਾਤਾ ਲੱਧੀ ਪਈ ਬੋਲਦੀ,
ਆਂਹਦੀ ਸੁਣ ਦੁਲਿਆ ਸਰਦਾਰ ਓਏ।
ਬਾਹਮਣ ਦਾ ਪੁੱਤਰ ਨਾ ਛੇੜੀਏ,
ਜਦੋਂ ਉਤਰੇ ਹੋਣ ਸਰਾਧ ਓਏ।
"ਨੀ ਤੂੰ ਦੇਖ ਜੰਡੋਰਾ ਬਾਰ ਦਾ,
ਏਹਦੀ ਕੈਸੀ ਛਾਂ ਬਣੀ।
ਇਹਦੀਆਂ ਕੋਰਾਂ ਨਾਲ ਜ਼ਮੀਨ ਦੇ,
ਜਿੱਥੇ ਪੈਂਦੀ ਨਹੀਂ ਕਣੀ।
ਘੋੜੀ ਕਿਉਂ ਦੁਪਹਿਰੀਂ ਮਾਰੀਏ,
ਕਿਹੜੀ ਸਿਰ ਤੇ 'ਫਾਤ ਬਣੀ।
ਤੈਨੂੰ ਲੈ ਚੱਲਾਂ ਦਿਨ ਡੀਗੜੇ,
ਤੂੰ ਦਾਨਾਬਾਦ ਵੜੀਂ।
"ਲਿਖ ਕੇ ਸੰਮੀ ਉਠ ਖਲੋਤੀ,
ਬੰਦ ਕਰ ਮੋਹਰ ਲਗਾਈ।
ਚਿੱਠੀ ਦਰਦ ਫਿਰਾਕਾਂ ਵਾਲੀ,
ਹੀਰੇ ਦੇ ਗਲ ਪਾਈ।
"ਚੜ੍ਹਦੇ ਚੇਤਰ ਚੇਤਾ ਮੇਰਾ
ਭੁੱਲ ਗਿਆ ਦਿਲਬਰ ਨੂੰ
ਨਾ ਆਇਓਂ ਨਾ ਕੋਲ ਬੁਲਾਵੇਂ,
ਬੈਠਾ ਮੱਲ ਕਬਰ ਨੂੰ।
ਤੀਲੀ ਲਾ ਕੇ ਫੂਕ ਦਿਆਂ ਜੇ,
ਸੋਹਣੇ ਬਾਝੋਂ ਘਰ ਨੂੰ।
ਮਿਲਣ ਪਿਆਰੇ ਪੀਰਾਂ ਦਿੱਤਿਆ,
ਪੈ ਜੇ ਠੰਢ ਜਿਗਰ ਨੂੰ।

ਆਲਮ ਜਿੱਧਰ ਨੂੰ ਵੀ ਵਗਿਆ ਹੈ, ਦਰਿਆ ਬਣ ਕੇ ਵਗਿਆ ਹੈ। ਭਾਵੇਂ ਲੋਕ ਗਾਥਾਵਾਂ ਦੀ ਗੱਲ ਹੋਵੇ ਭਾਵੇਂ ਲੋਕ ਗੀਤਾਂ ਜਾਂ ਉਸ ਦੇ ਆਪਣੇ ਲਿਖੇ ਗੀਤਾਂ ਦੀ ਜਾਂ ਫੇਰ ਦੋਗਾਣਿਆਂ ਦੀ। ਉਸ ਨੇ ਆਪਣੀ ਵਿਲੱਖਣ ਆਵਾਜ਼ ਅਤੇ ਵਿਸ਼ੇਸ਼ ਅੰਦਾਜ਼ ਰਾਹੀਂ ਅਨੇਕਾਂ ਰਚਨਾਵਾਂ ਨੂੰ ਅਮਰ ਬਣਾ ਦਿੱਤਾ ਹੈ।

ਆਪਣੇ ਸੰਗੀਤ ਸਫ਼ਰ ਦੇ ਨਾਲ ਨਾਲ ਆਲਮ ਨੇ ਆਪਣੇ ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਉਸ ਨੇ ਚਾਰ ਵਿਆਹ ਕਰਵਾਏ। ਚਾਰ ਪਤਨੀਆਂ ਤੋਂ ਉਸ ਦੇ ਘਰ ਅੱਠ ਪੁੱਤਰਾਂ ਅਤੇ ਪੰਜ ਧੀਆਂ ਨੇ ਜਨਮ ਲਿਆ। ਪੁੱਤਰਾਂ ਵਿਚੋਂ ਮੁਹੰਮਦ ਆਰਿਫ਼ ਲੁਹਾਰ ਨੇ ਆਪਣੇ ਪਿਤਾ ਦੀਆਂ ਪੈੜਾਂ 'ਤੇ ਚੱਲ ਕੇ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ। ਲਹਿੰਦੇ ਪੰਜਾਬ ਵਿਚ ਅੱਜ ਆਰਿਫ਼ ਲੁਹਾਰ ਦਾ ਨਾਂਅ ਧਰੂ ਤਾਰੇ ਵਾਂਗ ਚਮਕਦਾ ਹੈ। ਦੁਨੀਆ ਭਰ ਵਿਚ ਪੰਜਾਬੀ ਗਾਇਕੀ ਦੇ ਝੰਡੇ ਗੱਡਣ ਵਾਲੇ ਇਸ ਫੱਕਰ ਗਾਇਕ ਦੀ ਜੀ.ਟੀ. ਰੋਡ 'ਤੇ ਪਿੰਡ ਸ਼ਾਮ ਕੀ ਭੱਟੀਆਂ ਵਿਖੇ ਅਚਾਨਕ ਇਕ ਕਾਰ ਹਾਦਸੇ ਵਿਚ 3 ਜੁਲਾਈ 1979 ਨੂੰ ਮੌਤ ਹੋ ਗਈ। ਉਸ ਨੂੰ ਲਾਲਾਮੂਸਾ ਦੇ ਕਬਰਸਤਾਨ ਵਿਚ ਦਫ਼ਨਾਇਆ ਗਿਆ, ਜਿਥੇ ਉਸ ਦਾ ਮਕਬਰਾ ਬਣਿਆ ਹੋਇਆ ਹੈ। ਤਤਕਾਲੀ ਰਾਸ਼ਟਰਪਤੀ ਜਰਨਲ ਜ਼ਿਆਉਲਹੱਕ ਨੇ 1979 ਵਿਚ ਮੌਤ ਤੋਂ ਬਾਅਦ ਉਸ ਨੂੰ ਕਲਾ ਤੇ ਥੀਏਟਰ ਦੇ ਖੇਤਰ ਵਿਚ ਪਾਕਿਸਤਾਨ ਦਾ ਸਭ ਤੋਂ ਵੱਡਾ ਪੁਰਸਕਾਰ 'ਪਰਾਈਡ ਆਫ਼ ਪਰਫਾਰਮੈਂਸ' ਦੇਣ ਦਾ ਐਲਾਨ ਕੀਤਾ। ਜਿਸਨੂੰ ਉਸ ਦੇ ਪੁੱਤਰ ਮੁਹੰਮਦ ਆਰਿਫ਼ ਲੁਹਾਰ ਨੇ ਪ੍ਰਾਪਤ ਕੀਤਾ।

# ਬੇ-ਟੈਮੀ ਰੋਟੀ ਬਨਾਮ ਲੰਗਰ

ਰਜਿੰਦਰ ਸਿੰਘ ਟਾਂਡਾ
1 (510) 557-6988





ਸੰਨ 1975 ਤੋਂ ਲੈ ਕੇ ਕੋਈ 1982 ਤੱਕ ਮੇਰੇ ਪਿਤਾ ਜੀ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਹਿਮਾਚਲ ਦੇ ਪੈਰਾਂ ਹੇਠ ਵਸਦੇ ਵੱਡੇ ਕਸਬਿਆਂ ਜਿਵੇਂ ਦਸੂਹਾ, ਮੁਕੇਰੀਆਂ ਤਲਵਾੜਾ ਤੋਂ ਦੂਰ ਨੀਮ ਪਹਾੜੀ ਇਲਾਕੇ ਦੇ ਪਿੰਡ ਬੁੱਢਾਬੜ ਵਿਖੇ ਲੰਮਾਂ ਅਰਸਾ ਪਟਵਾਰੀ ਲੱਗੇ ਰਹੇ। ਆਮ ਕਸਬਿਆਂ ਤੋਂ ਦੂਰ ਅਤੇ ਹਿਮਾਚਲ ਦੀ ਹੱਦ ਦੇ ਨੇੜੇ ਹੋਣ ਦੇ ਬਾਵਜੂਦ ਬਹੁਤ ਸਾਰੇ ਪੰਜਾਬ ਦੇ ਅਤੇ ਹਿਮਾਚਲ ਦੇ ਪਿੰਡਾਂ ਲਈ ਇੱਕੋ ਬਾਜ਼ਾਰ ਹੋਣ ਕਰਕੇ ਇਸ ਪਿੰਡ ਦਾ ਬਜ਼ਾਰ ਆਮ ਪਿੰਡਾਂ ਦੇ ਮੁਕਾਬਲੇ ਬਹੁਤ ਵਧੀਆ ਆਬਾਦ ਹੋ ਗਿਆ ਸੀ। ਸਾਰਾ ਪਿੰਡ ਵੱਡੀਆਂ ਜ਼ਮੀਨਾਂ ਦੇ ਮਾਲਕ ਰਾਜਪੂਤਾਂ ਦਾ ਸੀ।

ਜਿਆਦਾਤਰ ਇਹ ਰਾਜਪੂਤ ਲੋਕ ਅਮੀਰ ਹੋਣ ਦੇ ਬਾਵਜੂਦ ਸੁਭਾਅ ਪੱਖੋਂ ਸਾਊ ਸ਼ਰੀਫ ਤੇ ਸਰਕਾਰੀ ਮੁਲਾਜ਼ਮਾਂ ਦੇ ਬੜੇ ਹੀ ਤਾਬਿਆਦਾਰ ਸਨ। ਬਾਜ਼ਾਰ ਦੇ ਵਿਚਕਾਰ ਇੱਕ ਬ੍ਰਹਮ ਸਿੰਘ (ਬ੍ਰਹਮੂ ਮਿਸਤਰੀ) ਨਾਮ ਦੇ ਲੁਹਾਰ ਸਿੱਖ ਦਾ ਕਹੀਆਂ, ਰੰਬੇ, ਦਾਤੀਆਂ ਬਣਾਉਣ ਅਤੇ ਵੈਲਡਿੰਗ ਆਦਿ ਦਾ ਕਾਰਖਾਨਾ ਸੀ। ਉਸ ਲੁਹਾਰ ਦੀ ਕੋਈ ਜ਼ਮੀਨ ਨਾ ਹੋਣ ਕਰਕੇ ਉਹਦਾ ਪਟਵਾਰੀ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਪਰ ਬਾਵਜੂਦ ਇਸਦੇ ਉਹ ਭਾਪਾ ਜੀ ਨਾਲ ਬੜਾ ਪਿਆਰ ਰੱਖਦਾ। ਅਕਸਰ ਬਜ਼ਾਰ ਵਿਚੋਂ ਲੰਘਦਿਆਂ ਭਾਪਾ ਜੀ ਨੂੰ ਚਾਹ-ਪਾਣੀ ਤੋਂ ਬਗੈਰ ਜਾਣ ਨਾ ਦੇਂਦਾ। ਸਾਲ ਵਿੱਚ ਇੱਕ ਵਾਰ ਉਹ ਭਾਪਾ ਜੀ ਨੂੰ ਪੰਜ ਛੇ ਕੁ ਬਹੁਤ ਸੋਹਣੀਆਂ ਦਾਤੀਆਂ (ਇੱਕ ਅੱਧੀ ਪਿੱਤਲ ਦੀ ਕਢਾਈ ਵਾਲੀ) ਤੋਹਫੇ ਵਜੋਂ ਦਿੰਦਾ!

ਪਹਿਲਾਂ ਪਹਿਲ ਭਾਪਾ ਜੀ ਨੂੰ ਆਖਣ ਲੱਗਿਆ ਕਿ ਚੌਧਰੀ ਸਾਹਿਬ ਤੁਹਾਡੇ ਕੋਲ ਅਕਸਰ ਰਾਤ ਬਰਾਤੇ ਕੋਈ ਨਾ ਕੋਈ ਗਿਰਦਾਵਰ ਤਹਿਸੀਲਦਾਰ ਆ ਜਾਂਦੇ ਨੇ। ਤੁਸੀਂ ਬੇਫਿਕਰ ਅੱਧੀ ਰਾਤ ਦਾਸ ਦਾ ਦਰਵਾਜ਼ਾ ਖੜਕਾ ਦੇਣਾ, ਅੱਧੇ ਕੁ ਘੰਟੇ ਵਿਚ ਰੋਟੀ ਜਰੂਰ ਤਿਆਰ ਮਿਲੇਗੀ। ਭਾਪਾ ਜੀ ਦੱਸਦੇ ਹੁੰਦੇ ਨੇ ਕਿ ਸੱਤ ਕੁ ਸਾਲਾਂ ਦੀ ਨੌਕਰੀ ਦੌਰਾਨ ਮੈਨੂੰ ਕੋਈ ਦੋ ਚਾਰ ਵਾਰ ਮਜਬੂਰੀ ਵੱਸ ਉਸਦੇ ਪਰਿਵਾਰ ਨੂੰ ਇਹ ਤਕਲੀਫ਼ ਦੇਣੀ ਵੀ ਪਈ।

ਅਜਿਹੇ ਇਕ ਮੌਕੇ ਭਾਪਾ ਜੀ ਉਹਦਾ ਸ਼ੁਕਰੀਆ ਅਦਾ ਕਰਨ ਗਏ ਕਿ ਰਾਤ ਤੁਹਾਨੂੰ ਬੇਵਕਤੀ ਖੇਚਲ ਦਿੱਤੀ ਜੀ, ਖਿਮਾਂ ਕਰਨਾ! ਓਸ ਵੇਲੇ ਮਿਸਤਰੀ ਵਲੋਂ ਦਿੱਤਾ ਜਵਾਬ ਘੱਟੋ ਘੱਟ ਸਾਡੇ ਪਰਿਵਾਰ ਲਈ ਸਦਾ ਸਦਾ ਲਈ ਚਾਨਣ ਮੁਨਾਰਾ ਬਣ ਗਿਆ !

ਉਸਨੇ ਭਾਪਾ ਜੀ ਨੂੰ ਦੱਸਿਆ-"ਪਟਵਾਰੀ ਜੀ, ਉਹ ਘਰ ਬਦਕਿਸਮਤ ਹੁੰਦੇ ਨੇ ਜਿੱਥੇ ਗਏ ਬੰਦੇ ਨੂੰ ਰੋਟੀ ਵੀ ਨਹੀਂ ਪੁੱਛੀ ਜਾਂਦੀ। ਆਮ ਘਰਾਂ ਵਿੱਚ ਰੋਟੀ-ਟੁੱਕ ਵੇਲੇ ਤਾਂ ਛਕਣ ਲਈ ਕੁੱਝ ਨਾ ਮਿਲ ਹੀ ਜਾਂਦਾ ਹੈ ਪਰ ਉਹ ਘਰ ਕਿਸਮਤ ਵਾਲ਼ੇ ਬਰਕਤ ਵਾਲੇ ਹੁੰਦੇ ਹਨ ਜਿੱਥੇ ਬੇਵਕਤੀ ਆਏ-ਗਏ ਅਤਿਥੀ ਨੂੰ ਭਾਵ 'ਬੇ-ਟੈਮੀ ਰੋਟੀ' ਵੀ ਛਕਾਈ ਜਾਂਦੀ ਹੈ!"

ਮੇਰੇ ਸੁਰਤਿ ਸੰਭਾਲਣ ਤੋਂ ਪਹਿਲਾਂ ਹੀ ਸਾਡੇ ਘਰ ਵਿੱਚ ਇਹ 'ਬੇ-ਟੈਮੀ ਰੋਟੀ' ਦਾ ਅਮਲ ਬਾਕਾਇਦਾ ਸ਼ੁਰੂ ਹੋ ਗਿਆ ਸੀ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਬਦਸਤੂਰ ਜਾਰੀ ਹੈ। ਅਮਰੀਕਾ ਪਹੁੰਚ ਕੇ ਵੀ ਮੈਂ ਯਥਾਸ਼ਕਤਿ ਇਸ 'ਤੇ ਅਮਲ ਕਰਦਾ ਹਾਂ। ਹੁਣ ਵੀ ਸਾਡੇ ਘਰੇ ਦੇਰ ਰਾਤ ਕੋਈ ਸੱਜਣ ਮਿੱਤਰ ਆਵੇ ਤਾਂ ਉਸਨੂੰ ਪ੍ਰਸ਼ਾਦਾ ਛਕਾਉਂਦਿਆਂ ਹਮੇਸ਼ਾ ਮੈਨੂੰ 'ਬੇ-ਟੈਮੀ ਰੋਟੀ' ਦੇ ਸਿਧਾਂਤ ਦੀ ਪਾਲਣਾ ਕਰਦਿਆਂ ਮਾਣ ਮਹਿਸੂਸ ਹੁੰਦਾ ਹੈ!

ਕਦੇ ਕਦੇ ਤਾਂ ਇੰਝ ਲੱਗਦੈ ਕਿ ਹੋ ਸਕਦਾ ਹੈ ਗੁਰੂ ਸਾਹਿਬ ਵਲੋਂ ਚਲਾਏ ਗਏ ਸਦਾਵਰਤ-ਲੰਗਰਾਂ ਦੀ ਵਿਲੱਖਣ ਮਰਿਯਾਦਾ ਦੀ ਸ਼ੁਰੂਆਤ ਦਾ ਅਧਾਰ ਵੀ ਇਹ 'ਬੇ-ਟੈਮੀ ਰੋਟੀ' ਹੀ ਰਹੀ ਹੋਵੇਗੀ ਸ਼ਾਇਦ!!

'ਹਾਲੀ' ਖੁਦਾ ਕਾ ਸ਼ੁਕਰ ਕਰ
ਕੁਰਬਾਨ ਜਾ ਮਹਿਮਾਨ ਪਰ
ਅਪਨਾ ਖਾਨਾ ਖਾ ਰਹਾ
ਤੇਰੇ ਦਸਤਰਖਾਨ ਪਰ!

# ਦੋ ਬੱਚਿਆਂ ਦੀ ਮਾਂ ਨੇ ਆਪਣੇ ਪੂਰੇ ਸਰੀਰ 'ਤੇ ਬਣਵਾ ਲਏ 2 ਕਰੋੜ ਦੇ ਟੈਟੂ

ਲੰਡਨ-ਦੋ ਬੱਚਿਆਂ ਦੀ ਮਾਂ ਕਾਇਲਾ ਨੇ ਆਪਣੇ ਪੂਰੇ ਸਰੀਰ 'ਤੇ ਟੈਟੂ ਬਣਵਾਏ ਹਨ। ਇਸ ਕਰਕੇ ਉਹ ਜਿੱਥੇ ਵੀ ਜਾਂਦੀ ਹੈ ਚਰਚਾ ਦਾ ਕੇਂਦਰ ਬਣ ਜਾਂਦੀ ਹੈ। ਉਸਨੇ ਆਪਣੇ ਇਹ ਤਜਰਬੇ ਸਾਂਝੇ ਕੀਤੇ ਹਨ ਕਿ ਲੋਕ ਉਸਦੀ ਇਸ ਆਦਤ ਅਤੇ ਉਸਦੇ ਸਾਰੇ ਸਰੀਰ 'ਤੇ ਬਣੇ ਟੈਟੂ ਬਾਰੇ ਕੀ ਸੋਚਦੇ ਹਨ ਅਤੇ ਉਨ੍ਹਾਂ ਦੇ ਕੀ ਵਿਚਾਰ ਹਨ।

ਕਾਇਲਾ ਨੇ ਦੱਸਿਆ ਕਿ ਉਸਨੂੰ ਅਤੇ ਉਸਦੇ ਸਾਥੀ ਨੂੰ ਉਸਦੇ ਟੈਟੂ ਪਸੰਦ ਹੈ ਪਰ ਦੂਜੇ ਲੋਕ ਅਕਸਰ ਉਸਨੂੰ ਟ੍ਰੋਲ ਕਰਦੇ ਹਨ। ਕਾਇਲਾ, ਜੋ ਆਪਣੇ ਆਪ ਨੂੰ ਟੈਟੂ ਦੀ ਦੀਵਾਨੀ ਦੱਸਦੀ ਹੈ, ਹੁਣ ਤੱਕ ਆਪਣੇ ਸਰੀਰ 'ਤੇ ਲਗਭਗ 3,30,000 ਡਾਲਰ (ਲਗਭਗ 2.7 ਕਰੋੜ ਰੁਪਏ) ਖਰਚ ਕਰ ਚੁੱਕੀ ਹੈ। ਉਸਦੇ ਸਰੀਰ ਦਾ ਲਗਭਗ 90 ਫੀਸਦੀ ਹਿੱਸਾ ਟੈਟੂਆਂ ਨਾਲ ਢੱਕਿਆ ਹੋਇਆ ਹੈ। ਹਾਲਾਂਕਿ, ਇਸ ਫੈਸਲੇ ਲਈ ਉਸਨੂੰ ਸਖ਼ਤ ਫੈਸਲਿਆਂ ਦਾ ਸਾਹਮਣਾ ਕਰਨਾ ਪਿਆ। ਕੁਝ ਲੋਕ ਉਸਨੂੰ 'ਸਰਕਸ ਦਾ ਅਜੀਬੋ ਗਰੀਬ ਕਿਰਦਾਰ' ਵੀ ਆਖ ਦਿੰਦੇ ਹਨ।

## ਬਚਪਨ ਵਿੱਚ ਸਖ਼ਤ ਪਾਲਣ-ਪੋਸ਼ਣ

ਇਲੀਨੋਇਸ ਵਿੱਚ ਰਹਿਣ ਵਾਲੀ ਕਾਇਲਾ ਨੇ ਹਾਲ ਹੀ ਵਿੱਚ ਇਕ ਯੂਟਿਊਬ ਚੈਨਲ 'ਤੇ ਆਪਣੀ ਕਹਾਣੀ ਦੱਸੀ। ਉਸਨੇ





ਦੱਸਿਆ ਕਿ ਉਸਦਾ ਪਾਲਣ-ਪੋਸ਼ਣ ਇੱਕ ਰੂੜੀਵਾਦੀ ਮੋਰਮਨ ਚਰਚ ਵਿੱਚ ਹੋਇਆ ਸੀ, ਜਿੱਥੇ ਜੀਵਨ ਦੇ ਨਿਯਮ ਬਹੁਤ ਸਖ਼ਤ ਸਨ। ਉਸਨੇ ਕਿਹਾ ਕਿ ਇਹ ਬਹੁਤ ਸਖ਼ਤ ਮਾਹੌਲ ਸੀ, ਮੈਨੂੰ ਕੱਪੜਿਆਂ ਜਾਂ ਲੁੱਕ ਰਾਹੀਂ ਆਪਣੇ ਆਪ ਨੂੰ ਐਕਸਪ੍ਰੈਸ ਦੀ ਇਜਾਜ਼ਤ ਨਹੀਂ ਸੀ।

ਜਿਵੇਂ-ਜਿਵੇਂ ਉਹ ਵੱਡੀ ਹੋਈ, ਉਸਨੇ ਆਪਣੇ ਆਪ ਨੂੰ ਐਕਸਪ੍ਰੈਸ ਕਰਨਾ ਸ਼ੁਰੂ ਕਰ ਦਿੱਤਾ ਅਤੇ ਟੈਟੂ ਬਣਵਾਉਣਾ ਉਸਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਹੁਣ ਉਹ ਹਫ਼ਤੇ ਵਿੱਚ ਦੋ ਵਾਰ ਟੈਟੂ ਬਣਵਾਉਣ ਜਾਂਦੀ ਹੈ।

## ਕਈ ਵਾਰ ਬੁਰੀਆਂ ਲਗਦੀਆਂ ਹਨ ਲੋਕਾਂ ਦੀਆਂ ਗੱਲਾਂ

ਬਹੁਤ ਸਾਰੇ ਲੋਕ ਕਾਇਲਾ ਦੇ ਫੈਸਲੇ ਦੀ ਆਲੋਚਨਾ ਕਰਦੇ ਹਨ। ਇੱਕ ਯੂਜ਼ਰ ਨੇ ਲਿਖਿਆ ਕਿ ਇਹ ਤੁਹਾਡੇ ਬੱਚਿਆਂ ਲਈ ਕਿਹੋ ਜਿਹੀ ਉਦਾਹਰਣ ਹੈ? ਇੱਕ ਹੋਰ ਨੇ ਕਿਹਾ ਕਿ ਮੈਨੂੰ ਉਨ੍ਹਾਂ ਦੇ ਬੱਚਿਆਂ ਲਈ ਬੁਰਾ ਲੱਗਦਾ ਹੈ ਪਰ ਕੁਝ ਲੋਕ ਕਾਇਲਾ ਦਾ ਸਮਰਥਨ ਵੀ ਕਰਦੇ ਹਨ। ਇੱਕ ਵਿਅਕਤੀ ਨੇ ਕਿਹਾ ਕਿ ਟੈਟੂ ਅਤੇ ਵਿੰਨ੍ਹਵਾਉਣ ਵਾਲੇ ਲੋਕ ਬਹੁਤ ਵਧੀਆ ਹੁੰਦੇ ਹਨ। ਜੇ ਮੇਰੇ ਬੱਚੇ ਕਦੇ ਗੁੰਮ ਹੋ ਜਾਂਦੇ ਹਨ ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਹ ਟੈਟੂ ਅਤੇ ਵਿੰਨ੍ਹਣ ਵਾਲੇ ਕਿਸੇ ਵਿਅਕਤੀ ਤੋਂ ਮਦਦ ਮੰਗਣ। ਯੂਟਿਊਬ 'ਤੇ ਇੱਕ ਪ੍ਰਸ਼ੰਸਕ ਨੇ ਲਿਖਿਆ ਕਿ ਉਹ ਟੈਟੂ ਦੇ ਨਾਲ ਅਤੇ ਬਿਨਾਂ ਟੈਟੂ ਦੇ ਵੀ ਖੂਬਸੂਰਤ ਹੈ।

## ਟੈਟੂ ਕਾਰਨ ਸਹਿਣਾ ਪੈਂਦਾ ਹੈ ਭੇਦਭਾਵ

ਕਾਇਲਾ ਨੇ ਕਿਹਾ ਕਿ ਉਸਦੇ ਟੈਟੂਆਂ ਕਾਰਨ ਉਸਨੂੰ ਅਤੇ ਉਸਦੇ ਸਾਥੀ ਵੈਂਪੀਰੋ, ਜੋ ਖੁਦ ਵੀ ਟੈਟੂਆਂ ਨਾਲ ਢੱਕਿਆ ਹੋਇਆ ਹੈ, ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸਨੇ ਕਿਹਾ ਕਿ ਸਾਨੂੰ ਸਿਰਫ਼ ਚਿਹਰੇ ਦੇ ਟੈਟੂ ਕਾਰਨ ਰੈਸਟੋਰੈਂਟ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ। ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ, ਲੋਕ ਮੰਨ ਲੈਂਦੇ ਹਨ ਕਿ ਅਸੀਂ ਮਾੜੇ ਮਾਪੇ ਹਾਂ। ਹਾਲਾਂਕਿ, ਕਾਇਲਾ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਬਾਕੀਆਂ ਲੋਕਾਂ ਵਾਂਗ ਹੀ ਆਮ ਹੈ।

## ਸੋਸ਼ਲ ਮੀਡੀਆ 'ਤੇ ਝੱਲਣੀ ਪੈਂਦੀ ਹੈ ਆਨਲਾਈਨ ਟ੍ਰੋਲਿੰਗ

ਕਾਇਲਾ ਨੂੰ ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਵੀ ਮਿਲਦੀਆਂ ਹਨ। ਉਸਨੇ ਕਿਹਾ ਕਿ ਸਭ ਤੋਂ ਆਮ ਟਿੱਪਣੀ ਇਹ ਹੁੰਦੀ ਹੈ - ਤੁਸੀਂ ਉਦੋਂ ਤੱਕ ਬਹੁਤ ਸੁੰਦਰ ਸੀ ਜਦੋਂ ਤੱਕ ਤੁਸੀਂ ਆਪਣੇ ਆਪ ਨੂੰ ਟੈਟੂ ਨਾਲ ਖਰਾਬ ਨਹੀਂ ਕੀਤਾ। ਉਸਨੇ ਕਿਹਾ ਕਿ ਇਹ ਸਭ ਮੇਰੇ ਲਈ ਨਹੀਂ ਹੈ, ਮੈਨੂੰ ਇਹ ਲੁੱਕ ਪਸੰਦ ਹੈ।

## ਸੁਖਵਿੰਦਰ ਸੁੱਖੀ ਆਵਾਜ਼ ਦੀ ਦੁਨੀਆਂ ਦਾ ਰਾਜਾ/ਅਦਾਕਾਰ



ਆਲ ਇੰਡੀਆ ਰੇਡੀਓ ਜਲੰਧਰ ਤੇ ਦਿਹਾਤੀ ਪ੍ਰੋਗਰਾਮ ਲਈ ਵੱਖਰਾ ਰੂਪ ਤੇ ਐੱਫ ਐੱਮ ਜਲੰਧਰ ਤੇ ਅਨੁੰਸਾਰ ਬਣ ਅਲੱਗ ਅੰਦਾਜ਼ ਸੁਖਵਿੰਦਰ ਸੁੱਖੀ ਹਰਮਨ ਪਿਆਰੇ ਰੇਡੀਓ ਹੋਸਟ ਹਨ। ਉਹਨਾਂ ਨੇ ਕਈ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ ਹੈ। ਸੁਖਵਿੰਦਰ ਸੁੱਖੀ ਜਲੰਧਰ ਦੂਰਦਰਸ਼ਨ ਤੇ ਵੀ ਅਨੇਕਾਂ ਨਾਟਕਾਂ ਵਿੱਚ ਕੰਮ ਕਰ ਚੁੱਕੇ ਹਨ। ਸੁਖਵਿੰਦਰ ਸੁੱਖੀ ਆਪਣੀ ਜੀਵਨ ਸਾਥਣ ਦੇ ਸਹਿਯੋਗ ਨੂੰ ਵੀ ਸਿਹਰਾ ਦਿੰਦੇ ਨੇ ਕਿ ਓਹਨਾਂ ਵਿਚਲੇ ਐਕਟਰ ਨੂੰ ਵਿਕਸਤ ਕਰਨ ਵਿੱਚ ਓਸ ਦਾ ਅਹਿਮ ਯੋਗਦਾਨ ਹੈ। ਮਨਮੋਹਨ ਸਿੰਘ ਨੇ "ਜੀ ਆਇਆਂ ਨੂੰ" ਵਿੱਚ ਸੁੱਖੀ ਕੋਲੋਂ ਸ਼ਾਨਦਾਰ ਪ੍ਰਵਾਸੀ ਬਿਹਾਰੀ ਦਾ ਕਿਰਦਾਰ ਕਰਵਾਇਆ ਸੀ। ਰੇਡੀਓ ਨਾਲ ਲੱਖਾਂ ਲੋਕ ਸੁੱਖੀ ਦੀ ਆਵਾਜ਼ ਦੇ ਦੀਵਾਨੇ ਨੇ ਤੇ ਸੁੱਖੀ ਰੇਡੀਓ ਦੁਨੀਆਂ ਦੇ ਸਟਾਰ ਹਨ।

## ਬੰਨੀ ਸ਼ਰਮਾ ਸੰਗੀਤ ਪ੍ਰੋਜੈਕਟ ਨਿਰਮਾਤਾ, ਚਾਹਤ ਫ਼ਿਲਮ ਦੀ



ਦੂਰਦਰਸ਼ਨ ਜਲੰਧਰ ਦੇ ਨਿੱਜੀ ਪ੍ਰੋਗਰਾਮ ਨਿਰਮਾਤਾ ਬਣ ਬੰਨੀ ਸ਼ਰਮਾ ਨੇ ਬਹੁਤ ਨਾਮ ਕਮਾਇਆ ਹੈ। "ਝਾਂਜਰ" ਤੇ "ਮਾਣ ਪੰਜਾਬ ਦੇ" ਓਹਨਾਂ ਦੇ ਪੱਧਰ ਦੇ ਯਾਦਗਾਰ ਪ੍ਰੋਗਰਾਮ ਰਹੇ ਹਨ। ਬੰਨੀ ਸ਼ਰਮਾ ਦਾ ਸੰਗੀਤ ਖੇਤਰ ਨਾਲ ਅੱਛਾ ਨਾਤਾ ਹੈ ਤੇ ਅੱਜ ਕਲ ਆਰ ਜੇ ਬੀਟਸ ਦੇ ਲਈ ਪ੍ਰੋਜੈਕਟ ਨਿਰਮਾਤਾ ਹਨ ਤੇ ਮਹੀਨੇ ਵਿੱਚ ਪੰਜ ਦੇ ਕਰੀਬ ਸੰਗੀਤ ਟਰੈਕ ਪ੍ਰੋਜੈਕਟ ਓਹ ਲਿਆ ਰਹੇ ਹਨ। ਪਤਨੀ ਰਜਨੀ ਨਾਲ ਵਿਆਹ ਸਾਲ ਗਿਰਾਹ ਤੇ ਪਾਰਟੀ ਵਿੱਚ ਬੰਨੀ ਸ਼ਰਮਾ ਨੇ ਕਿਹਾ ਕਿ ਰਾਮ ਭੋਗ ਪੁਰੀਆ ਜਦ ਵੀ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਵਿੱਚ ਆਉਣਗੇ ਓਹ ਓਸ ਫ਼ਿਲਮ ਲਈ ਆਪਣਾ ਯੋਗਦਾਨ ਦੇਣਗੇ। ਦੀਪਕ ਬਾਲੀ ਨਾਲ ਘਰੇਲੂ ਪ੍ਰੇਮ ਰੱਖਣ ਵਾਲੇ ਬੰਨੀ ਸ਼ਰਮਾ ਨੇ ਕਿਹਾ ਕਿ ਨਿੱਜੀ ਨਿਰਮਾਤਾ ਬਣ ਘਾਟੇ ਵੀ ਪਏ ਪਰ ਇਹ ਸਾਰਾ ਵਪਾਰਕ ਇਸ ਕਿੱਤੇ ਵਿੱਚ ਆਮ ਹੈ। ਆਸ ਹੈ ਬੰਨੀ ਸ਼ਰਮਾ ਜਲਦੀ ਪੰਜਾਬੀ ਫ਼ਿਲਮਾਂ ਦੀ ਦੁਨੀਆਂ ਵਿੱਚ ਆਉਣਗੇ।

# • ਪੰਜਾਬੀ ਫ਼ਿਲਮ ਦਰਪਣ •

## "ਮੁਰਗਾਬੀਆਂ" ਭਗਵੰਤ ਕੰਗ ਦੀਆਂ ਕਰਨ ਮਨੋਰੰਜਨ



ਭਗਵੰਤ ਸਿੰਘ ਕੰਗ ਪੰਜਾਬੀ ਫ਼ਿਲਮਾਂ ਦੇ ਸ਼ਾਨਦਾਰ ਲੇਖਕ ਹਨ। ਅੱਜ ਕਲ ਓਹ ਡਾਇਰੈਕਟਰ ਬਣ ਚੁੱਕੇ ਨੇ ਪੰਜਾਬੀ ਵੈੱਬ ਸੀਰੀਜ਼ ਖੇਤਰ ਵਿੱਚ ਓਹਨਾਂ ਦਾ ਅੱਛਾ ਅਧਾਰ ਹੈ। ਇਸ ਵੇਲੇ ਓਹਨਾਂ ਵੈੱਬ ਸੀਰੀਜ਼ "ਮੁਰਗਾਬੀਆਂ" ਬਣਾਈ ਹੈ ਤੇ ਇਹ ਜਸਵਿੰਦਰ ਪੰਜਾਬੀ ਦੇ ਨਾਵਲ ਤੇ ਹੈ। ਇਹ ਚਲੰਤ ਮੁੱਦੇ ਤੇ ਚਲਦੀ ਮਨੋਰੰਜਨ ਦੇ ਨਾਲ ਸੰਦੇਸ਼ਾ ਵੀ ਦਿੰਦੀ ਹੈ। ਐਂਜਲੀਨਾ ਰਾਜਪੂਤ ਮਾਲਵੇ ਦੀ ਪਰੀ ਤੇ ਧੀਰੇ ਮਾਨ ਦਾ "ਮੁਰਗਾਬੀਆਂ" ਵਿੱਚ ਅੱਛਾ ਕੰਮ ਹੈ। ਭਗਵੰਤ ਕੰਗ ਪਾਲੀਵੁੱਡ ਦੇ ਸ਼ਿਆਮ ਬੈਨੇਗਲ ਹਨ। ਕੰਗ ਆਖਦੇ ਨੇ ਵੱਡੀ ਫ਼ਿਲਮ ਤੇ ਯੋਜਨਾ ਜ਼ਾਰੀ ਹੈ ਤਦ ਤੱਕ ਬੈਠਣ ਨਾਲੋਂ ਵੈੱਬ ਸੀਰੀਜ਼ ਕਰਨੀ ਇੱਕ ਤਾਂ ਸਰਗਰਮ ਰਹਿਣਾ ਹੈ ਤੇ ਦੂਜਾ ਤਜ਼ਰਬਾ ਵਧਦਾ ਹੈ ਤੇ ਬਾਕੀ ਪੰਜਾਬੀ ਵੈੱਬ ਸੀਰੀਜ਼ ਦਾ ਵੀ ਬੋਲ ਬਾਲਾ ਹੋ ਰਿਹਾ ਹੈ ਤੇ "ਮੁਰਗਾਬੀਆਂ" ਕਰ ਕਿ ਓਹ ਸਫਲ ਨਿਰਦੇਸ਼ਕ ਦਾ ਰੁਤਬਾ ਕਾਇਮ ਕਰਦੇ ਨਜ਼ਰ ਆਏ ਹਨ।

## ਜਗਰੂਪ ਕੰਗ ਫ਼ਿਲਮਾਂ ਨਾਲ "ਰਿਸ਼ਤੇ ਨਾਤੇ" ਜੋੜਨਗੇ



ਜਗਰੂਪ ਕੰਗ ਅਲਫਾਂ ਵੰਨ ਅੰਮ੍ਰਿਤਸਰ ਖਾਸ ਤੌਰ ਤੇ ਨਸੀਬ ਰੰਧਾਵਾ ਦੀ ਫ਼ਿਲਮ "ਰਿਸ਼ਤੇ ਨਾਤੇ" ਦੇ ਪ੍ਰੀਮੀਅਰ ਤੇ ਆਏ ਸਨ। ਜਗਰੂਪ ਨੇ ਫ਼ਿਲਮ ਦੇ ਜਵਾਨ ਨਿਰਦੇਸ਼ਕ ਨਸੀਬ ਰੰਧਾਵਾ ਦੀ ਸ਼ਲਾਘਾ ਕੀਤੀ ਜਿਹਨਾਂ ਨੇ ਪ੍ਰਵਾਸ, ਬੱਚੇ ਤੇ ਮਾਪੇ ਦੇ ਰਿਸ਼ਤੇ ਨਾਤੇ ਤੇ ਇਹ ਸ਼ਾਨਦਾਰ ਫ਼ਿਲਮ ਬਣਾਈ ਹੈ। ਜਗਰੂਪ ਕੰਗ ਨੇ ਫ਼ਿਲਮ ਦੀ ਅਭਿਨੇਤਰੀ ਪਰਮਿੰਦਰ ਗਿੱਲ ਨੂੰ ਜੀ ਆਇਆਂ ਨੂੰ ਕਿਹਾ ਤੇ ਲਵ ਗਿੱਲ, ਰਘਵੀਰ ਸੋਹਲ, ਸੁਨੀਤਾ ਧੀਰ ਦੇ ਕੰਮ ਦੀ ਤਰੀਫ ਕੀਤੀ। ਜਿਸ ਪਰਸਨੈਲਿਟੀ ਨਾਲ ਜਗਰੂਪ ਕੰਗ ਆਏ ਲੱਗਿਆ ਕਿ ਜਲਦੀ ਓਹ ਪੰਜਾਬੀ ਫ਼ਿਲਮਾਂ ਨਾਲ ਜੁੜਨਗੇ ਤੇ ਬਬਲੀ ਗਰਲ ਬਬਲੀ ਬਰਾੜ ਦੀ ਵੀ ਵੱਡੇ ਪਰਦੇ ਤੇ ਸ਼ੁਰੂਆਤ ਚੰਗੇ ਤਰੀਕੇ ਨਾਲ ਕਰਵਾਉਣਗੇ।

## ਫ਼ਿਲਮ ਨਾਇਕ ਗੁਰਦੀਪ ਸੰਧੂ ਨੂੰ ਡੀ ਸੀ ਐਵਾਰਡ



ਫ਼ਖ਼ਰ ਆਪਣੀ ਦੋਹਰੀ ਡਿਊਟੀ ਦਾ ਗੁਰਦੀਪ ਸੰਧੂ ਕਰ ਸਕਦੇ ਹਨ। "ਸੀਰੀਅਸ ਕੇਸ" ਮੋਹਬੱਤਾਂ" ਹਾਸੇ ਦਾ ਮੜ੍ਹਾਸਾ" ਫ਼ਿਲਮਜ਼ ਦੇ ਹੀਰੋ ਗੁਰਦੀਪ ਸੰਧੂ ਨੇ "ਅੱਗ ਭੁੱਲ ਕਿ ਪਰਾਲੀ" ਗੀਤ ਸੁਮਨ ਭੱਟੀ ਨਾਲ ਗਾਇਆ ਤਾਂ ਯੂਟਿਊਬ ਤੇ ਵਾਇਰਲ ਹੋ ਗਿਆ। ਇੱਕ ਪਾਸੇ ਨਾਇਬ ਤਹਿਸੀਲਦਾਰ ਬਣ ਵਾਤਾਵਰਨ ਬਚਾਉਣ ਲਈ ਨੇਕ ਡਿਊਟੀ ਦਿੱਤੀ ਦੂਜੇ ਪਾਸੇ ਕਲਾਕਾਰ ਬਣ ਕਲਾਕਾਰੀ ਨਾਲ ਕਿਸਾਨ ਜਾਗ੍ਰਿਤ ਕੀਤੇ। ਸਿੱਟਾ ਹਿਮਾਂਸ਼ੂ ਅੱਗਰਵਾਲ ਡੀ ਸੀ ਜਲੰਧਰ ਨੇ ਓਹਨਾਂ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ। ਵੈਸੇ ਅੱਜ ਕਲ ਇੰਟਰਨੈੱਟ ਤੇ ਓਹਨਾਂ ਦਾ ਸੁਦੇਸ਼ ਕੁਮਾਰੀ ਨਾਲ ਡਿਊਟ "ਥਾਰ ਰੋਕਸ ਮਹਿੰਦਰਾ" ਬਹੁਤ ਵਧੀਆ ਜਾ ਰਿਹਾ ਹੈ। ਸ਼ਵੇਤਾ ਮੀਤ ਤੋਂ ਰੁਪਾਲੀ ਤੱਕ ਅੱਜ ਦੀਆਂ ਚਰਚਿਤ ਐਕਟਰੈੱਸ ਦਾ ਕਹਿਣਾ ਹੈ ਕਿ ਸੱਚਮੁੱਚ ਸੰਧੂ ਆਲ ਰਾਉਂਡਰ ਹਨ।

## ਫ਼ਿਕਰ ਕਰੀਂ ਨਾਂ ਤੂੰ ਬਾਪੂ ਹਿੱਟ ਤੇ ਹਿੱਟ




ਦਾਜ ਤੇ ਵੈੱਬ ਫ਼ਿਲਮ "ਗੋਲਡ ਮੈਡਲ ਦਾ ਦਹੇਜ"ਸੱਤ ਭਾਸ਼ਾਵਾਂ ਵਿੱਚ ਆਏਗੀ। ਇਸ ਵਿੱਚ ਅੱਜ ਦੇ ਟੋਪ ਡਾਇਰੈਕਟਰ ਅਸ਼ੋਕ ਪੁਰੀ ਨੇ ਥੀਮ ਗੀਤ "ਫ਼ਿਕਰ ਕਰੀਂ ਨਾਂ ਤੂੰ ਬਾਪੂ" ਪਾਇਆ ਹੈ ਤੇ ਇਹ ਗੀਤ ਪ੍ਰਕਾਸ਼ ਮਹਿਰਾ ਦੀ ਫ਼ਿਲਮ "ਮੁੱਕਦਰ ਕਾ ਸਿਕੰਦਰ" ਦੀ ਯਾਦ ਦਿਵਾ ਰਿਹਾ ਹੈ। ਇਹ ਗੀਤ ਫ਼ਿਲਮ ਦੀ ਕਹਾਣੀ ਵਿੱਚ ਵਾਰ ਵਾਰ ਆ ਕਿ ਅੱਖਾਂ ਨਮ ਕਰੇਗਾ। "ਗੋਲਡ ਮੈਡਲ ਦਾ ਦਹੇਜ" ਭਾਜਪਾ ਸੰਸਦ ਮੈਂਬਰ ਤੇ ਨੇਤਾ ਅਵਿਨਾਸ਼ ਰਾਏ ਖੰਨਾ ਨੇ ਲਿਖੀ ਤੇ ਕਾਬਿਲ ਸਮਝਿਆ ਅਸ਼ੋਕ ਪੁਰੀ ਨੂੰ ਬਣਾਉਣ ਲਈ ਕਿਹਾ। ਬਾਲੀਵੁੱਡ ਗਾਇਕ ਕੁਮਾਰ ਵਿਨੋਦ ਦੇ ਗਾਏ ਗੀਤ ਨੂੰ ਅੰਜੂ ਵੀ ਰੱਤੀ ਨੇ ਲਿਖਿਆ ਤੇ ਥੀ ਦਾ ਮਿਊਜ਼ਿਕ ਹੈ। ਅਸ਼ੋਕ ਪੁਰੀ ਤੇ ਆਰਤੀ ਸਿੰਘ ਦੀ ਵਿਸ਼ਵ ਪ੍ਰਸਿੱਧ ਬਣ ਇਹੀ ਫਿਲਮੀ ਜੋੜੀ ਦੇ ਨਾਲ ਵਿਨੀਤ ਅਟਵਾਲ ਤੇ ਨੈਂਸੀ ਅਰੋੜਾ ਵੀ ਫ਼ਿਲਮ ਵਿੱਚ ਹਨ ਤੇ ਗੀਤ "ਫ਼ਿਕਰ ਕਰੀਂ ਨਾਂ ਤੂੰ ਬਾਪੂ" ਸਾਲ ਦਾ ਬੇਹਤਰੀਨ ਫਿਲਮੀ ਗਾਣਾ ਬਣਨ ਜਾ ਰਿਹਾ ਹੈ।

-ਅੰਮ੍ਰਿਤ ਪਵਾਰ

## Tail Piece

### INSTEAD OF EXPORTING WE SHOULD CONVERT RAW MATERIALS AT HOME- PM

Our Prime Minister Narendra Modi jee suggested that our countryis full of raw materials and because of science ane technology, allthese items whych are going waste or exported to other countries,must be used in our country. A very good suggtestion and it must beaccepted in letter and spirit.

We know that even the British established themselves with use ofour raw materials. Nature had been very kind to us and we gotmountains, stores, minerals, jungles, earth,food grains, vegitable,fruit, animals or the like and our industrial wing must come forwardand ensure that all these conversions must be carried out at our ownhome.

Unemploymjent is our man problem and if we identify all thesourdes of raw materials, so many industrial units shall beestablished in our country and unemployment problem too shall besolved. The people shall get better quality products for use and evenbalanced diets too. We shall be having no wastage and even wastecould be converted.

We must ensure that our corporate houses too may come forward andeven we can introduce our cooperative wing to come forward likecorporatate houses and ensure that our food grains are converted andstates like Punjab could become biggest kitchen in the world. Since nature has provided us with these raw materials, we mustbe vigilant and must locatye all the items and must ensure that use ofscience and technology, we must try to use and even export ourproducts and not raw materials. Employing units shall enrich ourpeople and the curse of poverty too shall go out by 2047 the datefixed by us for attaining status of a Developed country.

Dalip Singh Wasan, Advpcate.
E mail dalipsinghwassan@yahoo.co.in



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼
ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**

## CHANGE OF NAME

I, INDERJIT S/O OF MR NIRMAL SINGH WHOSE PERMANENT ADDRESS IN INDIA IS GALI NO. 3, BHAGATPURA, PHAGWARA, DISTT: KAPURTHALA, PUNJAB AND NOW LIVING AT 34 SHORT LANE, STANWELL, STAINES, TW19 7BQ, UK HEREBY GIVE NOTICE OF MY INTENTION TO CHANGE MY NAME TO INDERJIT SINGH. (U)

I, MANOVER SINGH S/O OF MR BALVEER SINGH WHOSE PERMANENT ADDRESS IN INDIA IS WARD NO. 25 SHIVBADI BASTI KE SAMNE, SURATGARH, SRI GANGANAGAR, PIN: 335804, RAJASTHAN AND NOW LIVING AT 1 EAST STREET, TEWKESBURY, GL20 5NR, UK HEREBY GIVE NOTICE OF MY INTENTION TO CHANGE MY NAME TO MANOVER (GIVEN NAME) SINGH (SURNAME). (U/I)

## ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸ਼ੁਰੂ ਕੀਤਾ ਅਪਣਾ ਅਕਾਦਮਿਕ ਸਫ਼ਰ

ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਕ ਅਕਾਦਮਿਕ ਸਫ਼ਰ ਸ਼ੁਰੂ ਕਰ ਦਿਤਾ ਹੈ ਕਿਉਂਕਿ ਉਨ੍ਹਾਂ ਨੇ ਬ੍ਰਿਟੇਨ ਦੀ ਆਕਸਫ਼ੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੀ ਸਟੈਨਫ਼ੋਰਡ ਯੂਨੀਵਰਸਿਟੀ ਵਿਚ ਨਵੀਂ ਅਕਾਦਮਿਕ ਭੂਮਿਕਾਵਾਂ ਸੰਭਾਲ ਲਈਆਂ ਹਨ। ਇਹ ਸੰਸਥਾਵਾਂ ਉਨ੍ਹਾਂ ਲਈ ਨਵੀਆਂ ਨਹੀਂ ਹਨ, ਕਿਉਂਕਿ ਦੋਵੇਂ ਉਨ੍ਹਾਂ ਦੇ ਵਿਦਿਅਕ ਪਿਛੋਕੜ ਦਾ ਹਿੱਸਾ ਹਨ। ਆਕਸਫ਼ੋਰਡ ਵਿਖੇ, ਸੁਨਕ ਨੇ ਬਲਾਵਾਤਨਿਕ ਸਕੂਲ ਆਫ਼ ਗਵਰਨਮੈਂਟ ਵਿਚ ਵਰਲਡ ਲੀਡਰਜ਼ ਸਰਕਲ ਦੇ ਮੈਂਬਰ ਅਤੇ ਇਕ ਵਿਸ਼ੇਸ਼ ਫੈਲੋ ਦੇ ਰੂਪ ਵਿਚ ਵਿਸ਼ੇਸ਼ ਦਾਖ਼ਲ ਲਿਆ, ਜਿੱਥੇ ਉਹ ਵਿਸ਼ਵ ਆਰਥਕ ਅਤੇ ਸੁਰੱਖਿਆ ਮੁੱਦਿਆਂ ਦਾ ਸਾਹਮਣਾ ਕਰਨ ਵਾਲੀਆਂ ਪਹਿਲਕਦਮੀਆਂ ਵਿਚ ਸ਼ਾਮਲ ਹੋਏ। ਇਸੇ ਤਰ੍ਹਾਂ ਸਟੈਨਫ਼ੋਰਡ ਯੂਨੀਵਰਸਿਟੀ ਦੇ ਹੂਵਰ ਇੰਸਟੀਚਿਊਟ ਨੇ ਸੁਨਕ ਦਾ ਵਿਲੀਅਮ ਸੀ ਐਡਵਰਡਜ਼ ਡਿਸਟਿੰਗੁਇਸ਼ਡ ਵਿਜ਼ਿਟਿੰਗ ਫੈਲੋ ਵਜੋਂ ਸਵਾਗਤ ਕੀਤਾ ਹੈ। ਅਪਣੀ ਫੈਲੋਸ਼ਿਪ ਦੌਰਾਨ, ਉਹ ਟਰਾਂਸ-ਐਟਲਾਂਟਿਕ ਸਬੰਧਾਂ, ਆਰਥਕ ਨੀਤੀਆਂ ਅਤੇ ਤਕਨੀਕੀ ਤਰੱਕੀ ਤੇ ਗੱਲ ਕਰਨਗੇ। ਸੁਨਕ ਨੇ ਇਨ੍ਹਾਂ ਵਿਸ਼ਵ ਪਧਰੀ ਅਕਾਦਮਿਕ ਕੇਂਦਰਾਂ ਵਿਚ ਅਗਾਂਹਵਧੂ ਖੋਜ ਵਿਚ ਯੋਗਦਾਨ ਪਾਉਣ ਲਈ ਇਕ ਮਜ਼ਬੂਤ ਵਚਨਬੱਧਤਾ ਪ੍ਰਗਟਾਈ ਹੈ।

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**

# ਪ੍ਰਵਾਸੀ ਪੰਜਾਬੀਆਂ ਨੇ ਗਲਾਸਗੋ 'ਚ ਲਾਈਆਂ ਲੋਹੜੀ ਦੀਆਂ ਰੌਣਕਾਂ





ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਗਲਾਸਗੋ ਦੇ ਫਿਰੰਗੀ ਰੈਸਟੋਰੈਂਟ ਵਿੱਚ ਲੋਹੜੀ ਦਾ ਤਿਉਹ-ਾਰ ਮਨਾਇਆ ਗਿਆ। ਇਸ ਵਿੱਚ ਗਲਾਸਗੋ ਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਭਾ ਦੇ ਜਨਰਲ ਸਕੱਤਰ ਦਲਜੀਤ ਸਿੰਘ ਨੇ ਆਏ ਲੋਕਾਂ ਦਾ ਸਵਾਗਤ ਕੀਤਾ ਅਤੇ ਲੋਹੜੀ ਦੇ ਤਿਓਹਾਰ ਬਾਰੇ ਇਤਿਹਾਸਕ ਜਾਣਕਾਰੀ ਸਾਂਝੀ ਕੀਤੀ। ਸਭਾ ਵਲੋਂ ਮੂੰਗਫਲੀ ਤੇ ਰਿਓੜੀਆਂ ਵੀ ਵੰਡੀਆਂ ਗਈਆਂ। ਗਲਾਸਗੋ ਦੀ ਕਲਾਕਾਰ ਰੋਮੀ ਵਲੋਂ ਗਾਏ 'ਸੰਦਰ ਮੁੰਦਰੀਏ' ਗੀਤ ਦਾ ਦਰਸ਼ਕਾਂ ਨੇ ਖ਼ੂਬ ਹੁੰਗਾਰਾ ਭਰਿਆ। ਇਸ ਤੋਂ ਬਾਅਦ ਸੁੱਖੀ ਦੁਸਾਂਝ, ਜਸਵਿੰਦਰ ਕੁਮਾਰ, ਸੰਤੋਖ ਸਿੰਘ ਸੋਹਲ ਅਤੇ ਲਸ਼ਕਰ ਸਿੰਘ ਨੇ ਆਪਣੇ ਗੀਤਾਂ ਨਾਲ ਖ਼ੂਬ ਰੰਗ ਬੰਨ੍ਹਿਆ । ਦਲਜੀਤ ਸਿੰਘ ਦਿਲਬਰ ਨੇ ਉੱਚੀ ਸੁਰ ਵਿੱਚ ਹੀਰ ਗਾ ਕੇ ਪੁਰਾਣਾ ਸਮਾਂ ਯਾਦ ਕਰਵਾ ਦਿੱਤਾ । ਅੰਮ੍ਰਿਤਾ ਕੌਰ ਕਵਿਤਾ ਰਾਹੀਂ ਹਾਜ਼ਰੀ ਲਗਵਾਈ। ਰਜਨੀ ਨੇ ਲੋਕ ਗੀਤ 'ਤੇਰੀਆਂ ਮੁਹੱਬਤਾਂ' ਗਾਇਆ। ਪੰਜਾਬੀ ਸਕੂਲ ਦੇ ਵਿਦਿਆਰਥੀ ਦੇਵੱਕ ਸਿੰਘ ਤੇ ਦਰਸ਼ੀਨ ਨੇ ਭੰਗੜਾ ਪਾਇਆ। ਪਰੋਗਰਾਮ ਦੇ ਅੰਤ ਵਿੱਚ ਮਹਿਕ ਪੰਜਾਬ ਦੀ ਗਿੱਧਾ ਟੀਮ ਅਤੇ ਬਾਕੀ ਔਰਤਾਂ ਵਲੋਂ ਗਿੱਧਾ ਵੀ ਪਾਇਆ ਗਿਆ। ਇਸ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਮੈਂਬਰ ਦਿਲਬ-ਾਗ ਸਿੰਘ ਸੰਧੂ, ਤਰਲੋਚਨ ਮੁਠੱਡਾ, ਡਾ ਇੰਦਰਜੀਤ ਸਿੰਘ, ਕਮਲਜੀਤ ਮਿਨਹਾਸ, ਅਮਨਦੀਪ ਅਮਨ, ਸੁਖਦੇਵ ਰਾਹੀ, ਅਮਰ ਮੀਨੀਆਂ, ਜਗਦੀਸ਼ ਸਿੰਘ, ਗੁਰਦੇਵ ਸਿੰਘ, ਚਰਨਜੀਤ ਕੌਰ, ਇਕਬਾਲ ਕਲੇਰ, ਸਰਬਜੀਤ ਮਿਨਹਾਸ, ਜਸਵਿੰਦਰ ਜੱਸਾ, ਗਰਮੀਤ ਸਿੰਘ ਹਿੰਮਤਪੁਰਾ, ਪ੍ਰਿੰਸ ਸਹਿਗਲ, ਸਰਦਾਰਾ ਸਿੰਘ ਜੰਡੂ, ਹਰਮਨ ਸਿੰਘ, ਹਰਜਿੰਦਰ ਕੌਰ, ਬਲਵੰਤ ਕਲੇਰ ਆਦਿ ਵੀ ਪਰੋਗਰਾਮ ਵਿੱਚ ਸ਼ਾਮਲ ਹੋਏ। ਅੰਤ ਵਿੱਚ ਸਭਾ ਦੇ ਪ੍ਰਧਾਨ ਦਿਲਾਵਰ ਸਿੰਘ ਨੇ ਲੋਹੜੀ ਦੀਆਂ ਰੌਣਕਾਂ ਵਿੱਚ ਸ਼ਾਮਿਲ ਹੋਣ ਲਈ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਦਰਸ਼ਕਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ । ਸਟੇਜ ਦੇ ਫਰਜ਼ ਕਮਲਜੀਤ ਕੌਰ ਮਿਨਹਾਸ ਅਤੇ ਦੁਪਿੰਦਰ ਕੌਰ ਨੇ ਵਾਖ਼ੂਬੀ ਨਿਭਾਏ।

# ਪੰਜਾਬੀ ਮੂਲ ਦੀ ਸਾਂਸਦ ਰੂਬੀ ਢੱਲਾ ਨੇ ਕੈਨੇਡਾ ਦੀ PM ਬਣਨ ਦੀ ਕੀਤੀ ਦਾਅਵੇਦਾਰੀ

ਕੈਨੇਡਾ: ਕੈਨੇਡਾ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੇ ਰਾਜਨੀਤਿਕ ਸੰਕਟ ਤੋਂ ਬਾਅਦ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਦੇਸ਼ ਵਿੱਚ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਭਾਰਤੀ ਮੂਲ ਦੇ ਚੰਦਰ ਆਰੀਆ ਤੋਂ ਬਾਅਦ ਹੁਣ ਇੱਕ ਹੋਰ ਭਾਰਤੀ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋ ਗਿਆ ਹੈ। ਸਾਬਕਾ ਇੰਡੋ-ਕੈਨੇਡੀਅਨ ਸੰਸਦ ਮੈਂਬਰ ਰੂਬੀ ਢੱਲਾ ਨੇ ਐਲਾਨ ਕੀਤਾ ਹੈ ਕਿ ਉਹ ਸੱਤਾਧਾਰੀ ਲਿਬਰਲ ਪਾਰਟੀ ਦੀ ਅਗਵਾਈ ਸੰਭਾਲਣ ਲਈ ਚੋਣ ਲੜੇਗੀ। ਬੁੱਧਵਾਰ ਨੂੰ ਆਪਣੀ ਉਮੀਦਵਾਰੀ ਦਾ ਐਲਾਨ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਆਖਰੀ ਪਲਾਂ ਵਿੱਚ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਭਾਰਤੀ ਮੂਲ ਦੀ ਪਹਿਲੀ ਮਹਿਲਾ ਐਮੀਪੀ- ਰੂਬੀ ਢੱਲਾ ਨੂੰ ਪੰਜਾਬੀ ਮੂਲ ਦੀ ਨੀਨਾ ਗਰੇਵਾਲ ਸਮੇਤ ਭਾਰਤੀ ਮੂਲ ਦੀ ਪਹਿਲੀ ਸਿੱਖ ਮਹਿਲਾ ਐਮਪੀ ਹੋਣ ਦਾ ਮਾਣ ਹਾਸਿਲ ਹੈ . ਰੂਬੀ ਢੱਲਾ ਅਤੇ ਨੀਨਾ ਗਰੇਵਾਲ ਦੋਵੇਂ 2004 ਵਿੱਚ ਐਮਪੀ ਬਣੇ ।ਰੂਬੀ ਲਿਬਰਲ ਪਾਰਟੀ ਦੀ ਟਿਕਟ ਤੋਂ ਬਰੈਂਪਟਨ - ਸਪਰਿੰਗਡੇਲ ਰਾਈਡਿੰਗ ਤੋਂ ਕੰਜ਼ਰਵੇਟਿਵ ਉਮੀਦਵਾਰ ਸੈਮ ਹੁੰਦਲ ਨੂੰ ਹਰਾ ਐਮਪੀ ਬਣੇ । ਕੰਜ਼ਰਵੇਟਿਵ ਐਮਪੀ, ਨੀਨਾ ਗਰੇਵਾਲ ਨੇ ਬ੍ਰਿਟਿਸ਼ ਕੋਲੰਬੀਆ ਤੋਂ ਚੋਣ ਜਿੱਤੀ ਸੀ ।ਸਪਰਿੰਗਡੇਲ ਰਾਈਡਿੰਗ ਦੀ ਨੁਮਾਇੰਦਗੀ ਕੀਤੀ । 2011 ਦੀਆਂ ਚੋਣਾਂ ਦੌਰਾਨ ਰੂਬੀ, ਕੰਜ਼ਰਵੇਟਿਵ ਉਮੀਦਵਾਰ ਪਰਮ ਗਿੱਲ ਤੋਂ ਹਾਰ ਗਏ ਸਨ । 2014 ਦੌਰਾਨ ਰੂਬੀ ਨੇ ਸਿਆਸਤ ਤੋਂ ਕਿਨਾਰਾ ਕਰਨ ਦਾ ਐਲਾਨ ਕੀਤਾ ਸੀ ।ਮੈਨੀਟੋਬਾ ਦੇ ਵਿਨੀਪੈਗ 'ਚ ਜੰਮੀ ਢੱਲਾ ਨੇ 10 ਸਾਲ ਦੀ ਉੱਮਰ ਵਿੱਚ 1984 ਦੌਰਾਨ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੀਆਂ ਖ਼ਬਰਾਂ ਦੇਖ ਉਸ ਸਮੇਂ ਦੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਚਿੱਠੀ ਲਿਖੀ ਸੀ , ਜਿਸਦੇ ਜਵਾਬ ਵਿੱਚ ਗਾਂਧੀ ਨੇ ਢੱਲਾ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ । ਢੱਲਾ ਮੁਤਾਬਿਕ ਇਥੋਂ ਉਸਦੀ ਸਿਆਸਤ ਵਿੱਚ ਦਿਲਚਸਪੀ ਸ਼ੁਰੂ ਹੋਈ ।12 ਸਾਲ ਦੀ ਉਮਰ ਵਿੱਚ ਰੂਬੀ ਨੇ ਵਿਨੀਪੈਗ ਤੋਂ ਲਿਬਰਲ ਐਮਪੀ ਡੇਵਿਡ ਵਾਕਰ ਦੀ ਚੋਣ ਮੁਹਿੰਮ ਵਿੱਚ ਵਲੰਟੀਅਰ ਵੀ ਕੀਤਾ ਸੀ ।

# ਸਿਹਤ ਤੇ ਸੁੰਦਰਤਾ



## ਲੜਕੀਆਂ ਵਿਚ ਵਧਿਆ ਆਨੀਮਿਆ ਦਾ ਖ਼ਤਰਾ



ਅਨੀਮੀਆ ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਸਰੀਰ ਵਿੱਚ ਲਾਲ ਰਕਤਾਣੂਆਂ ਦੀ ਗਿਣਤੀ ਘੱਟ ਜਾਂਦੀ ਹੈ ਜਾਂ ਲਾਲ ਰਕਤਾਣੂਆਂ ਵਿੱਚ ਹੀਮੋਗਲੋਬਿਨ ਦੀ ਮਾਤਰਾ ਘੱਟ ਜਾਂਦੀ ਹੈ। ਹੀਮੋਗਲੋਬਿਨ ਲਾਲ ਰਕਤਾਣੂਆਂ ਵਿੱਚ ਪਾਇਆ ਜਾਣ ਵਾਲਾ ਇੱਕ ਪ੍ਰੋਟੀਨ ਹੈ ਤੇ ਜੋ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਕਸੀਜਨ ਪਹੁੰਚਾਉਣ ਵਿੱਚ ਮਦਦ ਕਰਦਾ ਹੈ।

ਪੀਅਰ-ਸਮੀਖਿਆ ਯੂਰੋਪੀਅਨ ਜਰਨਲ ਆਫ਼ ਕਲੀਨਿਕਲ ਨਿਊਟ੍ਰੀਸ਼ਨ ਵਿੱਚ ਪ੍ਰਕਾਸ਼ਿਤ ਸਰਵੇਖਣ-ਅਧਾਰਿਤ ਅਧਿਐਨ ਅਨੁਸਾਰ, ਅੱਲੜ ਉਮਰ, ਬਾਲਗਾਂ ਤੇ ਬਜ਼ੁਰਗਾਂ ਤੋਂ ਲਏ ਗਏ ਖ਼ੂਨ ਨਮੂਨਿਆਂ ਵਿੱਚ ਮਰਦਾਂ ਮੁਕਾਬਲੇ ਔਰਤਾਂ ਵਿੱਚ ਅਨੀਮੀਆ ਦੀ ਜ਼ਿਆਦਾ ਮਾਤਰਾ ਪਾਈ ਗਈ। ਵਿਗਿਆਨੀਆਂ ਤੇ ਡਾਕਟਰਾਂ ਨੇ ਅੱਠ ਰਾਜਾਂ ਵਿੱਚ ਲਗਪਗ 4,500 ਲੋਕਾਂ ਦੀ ਹੀਮੋਗਲੋਬਿਨ ਗਾੜ੍ਹਾਪਣ ਨੂੰ ਮਾਪਿਆ। ਭਾਗੀਦਾਰਾਂ ਵਿੱਚੋਂ 34.9 ਫੀਸਦੀ ਅਨੀਮੀਆ ਤੋਂ ਪੀੜਤ ਸਨ। ਜੋ ਅੰਕੜੇ ਸਾਹਮਣੇ ਆਏ ਉਹ ਹੈਰਾਨੀਜਨਕ ਸਨ। ਅਨੀਮੀਆ ਦਾ ਪ੍ਰਸਾਰ ਅੱਲੜ ਲੜਕੀਆਂ ਵਿੱਚ 44%, ਬਾਲਗਾਂ ਵਿੱਚ 41% ਤੇ ਬਜ਼ੁਰਗ ਔਰਤਾਂ ਵਿੱਚ 45% ਸੀ।

ਜ਼ਿਕਰਯੋਗ ਹੈ ਕਿ ਅਨੀਮੀਆ ਦਾ ਸਮੁੱਚਾ ਪ੍ਰਸਾਰ ਵਿਆਪਕ ਤੌਰ 'ਤੇ ਵੱਖ-ਵੱਖ ਹੈ, ਮੇਘਾਲਿਆ ਵਿੱਚ 12 ਫੀਸਦੀ ਤੋਂ ਲੈ ਕੇ ਅਸਾਮ ਵਿੱਚ 70 ਫੀਸਦੀ ਤੱਕ ਸੀ। ਆਇਰਨ ਦੀ ਘਾਟ ਵਾਲੇ ਅਨੀਮੀਆ ਦਾ ਪ੍ਰਚਲਨ ਅਨੀਮੀਆ ਦੇ ਕੁੱਲ ਕੇਸ ਇੱਕ ਤਿਹਾਈ ਤੋਂ ਘੱਟ ਸੀ ਤੇ ਉਮਰ ਤੇ ਲਿੰਗ ਸਮੂਹਾਂ ਵਿਚਕਾਰ ਵੱਖੋ-ਵੱਖਰਾ ਸੀ ਸਿਰਫ਼ ਅੱਲੜ ਲੜਕੀਆਂ ਵਿੱਚ 45 ਫੀਸਦੀ ਤੱਕ ਪਹੁੰਚ ਗਿਆ।

ਅਨੀਮੀਆ ਦੇ ਕਾਰਨ-ਵਿਟਾਮਿਨ ਬੀ12 ਦੀ ਕਮੀ : ਲਾਲ ਖ਼ੂਨ ਦੇ ਸੈੱਲਾਂ ਦੇ ਨਿਰਮਾਣ ਲਈ ਵਿਟਾਮਿਨ ਬੀ12 ਜ਼ਰੂਰੀ ਹੈ। ਵਿਟਾਮਿਨ ਬੀ 12 ਦੀ ਕਮੀ ਅਨੀਮੀਆ ਦਾ ਕਾਰਨ ਬਣ ਸਕਦੀ ਹੈ।

ਫੋਲਿਕ ਐਸਿਡ ਦੀ ਕਮੀ-ਲਾਲ ਰਕਤਾਣੂਆਂ ਦੇ ਗਠਨ ਲਈ ਫੋਲਿਕ ਐਸਿਡ ਜ਼ਰੂਰੀ ਹੈ। ਫੋਲਿਕ ਐਸਿਡ ਦੀ ਕਮੀ ਅਨੀਮੀਆ ਦਾ ਕਾਰਨ ਬਣ ਸਕਦੀ ਹੈ।

ਪੁਰਾਣੀ ਬਿਮਾਰੀ-ਗੁਰਦੇ ਦੀ ਬਿਮਾਰੀ, ਸ਼ੂਗਰ ਤੇ ਗਠੀਏ ਵਰਗੀਆਂ ਪੁਰਾਣੀਆਂ ਬਿਮਾਰੀਆਂ ਅਨੀਮੀਆ ਦਾ ਕਾਰਨ ਬਣ ਸਕਦੀਆਂ ਹਨ।

ਅਨੀਮੀਆ ਦੇ ਲੱਛਣ-ਥਕਾਵਟ ਤੇ ਕਮਜ਼ੋਰੀ ਹੋ ਸਕਦੀ ਹੈ। ਚਮੜੀ ਤੇ ਅੱਖਾਂ ਹੇਠਾਂ ਖੇਤਰ ਵਿੱਚ ਪੀਲਾਪਨ ਹੋ ਸਕਦਾ ਹੈ। ਅਨੀਮੀਆ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦਾ ਹੈ। ਦਿਲ ਦੀ ਧੜਕਣ ਵਧ ਸਕਦੀ ਹੈ। ਅਨੀਮੀਆ ਸਿਰਦਰਦ ਦਾ ਕਾਰਨ ਬਣ ਸਕਦਾ ਹੈ।

ਅਨੀਮੀਆ ਦਾ ਇਲਾਜ-ਵਿਟਾਮਿਨ ਬੀ 12 ਦੀ ਸਪਲੀਮੈਂਟਸ ਲੈਣ ਨਾਲ ਅਨੀਮੀਆ ਦਾ ਇਲਾਜ ਕੀਤਾ ਜਾ ਸਕਦਾ ਹੈ। ਫੋਲਿਕ ਐਸਿਡ ਦੀ ਸਪਲੀਮੈਂਟਸ ਲੈਣ ਨਾਲ ਅਨੀਮੀਆ ਦਾ ਇਲਾਜ ਕੀਤਾ ਜਾ ਸਕਦਾ ਹੈ। ਖ਼ੂਨ ਵਹਿਣ ਦਾ ਇਲਾਜ ਕਰਕੇ ਅਨੀਮੀਆ ਦਾ ਇਲਾਜ ਕੀਤਾ ਜਾ ਸਕਦਾ ਹੈ।

## ਰਾਤ ਸਮੇਂ ਨਾ ਖਾਉ ਕੱਚੇ ਪਿਆਜ਼, ਪਾਚਨ ਪ੍ਰਣਾਲੀ ਨੂੰ ਕਰਦਾ ਨੁਕਸਾਨ




ਕੱਚਾ ਪਿਆਜ਼ ਸਲਾਦ ਵਿਚ ਇਕ ਆਮ ਚੀਜ਼ ਹੈ ਪਰ ਰਾਤ ਨੂੰ ਇਸ ਨੂੰ ਖਾਣ ਨਾਲ ਕੁਝ ਮਾੜੇ ਪ੍ਰਭਾਵ ਹੋ ਸਕਦੇ ਹਨ। ਕਈ ਲੋਕ ਰਾਤ ਨੂੰ ਸਲਾਦ 'ਚ ਕੱਚਾ ਪਿਆਜ਼ ਬੜੇ ਸ਼ੌਕ ਨਾਲ ਖਾਂਦੇ ਹਨ। ਪਰ ਅਕਸਰ ਲੋਕਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਕੱਚਾ ਪਿਆਜ਼ ਖਾਣ ਨਾਲ ਉਨ੍ਹਾਂ ਨੂੰ ਕੀ ਨੁਕਸਾਨ ਹੋ ਸਕਦਾ ਹੈ। ਕੱਚੇ ਪਿਆਜ਼ ਵਿਚ ਫ਼ੈਫਿਨੋਜ਼ ਹੁੰਦਾ ਹੈ, ਜੋ ਗੈਸ ਦਾ ਕਾਰਨ ਬਣ ਸਕਦਾ ਹੈ। ਰਾਤ ਨੂੰ ਇਸ ਨੂੰ ਖਾਣ ਨਾਲ ਇਹ ਸਮੱਸਿਆਵਾਂ ਹੋਰ ਵੀ ਵੱਧ ਸਕਦੀਆਂ ਹਨ। ਕੱਚੇ ਪਿਆਜ਼ ਵਿਚ ਫ਼ਾਈਬਰ ਤੇ ਹੋਰ ਪੌਸ਼ਟਿਕ ਤੱਤ ਹੁੰਦੇ ਹਨ ਜੋ ਪਾਚਨ ਪ੍ਰਣਾਲੀ ਨੂੰ ਪ੍ਰੇਸ਼ਾਨ ਕਰ ਸਕਦੇ ਹਨ। ਰਾਤ ਨੂੰ ਇਸ ਨੂੰ ਖਾਣ ਨਾਲ ਪਾਚਨ ਸਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ। ਅਜਿਹੇ 'ਚ ਰਾਤ ਦੇ ਖਾਣੇ ਦੌਰਾਨ ਸਲਾਦ 'ਚ ਕੱਚੇ ਪਿਆਜ਼ ਦਾ ਸੇਵਨ ਕਰਨ ਤੋਂ ਬਚਣਾ ਚਾਹੀਦਾ ਹੈ। ਕੱਚੇ ਪਿਆਜ਼ ਵਿਚ ਇਕ ਕਿਸਮ ਦਾ ਅਮੀਨੋ ਐਸਿਡ ਹੁੰਦਾ ਹੈ ਜੋ ਨੀਂਦ ਨੂੰ ਪ੍ਰਭਾਵਤ ਕਰ ਸਕਦਾ ਹੈ। ਰਾਤ ਨੂੰ ਇਸ ਨੂੰ ਖਾਣ ਨਾਲ ਨੀਂਦ ਦੀ ਕਮੀ ਹੋ ਸਕਦੀ ਹੈ। ਜੋ ਲੋਕ ਕੱਚਾ ਪਿਆਜ਼ ਜ਼ਿਆਦਾ ਮਾਤਰਾ 'ਚ ਖਾਂਦੇ ਹਨ, ਉਨ੍ਹਾਂ ਨੂੰ ਨੀਂਦ ਦੀ ਕਮੀ ਹੋ ਸਕਦੀ ਹੈ। ਕੁੱਝ ਲੋਕਾਂ ਨੂੰ ਕੱਚੇ ਪਿਆਜ਼ ਪ੍ਰਤੀ ਐਲਰਜੀ ਹੋ ਸਕਦੀ ਹੈ। ਰਾਤ ਨੂੰ ਇਸ ਨੂੰ ਖਾਣ ਨਾਲ ਇਹ ਸਮੱਸਿਆਵਾਂ ਹੋਰ ਵੀ ਵੱਧ ਸਕਦੀਆਂ ਹਨ। ਦਿਨ ਵੇਲੇ ਕੱਚਾ ਪਿਆਜ਼ ਖਾਣ ਦੀ ਕੋਸ਼ਿਸ਼ ਕਰੋ। ਰਾਤ ਨੂੰ ਕੱਚਾ ਪਿਆਜ਼ ਖਾਣ ਤੋਂ ਪ੍ਰਹੇਜ਼ ਕਰੋ ਤਾਂ ਜੋ ਤੁਹਾਡੀ ਸਿਹਤ ਠੀਕ ਰਹੇ। ਦਸਣਯੋਗ ਹੈ ਕਿ ਇਨ੍ਹਾਂ ਨੁਕਸਾਨਾਂ ਤੋਂ ਬਚਣ ਲਈ ਤੁਸੀਂ ਰਾਤ ਨੂੰ ਕੱਚੇ ਪਿਆਜ਼ ਦੀ ਬਜਾਏ ਪੱਕੇ ਪਿਆਜ਼ ਜਾਂ ਹੋਰ ਸਬਜ਼ੀਆਂ ਖਾ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਦਿਨ ਵਿਚ ਕੱਚਾ ਪਿਆਜ਼ ਖਾਣ ਦੀ ਕੋਸ਼ਿਸ਼ ਕਰ ਸਕਦੇ ਹੋ। ਜਦੋਂ ਤੁਹਾਡੀ ਪਾਚਨ ਪ੍ਰਣਾਲੀ ਵਧੇਰੇ ਐਕਟਿਵ ਹੁੰਦੀ ਹੈ।

## * ਚੂੰਡੀਆਂ–ਪੂੰਝੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਟਰੰਪ ਨੇ ਯੂਕਰੇਨ 'ਚ ਜੰਗ ਖ਼ਤਮ ਕਰਨ ਦਾ ਕੀਤਾ ਵਾਅਦਾ- ਇਕ ਖ਼ਬਰ

-ਇਹ ਤਾਂ ਇੰਜ ਹੈ ਜਿਵੇਂ ਸ਼ੇਰ ਕਹੇ ਕਿ ਉਸ ਨੇ ਮਾਸ ਖਾਣਾ ਛੱਡ ਦਿਤਾ ਹੈ।



*ਚਾਈਨਾ ਡੋਰ ਬਰਾਮਦ ਹੋਣ 'ਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ- ਐਸ. ਐਚ. ਓ.

-ਲਿਫ਼ਾਫ਼ਾ ਮੋਟਾ ਹੋਵੇ ਤਾਂ ਸੋਚਿਆ ਜਾ ਸਕਦਾ ਹੈ।



*ਪੰਜਾਬ ਸਰਕਾਰ ਵਲੋਂ ਪਾਣੀ ਵਾਲੀ ਬਸ ਮੁੜ ਚਲਾਉਣ ਦੀ ਤਿਆਰੀ- ਇਕ ਖ਼ਬਰ

-ਓਏ ਮਾਨਾ ਨਾ! ਨਾ ਮੇਰੇ ਜ਼ਖ਼ਮਾਂ 'ਤੇ ਲੂਣ ਭੁੱਕ ਓਏ।


*ਰਾਜਸਥਾਨ 'ਚ ਘੜੇ ਨੂੰ ਹੱਥ ਲਾਉਣ 'ਤੇ ਦਲਿਤ ਵਿਅਕਤੀ ਦੀ ਕੁਟ-ਮਾਰ- ਇਕ ਖ਼ਬਰ

-ਸਭ ਕਾ ਸਾਥ, ਸਭ ਕਾ ਵਿਕਾਸ।



*ਭਾਜਪਾ ਆਗੂ ਪ੍ਰਵੇਸ਼ ਵਰਮਾ ਨੇ ਦਿੱਲੀ 'ਚ ਪੰਜਾਬ ਦੀਆਂ ਗੱਡੀਆਂ ਆਉਣ 'ਤੇ ਇਤਰਾਜ਼ ਜਤਾਇਆ- ਇਕ ਖ਼ਬਰ

-ਗਲੀਆਂ ਹੋ ਜਾਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।



*ਜਥੇਦਾਰ ਵਲੋਂ ਹੰਗਾਮੀ ਮੀਟਿੰਗ ਬੁਲਾਉਣ ਮਗਰੋਂ ਅਕਾਲੀ ਦਲ ਬਾਦਲ ਦੀਆਂ ਵਧੀਆਂ ਧੜਕਨਾਂ-ਇਕ ਖ਼ਬਰ

-ਮਾਪੇ ਮੈਨੂੰ ਦੁੱਖ ਪੁੱਛਦੇ, ਪਾਣੀ ਮੇਰਿਆਂ ਹੱਡਾਂ ਦਾ ਸੁੱਕਦਾ।



*ਟਰੰਪ ਨੇ ਪਹਿਲੇ ਦਿਨ ਹੀ ਲਏ ਕਈ ਸਖ਼ਤ ਫ਼ੈਸਲੇ- ਇਕ ਖ਼ਬਰ

-ਯਾਰੀ ਲੱਗੀ ਤੋਂ ਲਵਾ 'ਤੇ ਤਖ਼ਤੇ, ਟੁੱਟੀ 'ਤੇ ਚੁਗਾਠ ਪੁੱਟ ਲਈ।



*ਭੂੰਦੜ ਨੇ ਮੁਹਾਲੀ 'ਚ ਆਰੰਭ ਕਰਵਾਈ ਅਕਾਲੀ ਦਲ ਦੀ ਭਰਤੀ ਮੁਹਿੰਮ- ਇਕ ਖ਼ਬਰ

-ਜੱਗੇ ਜੱਟ ਦੇ ਕਬੂਤਰ ਚੀਨੇ, ਨਦੀਉਂ ਪਾਰ ਚੁਗਦੇ।

*ਸਾਲ 2024 ਵਿਚ ਦੁਨੀਆਂ ਦੇ ਅਰਬਪਤੀਆਂ ਦੀ ਜਾਇਦਾਦ ਤਿੰਨ ਗੁਣਾ ਤੇਜ਼ੀ ਨਾਲ ਵਧੀ- ਆਕਸਫੈਮ

-ਰਾਂਝਾ ਕੀਲ ਕੇ ਪਟਾਰੀ ਵਿਚ ਪਾਇਆ, ਹੀਰ ਬੰਗਾਲਣ ਨੇ।



*ਜਥੇਦਾਰ ਉਮੈਦਪੁਰੀ ਅਤੇ ਮਨਪ੍ਰੀਤ ਸਿੰਘ ਅਯਾਲੀ ਨੇ ਵਰਕਿੰਗ ਕਮੇਟੀ ਵਲੋਂ ਲਗਾਈ ਡਿਊਟੀ ਸੰਭਾਲਣ ਤੋਂ ਨਾਂਹ- ਇਕ ਖ਼ਬਰ

-ਮੈਂ ਕਿੰਜ ਮੁਕਲਾਵੇ ਜਾਵਾਂ, ਮਿੱਤਰਾਂ ਦਾ ਪਿੰਡ ਛੱਡ ਕੇ।



*ਹੁਕਮਨਾਮਿਆਂ ਉਪਰੰਤ ਬਾਦਲ ਦਲ ਨੂੰ ਮੀਟਿੰਗਾਂ ਤੇ ਕਾਨਫ਼ਰੰਸਾਂ ਕਰਨ ਦਾ ਕੋਈ ਅਧਿਕਾਰ ਨਹੀਂ-ਇਕਬਾਲ ਸਿੰਘ ਟਿਵਾਣਾ

-ਕਾਹਨੂੰ ਮਾਰਦੈਂ ਪਤਲਿਆ ਡਾਕੇ, ਔਖੀ ਹੋ ਜੂ ਕੈਦ ਕੱਟਣੀ।




*ਕੇਜਰੀਵਾਲ 'ਤੇ ਮੁਕੱਦਮਾ ਚਲਾਉਣ ਲਈ ਈ.ਡੀ. ਨੂੰ ਗ੍ਰਹਿ ਮੰਤਰਾਲੇ ਵਲੋਂ ਮਿਲੀ ਮੰਨਜ਼ੂਰੀ- ਇਕ ਖ਼ਬਰ

-ਜਿੱਥੇ ਮਰਜ਼ੀ ਨਿਸ਼ਾਨੇ ਲਾ, ਹੁਣ ਤੇਰੇ ਦਿਨ ਬੱਲੀਏ।



*ਐਡਵੋਕੇਟ ਖਹਿਰਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਦੋ ਸਫ਼ਿਆਂ ਦੀ ਚਿੱਠੀ ਰਾਹੀਂ ਕਾਨੂੰਨੀ ਰਾਇ ਦਿਤੀ- ਇਕ ਖ਼ਬਰ

-ਖੋਲ੍ਹ ਦਿਤੀਆਂ ਕਾਨੂੰਨ ਦੀਆਂ ਘੁੰਡੀਆਂ ਮੈਂ, ਘੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਮੀਆਂ।



*ਭਾਰਤ ਨੂੰ ਬਾਹਰੋਂ ਨਹੀਂ, ਅੰਦਰੋਂ ਖ਼ਤਰਾ ਹੈ- ਫ਼ਾਰੂਕ ਅਬਦੁੱਲਾ

-ਭਾਬੀ ਮੈਨੂੰ ਡਰ ਲਗਦਾ, ਬੁਰਛਾ ਦਿਉਰ ਕੁਆਰਾ।



*ਬਾਦਲ ਦਲ ਭਜਾਉ, ਹਰਿਆਣਾ ਕਮੇਟੀ ਬਚਾਉ- ਦਾਦੂਵਾਲ

-ਕਿਸੇ ਨੇ ਸਹੇ ਨੂੰ ਪੁੱਛਿਆ, "ਸਹਿਆ ਸਹਿਆ ਮਾਸ ਖਾਣੈ? ਸਹਾ ਕਹਿੰਦਾ, "ਮੈਨੂੰ ਆਪਣਾ ਬਚਾਉਣ ਦਾ ਫ਼ਿਕਰ ਪਿਆ ਹੋਇਐ"

* * * * * * * *

# ਅਦਾਕਾਰਾ ਮਮਤਾ ਕੁਲਕਰਨੀ ਨੂੰ ਮਹਾਮੰਡਲੇਸ਼ਵਰ ਬਣਾਉਣ 'ਤੇ ਬਾਬਾ ਰਾਮਦੇਵ ਨੂੰ ਇਤਰਾਜ਼

ਮਹਾਕੁੰਭ ਅਤੇ ਰੀਲਾਂ 'ਤੇ ਨਾਰਾਜ਼ਗੀ ਬਾਬਾ ਰਾਮਦੇਵ ਨੇ ਮਹਾਕੁੰਭ ਦੇ ਨਾਂ 'ਤੇ ਫੈਲ ਰਹੀ ਅਸ਼ਲੀਲਤਾ 'ਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਲੋਕ ਕੁੰਭ ਦੇ ਨਾਂ 'ਤੇ ਮਾੜੀਆਂ ਗਤੀਵਿਧੀਆਂ ਕਰ ਰਹੇ ਹਨ, ਜੋ ਸਹੀ ਨਹੀਂ। ਬਾਬਾ ਰਾਮਦੇਵ ਨੇ ਕਿਹਾ ਕਿ ਸੰਤ ਬਣਨਾ ਇੱਕ ਦਿਨ ਦਾ ਕੰਮ ਨਹੀਂ। ਉਨ੍ਹਾਂ ਨੇ ਦੱਸਿਆ ਕਿ ਸੰਤ ਹੋਣ ਲਈ 50-50 ਸਾਲ ਦੀ ਤਪੱਸਿਆ ਲੱਗਦੀ ਹੈ। ਮਹਾਮੰਡਲੇਸ਼ਵਰ ਬਣਨਾ ਬਹੁਤ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਕਿਹਾ ਕਿ "ਅੱਜ-ਕੱਲ੍ਹ ਕੋਈ ਵੀ ਮਹਾਮੰਡਲੇਸ਼ਵਰ ਬਣ ਜਾਂਦਾ ਹੈ," ਜੋ ਠੀਕ ਨਹੀਂ। ਸੰਤਵਾਦ ਦੀ ਮਹੱਤਤਾ ਸਮਝਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਸੰਨਿਆਸ ਦੀ ਲੰਮੀ ਪ੍ਰਕਿਰਿਆ ਹੁੰਦੀ ਹੈ। ਮਮਤਾ ਕੁਲਕਰਨੀ ਨੇ ਪ੍ਰਯਾਗਰਾਜ ਮਹਾਕੁੰਭ ਵਿੱਚ ਗੰਗਾ ਇਸ਼ਨਾਨ ਕਰਕੇ ਸੰਨਿਆਸ ਲੈਣ ਦਾ ਐਲਾਨ ਕੀਤਾ। ਉਨ੍ਹਾਂ ਦਾ ਨਵਾਂ ਨਾਂ ਯਾਮੀ ਮਮਤਾ ਨੰਦ ਗਿਰੀ ਰੱਖਿਆ ਗਿਆ। ਕਿੰਨਰ ਅਖਾੜੇ ਵਿੱਚ ਵਿਦਿਕ ਜਾਪ ਮਗਰੋਂ ਉਨ੍ਹਾਂ ਦਾ ਪਤਾਭਿਸ਼ੇਕ ਕੀਤਾ ਗਿਆ।






[Frames subject to availability]. Cannot be used with other offers. Second pair must be from the same price range or below. Pay for the higher priced pair of the two pairs. Both pairs include standard 1.5 single-vision lenses (or 1.6 for £170 Rimless ranges) or 1.5 safety lenses for safety eyewear range. Both pairs must be purchased in one transaction. Excludes SuperDigital, SuperDrive varifocals, and SuperReaders 1-2-3, occupational lenses. 2for1 on safety eyewear is excluded for customers with a corporate eyecare voucher provided by their employer. Additional charge for extra lens options.


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ : ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਵਿਰਾਸਤੀ ਗਲਵਕੜੀ





**ਉਜਾਗਰ ਸਿੰਘ**



ਸਾਹਿਤ, ਸੰਗੀਤ ਤੇ ਸਲੀਕਾ ਰੂਹ ਦੀ ਖ਼ੁਰਾਕ ਹੁੰਦੇ ਹਨ। ਇਸ ਰੂਹ ਦੀ ਖ਼ੁਰਾਕ ਦਾ ਮਾਧਿਅਮ ਬੋਲੀ ਹੁੰਦੀ ਹੈ। ਕਿਸੇ ਦੀ ਦੇਸ਼ ਦਾ ਸਭਿਆਚਾਰ ਉਸ ਦੇਸ਼ ਦੀ ਖ਼ੁਸ਼ਹਾਲੀ ਤੇ ਸੁੰਦਰਤਾ ਦਾ ਪ੍ਰਤੀਕ ਹੁੰਦਾ ਹੈ। ਸਭਿਆਚਾਰ ਵਿੱਚ ਭਾਵੇਂ ਖਾਣ ਪੀਣ, ਰਹਿਣ ਸਹਿਣ, ਪਹਿਰਾਵਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੁੰਦਾ ਹੈ ਪ੍ਰੰਤੂ ਸਾਹਿਤ ਤੇ ਸੰਗੀਤ ਇਸਦੇ ਬਹੁਤ ਹੀ ਮਹੱਤਵਪੂਰਨ ਅੰਗ ਹੁੰਦੇ ਹਨ, ਜਿਹੜੇ ਮਨੁੱਖ ਦੀ ਮਾਨਸਿਕ ਤ੍ਰਿਪਤੀ ਕਰਦੇ ਹਨ। ਜਿਹੜਾ ਮਨੁੱਖ ਮਾਨਸਿਕ ਤੌਰ ‘ਤੇ ਮਜ਼ਬੂਤ ਹੋਵੇਗਾ ਉਸਦਾ ਵਿਵਹਾਰ, ਰਹਿਣ ਸਹਿਣ ਅਤੇ ਮੇਲ ਮਿਲਾਪ ਸਮਾਜ ਵਿੱਚ ਸਦਭਾਵਨਾ ਪੈਦਾ ਕਰੇਗਾ। ਇਸ ਸਦਭਾਵਨਾ ਦੀ ਮੂੰਹ ਬੋਲਦੀ ਤਸਵੀਰ ਤਿੰਨ ਰੋਜ਼ਾ 18 ਜਨਵਰੀ 2025 ਤੋਂ 21 ਜਨਵਰੀ 2025 ਤੱਕ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ‘ਪਾਕਿ ਹੈਰੀਟਾਈਜ ਡੈਵਿਸ ਹੋਟਲ’ ਵਿੱਚ ਆਯੋਜਤ ਵਿਸ਼ਵ ਪੰਜਾਬੀ ਕਾਨਫ਼ਰੰਸ ਵੇਖਣ ਨੂੰ ਮਿਲਦੀ ਰਹੀ। ਇਹ ਕਾਨਫ਼ਰੰਸ ਪੰਜਾਬੀ ਸਭਿਆਚਾਰ ਦੀ ਵਿਲੱਖਣ ਤਸਵੀਰ ਪੇਸ਼ ਕਰਦੀ ਹੋਈ ਆਪਸੀ, ਪਿਆਰ, ਸਤਿਕਾਰ, ਸਲੀਕਾ ਅਤੇ ਮਿਲਵਰਤਨ ਦਾ ਪ੍ਰਤੀਕ ਬਣਕੇ ਸਾਹਮਣੇ ਆਈ ਹੈ। ਇੱਕ ਕਿਸਮ ਨਾਲ ਦੋ ਦੇਸ਼ਾਂ ਦੇ ਰਾਜਦੂਤਾਂ ਦੀ ਕਾਨਫਰੰਸ ਬਣ ਗਈ ਸੀ। ਇਸ ਕਾਨਫ਼ਰੰਸ ਤੋਂ ਇਉਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਜੁਗਾਂ ਤੋਂ ਵਿਛੜੇ ਵਿਰਾਸਤੀ ਪਰਿਵਾਰ ਮੁੜ ਆਪਣੀ ਵਿਰਾਸਤ ਨਾਲ ਇੱਕਮਿਕ ਹੋ ਕੇ ਗਲਵਕੜੀ ਪਾ ਰਹੇ ਹੋਣ। ਇਹ ਵੀ ਲੱਗ ਰਿਹਾ ਸੀ ਜਿਵੇਂ ਪੰਜਾਬ ਦੇ ਵਿਰਾਸਤੀ ਪਿੰਡ ਵਿੱਚ ਮੇਲਾ ਲੱਗਿਆ ਹੋਵੇ, ਜਿਸ ਵਿੱਚ ਸੰਗੀਤ ਦੀ ਛਹਿਬਰਾਂ ਲੱਗੀਆਂ ਹੋਣ ਜੋ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਦੀ ਤਰਜਮਾਨੀ ਕਰਦੀਆਂ ਸਨ। ਪ੍ਰੇਮ ਪਿਆਰ ਦੇ ਵਹਿਣ ਵਿੱਚ ਵਹਿੰਦਿਆਂ ਪੰਜਾਬੀ ਦੇ ਪ੍ਰੇਮੀ ਸਭਿਆਚਾਰ ਦੀ ਵਿਰਾਸਤ ਵਿੱਚ ਡੁਬਕੀਆਂ ਲਾਉਣ ਲੱਗ ਗਏ।

ਦੋਹਾਂ ਪੰਜਾਬਾਂ ਦੇ ਫ਼ਨਕਾਰਾਂ ਨੇ ਸਾਂਝੀਵਾਲਤਾ ਦੇ ਗੀਤਾਂ ਨਾਲ ਐਸਾ ਰੰਗ ਬੰਨ੍ਹਿਆਂ ਕਿ ਦਰਸ਼ਕ ਸਰਸ਼ਾਰ ਹੋ ਕੇ ਭਾਵਕਤਾ ਦੇ ਵਹਿਣ ਵਿੱਚ ਵਹਿ ਗਏ। ਹਰਵਿੰਦਰ ਦਾ ਗੀਤ ਜਾਰੀ ਕੀਤਾ ਗਿਆ। ਪੰਮੀ ਬਾਈ ਅਤੇ ਆਰਿਫ਼ ਲੋਹਾਰ ਦੀ ਜੁਗਲਬੰਦੀ ਨੇ ਪੁਰਾਤਨ ਵਿਰਾਸਤ ਨੂੰ ਯਾਦ ਕਰਵਾ ਦਿੱਤਾ। ਸੁਖੀ ਬਰਾੜ, ਡੌਲੀ ਗੁਲੇਰੀਆ, ਪੰਮੀ ਬਾਈ, ਸਤਨਾਮ ਪੰਜਾਬੀ, ਆਰਿਫ਼ ਲੋਹਾਰ, ਅਕਰਮ ਰਾਹੀ, ਇਮਰਾਨ ਸ਼ੌਕਤ ਅਲੀ, ਖਤੀਜਾ, ਅਸਲਮ ਬਾਹੂ ਵੀਰ ਸਿਪਾਹੀ ਦੇ ਗੀਤਾਂ ਨੂੰ ਸੁਣਕੇ ਪੰਜਾਬੀਆਂ ਦੇ ਚਿਹਰੇ ਟਹਿਕਣ ਲੱਗ ਪਏ। ਬਾਬਾ ਨਜਮੀ ਨੇ ‘ਇਕਬਾਲ ਪੰਜਾਬੀ ਦਾ’ ਗਾ ਕੇ ਅਤੇ ਇਲਿਅਸ ਘੁੰਮਣ ਨੇ ਸੰਵੇਦਨਸ਼ੀਲ ਤਕਰੀਰ ਕਰਕੇ ਜੋਸ਼ ਭਰ ਦਿੱਤਾ। ਤ੍ਰੈਲੋਚਨ ਲੋਚੀ ਨੇ ਬਹੁਤ ਹੀ ਭਾਵਪੂਰਤ ਢੰਗ ਨਾਲ ‘ਜ਼ਾਲਮ ਕਹਿਣ ਬਲਾਵਾਂ ਹੁੰਦੀਆਂ, ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ’ ਨਾਲ ਮਾਹੌਲ ਭਾਵਕ ਕਰ ਦਿੱਤਾ। ਇਸ ਭਾਈਚਾਰਕ ਸਾਂਝ ਵਿੱਚ ਸਾਹਿਤ, ਕਲਾ, ਸੰਗੀਤ, ਪੱਤਰਕਾਰੀ, ਅਦਾਕਾਰੀ ਅਤੇ ਵਿਦਵਤਾ ਦੇ ਮੁਜੱਸਮੇ ਅਦੀਬ ਆਪਣੇ ਦਿਲ ਦੀਆਂ ਕੁੰਦਰਾਂ ਵਿੱਚੋਂ ਖ਼ੁਸ਼ੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਆਨੰਦਿਤ ਹੋ ਰਹੇ ਸਨ। ਪੰਜਾਬ ਤੇ ਪੰਜਾਬੀਅਤ ਦਾ ਝੰਡਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਨੇ ਬੁਲੰਦ ਕੀਤਾ। ਇਸ ਕਾਨਫ਼ਰੰਸ ਵਿੱਚ ਪੰਜਾਬੀ ਭਾਸ਼ਾ ਦੀ ਸ਼ੁਰੂਆਤ ਕਰਕੇ ਇਸਨੂੰ ਅਮੀਰ ਕਰਨ ਵਾਲੇ ਸੂਫ਼ੀਇਜ਼ਮ ਸਾਹਿਤ ਦੇ ਧੁਰੰਦਰ ਵਿਦਵਾਨਾ ਦੀ ਸਾਹਿਤਕ ਦੇਣ ਨੂੰ ਸਲਾਮ ਕਰਦਿਆਂ ਸੰਜੀਦਾ ਪਰਿਚਰਚਾ ਕੀਤੀ ਗਈ। ਸੁਖਦੇਵ ਸਿੰਘ ਸਿਰਸਾ ਅਤੇ ਡਾ.ਸੁਜਿੰਦਰ ਸਿੰਘ ਸੰਘਾ ਨੇ ਸੂਫ਼ੀਇਜ਼ਮ ਤੇ ਖੋਜੀ ਪਰਚੇ ਪੜ੍ਹੇ ਜਿਨ੍ਹਾਂ ਤੇ ਭਰਪੂਰ ਚਰਚਾ ਹੋਈ। 34ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਭਾਰਤ ਤੋਂ 65 ਸੰਗੀਤ, ਸਾਹਿਤ ਤੇ ਕਲਾ ਪ੍ਰੇਮੀਆਂ ਦਾ ਕਾਫ਼ਲਾ ਹੁੰਮ-ਹੁੰਮਾ ਤੇ ਗੱਜ ਵਜਾਕੇ ਪਹੁੰਚਿਆ ਸੀ, ਜਿਵੇਂ ਉਹ ਨਾਨਕ ਛੱਕ ਤੇ ਗਏ ਹੋਏ ਗਦ-ਗਦ ਹੋ ਰਹੇ ਹੋਣ। ਦੂਜੇ ਪਾਸੇ ਵੀ ਆਪਣੇ ਪੇਕਿਆਂ ਦੇ ਮੇਲ ਨੂੰ ਦਿਲ ਦੇ ਢੋਲਕੀ ਛੈਣਿਆਂ ਨਾਲ ਤੇਲ ‘ਚੋ ਕੇ ਸੁਆਗਤ ਕੀਤਾ ਗਿਆ। ਦੋਹਾਂ ਪਾਸਿਆਂ ਦੇ ਅਦੀਬਾਂ ਨੂੰ ਚਾਅ ਚੜ੍ਹਿਆ ਪਿਆ ਸੀ, ਜਿਵੇਂ ਨਜ਼ਦੀਕੀ ਸੰਬੰਧੀ ਦੇ ਵਿਆਹ ਦਾ ਆਨੰਦ ਮਾਣ ਰਹੇ ਹੋਣ। ਚੜ੍ਹਦੇ ਪੰਜਾਬ ਦੇ ਜਥੇ ਦੀ ਅਗਵਾਈ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ, ਭਾਰਤੀ ਚੈਪਟਰ ਦੇ ਚੇਅਰਮੈਨ ਡਾ.ਦੀਪਕ ਮਨਮੋਹਨ ਸਿੰਘ ਅਤੇ ਉਥੇ ਕਵੀ ਅਤੇ ਪੰਜਾਬੀ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ.ਗੁਰਭਜਨ ਸਿੰਘ ਗਿੱਲ ਕਰ ਰਹੇ ਸਨ। ਪ੍ਰੇਮੀਆਂ ਦਾ ਇਹ ਕਾਫ਼ਲਾ ਪਾਕਿਸਤਾਨ ਦੇ ਸਾਬਕਾ ਵਜ਼ੀਰ ਫ਼ਖ਼ਰ ਜ਼ਮਾਨ ਦੇ ਸੱਦੇ ‘ਤੇ ਲਾਹੌਰ ਪਹੁੰਚਿਆ ਸੀ। ਅਨੀਤਾ ਸ਼ਬਦੀਸ਼ ਨੇ ਬਹੁਤ ਹੀ ਭਾਵਪੂਰਤ ਨਾਟਕ ‘ਗੁੰਮਸ਼ੁਦਾ ਔਰਤ’ ਜੋ ਔਰਤਾਂ ਦੇ ਸ਼ਸ਼ਕਤੀਕਰਨ ਦਾ ਸੰਦੇਸ਼ ਦਿੰਦਾ ਸੀ, ਖੇਡਿਆ ਗਿਆ, ਜਿਸਨੇ ਦੋਵਾਂ ਦੇਸ਼ਾਂ ਦੇ ਪੰਜਾਬੀ ਪ੍ਰੇਮੀਆਂ ਦੀਆਂ ਅੱਖਾਂ ਵਿੱਚ ਪਿਆਰ ਦੇ ਹੰਝੂ ਵਹਿਣ ਲਾ ਦਿੱਤੇ। ਲਾਹੌਰ ਸ਼ਹਿਰ ਵਿੱਚ ਰੌਣਕਾਂ ਲੱਗ ਗਈਆਂ। ਇਸੇ ਕਰਕੇ ਕਹਿੰਦੇ ਹਨ, ਜਿਸਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆਂ ਹੀ ਨਹੀਂ। ਲਾਹੌਰ ਵਿੱਚੋਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਦੇ ਪਿਆਰ ਦੀ ਖ਼ੁਸ਼ਬੋ ਆ ਰਹੀ ਸੀ। ਦਿਨ ਭਰ ਸੂਫ਼ੀਇਜ਼ਮ ਵਰਗੇ ਬਹੁਤ ਹੀ ਗੰਭੀਰ ਵਿਸ਼ਿਆਂ ‘ਤੇ ਵਿਚਾਰ ਵਟਾਂਦਰੇ ਹੁੰਦੇ ਤੇ ਹਰ ਰੋਜ਼ ਸ਼ਾਮ ਨੂੰ ਇੱਕ ਨਹੀਂ ਸਗੋਂ ਵੱਖੋ-ਵੱਖਰੀਆਂ ਮਹਿਫ਼ਲਾਂ ਸਜਦੀਆਂ, ਜਿਨ੍ਹਾਂ ਵਿੱਚ ਸੰਗੀਤਕ ਤੇ ਸਾਹਿਤਕ ਰੂਹਾਂ ਆਪਣੇ ਕਲਾਮ ਪੇਸ਼ ਕਰਦੀਆਂ। ਫ਼ਖ਼ਰ ਤੇ ਮਾਣ ਵਾਲੀ ਗੱਲ ਹੈ ਕਿ ਪਾਕਿਸਤਾਨ ਵਿੱਚ ਪੰਜਾਬੀ ਜ਼ਬਾਨ ਦਾ ਪਰਚਮ ਲਹਿਰਾ ਰਿਹਾ ਹੈ। ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬੀ ਜ਼ੁਬਾਨ ਆਪਣੀ ਮਾਂ ਦੀ ਤਰ੍ਹਾਂ ਸਾਂਭ ਕੇ ਰੱਖਣਗੇ ਤੇ ਘਰਾਂ ਵਿੱਚ ਪੰਜਾਬੀ ਬੋਲੀ ਜਾਵੇਗੀ। ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ ‘ਤੇ ਲਹਿੰਦੇ ਪੰਜਾਬ ਵਿੱਚ ਯੂਨੀਵਰਸਿਟੀ ਸਥਾਪਤ ਕੀਤੀ ਹੋਈ ਹੈ।

ਇਸ ਮੌਕੇ ‘ਤੇ ਫ਼ਖ਼ਰ ਜ਼ਮਾਨ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਦੁੱਖ ਦੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਨੂੰ ਬਿਗਾਨਿਆਂ ਨਾਲੋਂ ਆਪਣਿਆਂ ਤੋਂ ਵਧੇਰੇ ਖ਼ਤਰਾ ਹੈ। ਡਾ.ਦੀਪਕ ਮਨਮੋਹਨ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਲਾਹੌਰ ਨੇ ਪੰਜਾਬੀ ਬੋਲੀ, ਤਹਿਜ਼ੀਬ ਤੇ ਭਾਸ਼ਾ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਸ਼ੁਰੂਆਤ ਤੋਂ ਲੈ ਕੇ ਇਸ ਦੀ ਸਫਲਤਾ ਲਈ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਨੂੰ ਯਾਦ ਕੀਤਾ। ਆਮ ਤੌਰ ‘ਤੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ ‘ਤੇ ਕਿੰਤੂ-ਪ੍ਰੰਤੂ ਕੀਤੇ ਜਾਂਦੇ ਰਹੇ ਹਨ ਕਿ ਉਨ੍ਹਾਂ ਵਿੱਚ ਵਿਦੇਸ਼ਾਂ ਵਿੱਚ ਸੈਰ ਕਰਨ ਦੇ ਬਹਾਨੇ ਲੋਕ ਜਾਂਦੇ ਹਨ ਅਤੇ ਉਨ੍ਹਾਂ ਦਾ ਪੰਜਾਬੀ ਸਾਹਿਤ ਤੇ ਸੰਗੀਤ ਨਾਲ ਕੋਈ ਵਾਸਤਾ ਨਹੀਂ ਹੁੰਦਾ ਪ੍ਰੰਤੂ ਲਾਹੌਰ ਵਾਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਚੋਟੀ ਦੇ ਸਾਹਿਤਕਾਰ, ਸੰਗੀਤਕਾਰ, ਗਾਇਕ, ਅਦਾਕਾਰ ਅਤੇ ਪੱਤਰਕਾਰ ਸ਼ਾਮਲ ਹੋਏ, ਜਿਹੜੇ ਜਾਣੇ ਪਛਾਣੇ ਵਿਅਕਤੀ ਹਨ। ਇਸ ਕਾਨਫ਼ਰੰਸ ਦੀ ਸਫਲਤਾ ਨੇ ਝੰਡੇ ਗੱਡ ਦਿੱਤੇ ਹਨ। ਭਾਰਤ ਤੋਂ ਸ਼ਾਮਲ ਹੋਏ ਵਿਦਵਾਨਾਂ ਵਿੱਚ ਜੰਗ ਬਹਾਦਰ ਗੋਇਲ, ਸੁਖਦੇਵ ਸਿੰਘ ਸਿਰਸਾ, ਦਰਸ਼ਨ ਸਿੰਘ ਬੁੱਟਰ, ਗੁਰਪ੍ਰੀਤ ਸਿੰਘ ਤੂਰ, ਕਾਹਨ ਸਿੰਘ ਪੰਨੂੰ, ਸੁਨੀਤਾ ਧੀਰ, ਬਲਕਾਰ ਸਿੱਧੂ, ਪੰਮੀ ਬਾਈ, ਖਾਲਿਦ ਹੁਸੈਨ, ਅਨੀਤਾ ਸ਼ਬਦੀਸ਼ ਆਦਿ। ਪੱਤਰਕਾਰਾਂ ਵਿੱਚ ਨਵਦੀਪ ਸਿੰਘ ਗਿੱਲ ਅਤੇ ਜਗਤਾਰ ਸਿੰਘ ਭੁਲਰ। ਇਸ ਮੌਕੇ ‘ਤੇ ਲਹਿੰਦੇ ਪੰਜਾਬ ਦੇ ਅਬਦੁਲ ਕਦੀਮ, ਡਾ.ਕੁਦਸੀ, ਬੁਸ਼ਰਾ ਏਜਾਜ, ਬਾਬਾ ਨਜਮੀ, ਬਾਬਾ ਗੁਲਾਮ ਹੁਸੈਨ ਹੈਦਰ, ਰਾਜਾ ਸਾਦਿਕ ਉਲਾ ਖ਼ਾਨ, ਖਾਲਿਦ ਏਜਾਜ਼ ਮੁਫ਼ਤੀ, ਸ਼ਾਇਦਾ ਬਾਨੋ ਅਤੇ ਪੱਤਰਕਾਰਾਂ ਵਿੱਚ ਭੁਲੇਖਾ ਅਖ਼ਬਾਰ ਦੇ ਸੰਪਾਦਕ ਮੁਦੱਸਰ ਇਕਬਾਲ ਬੱਟ, ਪੰਚਮ ਅਖ਼ਬਾਰ ਦੇ ਮੁੱਖ ਸੰਪਾਦਕ ਮਕਸੂਦ ਸਾਕਿਬ ਅਤੇ ਸੁਗਰਾ ਸਦੇਫ਼ ਸ਼ਾਮਲ ਸਨ। ਪੰਜਾਬੀ ਭਾਸ਼ਾ ਦੇ ਬੋਲਬਾਲੇ ਨੇ ਅਗਲੇ ਪੰਜਾਹ ਸਾਲਾਂ ਵਿੱਚ ਪੰਜਾਬੀ ਖ਼ਤਮ ਹੋਣ ਦੀਆਂ ਅਫ਼ਵਾਹਾਂ ਨੂੰ ਝੁਠਲਾ ਦਿੱਤਾ। ਇਸ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਇਸੇ ਲੜੀ ਸੰਬੰਧੀ 1993 ਵਿੱਚ ਪਟਿਆਲਾ ਵਿਖੇ ਵੇਦ ਪ੍ਰਕਾਸ਼ ਗੁਪਤਾ ਚੇਅਰਮੈਨ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਅਤੇ ਸ੍ਰ.ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਤੌਰ ‘ਇੰਡੋ-ਪਾਕਿ ਮੁਸ਼ਾਇਰਾ’ ਥਾਪਰ ਇਨਸਟੀਚਿਊਟ ਵਿਖੇ ਆਯੋਜਤ ਕੀਤਾ ਗਿਆ ਸੀ, ਜਿਸ ਵਿੱਚ ਚੋਟੀ ਦੇ ਪਾਕਿਸਤਾਨ ਅਤੇ ਭਾਰਤ ਦੇ ਸ਼ਾਇਰਾਂ ਨੇ ਹਿੱਸਾ ਲਿਆ ਸੀ। ਫਿਰ 2004 ਵਿੱਚ ਪਟਿਆਲਾ ਵਿਖੇ ਹੀ ਇੰਡੋ-ਪਾਕਿ ਖੇਡਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਪੰਜਾਬ ਸਰਕਾਰ ਵੇਲੇ 2004 ਵਿੱਚ ਆਯੋਜਤ ਕੀਤੀਆਂ ਗਈਆਂ ਸਨ।

**ਬਾਕੀ ਹਿਸਾ ਸਫਾ 54 ’ਤੇ ਪੜ੍ਹੋ**

# *ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਨੇ ਨਵਾਂ ਸਾਲ ਅਤੇ ਜਨਵਰੀ ਮਹੀਨੇ ਦੇ ਤਿਉਹਾਰ ਮਨਾਏ*

ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਜੈਨੇਸਸ ਸੈਂਟਰ ਵਿਖੇ 26 ਜਨਵਰੀ 2025 ਦਿਨ ਐਤਵਾਰ ਨੂੰ ਭਰਪੂਰ ਹਾਜ਼ਰੀ ਵਿੱਚ ਬਹੁਤ ਹੀ ਜੋਸ਼-ਓ- ਖਰੋਸ਼ ਨਾਲ ਹੋਈ। ਇਹ ਮੀਟਿੰਗ ਨਵੇਂ ਸਾਲ ਅਤੇ ਜਨਵਰੀ ਮਹੀਨੇ ਦੇ ਤਿਉਹਾਰਾਂ ਨੂੰ ਸਮਰਪਿਤ ਰਹੀ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸ੍ਰੀ ਮਤੀ ਬਲਵਿੰਦਰ ਕੌਰ ਬਰਾੜ ਆਈਆਂ ਭੈਣਾਂ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਇਸ ਮਹੀਨੇ ਵਿੱਚ ਆਏ ਪ੍ਰਸਿੱਧ ਦਿਹਾੜਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਲੋਹੜੀ,ਮਾਘੀ ਅਤੇ ਗਣਤੰਤਰ ਦਿਵਸ ਦੇ ਇਤਿਹਾਸ ਬਾਰੇ ਸੰਖੇਪ ਚਾਨਣਾ ਪਾਇਆ।

ਗੁਰਦੀਸ਼ ਕੌਰ ਗਰੇਵਾਲ ਜੀ ਨੇ ਸਿਹਤ ਸੰਬੰਧੀ ਅਪਣੇ ਸੁਝਾਅ ਦਿੱਤੇ ਅਤੇ ਇਕ ਗੀਤ ਰਾਹੀਂ ਨਵੇਂ ਸਾਲ ਤੇ ਸਭਨਾਂ ਲਈ ਸੁੱਖਾਂ ਦੀ ਕਾਮਨਾ ਕੀਤੀ। ਸੁਖਵੰਤ ਕੌਰ ਬੈਂਸ, ਮਨਪ੍ਰੀਤ ਕੌਰ, ਜਸਵੀਰ ਕੌਰ, ਅੰਮ੍ਰਿਤਪਾਲ ਕੌਰ, ਸਿਮਰਦੀਪ ਕੌਰ, ਕਰਮਜੀਤ ਕੌਰ ਅਤੇ ਸਤਵਿੰਦਰ ਕੌਰ ਨਵੀਆਂ ਭੈਣਾਂ ਨੇ ਹਾਜ਼ਰੀ ਭਰੀ।




ਸੁਰਿੰਦਰ ਸੰਧੂ, ਜਸਮਿੰਦਰ ਕੌਰ ਬਰਾੜ ਅਮਰਜੀਤ ਕੌਰ ਟਿਵਾਣਾ ਅਤੇ ਬਲਬੀਰ ਕੌਰ ਹਜ਼ੂਰੀਆ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵਿਤਾਵਾਂ ਤੇ ਗੀਤ ਗਾ ਕੇ ਮਾਹੌਲ ਸੁਰਮਈ ਬਣਾ ਦਿੱਤਾ। ਦਲਬੀਰ ਕੌਰ ਅਤੇ ਜੁਗਿੰਦਰ ਪੁਰਬਾ ਨੇ ਲੋਹੜੀ ਦੇ ਗੀਤ ਗਾਏ। ਲਖਵਿੰਦਰ ਕੌਰ ਨੇ 'ਧੀਆਂ ਦੀ ਵੀ ਲੋਹੜੀ ਮਨਾਓ ਪੁੱਤਰਾਂ ਵਾਲਿਓ' ਗੀਤ ਨਾਲ ਹਾਜ਼ਰੀ ਲਵਾਈ। ਹਰਜੀਤ ਕੌਰ ਜੌਹਲ ਨੇ ਗਣਤੰਤਰ ਦਿਵਸ ਤੇ ਬਾਕਮਾਲ ਕਵਿਤਾ ਸੁਣਾਈ- ਕਿ ਕਿਵੇਂ ਅਜ਼ਾਦੀ ਦੇ ਆਉਣ ਨਾਲ ਸਰਮਾਏਦਾਰਾਂ ਨੇ ਲੋਕਾਂ ਦਾ ਖ਼ੂਨ ਚੂਸ ਕੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਸਰਬਜੀਤ ਉੱਪਲ ਨੇ 'ਫੈਸ਼ਨ ਪ੍ਰਸਤੀ' ਅਤੇ 'ਆਓ ਖੁਦ ਨੂੰ ਪਿਆਰ ਕਰੀਏ' ਕਵਿਤਾਵਾਂ ਨਾਲ ਸਾਂਝ ਪਾਈ। ਨੌਜਵਾਨ ਕੁੜੀਆਂ ਮਨਿੰਦਰ ਕੌਰ, ਸਿਮਰਨਦੀਪ ਕੌਰ ਅਤੇ ਕਿਰਨ ਕਲਸੀ ਨੇ ਕਵਿਤਾਵਾਂ ਸੁਣਾਈਆਂ। ਗੁਰਜੀਤ ਬੈਦਵਾਨ ਅਤੇ ਬਲਵੀਰ ਕੌਰ ਗਰੇਵਾਲ ਨੇ ਵਕਤ ਦੀ ਅਹਿਮੀਅਤ ਦਰਸਾਉਂਦੀਆਂ ਹੋਈਆਂ ਸੰਖੇਪ ਰਚਨਾਵਾਂ ਸਾਂਝੀਆਂ ਕੀਤੀਆਂ। ਅਮਰਜੀਤ ਗਰੇਵਾਲ, ਸੁਰਿੰਦਰ ਸੰਧੂ, ਸਤਵਿੰਦਰ ਕੌਰ ਫਰਵਾਹਾ, ਸਤਵਿੰਦਰ ਕੌਰ ਬਲਵੀਰ ਕੌਰ ਗਰੇਵਾਲ, ਅਮਰਜੀਤ ਵਿਰਦੀ, ਗਿਆਨ ਕੌਰ, ਨੇ ਲੋਕ ਗੀਤ ਗਾਏ ਅਤੇ ਗਿੱਧਾ ਪਾਕੇ ਖ਼ੂਬ ਰੰਗ ਬੰਨ੍ਹਿਆ।

ਅੰਤ ਤੇ ਹਰਪ੍ਰੀਤ ਕੌਰ ਨੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੱਤਾ ਅਤੇ ਬਲਵਿੰਦਰ ਕੌਰ ਬਰਾੜ ਨੇ ਕੈਨੇਡਾ ਵਿੱਚ




ਨਵੇਂ ਆਏ ਬੱਚਿਆਂ ਦੀ ਮਦਦ ਕਰਨ ਦੀ ਅਪੀਲ ਕਰਦਿਆਂ ਹੋਇਆਂ, ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ।

ਬਰੇਕ ਦੌਰਾਨ ਲਖਵਿੰਦਰ ਕੌਰ ਸਚਦੇਵਾ ਨੇ ਆਪਣੇ ਪੋਤਰੇ ਦੀ ਲੋਹੜੀ ਦੀ ਖ਼ੁਸ਼ੀ ਵਿੱਚ ਚਾਹ ਨਾਲ ਸਮੋਸੇ, ਲੱਡੂ ਖਵਾਏ ਜਦ ਕਿ ਇਸ ਤੋਂ ਪਹਿਲਾਂ- ਹਰਜਿੰਦਰ ਕੌਰ ਗਿੱਲ, ਹਰਪ੍ਰੀਤ ਕੌਰ, ਅਮਰਜੀਤ ਕੌਰ ਗਰੇਵਾਲ ਅਤੇ ਕਿਰਨ ਕਲਸੀ ਨੇ ਫਰੂਟ ਚਾਟ ਦੀ ਸੇਵਾ ਨਿਭਾਈ।

ਸ਼ਿਵਾਲਿਕ ਟੀ ਵੀ ਚੈਨਲ ਵੱਲੋਂ ਪਰਮਜੀਤ ਸਿੰਘ ਭੰਗੂ ਜੀ ਨੇ ਪੂਰੇ ਪ੍ਰੋਗਰਾਮ ਦੀ ਬਹੁਤ ਵਧੀਆ ਕਵਰੇਜ ਕੀਤੀ। ਵਧੇਰੇ ਜਾਣਕਾਰੀ ਲਈ -ਬਲਵਿੰਦਰ ਕੌਰ ਬਰਾੜ +1 403 590 9629 ਜਾਂ ਗੁਰਦੀਸ਼ ਕੌਰ ਗਰੇਵਾਲ ਨਾਲ +1 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਰਿਪੋਰਟ ਕਰਤਾ-*ਗੁਰਨਾਮ ਕੌਰ ਸਕੱਤਰ

53 ਸਫੇ ਦੀ ਬਾਕੀ

ਪਾਕਿਸਤਾਨ ਤੇ ਭਾਰਤ ਵਿੱਚ ਅਜਿਹੀਆਂ ਸਰਗਰਮੀਆਂ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਦੇ ਹੋਣ ਨਾਲ ਦੋਹਾਂ ਦੇਸ਼ਾਂ ਵਿੱਚ ਸਦਭਾਵਨਾ ਵੱਧਦੀ ਹੈ, ਜਿਸਦੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਲੋਕਾਂ ਦੀਆਂ ਆਂਦਰਾਂ ਜੁੜੀਆਂ ਹੋਈਆਂ ਹਨ।

ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ ਵਿੱਚ ਇੱਕ ਹੋਰ ਖ਼ੁਸ਼ਨੁਮਾ ਫ਼ੈਸਲਾ ਕੀਤਾ ਗਿਆ, ਜਿਸ ਅਨੁਸਾਰ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ 12 ਨੁਕਾਤੀ ਪ੍ਰੋਗਰਾਮ ਦਾ ਐਲਾਨ ਦੋਹਾਂ ਦੇਸ਼ਾਂ ਲਈ ਕੀਤਾ ਗਿਆ, ਜਿਸ ਵਿੱਚ ਮੁੱਖ ਤੌਰ 'ਤੇ ਪੰਜਾਬੀ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿੱਚ ਪ੍ਰਾਇਮਰੀ ਤੋਂ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਪੜ੍ਹਾਈ ਜਾਵੇ, ਪੰਜਾਬੀ ਨੂੰ ਪੰਜਾਬ ਵਿੱਚ ਸਰਕਾਰੀ ਭਾਸ਼ਾ ਵਜੋਂ ਮਾਣਤਾ ਦਿੱਤੀ ਜਾਵੇ, ਦਸ ਹਜ਼ਾਰ ਅਧਿਆਪਕ ਭਰਤੀ ਕੀਤੇ ਜਾਣ, ਗਲੀਆਂ ਤੇ ਸੜਕਾਂ ਦੇ ਨਾਮ ਪੰਜਾਬੀ ਵਿੱਚ ਲਿਖੇ ਜਾਣ, ਪੰਜਾਬੀ ਦੇ ਅਖ਼ਬਾਰਾਂ ਤੇ ਰਸਾਲਿਆਂ ਨੂੰ ਆਰਥਿਕ ਮਦਦ ਦਿੱਤੀ ਜਾਵੇ ਅਤੇ ਦਫ਼ਤਰਾਂ ਤੇ ਘਰਾਂ ਵਿੱਚ ਪੰਜਾਬੀ ਬੋਲੀ ਜਾਵੇ ਆਦਿ ਸ਼ਾਮਲ ਹਨ।

ਇਸ ਕਾਨਫ਼ਰੰਸ ਵਿੱਚ ਚੜ੍ਹਦੇ ਪੰਜਾਬ ਤੋਂ ਸਤਿਨਾਮ ਮਾਣਕ ਦੀ ਪੁਸਤਕ 'ਬਾਤਾਂ ਵਾਹਗਿਓਂ ਪਾਰ ਦੀਆਂ (ਸਫ਼ਰਨਾਮਾ )', ਸਰਬਜੀਤ ਜੱਸ ਦੀ ਪੁਸਤਕ 'ਲਸਕੀ ਹੋਈ ਅੱਖ(ਕਵਿਤਾ)', ਗੁਰਭਜਨ ਸਿੰਘ ਗਿੱਲ ਦੀ ਮੇਰੇ ਪੰਜ ਦਰਿਆ (ਗੀਤ) , ਜੰਗ ਬਹਾਦਰ ਗੋਇਲ ਦੀ 'ਸਾਹਿਤ ਸੰਜੀਵਨੀ (ਵਾਰਤਕ)', ਸਹਿਜਪ੍ਰੀਤ ਸਿੰਘ ਮਾਂਗਟ ਦੀ 'ਸਹਿਜ ਮਤੀਆਂ (ਕਵਿਤਾ)', ਤ੍ਰੈਲੋਚਨ ਲੋਚੀ ਦੀ 'ਦਿਲ ਦਰਵਾਜ਼ੇ (ਗ਼ਜ਼ਲਾਂ)', ਨਵਦੀਪ ਸਿੰਘ ਗਿੱਲ ਦੀ 'ਪੰਜ-ਆਬ ਦੇ ਸ਼ਾਹ ਅਸਵਾਰ (ਦੋਹਾਂ ਪੰਜਾਬਾਂ ਦੇ ਖਿਡਾਰੀਆਂ ਦੇ ਰੇਖਾ ਚਿਤਰ)' ਅਤੇ ਹਰਮੀਤ ਵਿਦਿਆਰਥੀ ਦੀ 'ਮੈਂ ਚਸ਼ਮਦੀਦ (ਕਵਿਤਾਵਾਂ)' ਦੀਆਂ ਪੁਸਤਕਾਂ ਦੇ ਸ਼ਾਹਮੁਖੀ ਐਡੀਸ਼ਨ ਲੋਕ ਅਰਪਨ ਕੀਤੇ ਗਏ। ਲਹਿੰਦੇ ਪੰਜਾਬ ਦੀ ਬਿਹਤਰੀਨ ਸ਼ਾਇਰਾ ਬੁਸ਼ਰਾ ਇਜ਼ਾਜ਼ ਦੀ ਪੁਸਤਕ 'ਮੈਂ ਪੂਣੀ ਕੱਤੀ ਰਾਤ ਦੀ (ਕਵਿਤਾ)' ਦਾ ਗੁਰਮੁਖੀ ਐਡੀਸ਼ਨ ਲੋਕ ਅਰਪਨ ਕੀਤਾ ਗਿਆ। ਸ਼ਾਲਾ ਅਜਿਹੀਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਹੁੰਦੀਆਂ ਰਹਿਣ!

ਮੋਬਾਈਲ-94178 13072
ujagarisngh48@yahoo.com


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**


## ਟਰੰਪ ਨੇ ਕੌਮਾਂਤਰੀ ਮੰਚ ਤੇ ਕੈਨੇਡਾ ਅਤੇ ਕੈਨੇਡਾ ਵਾਲਿਆਂ ਨੂੰ ਭੰਡਿਆ

ਸਵਿਟਜ਼ਰਲੈਂਡ : ਡੌਨਲਡ ਟਰੰਪ ਦਾ ਹੰਕਾਰ ਸਿਰ ਚੜ੍ਹ ਬੋਲ ਰਿਹਾ ਹੈ ਅਤੇ ਇਸ ਵਾਰ ਉਨ੍ਹਾਂ ਵੱਲੋਂ ਕੌਮਾਂਤਰੀ ਮੰਚ ਤੇ ਕੈਨੇਡਾ ਨੂੰ ਭੰਡਿਆ ਗਿਆ। ਅਮਰੀਕਾ ਦੇ ਰਾਸ਼ਟਰਪਤੀ ਨੇ ਤਲਖ਼ ਲਹਿਜ਼ੇ ਵਿਚ ਕਿਹਾ ਕਿ ਉਨ੍ਹਾਂ ਨੂੰ ਕੈਨੇਡਾ ਦੇ ਤੇਲ, ਗੈਸ, ਕਾਰਾਂ ਅਤੇ ਲੱਕੜ ਦੀ ਕੋਈ ਜ਼ਰੂਰਤ ਅਤੇ ਜੇ ਗੁਆਂਢੀ ਮੁਲਕ ਟੈਕਸਾਂ ਤੋਂ ਬਚਣਾ ਚਾਹੁੰਦਾ ਤਾਂ ਅਮਰੀਕਾ ਦਾ 51ਵਾਂ ਰਾਜ ਬਣਨਾ ਕਬੂਲ ਕਰ ਲਵੇ। ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੂੰ ਕੈਨੇਡਾ ਨਾਲ ਵਪਾਰ ਕਰਦਿਆਂ 200 ਅਰਬ ਡਾਲਰ ਤੋਂ 250 ਅਰਬ ਡਾਲਰ ਦਾ ਘਾਟਾ ਬਰਦਾਸ਼ਤ ਕਰਨਾ ਪੈ ਰਿਹਾ ਹੈ।

**ਕਿਹਾ, ਕੈਨੇਡੀਅਨ ਤੇਲ, ਗੈਸ, ਕਾਰਾਂ ਜਾਂ ਲੱਕੜ ਦੀ ਕੋਈ ਲੋੜ ਨਹੀਂ**

ਸਵਿਟਜ਼ਰਲੈਂਡ ਦੇ ਦਾਵੋਸ ਵਿਖੇ ਵਰਲਡ ਇਕਨੌਮਿਕ ਫੋਰਮ ਦੀ ਦੀ ਬੈਠਕ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਾਮਲ ਹੁੰਦਿਆਂ ਟਰੰਪ ਨੇ ਕੈਨੇਡਾ ਨੂੰ ਸੰਬੋਧਤ ਹੁੰਦਿਆਂ ਕਿਹਾ, ਜੇ ਤੁਸੀਂ ਅਮਰੀਕਾ ਦਾ ਸੂਬਾ ਬਣ ਜਾਉਗੇ ਤਾਂ ਸਾਡਾ ਘਾਟਾ ਖਤਮ ਅਤੇ ਕੋਈ ਟੈਕਸ ਨਹੀਂ ਲਾਇਆ ਜਾਵੇਗਾ। ਫੋਰਮ ਵਿਚ ਸ਼ਾਮਲ ਕੌਮਾਂਤਰੀ ਆਗੂਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਕੋਲ ਤੇਲ ਦੀ ਕੋਈ ਕਮੀ ਅਤੇ ਗੱਡੀਆਂ ਅਸੀਂ ਖ਼ੁਦ ਤਿਆਰ ਕਰ ਸਕਦੇ ਹਾਂ। ਸਾਡੇ ਜੰਗਲਾਂ ਵਿਚ ਬਥੇਰੀ ਲੱਕੜ ਹੈ ਅਤੇ ਕੈਨੇਡਾ ਤੋਂ ਲੰਬਰ ਦਾ ਇੰਪੋਰਟ ਸਾਡੀ ਮਜਬੂਰੀ ਨਹੀਂ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵੱਲੋਂ ਆਪਣੇ ਐਕਸਪੋਰਟ ਦਾ 75 ਫੀ ਸਦੀ ਹਿੱਸਾ ਅਮਰੀਕਾ ਭੇਜਿਆ ਜਾਂਦਾ ਹੈ। ਇਸੇ ਦੌਰਾਨ ਟਰੰਪ ਵੱਲੋਂ ਭਾਸ਼ਣ ਦੌਰਾਨ ਰੂਸੀ ਰਾਸ਼ਟਰਪਤੀ ਨਾਲ ਮੁਲਕਾਤ ਦਾ ਇੱਛਾ ਵੀ ਜ਼ਾਹਰ ਕੀਤੀ ਗਈ। ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਵਲਾਦੀਮੀਰ ਪੁਤਿਨ ਉਨ੍ਹਾਂ ਨਾਲ ਮੁਲਾਕਾਤ ਕਰਨਾ ਚਾਹੁੰਦੇ ਹਨ ਅਤੇ ਸਾਡੀ ਮੁਲਾਕਾਤ ਬੇਹੱਦ ਜ਼ਰੂਰੀ ਵੀ ਹੈ ਕਿਉਂਕਿ ਜੰਗ ਵਿਚ ਰੋਜ਼ਾਨਾ ਫੌਜੀਆਂ ਦੀ ਜਾਨ ਜਾ ਰਹੀ ਹੈ।

**51ਵਾਂ ਸੂਬਾ ਬਣੋ ਅਤੇ ਟੈਕਸਾਂ ਤੋਂ ਰਾਹਤ ਹਾਸਲ ਕਰੋ**

ਦਿਲਚਸਪ ਗੱਲ ਇਹ ਹੈ ਕਿ ਟਰੰਪ ਇਸ ਤੋਂ ਪਹਿਲਾਂ ਪੁਤਿਨ ਨੂੰ ਜੰਗ ਖਤਮ ਕਰਨ ਜਾਂ ਆਰਥਿਕ ਪਾਬੰਦੀਆਂ ਵਾਸਤੇ ਤਿਆਰ ਰਹਿਣ ਦੀ ਧਮਕੀ ਵੀ ਦੇ ਚੁੱਕੇ ਹਨ। ਦੂਜੇ ਪਾਸੇ ਟਰੰਪ ਵੱਲੋਂ ਅਬੌਰਸ਼ਨ ਰਾਈਟਸ ਦੇ ਵਿਰੋਧੀਆਂ ਨੂੰ ਮੁਆਫ਼ ਕਰ ਦਿਤਾ ਗਿਆ। ਇਨ੍ਹਾਂ ਲੋਕਾਂ ਨੇ 2020 ਵਿਚ ਵਾਸ਼ਿੰਗਟਨ ਡੀ.ਸੀ. ਵਿਖੇ ਇਕ ਅਬੌਰਸ਼ਨ ਕਲੀਨਿਕ ਨੂੰ ਜਿੰਦੇ ਲਾ ਦਿਤੇ ਸਨ ਅਤੇ ਇਸ ਦੌਰਾਨ ਝੜਪ ਹੋਣ ਕਰ ਕੇ ਇਕ ਨਰਸ ਜ਼ਖ਼ਮੀ ਹੋ ਗਈ। ਰਾਸ਼ਟਰਪਤੀ ਨੇ ਜੌਹਨ ਐਫ਼. ਕੈਨੇਡੀ, ਉਨ੍ਹਾਂ ਦੇ ਭਰਾ ਰੌਬਰਟ ਐਫ਼. ਕੈਨੇਡੀ ਅਤੇ ਸਮਾਜਿਕ ਕਾਰਕੁੰਨ ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਕਤਲ ਨਾਲ ਸਬੰਧਤ ਫਾਈਲਾਂ ਜਨਤਕ ਕਰਨ ਦੇ ਹੁਕਮਾਂ ਤੇ ਵੀ ਦਸਤਖ਼ਤ ਕਰ ਦਿਤੇ। ਟਰੰਪ ਵੱਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਇਹ ਫਾਈਲਾਂ ਜਨਤਕ ਕਰਨ ਦਾ ਯਤਨ ਕੀਤਾ ਗਿਆ ਪਰ ਸੀ.ਆਈ.ਏ. ਅਤੇ ਐਫ਼.ਬੀ.ਆਈ. ਦੀ ਅਪੀਲ ਮਗਰੋਂ ਪਿੱਛੇ ਹਟ ਗਏ।

# ਡਰਾਇੰਗ ਵਿਸ਼ੇ ਦਾ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਮਹੱਤਵ

ਸੰਦੀਪ ਕੁਮਾਰ
7009807121



ਡਰਾਇੰਗ ਇੱਕ ਅਜਿਹਾ ਵਿਸ਼ਾ ਹੈ ਜੋ ਵਿਦਿਆਰਥੀਆਂ ਦੇ ਸਰਗਰਮ ਬਚਪਨ ਤੋਂ ਲੈ ਕੇ ਉਨ੍ਹਾਂ ਦੇ ਪੇਸ਼ਾਵਰ ਜੀਵਨ ਤੱਕ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਵਿਸ਼ਾ ਨਾ ਸਿਰਫ਼ ਆਰਟ ਦੇ ਖੇਤਰ ਵਿੱਚ, ਬਲਕਿ ਇੰਜੀਨੀਅਰਿੰਗ, ਆਰਕੀਟੈਕਚਰ, ਅਤੇ ਹੋਰ ਤਕਨੀਕੀ ਖੇਤਰਾਂ ਵਿੱਚ ਵੀ ਬਹੁਤ ਮੱਦਦਗਾਰ ਸਾਬਿਤ ਹੁੰਦਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਇਸ ਵਿਸ਼ੇ ਦੀ ਸਿੱਖਿਆ ਦੇਣ ਦਾ ਉਦੇਸ਼ ਇਹ ਹੈ ਕਿ ਵਿਦਿਆਰਥੀਆਂ ਨੂੰ ਰਚਨਾਤਮਕ ਸੋਚ, ਦਰਸ਼ਨਕਲਾ, ਅਤੇ ਤਕਨੀਕੀ ਕੌਸ਼ਲਾਂ ਵਿੱਚ ਨਿਪੁੰਨ ਕੀਤਾ ਜਾ ਸਕੇ। ਡਰਾਇੰਗ, ਵਿਦਿਆਰਥੀਆਂ ਨੂੰ ਕਈ ਪੱਖਾਂ ਤੋਂ ਲਾਭ ਪਹੁੰਚਾਉਂਦੀ ਹੈ। ਸਭ ਤੋਂ ਪਹਿਲਾਂ, ਇਹ ਉਨ੍ਹਾਂ ਦੀ ਕਲਾ ਅਤੇ ਰਚਨਾਤਮਕਤਾ ਨੂੰ ਉਭਾਰਦੀ ਹੈ। ਜਦੋਂ ਬੱਚੇ ਰੰਗਾਂ ਨਾਲ ਖੇਡਦੇ ਹਨ, ਉਹ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਕਾਗਜ਼ 'ਤੇ ਪ੍ਰਗਟ ਕਰਦੇ ਹਨ। ਇਸ ਨਾਲ ਉਨ੍ਹਾਂ ਦੀ ਰਚਨਾਤਮਕ ਸੋਚ ਵਿਕਸਤ ਹੁੰਦੀ ਹੈ, ਜੋ ਅਗਲੇ ਜੀਵਨ ਵਿੱਚ ਕਿਸੇ ਵੀ ਖੇਤਰ ਵਿੱਚ ਸਫਲ ਹੋਣ ਲਈ ਬਹੁਤ ਜਰੂਰੀ ਹੈ। ਡਰਾਇੰਗ ਨਾਲ ਵਿਦਿਆਰਥੀਆਂ ਦੀ ਦਰਸ਼ਨਕਲਾ ਵੀ ਨਿੱਖਰਦੀ ਹੈ। ਉਹ ਜਦੋਂ ਕੁਝ ਵੀ ਡਰਾਇੰਗ ਕਰਦੇ ਹਨ, ਤਾਂ ਉਹ ਸਿੱਖਦੇ ਹਨ ਕਿ ਕਿਸ ਤਰ੍ਹਾਂ ਰੇਖਾਵਾਂ, ਰੂਪਾਂ ਅਤੇ ਰੰਗਾਂ ਦੀ ਵਰਤੋਂ ਕਰ ਕੇ ਇਕ ਸੁੰਦਰ ਚਿੱਤਰ ਬਣਾਇਆ ਜਾ ਸਕਦਾ ਹੈ। ਇਹ ਸਮਝ ਉਨ੍ਹਾਂ ਨੂੰ ਆਰਟ ਦੇ ਇਲਾਵਾ ਹੋਰ ਵਿਸ਼ਿਆਂ ਵਿੱਚ ਵੀ ਮਦਦ ਕਰਦੀ ਹੈ ਜਿਵੇਂ ਕਿ ਗਣਿਤ ਅਤੇ ਵਿਗਿਆਨ, ਜਿੱਥੇ ਦਰਸ਼ਨਕਲਾ ਅਤੇ ਸਥਾਨਕ ਵਿਸ਼ਲੇਸ਼ਣ ਬਹੁਤ ਮਹੱਤਵਪੂਰਨ ਹੁੰਦੇ ਹਨ।

ਇੰਜੀਨੀਅਰਿੰਗ ਦੇ ਖੇਤਰ ਵਿੱਚ ਵੀ ਡਰਾਇੰਗ ਦੀ ਬਹੁਤ ਜ਼ਿਆਦਾ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇੰਜੀਨੀਅਰਿੰਗ ਪ੍ਰੋਜੈਕਟਾਂ ਦੀ ਯੋਜਨਾ ਬਣਾਉਣ ਅਤੇ ਉਸ ਦੀ ਬਣਾਵਟ ਇੰਜੀਨੀਅਰਿੰਗ ਡਰਾਇੰਗ ਨੂੰ ਬਿਨਾ ਸੰਭਵ ਨਹੀਂ ਹੈ। ਡਰਾਇੰਗ ਨਾਲ, ਇੰਜੀਨੀਅਰ ਇਹ ਸਮਝਦੇ ਹਨ ਕਿ ਕਿਸ ਤਰ੍ਹਾਂ ਇਕ ਮਸ਼ੀਨ ਜਾਂ ਇਮਾਰਤ ਬਣਾਉਣੀ ਹੈ, ਉਹਦੇ ਵਿਭਿੰਨ ਭਾਗਾਂ ਨੂੰ ਕਿਸ ਤਰ੍ਹਾਂ ਜੋੜਨਾ ਹੈ ਅਤੇ ਕਿਸ ਤਰ੍ਹਾਂ ਉਹ ਸਹੀ ਤਰੀਕੇ ਨਾਲ ਕੰਮ ਕਰੇਗੀ।

ਸਰਕਾਰੀ ਸਕੂਲਾਂ ਵਿੱਚ ਡਰਾਇੰਗ ਦੀ ਸਿੱਖਿਆ ਦੇਣ ਨਾਲ, ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਦੇ ਬੁਨਿਆਦੀ ਸਿਧਾਂਤਾਂ ਦੀ ਸਮਝ ਆਉਂਦੀ ਹੈ। ਉਹ ਸਿੱਖਦੇ ਹਨ ਕਿ ਕਿਸ ਤਰ੍ਹਾਂ ਤਰਹਾਂ-ਤਰਹਾਂ ਦੇ ਰੂਪਾਂ ਅਤੇ ਰੇਖਾਵਾਂ ਦੀ ਵਰਤੋਂ ਕਰ ਕੇ ਇੱਕ ਕੰਪਲੈਕਸ ਸਮਰਚਨਾ ਤਿਆਰ ਕੀਤੀ ਜਾ ਸਕਦੀ ਹੈ। ਇਸ ਨਾਲ ਉਹਨਾਂ ਦੀ ਤਕਨੀਕੀ ਸਮਝ ਵੱਧਦੀ ਹੈ, ਜੋ ਕਿ ਉਹਨਾਂ ਨੂੰ ਅਗੇ ਚੱਲ ਕੇ ਇੰਜੀਨੀਅਰਿੰਗ ਦੇ ਖੇਤਰ ਵਿੱਚ ਕਾਮਯਾਬ ਹੋਣ ਲਈ ਤਿਆਰ ਕਰਦੀ ਹੈ।



ਡਰਾਇੰਗ ਵਿਦਿਆਰਥੀਆਂ ਨੂੰ ਅਨੁਸ਼ਾਸਨ ਸਿੱਖਾਉਂਦੀ ਹੈ। ਜਦੋਂ ਬੱਚੇ ਡਰਾਇੰਗ ਕਰਦੇ ਹਨ, ਤਾਂ ਉਹਨਾਂ ਨੂੰ ਧਿਆਨ, ਸਬਰ, ਅਤੇ ਇੱਕਾਗ੍ਰਤਾ ਦੀ ਲੋੜ ਪੈਂਦੀ ਹੈ। ਇਹ ਗੁਣ ਉਨ੍ਹਾਂ ਦੇ ਮਾਨਸਿਕ ਵਿਕਾਸ ਵਿੱਚ ਬਹੁਤ ਸਹਾਇਕ ਹੁੰਦੇ ਹਨ। ਡਰਾਇੰਗ ਨਾਲ ਵਿਦਿਆਰਥੀ ਆਪਣੀ ਸੋਚ ਨੂੰ ਇੱਕ ਨਿਰਧਾਰਿਤ ਦਿਸ਼ਾ ਵਿੱਚ ਕੇਂਦ੍ਰਿਤ ਕਰਦੇ ਹਨ, ਜਿਸ ਨਾਲ ਉਹਨਾਂ ਦਾ ਮਨੋਵਿਗਿਆਨਿਕ ਤਣਾਅ ਘਟਦਾ ਹੈ ਅਤੇ ਉਨ੍ਹਾਂ ਦੀ ਤਕਨੀਕੀ ਸਮਰਥਾ ਵਿੱਚ ਵੀ ਵਾਧਾ ਹੁੰਦਾ ਹੈ। ਸਰਕਾਰੀ ਸਕੂਲਾਂ ਵਿੱਚ ਡਰਾਇੰਗ ਦੀ ਸਿੱਖਿਆ ਦੇਣ ਲਈ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਵੱਖ-ਵੱਖ ਰੂਪਾਂ, ਰੇਖਾਵਾਂ ਅਤੇ ਰੰਗਾਂ ਦੀ ਵਰਤੋਂ ਦੇ ਸਹੀ ਤਰੀਕੇ ਸਿਖਾਉਣੇ ਚਾਹੀਦੇ ਹਨ। ਉਹਨਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਹਰ ਵਿਦਿਆਰਥੀ ਦੀ ਸਿੱਖਣ ਦੀ ਗਤੀ ਅਲੱਗ ਹੁੰਦੀ ਹੈ, ਇਸ ਲਈ ਉਹਨਾਂ ਨੂੰ ਬੱਚਿਆਂ ਦੇ ਵੱਖ-ਵੱਖ ਪੱਧਰਾਂ 'ਤੇ ਧਿਆਨ ਦਿੰਦੇ ਹੋਏ ਸਿਖਾਉਣਾ ਚਾਹੀਦਾ ਹੈ। ਇਸਦੇ ਨਾਲ-ਨਾਲ, ਡਰਾਇੰਗ ਦੀ ਸਿੱਖਿਆ ਨੂੰ ਹੋਰ ਵਿਸ਼ਿਆਂ ਨਾਲ ਜੋੜ ਕੇ ਵੀ ਸਿਖਾਇਆ ਜਾ ਸਕਦਾ ਹੈ। ਉਦਾਹਰਨ ਵਜੋਂ, ਗਣਿਤ ਦੀਆਂ ਸਮੱਸਿਆਵਾਂ ਨੂੰ ਸਮਝਾਉਣ ਲਈ ਡਰਾਇੰਗ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿੱਥੇ ਵਿਦਿਆਰਥੀ ਵਿਭਿੰਨ ਰੇਖਾਵਾਂ ਅਤੇ ਰੂਪਾਂ ਦੀ ਵਰਤੋਂ ਕਰਦੇ ਹੋਏ ਸਮੱਸਿਆਵਾਂ ਦਾ ਹੱਲ ਕੱਢ ਸਕਦੇ ਹਨ। ਇਸ ਤਰੀਕੇ ਨਾਲ, ਡਰਾਇੰਗ ਵਿਦਿਆਰਥੀਆਂ ਦੇ ਹੋਰ ਵਿਸ਼ਿਆਂ ਵਿੱਚ ਰੁਚੀ ਵਧਾਉਣ ਵਿੱਚ ਵੀ ਮੱਦਦਗਾਰ ਸਾਬਿਤ ਹੁੰਦੀ ਹੈ।

ਅੰਤ ਵਿੱਚ, ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਡਰਾਇੰਗ ਵਿਸ਼ੇ ਦੀ ਸਿੱਖਿਆ ਬਹੁਤ ਮਹੱਤਵਪੂਰਨ ਹੈ। ਇਹ ਵਿਸ਼ਾ ਨਾ ਸਿਰਫ਼ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਦਰਸ਼ਨਕਲਾ ਨੂੰ ਉਭਾਰਦਾ ਹੈ, ਬਲਕਿ ਉਹਨਾਂ ਨੂੰ ਇੰਜੀਨੀਅਰਿੰਗ ਦੇ ਖੇਤਰ ਵਿੱਚ ਵੀ ਤਕਨੀਕੀ ਸਮਰਥਾ ਪ੍ਰਦਾਨ ਕਰਦਾ ਹੈ। ਡਰਾਇੰਗ ਨਾਲ ਵਿਦਿਆਰਥੀ ਅਨੁਸ਼ਾਸਨ, ਧਿਆਨ, ਅਤੇ ਮਾਨਸਿਕ ਸਫ਼ਾਈ ਵੀ ਸਿੱਖਦੇ ਹਨ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਡਰਾਇੰਗ ਵਿਸ਼ੇ ਦੀ ਸਿੱਖਿਆ ਨੂੰ ਸਕੂਲ ਪੱਧਰ 'ਤੇ ਬਿਹਤਰ ਢੰਗ ਨਾਲ ਦਿਤਾ ਜਾਵੇ, ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ। ਇਸ ਲਈ ਮੌਜੂਦਾ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਜਿਸ ਤਰ੍ਹਾਂ ਸਕੂਲ ਸਿੱਖਿਆ ਦੇ ਪੱਧਰ ਨੂੰ ਉੱਚਾ ਚੁਕਣ ਦੀ ਸਰਕਾਰ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ,ਉਸੇ ਲੜੀ ਨੂੰ ਅੱਗੇ ਤੋਰਦੇ ਹੋਏ ਡਰਾਇੰਗ ਵਿਸ਼ੇ ਨੂੰ ਲਾਜਮੀ ਵਿਸ਼ੇ ਵੱਜੋਂ ਜਾਰੀ ਰੱਖਦੇ ਹੋਏ ਡਰਾਇੰਗ ਵਿਸ਼ੇ ਦੇ ਅਧਿਆਪਕਾਂ ਦੀ ਭਰਤੀ ਹੁੰਦੀ ਰਹਿਣੀ ਚਾਹੀਦੀ ਹੈ। ਜਿਸ ਨਾਲ ਵਿਦਿਆਰਥੀਆਂ ਨੂੰ ਸਕੂਲ ਪੱਧਰ 'ਤੇ ਹੀ ਇੰਜੀਨਅਰਿੰਗ ਡਰਾਇੰਗ ਨੂੰ ਅਸਾਨੀ ਨਾਲ ਹੱਲ ਕਰਨ ਦੇ ਕਾਬਿਲ ਬਣਾਇਆ ਜਾ ਸਕੇ ਅਤੇ ਭਵਿੱਖ ਵਿੱਚ ਵਿਦਿਆਰਥੀ ਦਰਸ਼ਨਕਲਾ ਅਤੇ ਤਕਨੀਕੀ ਕੌਸ਼ਲਾਂ ਵਿੱਚ ਵੀ ਮਾਹਿਰ ਬਣ ਸਕਣ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਬਾਲ ਕਹਾਣੀ : ਪਰੀ ਦੀ ਸਿੱਖਿਆ




ਪਹਾੜਾਂ ਦੇ ਨਜ਼ਦੀਕ ਇੱਕ ਪਿੰਡ ਸੀ। ਉੱਥੇ ਕੋਈ ਵੀ ਪੱਕੀ ਸੜਕ ਨਹੀਂ ਸੀ। ਇੱਧਰ - ਉੱਧਰ ਜਾਣ ਲਈ ਲੋਕ ਪਗਡੰਡੀਆਂ ਦੀ ਵਰਤੋਂ ਕਰਦੇ ਸਨ। ਪਿੰਡ ਵਿੱਚ ਇੱਕ ਸਕੂਲ ਸੀ। ਉਸੇ ਪਿੰਡ ਵਿੱਚ ਚੰਦਨ ਨਾਂ ਦਾ ਇੱਕ ਬੱਚਾ ਰਹਿੰਦਾ ਸੀ। ਚੰਦਨ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ , ਪਰ ਆਪਣੇ ਚੰਚਲ ਸੁਭਾਅ ਕਰਕੇ ਥੋੜ੍ਹਾ ਸ਼ਰਾਰਤੀ ਵੀ ਸੀ। ਉਹ ਰੋਜ਼ਾਨਾ ਸਕੂਲ ਨਹੀਂ ਸੀ ਜਾਂਦਾ। ਜਿਸ ਕਰਕੇ ਉਸਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਣ ਲੱਗ ਪਿਆ ਸੀ , ਪਰ ਉਹ ਨਾ ਤਾਂ ਆਪਣੇ ਅਧਿਆਪਕਾਂ ਦੀ ਗੱਲ ਸੁਣਦਾ ਤੇ ਨਾ ਹੀ ਆਪਣੇ ਮਾਪਿਆਂ ਦੀ। ਇੱਕ ਦਿਨ ਉਹ ਸਕੂਲ ਜਾਣ ਦੀ ਥਾਂ ਘਰ ਤੋਂ ਦੂਰ ਜਾ ਕੇ ਪਤੰਗ ਉਡਾਉਣ ਲੱਗਿਆ। ਕੁਝ ਸਮੇਂ ਬਾਅਦ ਉਸਦੀ ਪਤੰਗ ਦੀ ਡੋਰ ਟੁੱਟ ਗਈ ਤੇ ਚੰਦਨ ਆਪਣੀ ਪਤੰਗ ਨੂੰ ਲੱਭਦਾ - ਲੱਭਦਾ ਘਰ ਤੋਂ ਦੂਰ ਪਹਾੜਾਂ ਵੱਲ ਚੱਲ ਪਿਆ। ਉਹ ਕਾਫੀ ਥੱਕ ਗਿਆ ਸੀ ਤੇ ਘਬਰਾ ਕੇ ਰੋਣ ਲੱਗਾ। ਅਚਾਨਕ ਇੱਕ ਪਰੀ ਉਸਦੇ ਰੋਣ ਦੀ ਆਵਾਜ਼ ਸੁਣ ਕੇ ਉੱਥੇ ਆ ਗਈ ਤੇ ਫਿਰ ਚੰਦਨ ਨੇ ਉਸ ਨੂੰ ਸਾਰੀ ਗੱਲ ਦੱਸੀ। ਫਿਰ ਪਰੀ ਨੇ ਉਸਨੂੰ ਸਮਝਾਇਆ ਕਿ ਤੈਨੂੰ ਮਨ ਲਗਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਤੇ ਮਾਤਾ - ਪਿਤਾ ਨੂੰ ਦੱਸੇ ਬਿਨਾਂ ਘਰੋਂ ਦੂਰ ਨਹੀਂ ਜਾਣਾ ਚਾਹੀਦਾ ਸੀ। ਹੁਣ ਚੰਦਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਚੁੱਕਾ ਸੀ। ਉਸਨੇ ਪਰੀ ਨਾਲ ਵਾਅਦਾ ਕੀਤਾ ਕਿ ਹੁਣ ਤੋਂ ਉਹ ਹਰ ਰੋਜ਼ ਸਕੂਲ ਜਾਵੇਗਾ ਤੇ ਮਨ ਲਗਾ ਕੇ ਪੜ੍ਹਾਈ ਕਰੇਗਾ। ਪਰੀ ਨੇ ਉਸਨੂੰ ਉਸਦਾ ਗੁੰਮ ਹੋਇਆ ਪਤੰਗ ਵੀ ਲੱਭ ਕੇ ਦਿੱਤਾ। ਪਰੀ ਖੁਸ਼ ਹੋ ਕੇ ਉੱਡਕੇ ਦੂਰ ਪਹਾੜਾਂ ਵੱਲ ਚਲੀ ਗਈ ਤੇ ਚੰਦਨ ਆਪਣੇ ਘਰ ਪਹੁੰਚ ਗਿਆ। ਪਰੀ ਨਾਲ ਕੀਤੇ ਵਾਅਦੇ ਅਨੁਸਾਰ ਚੰਦਨ ਮਨ ਲਗਾ ਕੇ ਪੜ੍ਹਾਈ ਕਰਦਾ ਰਿਹਾ ਤੇ ਵੱਡਾ ਹੋ ਕੇ ਇੱਕ ਅਫਸਰ ਬਣਿਆ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ 9478561356

# ਪੰਜਾਬੀ ਮੰਚ ਲਾਇਵ ਯੂ.ਐਸ.ਏ ਵੱਲੋਂ ਬਿੰਦਰ ਕੋਲੀਆਂ ਵਾਲ ਦੇ ਨਵੇਂ ਨਾਵਲ ਮੁੜ ਆਈ ਬਾਹਰ ਉੱਪਰ ਵਿਚਾਰ ਚਰਚਾ ਕੀਤੀ ਗਈ


ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਬੀਤੇ ਦਿਨ ਪੰਜਾਬੀ ਮੰਚ ਲਾਇਵ ਯੂ.ਐਸ.ਏ ਵੱਲੋਂ ਬਿੰਦਰ ਕੋਲੀਆਂ ਵਾਲ ਦੇ ਨਵੇਂ ਨਾਵਲ ਮੁੜ ਆਈ ਬਾਹਰ ਉੱਪਰ ਵਿਚਾਰ ਚਰਚਾ ਕੀਤੀ ਗਈ। ਨਾਵਲ ਉੱਪਰ ਤਕਰੀਬਨ ਢਾਈ ਘੰਟੇ ਲੰਮੀ ਵਿਚਾਰ ਚਰਚਾ ਹੁੰਦੀ ਰਹੀ। ਇਸ ਵਿਚਾਰ ਚਰਚਾ ਦਾ ਲਾਇਵ ਫੇਸਬੁੱਕ, ਯੂ-ਟਿਊਟ, ਐਕਸ ਅਤੇ ਹੋਰ ਸ਼ੋਸ਼ਲ ਮੀਡੀਆ ਦੇ ਵੱਖ-ਵੱਖ ਪੇਜ਼ਾਂ ਉੱਪਰ ਚਲਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਮੰਚ ਦੇ ਸਰਪ੍ਰਸਤ ਅਮਰੀਕ ਸਿੰਘ ਕੰਗ ਨੇ ਆਪਣੇ ਵਿਚਾਰਾਂ ਨਾਲ ਕੀਤੀ। ਇਸ ਨਾਵਲ ਦੇ ਤੇਈਂ ਕਾਂਡ ਹਨ। ਇਹ ਨਾਵਲ ਸਾਹਿਬਦੀਪ ਪਬਲੀਕੇਸ਼ਨ ਭੀਖੀ ਵੱਲੋਂ ਪਬਲਿਸ ਕੀਤਾ ਗਿਆ। ਨਾਵਲ ਉੱਪਰ ਛੇਆਂ ਵਿਦਵਾਨਾਂ ਨੇ

ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਮੰਚ ਦਾ ਸੰਚਾਲਨ ਸਰਬਜੀਤ ਸਿੰਘ ਜਰਮਨ ਵੱਲੋਂ ਕਰਦਿਆਂ ਸਭ ਤੋਂ ਪਹਿਲਾਂ ਹਰਸ਼ਰਨ ਕੌਰ (ਕੈਨੇਡਾ) ਨੂੰ ਸੱਦਾ ਦਿੱਤਾ ਗਿਆ। ਉਹਨਾਂ ਨੇ ਆਪਣੇ ਹਿੱਸੇ ਆਏ ਤਿੰਨ ਕਾਂਡਾਂ ਦੇ ਨਾਲ ਮੁੱਖ ਬੰਦ ਉੱਪਰ ਬਾਖੂਬੀ ਬਰੀਕੀ ਨਾਲ ਨਾਲ ਵਿਚਾਰ ਦਿੱਤੇ। ਨਾਵਲ ਦੇ ਸ਼ੁਰੂਆਤੀ ਸਮੇਂ ਨੂੰ ਸਲਾਹਿਆ ਗਿਆ। ਉਹਨਾਂ ਕਿਹਾ ਕਿ ਸਮੇਂ ਦੇ ਮਤਾਬਿਕ ਉਸ ਵਕਤ ਦੇ ਵਾਤਾਵਰਣ ਦਾ ਬਹੁਤ ਖਿਆਲ ਰੱਖਿਆ ਗਿਆ। ਅਗਲੇ ਚਾਰ




ਕਾਂਡਾਂ ਉੱਪਰ ਸਰਬਜੀਤ ਸਿੰਘ ਜਰਮਨ ਨੇ ਆਪਣੇ ਕੀਮਤੀ ਵਿਚਾਰ ਦਿੱਤੇ।

ਉਹਨਾਂ ਨੇ ਨਾਵਲ ਵਿੱਚ ਵਰਤੀ ਗਈ ਪੈਂਡੂ ਬੋਲੀ ਦਾ ਵਿਸ਼ੇਸ ਜ਼ਿਕਰ ਕੀਤਾ। ਅਗਲੇ ਚਾਰ ਕਾਂਡਾਂ ਉੱਪਰ ਪਰਵਿੰਦਰ ਸਿੰਘ ਹੇਅਰ (ਬੰਬੇ) ਨੇ ਬਹੁਤ ਵਧੀਆ ਗੱਲਬਾਤ ਕੀਤੀ। ਉਹਨਾਂ ਨੇ ਸਮੇਂ ਮੁਤਾਬਿਕ ਵਰਤੇ ਗਏ ਪਾਤਰਾਂ ਦੇ ਨਾਂਵਾਂ ਦੀ ਸਿਫ਼ਤ ਕੀਤੀ। ਅਗਲੇ ਚਾਰ ਕਾਂਡਾਂ ਉੱਪਰ ਪੋਲੀ ਬਰਾੜ (ਯੂ.ਐਸ.ਏ) ਵੱਲੋਂ ਗੱਲ ਕਰਦਿਆਂ ਉਹਨਾਂ ਨੇ ਪੂਰੇ ਨਾਵਲ ਉੱਪਰ ਵੀ ਚਰਚਾ ਕੀਤੀ। ਉਹਨਾਂ ਨੇ ਕਿਹਾ ਨਾਵਲ ਪੜ੍ਹਦਿਆਂ ਇੰਝ ਲੱਗਦਾ ਸੀ ਜਿਵੇਂ ਇਹ ਕਹਾਣੀ ਸਾਡੀ ਆਪਣੀ ਹੋਵੇ, ਕਿਉਂਕਿ ਜਿਸ ਬੀਤੇ ਸਮੇਂ ਦੀ ਗੱਲ ਕੀਤੀ ਗਈ ਹੈ ਉਹ ਵੇਲਾ ਅਸੀਂ ਅੱਖੀਂ ਦੇਖਿਆ ਹੋਇਆ। ਅਗਲੇ ਚਾਰ ਕਾਂਡਾਂ ਉੱਪਰ ਅੰਮ੍ਰਿਤਪਾਲ ਕੌਰ ਕਲੇਰ ਨੇ ਗੱਲਬਾਤ ਕਰਦਿਆਂ ਕਿਹਾ ਇਸ ਨਾਵਲ ਦੀ ਇਹ ਖ਼ੂਬਸੂਰਤੀ ਹੈ ਕਿ ਇਹਦੇ ਵਿੱਚ ਵਿਸਰ ਚੁੱਕੇ ਸ਼ਬਦਾਂ ਨੂੰ ਸੰਭਾਲਿਆ ਗਿਆ ਹੈ। ਜਿਵੇਂ ਕਿ ਤੂੜੀ ਦੀ ਧੜ, ਬੋਹਲ, ਆਰਲੀ, ਪੰਜਾਲੀ, ਟਾਪਾਂ, ਸੱਥਰੀ, ਮੱਕੜੇ, ਟਿੰਡਾਂ, ਪਾਰਛਾ, ਧੋੜੀਆਂ,ਦਰੇਗ ਜਾਂ ਫਿਰ ਹੋਰ ਕਈ ਸ਼ਬਦ




ਜਿੰਨਾਂ ਬਾਰੇ ਅੱਜ ਬਹੁਤਿਆਂ ਨੂੰ ਨਹੀਂ ਪਤਾ। ਉਸ ਤੋਂ ਅਗਲੇ ਆਖਰੀ ਤਿੰਨ ਕਾਂਡਾਂ ਉੱਪਰ ਡਾ.ਰਛਪਾਲ ਸਿੰਘ ਉੱਪਲ ਵੱਲੋਂ ਵਿਚਾਰ ਦੇਂਦਿਆਂ ਕਿਹਾ ਕਿ ਨਾਵਲ ਵਿੱਚ ਬੋਲੀ ਦਾ ਖਾਸ ਖਿਆਲ ਰੱਖਿਆ ਗਿਆ ਹੈ। ਭਾਵੇਂ ਕਿ ਕਿਤੇ-ਕਿਤੇ ਵਿੱਚ ਮਾਝੇ ਦੀ ਬੋਲੀ ਦੀ ਝੱਲਕ ਪੈਂਦੀ ਪਰ ਪਾਤਰਾਂ ਦੇ ਮੂੰਹੋਂ ਬੜੀ ਪਿਆਰੀ ਲੱਗਦੀ। ਸਾਰੇ ਵਿਦਵਾਨਾਂ ਵੱਲੋਂ ਨਾਵਲ ਮੁੜ ਆਈ ਬਹਾਰ ਨੂੰ ਸਮਾਜਕ ਨਾਵਲ ਕਿਹਾ ਗਿਆ।

ਪ੍ਰੋਗਰਾਮ ਦੇ ਆਖੀਰ ਵਿੱਚ ਧਰਮਿੰਦਰ ਸਿੰਘ ਕੰਗ (ਆਇਰਲੈਂਡ) ਵੱਲੋਂ ਤਿਆਰ ਕੀਤਾ ਗਿਆ ਸਨਮਾਨ ਪੱਤਰ ਬਿੰਦਰ ਕੋਲੀਆਂ ਵਾਲ ਨੂੰ ਦੇਂਦਿਆਂ ਕਿਹਾ ਕਿ ਅਜਿਹੇ ਅਲੋਪ ਹੋ ਰਹੇ ਸ਼ਬਦਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। ਅਜਿਹੀ ਕਹਾਣੀ ਅਤੇ ਸ਼ਬਦਾਂ ਨੂੰ ਕੱਠੇ ਕਰਕੇ ਕੋਈ ਫਿਲਮ ਬਣਾਉਣੀ ਚਾਹੀਦੀ ਹੈ।

# ਭਾਰਤ ਦਾ 76ਵਾਂ ਗਣਤੰਤਰ ਦਿਵਸ ਭਾਰਤੀ ਅੰਬੈਂਸੀ ਰੋਮ ਵੱਲੋਂ ਰਾਜਦੂਤ ਮੈਡਮ ਵਾਣੀ ਰਾਓ ਦੀ ਅਗਵਾਈ ਹੇਠ ਭਾਰਤੀ ਭਾਈਚਾਰੇ ਨੇ ਧੂਮ-ਧਾਮ ਨਾਲ ਮਨਾਇਆ






ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਭਾਰਤ ਦਾ 76ਵਾਂ ਗਣਤੰਤਰ ਦਿਵਸ ਦੁਨੀਆਂ ਭਰ ਵਿੱਚ ਰਹਿਣ ਬਸੇਰਾ ਕਰਦੇ ਭਾਰਤੀਆਂ ਨੇ ਬਹੁਤ ਹੀ ਸ਼ਾਨੋ ਸ਼ੋਕਤ ਨਾਲ ਮਨਾਇਆ ਤੇ ਭਾਰਤੀ ਅੰਬੈਂਸੀ ਰੋਮ ਵਿਖੇ ਵੀ ਸਤਿਕਾਰਤ ਮੈਡਮ ਵਾਣੀ ਰਾਓ ਰਾਜਦੂਤ ਦੀ ਅਗਵਾਈ ਵਿੱਚ ਭਾਰਤੀ ਭਾਈਚਾਰੇ ਨੇ ਰਲ-ਮਿਲ ਮਨਾਇਆ। ਭਾਰਤ ਦੇ ਰਾਸ਼ਟਰੀ ਝੰਡੇ ਤਿਰੰਗੇ ਨੂੰ ਲਹਿਰਾਉਣ ਦੀ ਰਸਮ ਮੈਡਮ ਵਾਣੀ ਰਾਓ ਨੇ ਅਦਾ ਕਰਨ ਤੋਂ ਬਆਦ ਰਾਸ਼ਟਰਪਤੀ ਦਰੋਪਦੀ ਮੁਰਮੂ ਦਾ ਰਾਸ਼ਟਰ ਦੇ ਨਾਮ ਸੰਦੇਸ਼ ਪੜ੍ਹਕੇ ਸੁਣਾਇਆ।

ਇਸ ਮੌਕੇ ਮੈਡਮ ਵਾਣੀ ਰਾਓ ਨੇ ਗਣਤੰਤਰ ਦਿਵਸ ਸਮਾਰੋਹ ਵਿੱਚ ਹਾਜ਼ਰੀਨ ਭਾਰਤ ਪ੍ਰੇਮੀਆਂ ਨੂੰ ਦੇਸ਼ ਦੀ ਉੱਨਤੀ ਲਈ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਭਾਰਤ ਦੁਨੀਆਂ ਵਿੱਚ ਵਿਲੱਖਣ ਸਥਾਨ ਰੱਖਦਾ ਹੈ ਆਓ ਸਾਰੇ ਇਸ ਨੂੰ ਹੋਰ ਅੱਗੇ ਲੈ ਚੱਲੀਏ। ਤੁਹਾਨੂੰ ਸਭ ਨੂੰ ਮੁਬਾਰਕਬਾਦ ਹੈ ਕਿ ਭਾਰਤ ਦੇ 76ਵੇਂ ਗਣਤੰਤਰ ਦਿਵਸ ਵਿੱਚ ਸ਼ਰੀਕ ਹੋ ਵਿਦੇਸ਼ੀ ਧਰਤੀ ਤੇ ਦੇਸ਼ ਦਾ ਨਾਮ ਚਮਕਾ ਰਹੇ ਹੋ। ਇਸ ਵਾਰ 76ਵੇਂ ਗਣਤੰਤਰ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਪ੍ਰਤੀਯੋਗਤਾ "ਭਾਰਤ ਨੂੰ ਜਾਣੀਏ" ਵੀ ਕਰਵਾਈ ਗਈ ਜਿਸ ਵਿੱਚ ਦੁਨੀਆਂ ਦੇ ਕਿਸੇ ਕੋਨੇ ਤੋਂ ਵੀ ਪ੍ਰਤੀਯੋਗੀ ਭਾਗ ਲੈ ਸਕਦੇ ਸਨ। ਗੁਰਦੁਆਰਾ ਸਾਹਿਬ ਸਿੰਘ ਸਭਾ ਫਲੈਰੋ (ਬਰੇਸ਼ੀਆ) ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਸੁਰਿੰਦਰਜੀਤ ਸਿੰਘ ਪੰਡੋਰੀ ਦਾ ਭੁਝੰਗੀ ਪੁਪਿੰਦਰਪਾਲ ਸਿੰਘ ਪੰਡੋਰੀ ਇਸ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਿਹਾ। ਭਾਰਤੀ ਅੰਬੈਂਸੀ ਰੋਮ ਦੇ ਰਾਜਦੂਤ ਮੈਡਮ ਵਾਣੀ ਰਾਓ ਵੱਲੋਂ ਭਾਰਤ ਨੂੰ ਜਾਣੀਏ ਦੇ ਸਭ ਪ੍ਰਤੀਯੋਗੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਬਹੁ ਗਿਣਤੀ ਭਾਰਤੀਆਂ ਨੇ ਸ਼ਮੂਲੀਅਤ ਕੀਤੀ ਜਿਸ ਦਾ ਅੰਬੈਂਸੀ ਸਟਾਫ ਵੱਲੋ ਨਿੱਘਾ ਸਵਾਗਤ ਕੀਤਾ ਗਿਆ। ਆਏ ਮਹਿਮਾਨਾਂ ਨੇ ਇਸ ਮੌਕੇ ਭਾਰਤੀ ਖਾਣੇ ਦਾ ਵੀ ਲੁਤਫ ਲਿਆ।